੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

ਸਤਿਜੁਗ

ਦਾ ਬਸੰਤ ਅੰਕ

ਸਤਜੁਗ ਦਾ ਬਸੰਤ ਅੰਕ ਸੰਮਤ ੨੦੪੩

Namdhari Elibrary NamdhariElibrary@gmail.com

Namdhari Elibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ ।

ਸਤਿਜੁਗ

* * * * * ਜਿਲਦ– ੬੨ * * ਨੰ: ੩–੪–੫ * * * * *

ਦਾ

ਬਸੰਤ-ਅੰਕ

Satjug Sri Jiwan Nagar Sirsa (Haryana) Regd. No. P/HS-022 D. No. 339/57

੮ ਫੱਗਣ ੨੦੪੩ (੧੯ ਫਰਵਰੀ ੧੯੮੭) ਵੀਰਵਾਰ ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੭੨

ਸਵੈਯਾ

ਕੌਣ ਵਿਚਾਰ ਕਹੇ ਉਪਮਾ, ਬਿਨ ਅੰਤ ਹਿਸਾਬ ਜਿਤੇ ਉਪਕਾਰਾ।
ਸੇਵਕ ਕੀ ਜੁਗ ਚਾਰ ਰਖੀ, ਸਭ ਬੇਦ ਕਤੇਬਨ ਮਾਹਿ ਉਚਾਰਾ।
ਦੋਖੀ ਗੁਦਾਜ ਗ਼ੀਬ ਨਿਵਾਜ, ਲਖੇ ਨਿਜ ਲਾਜ ਰਖੇ ਬਿਨ ਬਾਰਾ।
ਐਸੇ ਗੁਰੂ ਹਰਿ ਰਾਮਸੁ ਕੇਹਰ,ਧਿਆਨ ਨ ਕਾਹੇ ਕੋ ਹ੍ਵੈ ਬਲਿਹਾਰਾ।੪।

ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ੧੨ ਵੀਂ
ਕ੍ਰਿਤ ਸੰਤ ਧਿਆਨ ਸਿੰਘ ਜੀ ਕਾਦਰਾਬਾਦੀ

ਮੁਲ–੧੦ ਰੁਪੈ

ਮੁਖ ਸੰਪਾਦਕ–
ਆਤਮਾ ਸਿੰਘ ਸਨਖਤ੍ਰਵੀ
ਸਹਾਇਕ
ਦੇਵਿੰਦਰ ਸਿੰਘ ਗਿਲ (ਜੀਆ ਨੱਥਾ)

Namdhari Elibrary NamdhariElibrary@gmail.com

ਸ-ਮ-ਰ-ਪ-ਣ

ਉਨਾਂ ਸਾਰੇ ਧਰਮੀ ਤੇ ਦੇਸ਼ ਰਖਯਕ ਨਾਮਧਾਰੀ ਸ਼ਹੀਦਾਂ ਨੂੰ
ਜਿਨਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਰਨ ਗ੍ਰਹਿਣ
ਕਰਕੇ ਧਰਮ ਰਖਯਾ ਵਤਨ ਪ੍ਰਸਤੀ ਗਊ ਗ੍ਰੀਬ ਵਾਸਤੇ
ਫਾਂਸੀਆਂ, ਤੋਪਾਂ, ਕਾਲੇ ਪਾਣੀਆਂ ਤੇ ਜੇਲਾਂ ਦੁਆਰਾ
ਕੁਰਬਾਨੀਆਂ ਕੀਤੀਆਂ ਅਰ ਭਾਰਤ ਅਜ਼ਾਦ
ਕਰਵਾਇਆ ਤੇ ਸਮੂਹ ਸਿਖ ਪੰਥ ਦਾ
ਨਾਮ ਉਜਾਗਰ ਕੀਤਾ।

Namdhari Elibrary NamdhariElibrary@gmail.com

ਕਿਹੜਾ ਲੇਖ ਕਿਥੇ ਹੈ ?

ਲੇਖ	ਲੇਖਕ	ਪੰਨਾ
੧. ਗੁਰਬਾਣੀ ਮੰਗਲ	ਬਸੰਤ ਸ੍ਰੀ ਕਬੀਰ ਜੀ	
੨. ਮੁਖ ਲੇਖ-ਪ੍ਰਗਟੇ ਸਿੰਘ ਰਾਮ	ਸੰਪਾਦਕ	੨.
੩. ਗੁਰਬਾਣੀ ਕੀਰਤਨ ਪ੍ਰੰਪਰਾ ਅਤੇ ਮਹਾਤਮ	ਸ੍ਰੀ ਮਹਾਰਾਜ ਬੀਰ ਸਿੰਘ ਜੀ	੫.
੪. ਨਾਮਧਾਰੀ ਇਤਿਹਾਸ ਤੇ ਉਸਦੇ ਲੇਖਕ	ਸੰਤ ਸਵਰਨ ਸਿੰਘ ਸਨੇਹੀ	੯.
੫. ਸਤਿਗੁਰੂ ਰਾਮ ਸਿੰਘ ਜੀ ਦੇ ਕਸ਼ਮੀਰ ਤੇ ਨੇਪਾਲ ਨਾਲ ਸਬੰਧ	ਸ੍ਰੀ ਦੇਵਿੰਦਰ ਸਿੰਘ ਜੀ ਗਿਲ	੧੭.
੬. ਕਲਿਜੁਗ ਮੇਂ ਸਤਿਜੁਗ	ਬੀਬੀ ਬੇਅੰਤ ਕੌਰ ਜੀ	੨੮.
੭. ਗੁਰੂ ਰਾਮ ਸਿੰਘ ਧਾਰ ਅਵਤਾਰ (ਕਵਿਤਾ)	ਗੁਰਦੀਪ ਸਿੰਘ ਜੀ ਸੰਤ ਨਗਰ	੨੮.
੮. ਨਾਮਿਲਵਰਤਨ ਲਹਿਰ ਦੇ ਮੋਢੀ	ਸੰਤ ਸਵਿੰਦਰ ਸਿੰਘ ਜੀ ਲੁਧਿਆਣਾ	੨੯.
੯. ਸੰਤ ਖਾਲਸਾ ਦੀ ਸਾਜਨਾਂ	ਸ੍ਰੀ ਦੇਵਿੰਦਰ ਸਿੰਘ ਗਿੱਲ(ਜੀਆ ਨੱਥਾ)	੩੧.
੧੦. ਆਜਾਦੀ ਦੀ ਸ਼ਮਾਂ ਜਗਾਈ ਗੁਰੂ ਰਾਮ ਸਿੰਘ	ਸੰਤ ਰਘਬੀਰ ਸਿੰਘ ਸਰਸਾ	੩੫.
੧੧. ਬਨਸਪਤਿ ਮਉਲੀ ਚੜਿਆ ਬਸੰਤ	–"–	੩੭.
੧੨. ਜੰਗੇ ਆਜਾਦੀ ਅਤੇ ਕੂਕਾ ਲਹਿਰ	ਸ੍ਰੀ ਜਸਵੰਤ ਰਾਏ 'ਰਾਏ'	੩੯.
੧੩. ਆਈ ਰੁਤ ਬਸੰਤ ਨਿਹਾਰ (ਕਵਿਤਾ)	ਸੁਰਜੀਤ ਸਿੰਘ ਇੰਨਚਾਰਜ	੪੨.
੧੪. ਰਹਿਤ ਮਰਜਾਦਾ ਦੇ ਬਾਨੀ	ਗੁਰਦੀਪ ਸਿੰਘ ਸੰਤ ਨਗਰ	੪੬.
੧੫. ਕੂਕੇ ਸੀ(ਕਵਿਤਾ)	ਸੰਤ ਜੈ ਸਿੰਘ ਹੱਟੀ ਵਾਲਾ	੫੦.
੧੬. ਧਰਮ ਰਖਿਅਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ–	ਸੰਤ ਸੰਤੋਖ ਸਿੰਘ ਜਮਨਾਨਗਰ	੫੧.
੧੭. ਬਸੰਤ ਪੰਚਮੀ ਦਾ ਅਵਤਾਰ	ਸ੍ਰੀ ਨਿਰੰਜਨ ਸਿੰਘ ਜੀ ਤਾਂਘੀ	੬੧.
੧੮. ਸਤਿਗੁਰੂ ਰਾਮ ਸਿੰਘ(ਕਵਿਤਾ)	ਸੰਤ ਆਤਮਾ ਸਿੰਘ 'ਜੌਹਲ'	੬੩.
੧੯. ਫਿਰ ਮੈਂ ਕੀ ਆਖਾਂ	ਬੀਬੀ ਜਸਬੀਰ ਕੌਰ ਜੀ ਸ਼ਿਮਲਾ	੬੪.
੨੦. ਦੇਹ ਦੀਦਾਰ ਆਕੇ(ਕਵਿਤਾ)	ਹਰਬੰਸ ਸਿੰਘ ਜੀ ਮੈਨੇਜਰ ਸਤਿਜੁਗ	੬੬.
੨੧ ਸ੍ਰੀ ਮਹਾਰਾਜ ਬੁਧ ਸਿੰਘ ਜੀ, ਸਤਿਗੁਰੂ ਹਰੀ ਸਿੰਘ ਜੀ ਦੇ ਰੂਪ ਵਿਚ	ਸ੍ਰੀ ਦੇਵਿੰਦਰ ਸਿੰਘ ਗਿੱਲ(ਜੀਆ ਨੱਥਾ) "	੭੩.
੨੨. ਚੀਨੀ ਵਾਲਿਆ ਦੇ ਦੀਦਾਰ (ਕਵਿਤਾ)	ਸ੍ਰੀ ਦੇਵਿੰਦਰ ਸਿੰਘ ਗਿਲ (ਜੀਆਨੱਥਾ)	੭੫.
੨੩. ਸੂਬਾ ਪਹਾੜਾ ਸਿੰਘ	ਸੰਤ ਸਵਰਨ ਸਿੰਘ ਜੀ ਸਨੇਹੀ	੭੬.
੨੪. ਸਤਿਗੁਰ ਸਿਖ ਕਾ ਹਲਤ ਪਲਤ ਸਵਾਰੇ–	ਸੰਤ ਤਰਸੇਮ ਸਿੰਘ ਜੀ ਨਿਜੀ ਸਕੱਤਰ	੭੯.
੨੫. ਬਸੰਤ(ਕਵਿਤਾ)	ਹਰਭਜਨ ਸਿੰਘ'ਪ੍ਰਵਾਨਾ'	੮੧.
੨੬. ਅੰਗੂਠੀ	ਸ੍ਰੀ ਰਜਿੰਦਰ ਸਿੰਘ'ਗੁਰੂਸਰ'	੮੨.
੨੭. ਮਾਸਟਰ ਸੁਹਾਵਾ ਸਿੰਘ	ਮਾਸਟਰ ਨਿਹਾਲ ਸਿੰਘ ਜੀ	੮੫.
੨੮. ਆਈ ਵੇਖ ਬਸੰਤ ਬਹਾਰ ਸੋਹਣੀ(ਕਵਿਤਾ)	ਹਰਬੰਸ ਸਿੰਘ ਮੈਨੇਜਰ	੮੯.
੨੯. ਦੋ ਰੁਬਾਈਆਂ	ਸੁਖਵਿੰਦਰ ਸਿੰਘ ਤੇ ਭਗਵੰਤ ਸਿੰਘ	੮੯.
੩੦. 'ਆਜ਼ਾਦ' ਇਕ ਯਾਦ	ਰਜਿੰਦਰ ਸਿੰਘ ਗੁਰੂਸਰ	੯੦.
੩੧. ਪੰਥ ਰਤਨ ਵਰਿਆਮ ਸਿੰਘ ਮੁਸਵਰ–	ਸ੍ਰੀ ਦੇਵਿੰਦਰ ਸਿੰਘ ਗਿੱਲ(ਜੀਆ ਨੱਥਾ)	੯੨.
੩੨. ਅਰਜੋਈ(ਕਵਿਤਾ)	ਸੰਤ ਹਜ਼ੂਰ ਸਿੰਘ ਜੀ'ਚੰਦੂਹਾਂਸ'	੯੭.

Namdhari Elibrary NamdhariElibrary@gmail.com

੩੩. ਆਵੀਂ ਬਬ ਆਵੀਂ (ਕਵਿਤਾ) ਬਲਵੀਰ ਸਿੰਘ ਭੜੋਲਿਆਂ ਵਾਲੀ ੯੭.
੩੪. ਸਤਿਜੁਗ ਦੇ ੬੦ ਸਾਲ ਸੰਤ ਰਜਿੰਦਰ ਸਿੰਘ 'ਗੁਰੂਸਰ' ੯੮.
੩੫. ਹੇ ਰਾਮ (ਕਵਿਤਾ) ਸੰਤ ਸਵਰਨ ਸਿੰਘ ਸਨੇਹੀ ੧੦੨.
੩੬. ਸੰਤ ਬਰਨ ਦਾਸ ਦਲਜੀਤ ਕੌਰ ਰਾਜਿਸਥਾਨ ੧੦੩.
੩੭. ਸੱਤ ਵਾਰ ਤੇ ਬਾਰਾਂ ਮਾਂਹ (ਕਵਿਤਾ) ਸੰਤ ਤੇਜਾ ਸਿੰਘ ਸੋਖਲ ੧੦੪.
੩੮. ਸ਼ਹੀਦਾਂ ਦੀ ਯਾਦ ਵਿਚ (ਕਵਿਤਾ) ਮਾਸਟਰ ਕਰਤਾਰ ਸਿੰਘ 'ਪੰਛੀ' ੧੦੬.
੩੯. ਇਹੋ ਸਾਡੀ ਤੱਪ ਸੱਚੀ (ਕਵਿਤਾ) ਸੰਤ ਸ਼ਿੰਗਾਰਾ ਸਿੰਘ ਜੀ 'ਸ਼ਿੰਗਾਰ' ੧੦੭.
੪੦. ਪ੍ਰੀਤਮ ਆਹ ! ਮਾਲਾ ਹੈ ਸਵਰਗਵਾਸੀ ਸੇਠ ਗੁਰਬਖਸ਼ ਸਿੰਘ ਜੀ ਪ੍ਰੀਤਮ ਬੈਂਕੋਕ ੧੦੮.
੪੧. ਹਿੰਦੋਸਤਾਨ ਅਹਿਸਾਨ ਨਹੀਂ ਭੁਲ ਸਕਦਾ ਸੰਤ ਹਰਭਜਨ ਸਿੰਘ 'ਰਾਜਾ' ੧੦੯.
੪੨. ———————"——— ਸੰਤ ਵਰਿਆਮ ਸਿੰਘ 'ਪਿਆਸਾ' ੧੦੯.
੪੩. ਬਹਾਰ ਆ ਗਈ ਏ (ਗਜ਼ਲ) ਮਾਸਟਰ ਅਮਰੀਕ ਸਿੰਘ ਜੀ ੧੧੦.
੪੪ ਅਜ ਦੇ ਦਿਵਸ ਆਇਆ ਸਿਖੀ ਦਾ ਸਹਾਰਾ ਏ ਸੰਤ ਗੁਰਦਿਆਲ ਸਿੰਘ 'ਪ੍ਰੀਤ' ੧੧੧.
੪੫. ਸੀਨਾ ਸਾੜ ਸੁਟਿਆ ਏ ਖਿੜੀਆਂ ਬਹਾਰਾਂ ਨੇ ਸੰਤ ਜੋਗਿੰਦਰ ਸਿੰਘ 'ਮੁਕਤਾ' ੧੧੨.
੪੬. ਭੈਣੀ ਸਾਹਿਬ ਬੰਦੀਖਾਨੇ ਦੇ ਰੂਪ ਵਿਚ (ਲੇਖ) ਆਤਮਾ ਸਿੰਘ ਸਨਖਤ੍ਰਵੀ ੧੧੩.

ਖਿਮਾ ਯਾਚਨਾਂ

ਸਤਿਕਾਰ ਯੋਗ ਸ੍ਰੀ ਮਹਾਰਾਜ ਜੀ ਅਤੇ ਸਤਿਜੁਗ ਦੇ ਸਾਰੇ ਸਟਾਫ ਦੀ ਹਾਰਦਿਕ ਕੋਸ਼ਿਸ਼ ਤੇ ਦਿਨ ਰਾਤ ਦੀ ਅਣਥਕ ਮੇਹਨਤ, ਕਈ ਵਾਰ ਦਿਲੀ ਜਾਣ ਦੇ ਫਲ ਸਰੂਪ ਸਾਲ ੨੦੪੩ ਦਾ ਬਸੰਤ ਅੰਕ (ਨਾਮਧਾਰੀ ਪੰਥ ਦੇ ਮਾਨਯੋਗ ਵਿਦਵਾਨਾਂ ਦੇ ਲੇਖਾਂ ਅਤੇ ਮੰਨੇ ਪ੍ਰਮੰਨੇ ਕਵੀਆਂ ਦੀਆਂ ਕਵਿਤਾਵਾਂ ਸੁੰਦਰ ਤਸਵੀਰਾਂ ਤੇ ਨਾਮਧਾਰੀ ਪੰਥ ਦੇ ਹੋ ਚੁਕੇ ਪ੍ਰਸਿਧ ਮਹਾਂ ਪੁਰਖਾਂ ਦੇ ਬਲਾਕਾਂ ਸਹਿਤ) ਸਤਿਜੁਗ ਦੇ ਸੁਹਿਰਦ ਪਾਠਿਕਾਂ ਦੀ ਸੇਵਾ ਵਿਚ ਹਾਜ਼ਰ ਕੀਤਾ ਗਿਆ ਹੈ।

ਗੁਰਬਾਣੀ ਵਿਚ ਜਿਵੇਂ ਅੰਕਿਤ ਹੈ।

"ਭੁਲਣ ਅੰਦਰ ਸਭੁ ਕੋ ਅਭੁਲ ਗੁਰੂ ਕਰਤਾਰ"

ਤਿਵੇਂ ਸਤਿਜੁਗ ਦੇ ਇਸ ਅੰਕ ਵਿਚ ਲੇਖਾਂ ਕਵਿਤਾਵਾਂ ਤੇ ਤਸਵੀਰਾਂ ਦੀ ਜਾਣਕਾਰੀ ਅਥਵਾ ਸੁਧਾਈ ਛਪਵਾਈ ਦਾ ਬੜਾ ਧਿਆਨ ਰਖਣ ਦੇ ਬਾ-ਵਜੂਦ ਵੀ ਕਈ ਥਾਈਂ ਗਲਤੀਆਂ ਰਹਿ ਗਈਆਂ ਹਨ।

ਇਹਨਾਂ ਤੋਂ ਇਲਾਵਾ ਕੁਝ ਸਜਣਾਂ ਦੀਆਂ ਕਵਿਤਾਵਾਂ ਤੇ ਲੇਖ ਵੀ ਲੇਟ ਪਹੁੰਚਣ ਕਾਰਨ ਪ੍ਰਕਾਸ਼ਤ ਨਹੀਂ ਹੋ ਸਕੇ। ਇਸ ਤੋਂ ਬਗੈਰ ਹੋਰ ਜਿਤਨੀਆਂ ਭੀ ਤਰੁਟੀਆਂ ਇਸ ਅੰਕ ਵਿਚ ਰਹੀਆਂ ਹਨ, ਉਨ੍ਹਾਂ ਸਾਰੀਆਂ ਮਜਬੂਰੀਆਂ ਦੀ ਮੈਂ ਸ੍ਰੀ ਸਤਿਗੁਰੂ ਜੀ ਸਚੇ ਪਾਤਸ਼ਾਹ ਤੇ ਸੁਹਿਰਦ ਪਾਠਕਾਂ ਤੋਂ ਖਿਮਾ ਦੀ ਯਾਚਨਾਂ ਕਰਦਾ ਹਾਂ।

ਹਰਬੰਸ ਸਿੰਘ ਮੈਨੇਜਰ ਸਤਿਜੁਗ

ਸ੍ਰੀ ਹਰਬੰਸ ਸਿੰਘ ਕਾਇਮ ਮੁਕਾਮ ਪ੍ਰਿੰਟਰ ਤੇ ਪਬਲਿਸ਼ਰ ਦੇ ਪ੍ਰਬੰਧ ਨਾਲ ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ ਸ੍ਰੀ ਜੀਵਨ ਨਗਰ (ਸਿਰਸਾ) ਵਿਚ ਛਪਿਆ ਤੇ ਦਫਤਰ ਸਤਿਜੁਗ ਸ੍ਰੀ ਜੀਵਨ ਨਗਰ (ਸਿਰਸਾ) ਵਿਚੋਂ ਪ੍ਰਕਾਸ਼ਤ ਹੋਇਆ (ਨਾਮਧਾਰੀ ਪੰਥ ਵਾਸਤੇ) ਐਡੀਟਰ— ਹਰਬੰਸ ਸਿੰਘ

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੂਬਾ ਲਖਾ ਸਿੰਘ ਜੀ ਅਤੇ ਸੂਬਾ ਸਾਹਿਬ ਸਿੰਘ ਜੀ ਸਹਿਤ।
ਪੈਦਲ : ਸ੍ਰ. ਹੀਰਾ ਸਿੰਘ ਜੀ ਸ੍ਰ. ਲਹਿਣਾ ਸਿੰਘ ਜੀ ਆਦਿ... ਸ਼ਹੀਦਾਂ ਦਾ ਜੱਥਾ।

ਸੀਸ ਦੀਏ ਅਰ ਸੀ ਨ ਕਰੀ ਜਿਨ ਸਿਖਨ ਤਾਂਹਿ ਕੇ ਮੈਂ ਬਲਿਹਾਰੀ । ਸੋ ਹਿਤ ਸੋਇ ਤਨੀਸਹਿ ਕੇ ਜਿਨ ਬੁੱਚੜ ਮਾਰਕੈ ਧੇਨ ਉਬਾਰੀ।
ਤੇ ਸਿਖ ਵਾ ਗੁਰ ਕੇਹਰ ਰਾਮ ਸੁਧਿਆਨ ਮ੍ਰਿਗਿੰਦ ਕਰੋਰ ਜੁਹਾਰੀ । ਹੋਇ ਗਰੀਬਨ ਪਾਲਨ ਕੇ ਹਿਤ ਰਾਮ ਮ੍ਰਿਗਿੰਦ ਅਏ ਤਨ ਧਾਰੀ।

Namdhari Elibrary NamdhariElibrary@gmail.com

Namdhari Elibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ ।

ਸਤਿਜੁਗ

ਜਿਲਦ– ੬੨ * * ਨੰ: ੩–੪–੫

ਦਾ

ਬਸੰਤ-ਅੰਕ

੧ ਫੱਗਣ ੨੦੪੩ (੧੨ ਫਰਵਰੀ ੧੯੮੭) ਵੀਰਵਾਰ ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੭੨

ਬਸੰਤ ਦੀ ਮਉਲਕਤਾ

ਸ੍ਰੀ ਭਗਤ ਕਬੀਰ ਜੀ:–

ਮਉਲੀ ਧਰਤੀ ਮਉਲਿਆ ਅਕਾਸੁ
ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥੧॥
ਰਾਜਾ ਰਾਮੁ ਮਉਲਿਆ ਅਨਤ ਭਾਇ ।
ਜਹ ਦੇਖਉ ਤਹ ਰਹਿਆ ਸਮਾਇ ॥੧॥ ਰਹਾਉ ॥
ਦੁਤੀਆ ਮਉਲੇ ਚਾਰਿ ਬੇਦ।
ਸਿੰਮ੍ਰਿਤ ਮਉਲੀ ਸਿਉ ਕਤੇਬ ॥੨॥
ਸੰਕਰੁ ਮਉਲਿਓ ਜੋਗ ਧਿਆਨ ॥
ਕਬੀਰ ਕੋ ਸੁਆਮੀ ਸਭ ਸਮਾਨ ॥
ਰਾਗ ਬਸੰਤ ਬਾਣੀ ਪੰਨਾ (੧੧੯੩)

Namdhari Elibrary NamdhariElibrary@gmail.com

ਮੁਖ ਲੇਖ—

ਪ੍ਰਗਟੇ ਸਿੰਘ ਰਾਮ ਕਲਮਲੈਂ ਟਾਰਕੈ

ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣੁ ਹੋਆ।

"ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਦ
ਜਗ ਚਾਨਣੁ ਹੋਆ।"

ਉਪ੍ਰੋਕਤ ਪੰਗਤੀ ਭਾਈ ਗੁਰਦਾਸ ਜੀ ਨੇ ਅਪਨੀ ਰਚਨਾਂ(ਵਾਰਾਂ) ਦੀ ਪਹਿਲੀ ਵਾਰ ਵਿਚ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦੇ ਪ੍ਰਭਾਵ ਦਾ ਸੰਕੇਤਕ ਪ੍ਰਮਾਣ ਦੇਣ ਦੇ ਸਬੰਧ ਵਿਚ ਲਿਖੀ ਹੋਈ ਹੈ, ਸਗੋਂ ਇੰਦ ਭੀ ਲਿਖਿਆ ਕਿ:-

ਜਿਉ ਕਰ ਸੂਰਜ ਨਿਕਲਿਆ,
ਤਾਰੇ ਛਿਪੇ ਅੰਧੇਰ ਪਲੋਆ।
ਸਿੰਘ ਬੁਕੇ ਮਿਰਗਾਵਲੀ,
ਭੰਨੀ ਜਾਇ ਨ ਧੀਰ ਧਰੋਆ।......
ਬਾਬੇ ਤਾਰੇ ਚਾਰ ਚਕ,
ਨੌ ਖੰਡ ਪ੍ਰਿਥਮੀ ਸਚਾ ਢੋਆ।
ਗੁਰਮੁਖਿ ਕਲਿ ਵਿਚ ਪ੍ਰਗਟ ਹੋਆ।

ਅਰਥਾਤ- ਗੁਰੂ ਜੀ ਦੇ ਪ੍ਰਕਾਸ਼ ਹੋਣ ਨਾਲ ਕੂੜ ਦੀ ਧੁੰਦ ਫਟ ਗਈ ਤੇ ਸਚ ਦੇ ਸੂਰਜ ਦਾ ਚਾਨਣਾ ਫੈਲ ਗਿਆ, ਅਥਵਾ ਜਿਵੇਂ ਸੂਰਜ ਦੇ ਉਦਜ ਹੋਣ ਨਾਲ ਤਾਰੇ ਛਿਪ ਜਾਂਦੇ ਤੇ ਹਨੇਰਾ ਦੂਰ ਹੋ ਜਾਂਦਾ ਹੈ, ਤੇ ਜਿਵੇਂ ਜੰਗਲ ਵਿਚ ਸ਼ੇਰ ਦੇ ਬੁੱਕਨ(ਗਰਜਨ) ਨਾਲ ਸਭ ਨਿਕੇ ਮੋਟੇ ਜਾਨਵਰ ਤੇ ਪੰਛੀ ਏਧਰ ਓਧਰ ਭਜ ਜਾਂਦੇ ਹਨ ਤਿਵੇਂ ਗੁਰੂ ਜੀ ਦੇ ਪ੍ਰਕਾਸ਼ ਦੇ ਪ੍ਰਭਾਵ ਨਾਲ ਕੂੜ ਕਪਟ ਪਾਖੰਡ ਆਦਿਕ ਹੋਰ ਜਾਨਵਰ ਸਭ ਅਲੋਪ ਹੋ ਗਏ। ਇਸਤਰ੍ਹਾਂ ਗੁਰੂ ਜੀ ਨੇ ਦੁਨੀਆਂ ਭਰ ਦੀਆਂ ਚਾਰੇ ਦਿਸ਼ਾਵਾਂ ਤੇ ਨਵਾਂ ਖੰਡਾਂ ਵਿਚ ਵਿਚਰਕੇ ਆਪਣੇ ਸਚੇ ਮਾਰਗ ਦਾ ਸਿੰਚਾਰ ਕੀਤਾ(ਕਲਜੁਗੀ ਜੀਵਾਂ ਨੂੰ ਤਾਰਿਆ)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਬੰਧ ਵਿਚ ਲਿਖੇ ਹੋਰ ਭੀ ਅਨਗਿਣਤ ਇਤਿਹਾਸਾਂ ਵਿਚ ਤਕ੍ਰੀਬਨ ਉਪ੍ਰੋਕਤ ਭਾਵਾਂ ਦੀ ਪੂਰਤੀ ਕੀਤੀ ਗਈ ਹੋਈ ਹੈ, ਅਤੇ ਹਰ ਸਾਲ ਕਤਕ ਸੁਦੀ ਪੂਰਨਮਾਸ਼ੀ ਨੂੰ ਗੁਰੂ ਜੀ ਦੇ ਅਵਤਾਰ ਪੁਰਬ ਤੇ ਉਪ੍ਰੋਕਤ ਸ਼ਬਦ ਸਿਖ ਸਮਾਜ ਵਿਚ ਥਾਂ ਥਾਂ ਪੜਿਆ ਜਾਂਦਾ ਤੇ ਇਸ ਭਾਵ ਦੇ ਕਈ ਇਤਿਹਾਸਕ ਪ੍ਰਮਾਣ ਪ੍ਰਚਾਰੇ ਜਾਂਦੇ ਹਨ।

ਪਰ ਇਹ ਇਕ ਵਿਚਾਰਨ ਵਾਲੀ ਗੱਲ ਹੈ ਕਿ ਕੀ ਗੁਰੂ ਜੀ ਦੇ ਪ੍ਰਕਾਸ਼ ਨਾਲ ਸਾਰੇ ਸੰਸਾਰ ਤੇ ਹੀ ਸਚ ਦਾ ਚਾਨਣ ਹੋ ਗਿਆ ਸੀ ਤੇ ਪਾਪ, ਅਪਰਾਧ ਪਾਖੰਡ ਦੁਨੀਆਂ ਵਿਚੋਂ ਖਤਮ ਹੋ ਗਏ ਸਨ ਜਾਂ ਇਨ੍ਹਾਂ ਦੇ ਖਾਤਮੇ ਵਾਸਤੇ ਗੁਰੂ ਜੀ ਨੂੰ ਵੀ ਕੁਝ ਪੁਰਸ਼ਾਰਥ ਵੀ ਕਰਨਾ ਪਿਆ ਸੀ?

ਪਤਾ ਲਗੇਗਾ ਕਿ ਇਸ ਸਬੰਧ ਵਿਚ ਗੁਰੂ ਜੀ ਨੂੰ ਸੰਸਾਰ ਦਾ ਰਟਨ ਕਰਨਾ ਪਿਆ, ਤੇ ਥਾਂ ਥਾਂ ਤੇ ਪਹੁੰਚਕੇ ਗੋਸ਼ਟੀਆਂ ਕਰਕੇ ਨਿਰੋਲ ਸਚ ਦਾ ਪ੍ਰਗਟਾਵਾ ਕੀਤਾ। ਇਸਦੇ ਨਾਲ ਇਹ ਭੀ ਪਤਾ ਲਗਦਾ ਹੈ ਕਿ ਗੁਰੂ ਜੀ ਦੇ ਪ੍ਰਚਾਰ ਜਾਂ ਦਰਸ਼ਨਾਂ ਦਾ ਅਸਰ ਕੇਵਲ ਉਨ੍ਹਾਂ ਲੋਕਾਂ ਉਤੇ ਹੀ ਹੋਇਆ ਜਿਨ੍ਹਾਂ ਨੂੰ ਗੁਰੂ ਜੀ ਦੇ ਪਵਿਤ੍ਰ ਦ੍ਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਬਾਕੀ ਦੇ ਆਮ ਲੋਕ ਇਸ ਰੋਸ਼ਨੀ ਤੋਂ ਅਗਿਆਤ ਹੀ ਰਹੇ। ਜਿਵੇਂ ਰੋਸ਼ਨੀ ਦਾ ਮੀਨਾਰ ਸੂਰਜ ਹਰ ਰੋਜ਼ ਰਾਤ ਤੋਂ ਬਾਦ ਉਦਜ ਹੁੰਦਾ ਹੈ ਤੇ ਸਮੇਂ ਅਨੁਸਾਰ ਫਿਰ ਅਸਤ ਹੋ ਜਾਂਦਾ ਹੈ ਏਸੇ ਕੁਦਰਤੀ ਸਿਸਟਮ ਨੂੰ ਧਿਆਨ ਵਿਚ ਰਖਦਿਆਂ ਸ੍ਰੀ ਗੁਰੂ ਨਾਨਕ ਜੀ ਨੇ ਅਪਣੇ ਵਕਤ ਵਿਚ ਕੀਤੇ ਸੱਚ ਦੇ ਸੂਰਜ ਦੀ ਹੋਂਦ ਨੂੰ ਕਾਇਮ ਰਖਣ ਵਾਸਤੇ ਵਿਅਕਤੀਗਤ ਗੁਰੂ ਪ੍ਰੰਪਰਾ ਦਾ ਸਿਸਟਮ ਜਾਰੀ ਕੀਤਾ, ਅਤੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਅਪਣੀ ਜਗ੍ਹਾ ਸ੍ਰੀ ਗੁਰੂ ਅੰਗਦ

ਦੇਵ ਜੀ ਨੂੰ ਨਿਯੁਕਤ ਕਰਕੇ ਅਗੇ ਵਾਸਤੇ ਅਜਿਹਾ ਕਰਨ ਦਾ ਅਟੱਲ ਨਿਯਮ ਬਣਾ ਦਿਤਾ। ਇਸ ਰੀਤੀ ਅਨੁਸਾਰ ਸਮੇਂ ਸਮੇਂ ਸਾਰੇ ਗੁਰੂ ਸਾਹਿਬ ਸਮੇਂ ਅਨੁਸਾਰ ਗੁਰੂ ਨਾਨਕ ਸਿਧਾਂਤ ਨੂੰ ਵੱਖ ਵੱਖ ਢੰਗਾਂ ਨਾਲ ਰੌਸ਼ਨ ਕਰਦੇ ਰਹੇ।

ਪਰ ਜਿਵੇਂ ਸੂਰਜ ਚੰਦ੍ਰਮਾ ਬਿਜਲੀ ਆਦਿਕ ਚੀਜ਼ਾਂ ਦੀ ਰੌਸ਼ਨੀ ਤੋਂ ਉਹੋ ਲੋਕ ਹੀ ਪ੍ਰਭਾਵਤ ਹੁੰਦੇ ਤੇ ਫਾਇਦਾ ਲੈ ਸਕਦੇ ਹਨ, ਜਿਨ੍ਹਾਂ ਦੀਆਂ ਅਖੀਆਂ ਰੋਗ ਰਹਿਤ ਹੁੰਦੀਆਂ ਹਨ ਤੇ ਨੇਤ੍ਰਹੀਣ ਜਾਂ ਜਿਨ੍ਹਾਂ ਦੇ ਨੇਤ੍ਰਾਂ ਵਿਚ ਧੁੰਦ ਦੀ ਕਸਰ ਹੋਵੇ, ਉਨ੍ਹਾਂ ਵਾਸਤੇ ਹਨੇਰਾ ਹੀ ਰਹਿੰਦਾ ਹੈ? ਜਿਵੇਂ ਗੁਰੂ ਨਾਨਕ ਪ੍ਰੰਪਰਾ ਦੇ ਚਲਦਿਆਂ ਹੋਇਆ ਵੀ ਕਈ ਲੋਕ ਉਸ ਸੂਰਜ ਦੀ ਰੌਸ਼ਨੀ ਤੋਂ ਵਾਂਝੇ ਹੀ ਰਹੇ ਤੇ ਸਗੋਂ ਗੁਰੂ ਨਾਨਕ ਸਿਧਾਂਤ ਦੀ ਰੌਸ਼ਨੀ ਦੀਆਂ ਕਿਰਨਾਂ ਵੀ ਸਮਾਂ ਪਾਕੇ ਕੁਝ ਮਧਮ ਪੈ ਗਈਆਂ।

ਜਦ ਗੁਰੂ ਪ੍ਰੰਪਰਾ ਦੇ ਸੰਦਰਭ ਵਚ ਗੁਰੂ ਨਾਨਕ ਦੇ ਬਾਰ੍ਹਵੇਂ ਜਾਮੇ(ਸ੍ਰੀ ਸਤਿਗੁਰੂ ਰਾਮ ਸਿੰਘ ਜੀ) ਦੇ ਰੂਪ ਵਿਚ ਪ੍ਰਗਟ ਹੋਕੇ ਸੰਮਤ ੧੯੧੪ ਨੂੰ ਸ੍ਰੀ ਭੈਣੀ ਸਾਹਿਬ ਤੋਂ ਗੁਰੂ ਨਾਨਕ ਸ੍ਰੀ ਦਸਮੇਸ਼ ਜੀ ਦੇ ਸਧਾਂਤ ਰੂਪੀ ਸੂਰਜ ਨੂੰ ਉਦਯ ਕੀਤਾ, ਤਾਂ ਇਸਦੀ ਰੌਸ਼ਨੀ ਸੂਰਜ ਸਮਾਨ ਹੀ ਬਣਕੇ ਸਾਹਮਣੇ ਆਈ।

ਜਿਸਦਾ ਸਬੂਤ ਅੰਗਰੇਜ਼ ਕਮਿਸ਼ਨਰ ਸ੍ਰੀ ਜੇ. ਡਬਲਯੂ. ਮੈਕਨਿਬ (ਸਾਬਿਕਾ ਕਾਰਜਕਾਰੀ ਕਮਿਸ਼ਨਰ ਅੰਬਾਲਾ ਡਵੀਜ਼ਨ) ਦੀ ੫ ਨਵੰਬਰ ੧੮੭੧ ਵਾਲੀ ਇਕ ਰਿਪੋਰਟ ਤੋਂ ਇਸਤਰ੍ਹਾਂ ਮਲਦਾ ਹੈ, "........... ਮੈਂ ਮੁਢਲੇ ਕਾਗਜ਼ਾਂ ਵਿਚ ਵੇਖਦਾ ਹਾਂ ਕਿ(ਗੁਰੂ) ਰਾਮ ਸਿੰਘ ਜੀ ਸੰਤ ਗੁਰੂ ਨਾਨਕ ਦੇ ਇਕ ਵਾਰਸ ਜਾਂ ਉਹਨਾਂ ਜਿਹੇ ਪ੍ਰਤੀਤ ਹੋਏ ਸਨ। ਹੁਣ ਉਹ(ਗੁਰੂ) ਗੋਬਿੰਦ (ਸਿੰਘ) ਪੰਥ ਦੇ ਪ੍ਰਤਿਨਿਧ ਹਨ।

"......... ਉਹ ਇਕ ਪ੍ਰਮਾਤਮਾ ਨੂੰ ਮੰਨਦੇ ਹਨ ਜੋ ਜੂਨੀ ਰਹਿਤ ਅਤੇ ਸੈਭੰ ਹੈ ਅਤੇ ਉਨ੍ਹਾਂ ਦੀ ਹਿੰਦੂ ਵਿਸ਼ਵਾਸ ਦੇ ਦੇਵਤਿਆ 'ਚ ਪੂਰੀ ਇਨਕਾਰੀ ਹੈ। ਉਹ ਨੈਤਿਕਤਾ ਦੇ ਕਟੜ ਧਾਰਨੀ ਹਨ, ਝੂਠ ਬੋਲਣ ਚੋਰੀ, ਯਾਰੀ ਦੇ ਸਖਤ ਵਿਰੋਧੀ ਹਨ ਅਤੇ ਜੋ ਸਮੇਂ ਸਮੇਂ ਉਠੀਆਂ ਕੁਰੀਤੀਆਂ ਤੋਂ ਰਹਿਤ ਸਿਖ ਧਰਮ ਨੂੰ ਮੁਢਲੀ ਸੱਤਾ ਤੇ ਧਰਨੀ ਲਈ ਤੀਬਰ ਹਨ।"

(ਵੇਖੋ ਰਾਮ ਸਿੰਘ ਐਂਡ ਕੂਕਾਜ਼ ਅੰਗਰੇਜ਼ੀ ਰਚਿਤ ਪ੍ਰੋ. ਨਾਹਰ ਸਿੰਘ ਐਮ. ਏ.)

ਇਸਤਰ੍ਹਾਂ ਜਿਥੇ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਤੇ ਉਪਦੇਸ਼ ਸਭ ਤੋਂ ਪਹਿਲਾਂ ਸਿਖ ਸਮਾਜ ਵਿਚ ਗੁਰ ਸਿਖੀ ਦੀ ਮਰਜਾਦਾ ਨੂੰ ਨਵੇਂ ਸਿਰੇ ਪ੍ਰਚਲਤ ਕਰਨ ਵਾਸਤੇ ਸੂਰਜ ਦੀ ਮਹੱਤਤਾ ਰਖਦਾ ਸੀ, ਓਥੇ ਸਮਾਜ ਸੁਧਾਰਿਕ ਸਦਾਚਾਰਿਕ ਵਤਨ ਪ੍ਰਸਤੀ ਤੇ ਰਾਜਨੀਤਕ ਪੱਧਰ ਤੋਂ ਸਾਰੇ ਸੰਸਾਰ ਨੂੰ ਪ੍ਰੇਰਨਾ ਦੀ ਰੌਸ਼ਨੀ ਦੇਣ ਵਾਲਾ ਸੀ।

ਭਾਵੇਂ ਸ਼ੁਰੂ ਵਿਚ ਇਸ ਧਾਰਮਿਕ ਤੇ ਇਨਕਲਾਬੀ ਰੌਸ਼ਨੀ ਦਾ ਪ੍ਰਭਾਵ ਕੇਵਲ ਨਾਮਧਾਰੀ ਸਿਖਾਂ ਉਤੇ ਹੀ ਕਾਫੀ ਚਿਰ ਰਹਿਆ ਤੇ ਸਗੋਂ ਉਸ ਵਕਤ ਅੰਗਰੇਜ਼ੀ ਰਾਜ ਦੀ ਗੁਲਾਮੀ ਦੇ ਪਰਛਾਵੇਂ ਹੇਠ ਬੈਠੇ ਸਿਖ ਰਾਜੇ ਮਹਾਰਾਜਿਆਂ ਜਾਗੀਰਦਾਰਾਂ ਰਈਸਾਂ, ਸਰਦਾਰਾਂ ਤੇ ਗੁਰੂ ਧਾਮਾਂ ਦੇ ਪੁਜਾਰੀਆਂ ਨੇ ਸ੍ਰੀ ਸਤਿਗੁਰੂ ਵਲੋਂ ਜਾਰੀ ਕੀਤੇ ਪ੍ਰਚਾਰ ਦੀ ਵਿਰੋਧਤਾ ਹੀ ਨਾ ਕੀਤੀ ਸਗੋਂ ਗੁਰੂ ਨਾਨਕ ਪ੍ਰੰਪਰਾ ਦੀ ਪ੍ਰਚਲਤ ਰੌਸ਼ਨੀ ਨੂੰ ਧੁੰਦਲਾ ਬਨਾਉਣ ਵਾਸਤੇ ਕਈ ਤਰ੍ਹਾਂ ਦੇ ਕੋਝੇ ਜਤਨ ਵੀ ਕੀਤੇ। ਅਰਥਾਤ ਸੂਰਜ ਦੀ ਰੋਸ਼ਨੀ ਨੂੰ ਕੁਨਾਲੀਆਂ ਨਾਲ ਰੋਕਣਾ ਚਾਹਿਆ।

ਪਰ ਇੰਵ ਨਾ ਹੋ ਸਕਿਆ ਅਤੇ ਸਮਾਂ ਪਾਕੇ ਸਤਿਗੁਰੂ ਜੀ ਵਲੋਂ ਉਦਯ ਕੀਤੇ ਧਾਰਮਿਕ ਨਿਯਮਾਂ ਦੇ ਨਾਲ ਰਾਜਨੀਤਕ ਪ੍ਰੀਵਰਤਨ ਦਾ ਪਹੁ ਫੁਟਾਲਾ ਵੀ ਦੇਸ਼ ਦੀਆਂ ਆਮ ਸਿਆਸੀ ਪਾਰਟੀਆਂ ਤੇ ਖਾਸ ਕਰਕੇ ਇੰਡੀਅਨ ਨੈਸ਼ਨਲ ਕਾਂਗ੍ਰਸ ਪਾਰਟੀ ਦੁਆਰਾ ਸਾਰੇ ਲੋਕਾਂ ਸਾਹਮਣੇ ਹੋਣਾ ਸ਼ੁਰੂ ਹੋ ਗਿਆ, ਇਸ ਸਬੰਧੀ ਕਾਂਗ੍ਰਸ ਪਾਰਟੀ ਦੇ ਮਹਾਨ ਨੇਤਾ ਡਾ: ਬਾਬੂ ਰਾਜੇਂਦ੍ਰ ਪ੍ਰਸਾਦ ਜੀ ਨੇ ਕਹਿਆ ਸੀ ਕਿ:-

"ਦੇਸ਼ ਵਿਚ ਅਸਹਿਯੋਗ ਅੰਦੋਲਨ ਮਹਾਤਮਾ ਗਾਂਧੀ ਜੀ ਨੇ ਜੋ ਇਤਨਾ ਪ੍ਰਭਾਵ ਸ਼ਾਲੀ ਚਲਾਇਆ

ਸਤਿਗੁਰੂ ਰਾਮ ਸਿੰਘ ਜੀ ਨੇ ਇਸਨੂੰ ਪੰਜਾਹ ਸਾਲ ਪਹਿਲਾਂ ਹੀ ਨਾਮਧਾਰੀ ਸਿੰਘਾਂ ਵਿਚ ਪ੍ਰਚਲਤ ਕਰ ਦਿਤਾ ਸੀ।

ਸਤਿਜੁਗ ਮਾਘ ਸੰਮਤ ੧੯੯੨

ਏਸੇਤਰ੍ਹਾਂ ਸ੍ਰੀ ਪੰਡਿਤ ਜਵਾਹਰ ਲਾਲ ਜੀ ਨਹਿਰੂ ਫੁਰਮਾਇਆ ਕਰਦੇ ਸਨ ਕਿ:–

"ਕਾਂਗ੍ਰਸ ਨੇ ਆਪ ਜੀ ਦੇ (ਸਤਿਗੁਰੂ ਰਾਮ ਸਿੰਘ ਜੀ) ਦਿਖਾਏ ਹੋਏ ਰਸਤੇ ਨੂੰ ਪ੍ਰਵਾਨ ਕਰਕੇ ਹੀ ਸਫਲਤਾਵਾਂ ਪ੍ਰਾਪਤ ਕੀਤੀਆਂ ਹਨ। ਲਗਭਗ ੭੪ ਸਾਲ ਲੰਘ ਜਾਣ ਤੇ ਭੀ ਆਪਦਾ ਦਸਿਆ ਹੋਇਆ ਕਾਰਯ ਕ੍ਰਮ ਪੁਰਾਣਾ ਨਹੀਂ ਹੋਇਆ।

ਸਤਿਜੁਗ ਮਾਘ ੧੯੯੫

ਅਖਿਰਕਾਰ ਸ੍ਰੀ ਸਤਿਗੁਰੂ ਜੀ ਦੇ ਪ੍ਰਦੇਸ ਗਮਨ ਕਰਨ ਤੋਂ ਬਾਅਦ ਛੇਤੀ ਹੀ, ਉਹਨਾਂ ਗੈਰ ਨਾਮ-ਧਾਰੀ ਸਿਖਾਂ ਵਿਚ ਵੀ ਸਿੰਘ ਸਭਾ ਦੁਆਰਾ ਭਾਵੇਂ ਬਹੁਤੇ ਅਸੂਲ ਇਨ੍ਹਾਂ ਲੋਕਾਂ ਵਲੋਂ ਅਪਣੀ ਮਨ ਮਰਜੀ ਦੀਆਂ ਨੀਂਹਾਂ ਉਤੇ(ਨਾਮਧਾਰੀਆਂ ਵਿਚ ਪ੍ਰਚਲਤ ਗੁਰੂ ਮਰਯਾਦਾ ਦੇ ਉਲਟ)ਹੀ ਚਾਲੂ ਕੀਤੇ ਗਏ, ਗੁਰਬਾਣੀ ਦੇ ਸਤਿਕਾਰ ਤੇ ਗੁਰਦਵਾਰਿਆਂ ਵਿਚੋਂ ਪੁਜਾਰੀ-ਵਾਦ ਖਤਮ ਕਰਨ ਗੁਰਬਾਣੀ ਦੇ ਪਾਠ ਕੀਰਤਨ ਦੀ ਪ੍ਰਥਾ ਸ਼ੁਰੂ ਕਰ ਦਿਤੀ ਗਈ ਤੇ ਇਸਤੋਂ ਕੁਝ ਦੇਰ ਨਾਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਮਰਯਾਦਾ ਦੇ ਥਾਂ ਅਪਣੀ ਨਵੀਂ ਮਰਯਾਦਾ ਕਾਇਮ ਕਰਕੇ ਸ੍ਰੀ ਗ੍ਰੰਥ ਸਾਹਿਬ ਦੀ ਬਾਣੀ ਪੜ੍ਹਕੇ ਵਿਆਹ ਵੀ ਕੀਤੇ ਜਾਣ ਲਗ ਪਏ। ਜਦ ਕਿ ਇਤਆਦਿਕ ਸਾਰਾ ਕੁਝ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਰੂਪੀ ਸੂਰਜ ਦੀ ਰੌਸ਼ਨੀ ਤੋਂ ਹੀ ਪ੍ਰਾਪਤ ਕੀਤਾ ਗਿਆ ਸੀ।

ਇਸੇ ਪ੍ਰਕਾਰ ਰਾਜਨੀਤਕ ਪਧਰ ਉਤੇ ਸਤਿਗੁਰੂ ਜੀ ਵਲੋਂ ਪ੍ਰਸਾਰਤ ਕੀਤੀ ਦੇਸ਼ ਭਗਤੀ ਦੀ ਰੌਸ਼ਨੀ ਪਹਿਲਾਂ ਭਾਰਤ ਤੇ ਫਿਰ ਹੋਰ ਰੂਸ ਆਦਿ ਦੇਸ਼ਾਂ ਵਿਚ ਵੀ ਵਿਆਪਕ ਤੌਰ ਤੇ ਫੈਲ ਗਈ।

ਇਹ ਗੱਲ ਵਖਰੀ ਹੈ ਕਿ ਬਹੁਤ ਸਾਰੇ ਭਾਰਤੀ ਤੇ ਗੈਰ ਮੁਲਕੀ ਲੋਕ ਸਤਿਗੁਰੂ ਜੀ ਵਲੋਂ ਸੂਰਜ ਵਤ ਉਦਜ ਕੀਤੀ ਉਪ੍ਰੋਕਤ ਰੌਸ਼ਨੀ ਤੋਂ ਅਥਵਾ ਸਚਾਈ ਤੋਂ ਬਿਲਕੁਲ ਅਗਿਅਤ ਹੀ ਹਨ ਕਿ ਵਰਤਮਾਨ ਕਾਲ ਵਿਚ ਜੋ ਸਾਰੀ ਦੁਨੀਆਂ ਵਿਚ ਦੇਸ਼ ਭਗਤੀ,ਪੂਰਨ ਸੁਤੰਤ੍ਰਤਾ ਸਮਾਜ ਸੁਧਾਰਕ ਨਿਸ਼ਸ਼ਤ੍ਰੀ-ਕਰਨ, ਧਰਮ ਨਿਰਪੱਖਤਾ, ਦੇਸ਼ ਦੀ ਅਖੰਡਤਾ ਤੇ ਅਮਨ ਦੀਆਂ ਯੋਜਨਾਵਾਂ ਚਲ ਰਹੀਆਂ ਹਨ, ਦਰ ਅਸਲ ਇਹ ਸਾਰੀਆਂ ਗੁਰੂ ਨਾਨਕ ਘਰ ਦੇ ਬਾਰ੍ਹਵੇਂ ਮਾਲਕ ਸਤਿਗੁਰੂ ਰਾਮ ਸਿੰਘ ਰੂਪੀ ਸੂਰਜ ਵਿਚੋਂ ਫੈਲੀਆ ਹੋਈਆਂ ਕਿਰਣਾਂ ਦਾ ਹੀ ਵਿਆਪਕ ਵਿਕਾਸ ਹੈ।

ਅਰ ਜਿਨ੍ਹਾਂ ਦਾ ਪ੍ਰਗਟਾਵਾ ਅਜ ਵੀ ਸ੍ਰੀ ਸਤਿ-ਗੁਰੂ ਜਗਜੀਤ ਸਿੰਘ ਜੀ ਸਚੇ ਪਾਤਸ਼ਾਹ ਦੀ ਛਤ੍ਰ ਛਾਇਆ ਹੇਠ ਨਾਮਧਾਰੀ ਪੰਥ ਦੀ ਧਾਰਮਿਕ ਰਹਿਣੀ ਬਹਿਣੀ ਤੇ ਦੇਸ਼ ਭਗਤੀ ਦੇ ਸਬੰਧ ਵਿਚ, ਧਰਮ ਨਿਰਪਖਤਾ ਅਮਨ ਏਕਤਾ ਅਖੰਡਤਾ ਤੇ ਅਹਿੰਸਾ ਵਾਲੇ ਅਮਲੀ ਰੂਪ ਨਿਯਮਾਂ ਦਾ ਪ੍ਰਗਟਾਵਾ ਮਨ ਬਚਨ ਕ੍ਰਮ ਕਰਕੇ ਕੀਤਾ ਜਾ ਰਿਹਾ ਹੈ।

ਉਸ ਸ੍ਰੀ ਸਤਿਗੁਰੂ ਰਾਮ ਸਿੰਘ ਰੂਪੀ ਸੂਰਜ ਦਾ ਵਿਅਕਤੀਗਤ ਰੂਪ ਵਿਚ ਸੰਮਤ ੧੮੭੨ ਦੀ ਮਾਘ ਸੁਦੀ ਪੰਚਮੀ ਤੇ ਛਠ ਦੀ ਦਰਮਿਆਨੀ ਰਾਤ ਨੂੰ ਪਿੰਡ ਰਾਈਆਂ ਭੈਣੀ ਵਿਚ ਬਾਬਾ ਜੱਸਾ ਸਿੰਘ ਤੇ ਮਾਤਾ ਸਦਾ ਕੌਰ ਦੇ ਘਰ ਪ੍ਰਕਾਸ਼ ਹੋਇਆ ਸਗੋਂ ਜਿਸਦਾ ਅਵਤਾਰ ਪੁਰਬ ਭੀ ਭਾਰਤ ਵਿਚ ਬਸੰਤ ਪੰਚਮੀ ਤੇ ਹੋਰ ਦੇਸ਼ਾਂ ਵਿਚ ਖਿਜਾਂ ਤੋਂ ਬਾਅਦ ਆਈ ਨਵ ਬਹਾਰ ਦੇ ਰੂਪ ਵਿਚ ਵਿਆਪਕ ਪਧਰ ਤੇ ਮਨਾਇਆ ਜਾ ਰਿਹਾ ਹੈ ਤੇ ਮਨਾਇਆ ਜਾਂਦਾ ਰਹੇਗਾ।

ਉਹ ਦਿਨ ਦੂਰ ਨਹੀਂ ਜਦੋਂ ਉਹ ਅਨੰਤ ਕਲਾ ਦੇ ਮਾਲਕ ਤੇ ਅਪਾਰ ਤੇਜਸ੍ਵੀ ਸੂਰਜ ਰੂਪ ਸਤਿਗੁਰੂ ਰਾਮ ਸਿੰਘ ਜੀ ਓਵੇਂ ਹੀ ਅਪਣੀ ਅਜੁਧਿਆ ਪੁਰੀ (ਸ੍ਰੀ ਭੈਣੀ ਸਾਹਿਬ) ਵਿਚ ਦਰਸ਼ਨ ਦੇਕੇ ਭਾਰਤ ਵਿਚ ਧਰਮ ਤੇ ਰਾਜਨੀਤੀ ਦਾ ਸਾਂਝਾ ਰਾਮ ਰਾਜ ਕਾਇਮ ਕਰਨਗੇ।

ਆਤਮਾ ਸਿੰਘ ਸਨਖਤ੍ਰਵੀ

Namdhari Elibrary NamdhariElibrary@gmail.com

ਅਪ੍ਰੈਲ ੧੯੫੩ ਅਫਰੀਕਾ ਵਿਖੇ ਦੀਵਾਨ ਸਮੇਂ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਸੰਤ ਰਤਨ ਸਿੰਘ ਜੀ ਲਾਂਗਰੀ
ਪੰਡਤ ਗੋਪਾਲ ਸਿੰਘ ਜੀ, ਸੰਤ ਪ੍ਰੀਤਮ ਸਿੰਘ ਜੀ ਪਦੀ ਵਾਲੇ ਕੀਰਤਨ ਕਰਦੇ ਹੋਏ ।



ਆਸਾ ਦੀ ਵਾਰ ਸਮੇ ਕੀਰਤਨ ਦਾ ਰਸ ਦੇ ਰਹੇ ਸ੍ਰੀ ਸਤਿਗੁਰੂ
ਪ੍ਰਤਾਪ ਸਿੰਘ ਜੀ ਆਪਣੇ ਦਿਲਰੁਬਾ (ਸਾਜ਼) ਨਾਲ ਮੋਹਿਤ ਕਰ
ਰਹੇ ਹਨ।

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਮੁਖ ਹਜ਼ੂਰੀ ਰਾਗੀ।



ਹਰੀ ਸਿੰਘ, ਨਿਰਮਲ ਸਿੰਘ, ਗੁਰਬਖਸ਼ ਸਿੰਘ ਜੀ ਰਾਗੀ, ਅਮਰ ਸਿਘ
ਲਾਲਾ ਮੂਸਾ (ਜੋੜੀ ਵਾਲਾ), ਤਾਰਾ ਸਿੰਘ ਰਾਗੀ।

ਕੀਰਤਨ ਦੇ ਰਸੀਏ

ਜਥੇਦਾਰ ਤੇਜਾ ਸਿੰਘ ਜੀ ਸਮਸੇ ਵਡੇ ਵਾਲੇ

ਗੁਰਬਾਣੀ ਕੀਰਤਨ
ਪ੍ਰੰਪਰਾ ਅਤੇ ਮਹਾਤਮ

ਸ੍ਰੀ ਮਹਾਰਾਜ ਬੀਰ ਸਿੰਘ ਜੀ

ਸੁਣਿ ਹਰਿ ਕੀਰਤਨੁ ਹਰਿ ਗੁਣ ਰਵਾ ਹਰਿ ਜਸੁ ਮਨਿ ਲਿਖਾ।
(ਸੂਹੀ ਮ: ੫, ਪੰਨਾ ੭੪੯)

ਹਰਿ ਕੀਰਤਨ ਦੀ ਮਹਿਮਾ ਵਰਣਨ ਕਰਨ ਅਤੇ ਲਿਖਣ ਤੋਂ ਉਪਰ ਹੈ। ਆਕਾਸ਼ ਵਿਚ ਵਿਚਰਨ ਵਾਲੇ ਛੋਟੇ ਜੀਵ ਮਛਰ ਆਦਿ ਅਤੇ ਪੰਛੀ ਫੇਰ ਹਵਾਈ ਜਹਾਜ ਹੁਣ ਰਾਕਟ ਆਦਿ ਭੀ ਵਿਚਰਦੇ ਹਨ। ਆਕਾਸ਼ ਦੇ ਵਿਸਥਾਰ ਦਾ ਅੰਤ ਨਾਂ ਜਾਣਦੇ ਹੋਏ ਭੀ ਆਪਣੀਆਂ ਉਡਾਰੀਆਂ ਮਾਰ ਰਹੇ ਹਨ। ਕੀਰਤਨ ਦਾ ਆਤਮਿਕ ਅਵਸਥਾ ਨਾਲ ਸੰਬੰਧ ਹੈ। ਆਤਮਾ ਦਾ ਰਸ ਜਾਨਣਾ ਕਿਰਪਾ ਤੋਂ ਬਗੈਰ ਹੋ ਨਹੀਂ ਸਕਦਾ। ਪਰ ਇਸ ਸੁਖ ਲਈ ਜਗਿਆਸੂ ਦਾ ਜਤਨ ਕਰਨਾਂ ਕਰਤਵਜ ਹੈ। ਓਸ ਘਰ ਵਿਚ ਕੋਈ ਕਮੀ ਨਹੀਂ।

ਕਿਨਕਾ ਏਕ ਜਿਸੁ ਜੀਅ ਬਸਾਵੈ।
ਤਾਂਕੀ ਮਹਿਮਾ ਗਨੀ ਨ ਆਵੈ।

ਇਹ ਲੇਖ ਲਿਖ ਸਕਣ ਦੀ ਯੋਗਤਾ ਨਾਂ ਹੁੰਦੇ ਹੋਏ ਭੀ ਜਤਨ ਕੀਤਾ ਗਿਆ ਹੈ ਕਿ ਕੁਛ ਨਾਂ ਕੁਛ ਵਿਦਵਾਨ ਅਤੇ ਸ੍ਰਧਾਵਾਨ ਪਾਠਕਾਂ ਦਾ ਮਨ ਪਰਚਾਵਾ ਕੀਤਾ ਜਾਵੇ। ਹੋਰ ਨਹੀਂ ਤਾਂ ਹਰਿਜਸ ਲਿਖਣ ਨਾਲ ਆਪਣਾ ਭਲਾ ਜਰੂਰ ਹੋਇਗਾ।

ਗੁਰਬਾਣੀ ਕੀਰਤਨ ਸਿਖਾਂ ਵਿਚ, ਸਤਿਗੁਰੂ ਨਾਨਕ ਦੇਵ ਜੀ ਤੋਂ ਪ੍ਰਚਲਿਤ ਹੋਇਆ ਹੈ। ਪਰ ਇਤਿਹਾਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਗੁਰਬਾਣੀ ਕੀਰਤਨ ਪਹਿਲਾਂ ਭੀ ਸੀ। ਭਾਈ ਗੁਰਦਾਸ ਜੀ ਨੇ ਲਿਖਿਆ ਹੈ......

ਸੁਖ ਰਾਜੇ ਹਰੀ ਚੰਦ ਘਰ
ਨਾਰ ਸੁ ਤਾਰਾ ਲੋਚਨ ਰਾਣੀ।
ਸਾਧ ਸੰਗਤ ਮਿਲ ਗਾਂਵਦੇ
ਰਾਤੀਂ ਜਾਇ ਸੁਣੈ ਗੁਰਬਾਣੀ।

ਇਸ ਹਰੀ ਚੰਦ ਰਾਜੇ ਦਾ ਸਮਾਂ ਸਤਿਗੁਰੂ ਨਾਨਕ ਦੇਵ ਜੀ ਤੋਂ ਕਿਤਨਾ ਪਹਿਲਾਂ ਦਾ ਹੈ, ਇਹ ਪਤਾ ਨਹੀਂ ਪਰ ਹੈ ਪਹਿਲਾਂ ਦਾ। ਕਿਉਂਕਿ ਇਸ ਦਸਵੀਂ ਵਾਰ ਵਿਚ ਭਗਤਾਂ ਦੇ ਇਤਿਹਾਸ ਦੀਆਂ ਪਉੜੀਆਂ ਹਨ ਜੋ ਸਤਿਜੁਗ ਤੋਂ ਲੈਕੇ ਕਲਿਜੁਗ ਤਕ, ਗੁਰੂ ਜੀ ਤੋਂ ਪਹਿਲੋਂ ਪਹਿਲੋਂ ਹੋ ਚੁਕੇ ਹਨ।

ਗੁਰਬਾਣੀ ਕੀਰਤਨ ਦਾ ਮਹਾਤਮ ਵਿਸ਼ੇਸ਼ ਸੀ ਤਾਂਹੀਏਂ ਸਤਿਗੁਰੂ ਜੀ ਨੇ ਮਰਦਾਨੇ ਨੂੰ ਨਾਲ ਲਿਆ। ਭਾਵੇਂ ਉਹ ਆਪ ਸਭ ਕੁਛ ਕਰ ਸਕਣ ਲਈ ਸਮਰਥ ਸਨ ਤਾਂ ਭੀ ਓਨਾਂ ਨੇ ਕੀਰਤਨ ਦੀ ਮਹਾਨਤਾ ਦਸਣ ਲਈ ਸਿਖ ਧਰਮ ਵਿਚ ਇਸ ਪ੍ਰੰਪਰਾ ਨੂੰ ਉਜਾਗਰ ਕੀਤਾ।

ਵਰਤਮਾਨ ਸਮੇਂ ਦੇ ਸਰਵੋਤਮ ਸਾਰੰਗੀ ਵਾਦਕ ਪੰ: ਰਾਮ ਨਾਰਾਇਣ ਜੀ ਦੇ ਵੀਚਾਰ ਹਨ ਕਿ ਸੰਗੀਤ ਮੂਲ ਰੂਪ ਵਿਚ ਪ੍ਰਭੂ ਭਗਤੀ ਵਾਸਤੇ ਹੀ ਹੈ। ਉਨ੍ਹਾਂ ਦਾ ਨਿਸਚਾ ਹੈ ਕਿ ਇਸੇ ਕਰਕੇ ਮੰਦਿਰਾਂ ਵਿਚ ਮ੍ਰਿਦੰਗ, ਬਾਂਸੁਰੀ, ਕੈਸੀਆਂ ਆਦਿ ਨਾਲ ਭਗਤਾਂ ਵਲੋਂ ਕੀਰਤਨ ਕੀਤਾ ਜਾਂਦਾ ਸੀ।

ਰਾਗ ਦਾ ਪ੍ਰਸਾਰ ਬਹੁਤਾ ਕਰਨਾਂ ਅਤੇ ਸ਼ਬਦ ਲੁਪਤ ਹੀ ਰਖਣਾ, ਇਹ ਕਲਾ ਹੁਣ ਦੇ ਸੰਗੀਤਕਾਰਾਂ ਵਿਚ ਪ੍ਰਧਾਨ ਹੋ ਗਈ ਹੈ। ਇਸ ਢੰਗ ਦੇ ਗਾਇਕੀ ਨਾਲ ਸਰੋਤੇ ਵਿਸ਼ੇਸ਼ ਵਸਤੂ ਤੋਂ ਅਪਰਚਿਤ ਰਹਿੰਦੇ ਹਨ। ਮੈਨੂੰ ਯਾਦ ਹੈ ਛੋਟੇ ਹੁੰਦੇ ਵਿਦਿਆਲੇ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਗੀਤ ਦੇ ਵਿਦਯਾਰ-

Namdhari Elibrary NamdhariElibrary@gmail.com

ਥੀਆਂ ਦੀ ਪ੍ਰੀਖਿਆ ਸਾਲ ਪਿਛੋਂ ਆਪ ਲੈਂਦੇ। ਓਨਾਂ ਦੀ ਪ੍ਰੀਖਯਾ ਦੇ ਚਾਰ ਮੁਖ ਵਿਸ਼ਯ ਹੁੰਦੇ ਸਨ– ੧. ਸੁਰ, ੨. ਤਾਲ, ੩. ਸ਼ਬਦ, ੪. ਲਯ, ਗਾਇਕੀ ਵਿਚ ਸ਼ਬਦ ਤੋਂ ਬਿਨਾਂ ਸੰਗੀਤ ਅਪੂਰਣ ਹੈ। ਸ਼ਬਦ ਕੈਸਾ ਹੋਵੇ ? ਜੇ ਸ਼ਬਦ ਭਗਤੀ ਭਾਵਨਾਂ ਵਾਲੇ ਹੋਣ ਤਾਂ ਹੀ ਉਹ ਪੁਰਸ਼ ਲਈ ਸੁਖਦਾਇਕ ਹਨ। ਸ਼ਬਦਾਂ ਦੇ ਨਾਲ ਨਾਲ ਦੂਸਰੇ ਗੁਣ ਭੀ ਪੂਰਨ ਰੂਪ ਵਿਚ ਹੋਣ ਨਾਲ ਜੋ ਅਨੰਦ ਬਣਦਾ ਹੈ ਉਹ ਅਕਥਨੀਯ ਹੈ।

ਸਿਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਈਸ਼੍ਵਰ ਵਾਦੀ ਬਣੌਣ ਵਾਸਤੇ ਆਪਣੇ ਪ੍ਰਚਾਰ ਦੌਰੇ ਆਰੰਭ ਕਰਨ ਵੇਲੇ ਭਾਈ ਮਰਦਾਨੇ ਨੂੰ ਨਾਲ ਲਿਆ। ਸੇਵਾ ਵਾਸਤੇ ਬਾਲਾ ਅਤੇ ਕੀਰਤਨ ਵਾਸਤੇ ਮਰਦਾਨਾ। ਆਪ ਜੀ ਦੀ ਦਸੀ ਹੋਈ ਬਾਣੀ ਨੂੰ ਸਤਿਗੁਰੂ ਜੀ ਦੀ ਇਛਾ ਅਨੁਸਾਰ ਰਾਗ ਵਿਚ ਗਾਇਨ ਕਰਦਾ। ਗਾਇਨ ਵਿਚ ਅਦਭੁਤ ਆਕ੍ਰਸ਼ਣ ਸੀ। ਜਿਸਤੋਂ ਅਨਗਿਣਤ ਮਨੁਖਾਂ ਨੂੰ ਬੁਰੇ ਕੰਮਾਂ ਦੇ ਛਡਣ ਅਤੇ ਹਰੀ ਭਗਤੀ ਦੀ ਪ੍ਰੇਰਣਾ ਮਿਲੀ। ਬਲਕਿ ਬਨ ਦੇ ਜੀਵ ਭੀ ਉਸ ਰਾਗ ਨੂੰ ਸੁਣਕੇ ਪ੍ਰਭਾਵਿਤ ਹੋਏ ਬਿਨਾਂ ਨਹੀਂ ਸਨ ਰਹਿੰਦੇ।

ਏਹ ਪ੍ਰਥਾ ਸਿਖ ਗੁਰੂਆਂ ਨੇ ਆਪਣੇ ਨਿਤ ਦੇ ਨਿਯਮਾਂ ਵਿਚ ਪ੍ਰਮੁਖ ਰੂਪ ਵਿਚ ਰਖੀ। ਆਦਿ ਸ੍ਰੀ ਗ੍ਰੰਥ ਸਾਹਿਬ ਦੀ ਬਾਣੀ ਤੋਂ ਇਹ ਪ੍ਰਮਾਣ ਮਿਲਦਾ ਹੈ ਕਿ ਸਿਖ ਸਤਿਗੁਰੂ ਰਾਗਾਂ ਦੀ ਪੂਰਨ ਜਾਣਕਾਰੀ ਰਖਦੇ ਸਨ। ਵਖ ਵਖ ਰਾਗਾਂ ਵਿਚ ਬਾਣੀ ਅਤੇ ਕਿਸੇ ਕਿਸੇ ਬਾਣੀ ਵਿਚ ਦੋ ਰਾਗਾਂ ਦਾ ਮਿਸ਼ਰਣ ਇਸ ਪ੍ਰਮਾਣ ਦੀ ਪੁਸ਼ਟੀ ਕਰਦਾ ਹੈ। ਗਉੜੀ ਰਾਗ ਦੀਆਂ ਨੌ ਜਾਤੀਆਂ ਲਿਖੀਆਂ ਹਨ।

ਸ੍ਰੀ ਗੁਰੂ ਅੰਗਦ ਦੇਵ ਜੀ ਪਾਸ ਬਲਵੰਡ ਰਬਾਬੀ ਕੀਰਤਨ ਕਰਦਾ ਰਿਹਾ। ਫੇਰ ਬਲਵੰਡ ਅਤੇ ਉਸਦਾ ਭਾਈ ਸੱਤਾ, ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਕੀਰਤਨ ਕਰਦੇ ਰਹੇ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਤਾਨਪੂਰਾ (ਤਮੂਰਾ) ਲੈਕੇ ਕੀਰਤਨ ਕੀਤਾ ਜਿਸਨੂੰ ਸੁਣਕੇ ਸ੍ਰੀ ਗੁਰੂ ਅਮਰ ਦਾਸ ਜੀ ਦੇ ਵਡੇ ਸਪੁਤ੍ਰ ਬਾਬਾ ਮੋਹਣ ਜੀ ਜਿਨਾਂ ਨੇ ਭਾਈ ਗੁਰਦਾਸ ਅਤੇ ਬਾਬਾ ਬੁਢਾ ਜੀ ਵਰਗੇ ਮੁਖੀ ਸਿਖਾਂ ਦੀ ਪਰਵਾਹ ਨਾ ਕੀਤੀ, ਓਥੇ ਗੁਰੂ ਜੀ ਦਾ ਕੀਰਤਨ ਸੁਣਕੇ ਇਤਨੇ ਦ੍ਰਵੀਭੂਤ ਹੋਏ ਕਿ ਗੁਰੂ ਅਰਜਨ ਦੇਵ ਜੀ ਤੋਂ ਪੂਰਵ ਗੁਰੂਆਂ ਦੀਆਂ ਬਾਣੀ ਦੀ ਲਿਖਤ ਵਾਲੀਆਂ ਪੋਥੀਆਂ ਲਿਆਕੇ ਗੁਰੂ ਜੀ ਨੂੰ ਸਮਰਪਿਤ ਕੀਤੀਆਂ। ਗੁਰ ਪ੍ਰਤਾਪ ਸੂਰਜ ਵਿਚ ਇਸ ਘਟਨਾਂ ਨੂੰ ਭਾਈ ਸੰਤੋਖ ਸਿੰਘ ਜੀ ਨੇ ਇਸਤਰਾਂ ਵਰਣਨ ਕੀਤਾ ਹੈ–

ਸਫੈਂ ਗਲੀਚੇ ਆਦਿ ਜੁ ਨਜਾਇ ਬਿਛਾਵਨੇ।
ਮ੍ਰਿਦੁਲਬਾਕ ਕਹਿ ਸਭਹਿ ਸੁ ਦਏ ਉਠਾਵਨੇ।
ਤੰਬੂਰਾ ਸੁਰ ਠਾਨ ਲਗੇ ਪੁਨਿ ਗਾਵਨੇ।
ਹੋ ਗਉੜੀ ਰਾਗ ਅਲਾਪ ਮਸੁਰ ਸੁਰ ਭਾਵਨੇ।
(ਗੁਰ ਪ੍ਰਤਾਪ ਸੂਰਜ ਰਾਸ ੩ ਅੰਸੂ ੩੪)

ਗੁਰੂ ਜੀ ਦੇ ਹਜ਼ੂਰ ਕੀਰਤਨ ਕਰਨ ਵਾਲੇ ਸੱਤਾ ਬਲਵੰਡ ਨੂੰ ਇਕ ਵਾਰੀ ਅਭਿਮਾਨ ਹੋ ਗਿਆ। ਓਹ ਕੀਰਤਨ ਕਰਨ ਨਾ ਆਏ। ਉਹਨਾਂ ਨੂੰ ਲੈਣ ਪਹਿਲਾਂ ਸਿਖ ਭੇਜੇ। ਇਨਕਾਰ ਕਰਨ ਤੇ ਗੁਰੂ ਜੀ ਆਪ ਲੈਣ ਗਏ ਤਦ ਓਨਾਂ ਸ੍ਰੀ ਗੁਰੂ ਨਾਨਕ ਜੀ ਅਤੇ ਦੂਜੇ ਗੁਰੂਆਂ ਨੂੰ ਦੁਰਬਚਨ ਆਖੇ। ਇਸਤੋਂ ਨਾਰਾਜ਼ ਹੋਕੇ ਸ੍ਰੀ ਗੁਰੂ ਅਰਜਨ ਦੇਵ ਜੀ ਵਾਪਸ ਮੁੜ ਆਏ ਅਤੇ ਓਨਾਂ ਨੂੰ ਸਰਾਫ ਦੇ ਆਏ। ਆਕੇ ਆਪ ਜੀ ਨੇ ਸਿਖਾਂ ਨੂੰ ਕੀਰਤਨ ਕਰਨ ਦੀ ਆਗਿਆ ਕੀਤੀ। ਇਸ ਘਟਨਾਂ ਨੂੰ ਭਾਈ ਸੰਤੋਖ ਸਿੰਘ ਜੀ ਨੇ ਇਨਾਂ ਸ਼ਬਦਾਂ ਵਿਚ ਲਿਖਿਆ ਹੈ–

ਸ੍ਰੀ ਅਰਜਨ ਚਿਤ ਸ਼ਾਂਤ ਅਤਿ ਛਿਮਾ ਨਿਧਾਨਾ।
ਨਿਜ ਨਿੰਦਾ ਤੇ ਛੁਭਤ ਨਹਿ, ਸੁਨ ਕਛੁ ਨਾ ਬਖਾਨਾ।
ਸ੍ਰੀ ਨਾਨਕ ਤੇ ਆਦਿਕੀ ਜਬ ਨਿੰਦ ਸੁਨਾਈ।
ਕਰ ਧਿਕਾਰ ਨਿਕਸੇ ਸਦਨ ਰਿਸ ਉਰ ਮੈ ਛਾਈ।
ਬੇਦੀ ਕੁਲ ਕੇ ਤਿਲਕ ਦੀ ਨਿੰਦਾ ਤੁਮ ਕੀਨੀ।
ਫਿਟ ਜਾਇਗੀ ਦੇਹ ਤੁਮ ਰੁਜ ਤੇ ਹੋਇ ਹੀਨੀ।
ਇਮ ਕਹਿ ਸਤਿਗੁਰ ਆਇ ਕਰ ਥਲ ਬਡੇ ਸੁਹਾਏ।
ਸਭ ਸੰਗਟ ਇਕਠੀ ਭਈ ਦੀਵਾਨ ਲਗਾਏ।
ਸਿਖਨ ਕੋ ਆਇਸ ਦਈ ਤੁਮ ਰਾਗ ਸੁਨਾਵਹੁ।

Namdhari Elibrary NamdhariElibrary@gmail.com

ਗਾਵਹੁ ਸਬਦ ਸੁ ਤਾਨ ਜੁਤ ਵਿਦਿਆ ਇਹ ਪਾਵਹੁ।
ਗਹਯੋ ਦੁਤਾਰਾ ਸਿਖ ਕਿਹ, ਕਿਨ ਗਹੀ ਰਬਾਬੰ।
ਹੋਇ ਨਿਸੰਕ ਗਾਵਣ ਲਗੇ ਸਭ ਭਏ ਅਜਾਬੰ।
ਬਚਨ ਮਾਨ ਲੇ ਗੁਰੂ ਕੇ ਵਿਦਜ ਸਭ ਪਾਈ।
ਜਾਨਤ ਹੁਤੇ ਨ ਰਾਗ ਕੋ ਗਾਵਤ ਬਿਸਮਾਈ।
ਸੁਨ ਸਿਖਨ ਤੇ ਰਾਗ ਕੋ ਗੁਰ ਭਏ ਪ੍ਰਸੰਨਾ।
ਬਰੁ ਦੀਨੋ ਤੁਮ ਪ੍ਰੇਮ ਜੁਤ ਹਮਰੇ ਬਚ ਮੰਨਾ।
ਤਬ ਤੇ ਬਿਦਜਾ ਰਾਗ ਕੀ ਸਿਖਜਨ ਮੇ ਆਈ।
ਗਾਵਹਿ ਸੁਣਹਿ ਸੁ ਪ੍ਰੀਤ ਸਹਿ ਲੇ ਸੁਭ ਮਤਿ ਪਾਈ।
(ਗੁਰ ਪ੍ਰਤਾਪ ਸੂਰਜ)

ਸਿਖ ਸਤਿਗੁਰੂਆਂ ਦੇ ਸਨਮੁਖ ਰਾਗ ਕਰਨ ਵਾਲੇ ਇਸਤੋਂ ਪਹਿਲਾਂ ਰਬਾਬੀ ਹੁੰਦੇ ਸਨ। ਭਾਵੇਂ ਪਰਉਪਕਾਰੀ ਭਾਈ ਲਧੇ ਨੇ ਸਤਾ ਬਲਵੰਡ ਨੂੰ ਸਤਿਗੁਰੂ ਜੀ ਤੋਂ ਬਖਸ਼ਾ ਦਿਤਾ। ਪਰ ਇਸ ਦਿਨ ਤੋਂ ਸਿਖਾਂ ਵਿਚ ਰਾਗ ਕਰਨਾ ਆਰੰਭ ਹੋਇਆ। ਛੇਵੇਂ ਪਾਤਸ਼ਾਹ ਦੇ ਵੇਲੇ ਕੀਰਤਨ ਹੁੰਦਾ ਰਿਹਾ, ਪਰ, ਓਨਾਂ ਸਮੇਂ ਦੀ ਲੋੜ ਅਨੁਸਾਰ ਸਿਖਾਂ ਵਿਚ ਜੰਗ ਕਰਨ ਦੀ ਜਾਗ੍ਰਤੀ ਲਿਆਂਦੀ, ਇਸ ਕਰਕੇ ਸੂਰਮਿਆਂ ਦੀਆਂ ਵਾਰਾਂ ਸੁਣੋਣ ਵਾਲੇ ਢਾਡੀਆਂ ਦਾ ਪ੍ਰਭਾਵ ਕਾਫੀ ਰਿਹਾ।

ਵਾਰਾਂ ਭੀ ਰਾਗਾਂ ਵਿਚ ਗਾਇਨ ਕੀਤੀਆਂ ਜਾਂਦੀਆਂ ਸਨ। ਆਦਿ ਬੀੜ ਵਿਚ ੩੧ ਰਾਗਾਂ ਵਿਚੋ ੨੨ ਰਾਗਾਂ ਦੀਆਂ ਵਾਰਾਂ ਲਿਖੀਆਂ ਹਨ। ਇਨਾਂ ਵਾਰਾਂ ਵਿਚੋਂ ੯ ਵਾਰਾਂ ਐਸੀਆਂ ਹਨ ਜਿਨਾਂ ਨੂੰ ਪੁਰਾਣੇ ਯੋਧਿਆਂ ਦੀਆਂ ਲੜਾਈਆਂ ਦੀਆਂ ਘਟਨਾਵਾਂ ਉਪਰ ਗਾਈਆਂ ਹੋਈਆਂ ਵਾਰਾਂ ਅਨੁਸਾਰ ਗਾਏ ਜਾਣ ਦਾ ਸੰਕੇਤ ਹੈ। ਜਿਵੇਂ ਮਾਝ ਦੀ ਵਾਰ ਦੇ ਅਰੰਭ ਲਿਖਿਆ ਹੈ:—

'ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ
ਕੀ ਧੁਨੀ ਗਾਵਣੀ।'

ਚੰਦ੍ਰਹੜਾ ਅਤੇ ਮੁਰੀਦ ਖਾਂ ਦੋਵੇ ਅਕਬਰ ਦੇ ਫੌਜਦਾਰ ਸਨ ਪਰ ਆਪਸੀ ਵਿਰੋਧ ਰਖਦੇ ਸਨ ਇਨਾਂ ਦਾ ਆਪਸ ਵਿਚ ਜੰਗ ਹੋਇਆ ਜਿਸਤੋਂ ਢਾਡੀਆਂ ਨੇ ਵਾਰ ਬਣਾਈ—

ਕਾਬੁਲ ਵਿਚ ਮੁਰੀਦ ਖਾਂ ਫੜਿਆ ਬੜ ਜੋਰ।
ਚੰਦ੍ਰਹੜਾ ਲੈ ਫੌਜ ਕੋ ਚੜਿਆ ਬੜ ਤੋਰ।
ਦੁਹਾਂ ਕੰਧਾਰਾਂ ਮੁਹ ਜੁੜੇ ਦਾਮਾਮੇ ਦੌਰ।
ਸਸਤ੍ਰ ਪਜੂਤੇ ਸੂਰਿਆਂ ਸਿਰ ਬਧੇ ਟੌਰ।
ਹੋਲੀ ਖੇਲੇ ਚੰਦ੍ਰਹੜਾ ਰੰਗ ਲਗੇ ਸੋਰ।
ਦੋਵੇਂ ਤਰਫਾ ਜੁਟੀਆਂ ਸਰ ਵਗਨ ਕੌਰ।
ਮੈ ਭੀ ਰਾਇ ਸਦਾਇਸਾਂ ਵੜਿਆ ਲਾਹੌਰ।
ਦੋਵੇ ਸੂਰੇ ਸਾਮਣੇ ਜੂਝੇ ਉਸ ਠੌਰ।

ਵਾਰ ਦਾ ਅਰਥ ਹੈ ਪਉੜੀ, ਜਸ ਵਾਰ ਦੇ ਅਰੰਭ ਵਿਚ ਧੁਨੀ ਦਾ ਸੰਕੇਤ ਹੈ, ਉਸਦੀਆਂ ਪਉੜੀਆਂ ਉਸ ਅਨੁਸਾਰ ਗਾਇਨ ਕਰਨੀਆਂ ਚਾਹੀਦੀਆਂ ਹਨ।

ਅੰਮ੍ਰਿਤਸਰ ਦ੍ਰਬਾਰ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਰਤਨ ਦੀਆਂ ਚਾਰ ਚੋਕੀਆਂ ਦੀ ਮਰਯਾਦਾ ਇਸ ਪ੍ਰਕਾਰ ਸਥਾਪਨ ਕੀਤੀ ਸੀ।

੧. ਅੰਮ੍ਰਿਤ ਵੇਲੇ ਆਸਾ ਦੀ ਵਾਰ
੨. ਸਵਾ ਪਹਿਰ ਦਿਨ ਚੜੇ ਬਿਲਾਵਲ ਦੀ ਚੌਂਕੀ
੩. ਸੰਝ ਵੇਲੇ ਸੋਦਰ ਦੀ ਚੌਂਕੀ
੪. ਫਿਰ ੪ ਘੜੀ ਰਾਤ ਲੰਘੀ ਤੋਂ ਕਲਜਾਨ ਦੀ ਚੌਕੀ ਜਾਂ ਕਾਨੜੇ ਦੀ ਚੌਕੀ।

ਉਪ੍ਰੋਕਤ ਰਾਗਾਂ ਦੇ ਗਾਏ ਜਾਣ ਦੇ ਸਮੇਂ, ਸਤਿਗੁਰੂ ਜੀ ਨੇ ਸੰਗੀਤ ਸ਼ਾਂਸ਼ਤ੍ਰ ਦੇ ਨਿਯਮਾਂ ਅਨੁਸਾਰ ਹੀ ਨਿਰਧਾਰਤ ਕੀਤੇ ਹਨ। ਅੰਮ੍ਰਿਤਸਰ, ਦ੍ਰਬਾਰ ਸਾਹਿਬ ਵਿਚ ਜੋ ਰਬਾਬੀ ਕੀਰਤਨ ਕਰਦੇ ਹੁੰਦੇ ਸਨ, ਕਈ ਵਾਰੀ ਪੂਰਬ ਭਾਰਤ ਦੇ ਮੁਖੀ ਗਵੈਯੇ, ਰਬਾਬੀਆਂ ਨੂੰ ਸੁਣਨ ਔਂਦੇ। ਜਦ ਕਦੀ ਰਬਾਬੀਆਂ ਦਾ ਆਪਸ ਵਿਚ ਮੁਕਾਬਲਾ ਹੁੰਦਾ, ਜੋ ਰਬਾਬੀ ਕੀਰਤਨ ਵਾਲੀ ਸਟੇਜ਼ ਤੇ ਬੈਠਦਾ, ਉਸਨੂੰ ਪੁਛਿਆ ਜਾਂਦਾ ਕਿ ਪਉੜੀ ਸੁਣਾਓਗੇ? ਜਿਸ ਨੂੰ ਪਉੜੀ ਯਾਦ ਨਾਂ ਹੁੰਦੀ ਉਸ ਨੂੰ ਓਸੇ ਵੇਲੇ ਸਟੇਜ਼ ਤੋਂ ਉਠਾਦਿਆ ਜਾਂਦਾ।

ਗੁਰੂ ਘਰ ਗੁਰਬਾਣੀ ਕੀਰਤਨ ਨੂੰ ਬਹੁਤ ਮਹਾਨਤਾ ਦਿਤੀ ਗਈ ਹੈ। ਸ੍ਰੀ ਦਸਮੇਸ਼ ਜੀ ਚਾਹੇ ਜੰਗ ਜੁਧ ਵਿਚ ਅਤੇ ਰਾਜਨੀਤੀ ਵਿਚ ਕਿਤਨੇ ਹੀ ਰੁੱਝੇ

ਰਹਿੰਦੇ ਸਨ, ਪਰ ਆਪ ਸੰਗੀਤ ਦੇ ਮਰਗਮਜ ਸਨ ਅਤੇ ਗੁਰਬਾਣੀ ਕੀਰਤਨ ਦੇ ਅਤਿ ਸ਼ਰਧਾਲੂ ਸਨ। ਆਪ ਜੀ ਦੇ ਸਮੇਂ ਦੀ ਇਕ ਐਸੀ ਕਥਾ ਹੈ ਜਿਸਨੂੰ ਸੁਣੀ ਹੋਈ ਨੂੰ ਬਹੁਤ ਦੇਰ ਹੋਈ ਹੈ। ਓਹ ਇਹ ਹੈ ਕਿ ਇਕ ਵਾਰੀ ਨਟ ਸਤਿਗੁਰੂ ਜੀ ਦੇ ਪਾਸ ਏਹ ਸੁਣਕੇ ਆਏ ਕਿ ਸਤਿਗੁਰੂ ਜੀ ਰਾਗ ਸੁਣਨ ਦਾ ਬਹੁਤ ਸ਼ੌਂਕ ਰਖਦੇ ਹਨ। ਓਨਾਂ ਆਪਣੇ ਵਲੋਂ ਸੰਗੀਤ ਕਲਾ ਦਾ ਬਹੁਤ ਪ੍ਰਗਟਾਵਾ ਕੀਤਾ। ਪਰ ਓਨਾਂ ਨੂੰ ਸਤਿਗੁਰੂ ਜੀ ਵਲੋਂ ਥੋੜੀ ਜਿਹੀ ਮਾਇਆ ਮਿਲੀ। ਓਨਾਂ ਨਿਰਾਸ਼ ਹੋਕੇ ਕਿਸੇ ਸਿਖ ਤੋਂ ਪੁਛਿਆ ਕਿ ਸਾਡੀ ਗਾਇਕੀ ਦੀ ਕੋਈ ਕਦਰ ਨਹੀਂ ਹੋਈ। ਜੋ ਪ੍ਰਸਿਧੀ ਅਸੀਂ ਸੁਣਕੇ ਆਏ ਸਾਂ ਏਥੇ ਓਹ ਗੱਲ ਨਹੀਂ ਜਾਪਦੀ। ਓਸ ਸਿਖ ਨੇ ਓਨਾਂ ਨੂੰ ਸਲਾਹ ਦਿਤੀ ਕਿ ਤੁਸੀਂ ਗੁਰਬਾਣੀ ਯਾਦ ਕਰੋ ਅਤੇ ਗੁਰ-ਬਾਣੀ ਦਾ ਕੀਰਤਨ ਗੁਰੂ ਜੀ ਨੂੰ ਸੁਣਾਓ। ਓਨਾਂ ਇਸੇਤਰ੍ਹਾਂ ਕੀਤਾ। ਸਤਿਗੁਰੂ ਜੀ ਗੁਰਬਾਣੀ ਕੀਰਤਨ ਸੁਣਕੇ ਬੜੇ ਪ੍ਰਸੰਨ ਹੋਏ ਅਤੇ ਘਰ ਮਾਤਾ ਜੀ ਪਾਸ ਹੁਕਮ ਭੇਜਿਆ ਕਿ ਸੌ ਰੁਪੈ ਦਿਓ ਹੁਣੇ ਰਾਗੀਆਂ ਨੂੰ ਦੇਣੇ ਹਨ। ਮਾਤਾ ਜੀ ਨੇ ਉਤ੍ਰ ਦਿਤਾ ਕਿ ਇਸ ਵੇਲੇ ਸੌ ਰੁਪੈ ਨਹੀਂ ਹਨ।

ਏਥੇ ਉਸ ਵੇਲੇ ਦੇ ਢਾਢੀਆਂ ਦੀ ਛੋਟੀ ਜਹੀ ਰਚਨਾਂ ਯਾਦ ਆ ਗਈ ਹੈ:—

"ਫੇਰਿਓ ਈ ਫਿਰ ਜਾਤ ਹੈ ਰਾਜਾ ਰਾਣਾ ਰਾਉ।
ਗੁਰੂ ਗੋਬਿੰਦ ਸਿੰਘ ਫੇਰਿਓ ਨਾ ਫਿਰੈ
ਜਾਂ ਕਾ ਅਟਲ ਸੁਭਾਉ।"

ਗੁਰੂ ਜੀ ਨੇ ਓਸੇ ਸਿੰਘ ਨੂੰ ਫੇਰ ਭੇਜਿਆ ਕਿ ਜਾਕੇ ਆਖ ਕਿ ਜੇ ਸੌ ਰੁਪੈ ਨਹੀਂ ਤਾਂ ਦੋ ਸੌ ਦੇ ਦਿਓ ਸਿਖ ਨੇ ਓਸੇ ਤਰ੍ਹਾ ਮਾਤਾ ਜੀ ਨੂੰ ਜਾ ਆਖਿਆ। ਓਨਾਂ ਅਗੋਂ ਫਿਰ ਉਤ੍ਰ ਦਿਤਾ ਕਿ ਜੇ ਸੌ ਨਹੀਂ ਤਾਂ ਦੋ ਸੌ ਕਿਥੋਂ ਹੋ ਗਏ? ਜਦ ਉਸ ਸਿੰਘ ਨੇ ਮਾਤਾ ਜੀ ਦਾ ਉਤ੍ਰ ਗੁਰੂ ਜੀ ਨੂੰ ਆਕੇ ਦਸਿਆ ਤਦ ਗੁਰੂ ਜੀ ਅਗੋਂ ਹੁਕਮ ਕੀਤਾ ਕਿ ਮਾਤਾ ਜੀ ਨੂੰ ਆਖੋ ਕਿ ਪੰਜ ਸੌ ਰੁਪੈ ਹੁਣੇ ਭੇਜ ਦੇਣ ਨਹੀਂ ਤਾਂ ਮੈਂ ਜੜਾਊ ਕੜੇ ਲਾਹਕੇ ਦੇਣ ਲਗਾ ਹਾਂ। ਇਹ ਸੁਣਕੇ ਮਾਤਾ ਜੀ ਨੇ ਪੰਜ ਸੌ ਰੁਪੈ ਭੇਜ ਦਿਤੇ ਅਤੇ ਓਹ ਦਸਮੇਸ਼ ਜੀ ਨੇ ਰਾਗੀਆਂ ਨੂੰ ਦੇ ਦਿਤੇ।

ਉਪ੍ਰੋਕਤ ਵਾਰਤਾ ਸੁਣੀ ਨੂੰ ਬਹੁਤ ਦੇਰ ਹੋਈ ਹੈ। ਹੋ ਸਕਦਾ ਹੈ ਇਸ ਵਿਚ ਕੋਈ ਫਰਕ ਆ ਗਿਆ ਹੋਵੇ। ਪਰ ਗੁਰਬਾਣੀ ਕੀਰਤਨ ਦੀ ਜੋ ਕਦਰ ਦਸ-ਮੇਸ਼ ਜੀ ਨੂੰ ਸੀ, ਇਸ ਤਥ ਦੀ ਪ੍ਰੋੜਤਾ ਨਿਮਨ ਲਿਖਿਤ ਘਟਨਾ ਵਿਚੋਂ ਮਿਲਦੀ ਹੈ।

ਇਕ ਸਿਖ ਜੋ ਸੁਖਮਨੀ ਪੜ੍ਹਨ ਦਾ ਬੜਾ ਸ਼੍ਰਧਾਲੂ ਅਤੇ ਨਿਤਨੇਮੀ ਸੀ। ਓਹ ਇਤਨ ਵਡੇ ਤੜਕੇ ਉਠਦਾ ਕਿ ਆਸਾ ਦੀ ਵਾਰ ਦੇ ਆਰੰਭ ਵੇਲੇ ਤਕ ਸੁਖਮਨੀ ਦਾ ਪਾਠ ਸੰਪੂਰਨ ਕਰ ਲੈਂਦਾ। ਇਕ ਦਿਨ ਇਕ ਅਸਟਪਦੀ ਰਹਿੰਦੀ ਸੀ ਤਾਂ ਰਾਗੀ ਆ ਗਏ ਸਿਖ ਨੇ ਰਾਗੀਆਂ ਨੂੰ ਆਖਿਆ ਕਿ ਮੇਰੀ ਇਕ ਅਸਟਪਦੀ ਰਹਿੰਦੀ ਹੈ ਪੜ੍ਹ ਲੈਣ ਦਿਓ। ਪਰ ਓਨਾਂ ਨੇ ਸਾਜ ਖੋਲ੍ਹੇ ਅਤੇ ਕੀਰਤਨ ਆਰੰਭ ਕਰ ਦਿਤਾ। ਇਸ ਤੇ ਉਸ ਸਿਖ ਨੂੰ ਆਪਤੀ ਹੋਈ। ਉਸ ਨੇ ਦਸਮੇਸ਼ ਜੀ ਪਾਸ ਸ਼ਕਾਇਤ ਲਾਈ ਕਿ ਮੇਰੀ ਇਕ ਅਸਟ-ਪਦੀ ਰਹਿੰਦੀ ਸੀ ਰਾਗੀਆਂ ਨੂੰ ਆਖਿਆ ਭੀ ਪਰ ਓਹ ਰੁਕੇ ਨਹੀਂ, ਕੀਰਤਨ ਸ਼ੁਰੂ ਕਰਦਿਤਾ। ਏਹਨਾਂ ਮੇਰੀ ਬਾਣੀ ਪੜ੍ਹਨ ਵਿਚ ਰੁਕਾਵਟ ਪਾਈ ਹੈ ਤੁਸੀਂ ਮੇਰਾ ਨਿਆਂ ਕਰੋ:—

ਦੋਹਰਾ ਇਕ ਦਿਨ ਬੀਚ ਦੀਵਾਨਕੇ,
ਗੁਰੂ ਅਗਾਰੀ ਹੋਇ।
ਰਿਦੈ ਸ਼ਬਦ ਕੀ ਭਾਵਨਾ,
ਬੋਲਯੋ ਸਿਖ ਅਸ ਕੋਇ।

ਚੌਪਈ— ਸਾਚੇ ਪਾਤਸ਼ਾਹ ਗੁਰ ਪੂਰੇ,
ਇਕ ਮੇਰੀ ਫਰਯਾਦ ਹਜ਼ੂਰੇ।
ਨਿਤ ਉਠ ਬਡੀ ਰਾਤ ਇਸਨਾਨੋ।
ਪਾਠ ਸੁਖਮਨੀ ਸਦਾ ਬਖਾਨੋ।
ਕੀਰਤਨ ਸਮਯ ਪ੍ਰਥਮ ਪਠਿ ਲੇਊਂ।
ਪੁਨਿ ਸੁਨਿਬੇ ਮਹਿ ਨਿਜ ਮਨ ਦੇਊ।
ਅਸਟਪਦੀ ਇਕ ਰਹਿ ਗਈ ਆਜ।
ਤਬ ਹੀ ਆਇਓ ਰਾਗ ਸਮਾਜ।

(ਬਾਕੀ ਦੇਖੋ ਸਫਾ ੬੭)

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਸਿਖਿਆ ਲੈਂਦੇ ਹੋਏ ।

ਨਾਮਧਾਰੀ ਪੰਥ ਦੇ ਪ੍ਰਸਿੱਧ ਪ੍ਰਚਾਰਕ ਪੰਡਤ ਗੋਪਾਲ ਸਿੰਘ ਜੀ
(ਪਿਛੇ ਬੈਠੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ)

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕੀਰਤਨ ਕਰਦੇ ਹੋਏ । ਨਾਲ ਬੈਠੇ
ਹੋਏ ਸ੍ਰੀ ਮਹਾਰਾਜ ਜੀ, ਰਾਜੀਵ ਗਾਂਧੀ ਜੀ,
ਗਿਆਨੀ ਜ਼ੈਲ ਸਿੰਘ ਜੀ, ਹੰਸਪਾਲ ਜੀ ।

Namdhari Elibrary NamdhariElibrary@gmail.com

ਸੰਤ ਸੋਹਣ ਸਿੰਘ ਜੀ

ਇਨਾਂ ਸੰਤਾਂ ਦੇ ਜੀਵਨ ਦਾ ਬਹੁਤਾ ਹਿਸਾ ਗੁਰੂ ਘਰ ਦੀ ਸੇਵਾ ਉਗ੍ਰਾਹੀ ਆਦਿ ਕਰਦਿਆਂ ਵਿਤੀਤ ਹੋਇਆ ਹੈ। ਸਦਾ ਹਸਮੁਖ ਰਹਿਣ ਵਾਲੇ ਸਨ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਖੁਸ਼ੀਆਂ ਦੇ ਪਾਤਰ ਰਹੇ ਹਨ।

ਆਪ ਜੀ ਦਾ ਜਨਮ ਨਗਰ ਪਿੰਡ ਗੁੰਨਾ ਜਿ: ਸਿਆਲਕੋਟ ਸੀ। ਦੇਸ਼ ਵੰਡਾਰੇ ਤੋਂ ਕੁਝ ਸਾਲ ਪਹਿਲਾਂ ਹੀ ਆਪ ਦਾ ਪ੍ਰਲੋਕ ਗਮਨ ਸ੍ਰੀ ਭੈਣੀ ਸਾਹਿਬ ਹੋਇਆ। ਸੰਤਾ ਦਾ ਸੁਯੋਗ ਸਪੁਤ੍ਰ ਬਲਦੇਵ ਸਿੰਘ ਐਸ ਵੇਲੇ ਪਟੀ ਕ੍ਰਿਪਾਲ (ਇਲਾਕਾ ਸ੍ਰੀ ਜੀਵਨ ਨਗਰ) ਦਾ ਪ੍ਰਮੁਖ ਨਾਮਧਾਰੀ ਹੈ।

ਗੁਰਪੁਰਵਾਸਾ

ਸੰਤ ਮੋਹਰ ਸਿੰਘ ਜੀ ਕਾਨਪੁਰ



ਜਿਨਾਂ ਦੀਆਂ ਪੁਸਤਕਾਂ ਸਿਖ ਸਿਧਾਂਤ ਬਾਰੇ ਅਦੁਤੀ ਜਾਣਕਾਰੀ ਭਰਪੂਰ ਹਨ ਅਤੇ ਸਤਿਜੁਗ ਵਿਚ ਲੇਖ ਭੀ ਬੜੇ ਰੌਚਿਕ ਛਪਦੇ ਰਹੇ ਹਨ।

ਸੰਤ ਕੰਧਾਰਾ ਸਿੰਘ ਜੀ

ਇਹ ਸੰਤ ਸਤਿਗੁਰੂ ਹਰੀ ਸਿੰਘ ਜੀ ਦੇ ਲਾਂਗਰੀ ਸਨ। ਆਪ ਬਹੁਤ ਪ੍ਰੇਮ ਭਾਵਨਾਂ ਨਾਲ ਸੇਵਾ ਕਰਦੇ ਰਹੇ ਹਨ। ਆਪ ਜੀ ਦੀ ਬਿਰਤੀ ਭਾਈ ਕਨ੍ਹਯਾ ਜੀ ਵਾਲੀ ਸੀ। ਸ੍ਰੀ ਸਤਿਗੁਰੂ ਹਰੀ ਸਿੰਘ ਵਾਸਤੇ ਪ੍ਰਸਾਦਾ ਲਈ ਜਾਂਦਿਆਂ ਪਾਸੋਂ ਇਕ ਵਾਰੀ ਇਕ ਸਿੰਘ ਨੇ ਪ੍ਰਸਾਦਾ ਮੰਗ ਲਿਆ ਉਸਨੂੰ ਓਥੇ ਹੀ ਦੇ ਦਿਤਾ ਅਤੇ ਸਤਿਗੁਰੂ ਜੀ ਵਾਸਤੇ ਹੋਰ ਪ੍ਰਸਾਦੇ ਲੈ ਕੇ ਆਏ। ਵਡੇ ਲੰਗਰ ਦੀ ਸੇਵਾ ਕਈ ਸਾਲ ਕਰਦੇ ਰਹੇ ਹਨ।

ਆਪ ਜਿਲਾ ਮਿੰਟਗੁਮਰੀ ਦੇ ਵਸਨੀਕ ਸਨ। ਆਪ ਦਾ ਪ੍ਰਲੋਕ ਗਮਨ ਦੇਸ਼ ਵੰਡਾਰੇ ਤੋਂ ਕੁਛ ਚਿਰ ਹੀ ਪਹਿਲਾਂ ਹੋਇਆ ਹੈ।

ਨਾਮਧਾਰੀ ਇਤਿਹਾਸ ਤੇ ਉਸਦੇ ਲੇਖਕ

ਸਵਰਨ ਸਿੰਘ ਸਨੇਹੀ, ਐਮ.ਏ.

ਇਤਿਹਾਸ ਬਣਾਉਣ ਸੌਖਾ ਨਹੀਂ ਪਰ ਲਿਖਣਾ ਉਸ ਤੋਂ ਵੀ ਔਖਾ ਹੈ। ਅਸਲ ਇਤਿਹਾਸਕਾਰ ਦਾ ਫਰਜ਼ ਹੁੰਦਾ ਹੈ ਕਿ ਉਹ ਇਤਿਹਾਸਕ ਤੱਥਾਂ ਨੂੰ ਉਨ੍ਹਾਂ ਦੇ ਅਸਲੀ ਰੂਪ ਵਿਚ ਪੇਸ਼ ਕਰੇ ਤੇ ਆਪਣੇ ਨਿਜੀ ਵਿਚਾਰਾਂ ਨੂੰ ਤੱਥਾਂ ਤੋਂ ਦੂਰ ਰਖਕੇ, ਉਹਨਾਂ ਦਾ ਮਿਲਗੋਭਾ ਹੋਣ ਤੋਂ ਬਚਾਵੇ। ਧਿਆਨ ਵਿਚ ਰਖਣ ਵਾਲੀ ਇਕ ਹੋਰ ਗਲ ਇਹ ਵੀ ਹੈ ਕਿ ਕਿਸੇ ਵੀ ਕੌਮ ਦਾ ਇਤਿਹਾਸ ਲਿਖਣ ਤੋਂ ਪਹਿਲਾਂ ਉਸ ਸਬੰਧੀ ਬਹੁਪੱਖੀ ਜਾਣਕਾਰੀ ਪ੍ਰਾਪਤ ਕਰਨੀ ਅਤੀ ਲੋੜੀਂਦੀ ਹੁੰਦੀ ਹੈ ਜਿਸ ਤੋਂ ਬਿਨਾਂ ਲਿਖਿਆ ਇਤਿਹਾਸ ਸਬੰਧਤ ਧਿਰ ਨਾਲ ਅਨਿਆਇ ਵੀ ਹੋਏਗਾ ਤੇ ਦੇਸ਼ ਨੂੰ ਹਾਨੀ ਪੁਚਾਉਣ ਦਾ ਕਾਰਨ ਵੀ ਬਣੇਗਾ। ਢੇਰ ਚਿਰ ਪਹਿਲਾਂ ਲਿਖੀਆਂ ਗਈਆਂ ਅਰਧ ਇਤਿਹਾਸਕ ਜਾਂ ਗੈਰ ਇਤਿਹਾਸਕ ਗਲਾਂ ਦਾ ਮੁੜ ਮੁੜ ਦੁਹਰਾਈ ਜਾਣਾ ਕਿਸੇ ਲੇਖਕ ਜਾਂ ਤੁਕਬੰਦ ਨੂੰ ਇਤਿਹਾਸਕਾਰ ਨਹੀਂ ਬਣਾ ਸਕਦਾ।

ਨਾਮਧਾਰੀ ਇਤਿਹਾਸ ਬੇ-ਮਿਸਾਲ ਇਤਿਹਾਸਹੈ। ਕੁਛ ਜੋ ਨਾਮਧਾਰੀਆਂ ਨੇ ਅਜ ਤੋਂ ਲਗਪਗ ਸਦੀ ਸਵਾ ਸਦੀ ਪਹਿਲਾਂ ਕੀਤਾ ਸੀ ਉਹ ਦੂਜੇ ਸਿਖ ਸੌ ਸਾਲ ਪਿਛੋਂ ਵੀ ਨਹੀਂ ਕਰ ਸਕੇ। ਜਾਬਰ ਨੂੰ ਉਸ ਦੇ ਮੂੰਹ ਤੇ ਵੰਗਾਰਨਾ ਕੁਛ ਹੋਰ ਗਲ ਹੈ ਪਿਠ ਪਿਛੇ ਨੁਕਤਾ ਚੀਨੀ ਕਰਨੀ ਕੁਝ ਹੋਰ। ਦੇਸ਼ ਤੇ ਕੌਮ ਦੇ ਭਲੇ ਖਾਤਰ ਅਪਣੇ ਹੱਥੀਂ ਫਾਂਸੀਆਂ ਦੇ ਰਸੇ ਗਲ਼ੀ ਪਾਉਣੇ ਤੇ ਤੋਪਾਂ ਅਗੇ ਛਾਤੀਆਂ ਡਾਹਕੇ ਬਹਾਦਰਾਂ ਦੀ ਮੌਤ ਕਬੂਲਣੀ ਤਸਵੀਰ ਦਾ ਇਕ ਰੁਖ ਹੈ ਤੇ ਮੌਤ ਸਾਹਮਣੇ ਖੜੀ ਦੇਖਕੇ, ਤਰਾਸ ਵਿਚ ਜਿਧਰ ਮੂੰਹ ਆਵੇ ਭਜ ਉਠਣਾ, ਤੇ ਫਿਰ ਪਿਠਾਂ ਵਿਚ ਗੋਲ਼ੀਆਂ ਖਾਕੇ ਦੁਖਦਾਈ ਮੌਤੇ ਮਰਨਾ ਉਸੇ ਤਸਵੀਰ ਦਾ ਦੂਜਾ ਪਾਸਾ ਹੈ। ਦੋਹਾਂ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਕੌਣ ਨਹੀਂ ਜਾਣਦਾ ਕਿ ਨਾਮਧਾਰੀ ਸਿਖਾਂ ਨੇ ਲਲਕਾਰ ਕੇ ਅੰਗਰੇਜ਼ ਨੂੰ ਕਿਹਾ ਸੀ "ਬਿਲਿਆ ਤੋਪਾਂ ਨਾਲ ਸਾਨੂੰ ਉਡਾਕੇ ਇਹ ਨਾ ਸਮਝੀਂ ਕਿ ਤੂੰ ਸਾਨੂੰ ਖਤਮ ਕਰ ਦਿਤਾ ਹੈ। ਕਿਸੇ ਜੱਟੀ ਦਾ ਨੌ ਮਹੀਨੇ ਪੇਟ ਗੰਦਾ ਕਰਕੇ ਅਸੀਂ ਫਿਰ ਤੇਰੇ ਨਾਲ ਲੜਨ ਨੂੰ ਤਿਆਰ ਖੜੇ, ਸਮਝ" ਜਾਣਦੇ ਸਾਰੇ ਹੀ ਹਨ, ਪਰ ਅਜ ਸਵਾ ਸਦੀ ਪਿਛੋਂ ਵੀ ਸੱਚ ਆਖਣ ਤੋਂ ਝਿਜਕਦੇ ਹਨ। ਕੁਨਾਲੀ ਅੱਖਾਂ ਅਗੇ ਲੈ ਲੈਣ ਨਾਲ ਚੰਨ ਦੀ ਚਾਨਣੀ ਵਿਚ ਕੋਈ ਫਰਕ ਨਹੀਂ ਪੈਂਦਾ। ਕੁਨਾਲੀ ਲੈਣ ਵਾਲਾ ਹਨੇਰਾ ਸਮਝ ਲਵੇ ਤਾ ਉਸ ਦੀ ਅਪਣੀ ਬੁਧੀ ਤੇ ਨਿਰਭਰ ਕਰਦਾ ਹੈ ਸ ਤੇ ਇਤਿਹਾਸ ਨੂੰ ਵਾਚਣ ਘੋਖਣ ਤੋਂ ਬਿਨਾਂ ਇਸ ਬਾਰੇ ਲਿਖਣ ਵਾਲਿਆਂ ਦੀ ਗਿਣਤੀ ਦਿਨੋ ਦਿਨ ਵਧ ਰਹੀ ਹੈ। ਉਹ ਸਮਝਦੇ ਹਨ ਕਿ ਅੰਗ੍ਰੇਜ਼ਾਂ ਜਾਂ ਅੰਗਰੇਜ਼ ਭਗਤਾਂ ਵਲੋਂ ਜੋ ਕੁਝ ਪਹਿਲਾਂ ਲਿਖਿਆ

ਜਾ ਚੁਕਾ ਹੈ ਓਹ ਅਕਾਸ਼ਬਾਣੀ ਹੈ ਪਰ ਉਸ ਅਕਾਸ਼ਬਾਣੀ ਨੂੰ ਕਾਇਮ ਰਖਣ ਲਈ ਉਸ ਦੀ ਪ੍ਰੋੜਤਾ ਹਰ ਸਾਲ ਜਾਂ ਕਦੇ ਕਦਾਈਂ ਕੋਈ ਨ ਕੋਈ ਕਢਦਾ ਹੀ ਰਹਿੰਦਾ ਹੈ। ਇਸੇ ਲਈ ਇਤਿਹਾਸਕਾਰ ਬਣਨ ਦੇ ਨਵੇਂ ਸ਼ੌਕੀਨ ਆਮ ਕਰਕੇ ਪਹਿਲਾ ਕਦਮ ਕੂਕਾ ਇਤਿਹਾਸ ਵਲ ਹੀ ਚੁਕਦੇ ਹਨ। ਮਾੜੀ ਧੜ...

ਇਤਿਹਾਸਕਾਰ ਦੀ ਬਹੁਪਖੀ ਜਾਣਕਾਰੀ ਦੀ ਲੋੜ ਦਰਸਾਈ ਜਾ ਚੁਕੀ ਹੈ। ਇਸ ਨੂੰ ਹੋਰ ਵਧੇਰੇ ਇਉਂ ਸਪਸ਼ਟ ਕੀਤਾ ਜਾ ਸਕਦਾ ਹੈ ਕਿ ਜੇ ਕੋਈ ਲਿਖਣਾ ਤਾਂ ਚਾਹੇ ਸਿਖ ਧਰਮ ਬਾਰੇ ਪਰ ਆਦਿ ਬਾਣੀ, ਦਸਮ ਬਾਣੀ, ਜਨਮ ਸਾਖੀ ਤੇ ਭਾਈ ਗੁਰਦਾਸ ਦੀਆਂ ਵਾਰਾਂ ਅਤੇ ਕਵਿਤ ਸਵੈਯੇ, ਸੂਰਜ ਪ੍ਰਕਾਸ਼ ਤੇ ਪੰਥ ਪ੍ਰਕਾਸ਼ ਆਦਿ ਨੂੰ ਵੇਖਣ ਤੋਂ ਹੋਵੇ ਮੁਨਕਰ ਤਦ ਉਸ ਤੇ ਅਫਸੋਸ ਕਰਨ ਤੋਂ ਬਿਨਾਂ ਹੋਰ ਕੋਈ ਕਰ ਵੀ ਕੀ ਸਕਦਾ ਹੈ। ਕਈ ਲੇਖਕ ਤੇ ਇਤਿਹਾਸਕਾਰ ਇਸੇ ਤਰ੍ਹਾਂ ਹੀ ਕਰਦੇ ਹਨ ਜਾਂ ਕਰਨ ਦੇ ਆਦੀ ਹੁੰਦੇ ਜਾ ਰਹੇ ਹਨ। ਕੂਕਾ ਇਤਿਹਾਸ ਲੇਖਕਾਂ ਤੇ ਇਹ ਗਲ ਬਹੁਤੀ ਢੁਕਦੀ ਹੈ।

ਸਿਖ ਧਰਮ ਬਹੁਤ ਵਡਾ ਹੈ। ਗੁਰੂ ਸਾਹਿਬਾਂ ਵਲੋਂ ਇਸ ਨੂੰ ਬਖਸ਼ੀ ਗਈ ਮਰਯਾਦਾ ਅਪਣਾਉਣੀ ਵੀ ਕੋਈ ਸੌਖੀ ਗਲ ਨਹੀਂ ਸਗੋਂ ਅਲੂਣੀ ਸਿਲ ਚਟਣ ਦੇ ਤੁਲ ਹੈ। ਉਹ ਵੀ ਤਾਂ ਗੁਰੂ ਦੇ ਸਿਖ ਹੀ ਸਨ ਜਿਨ੍ਹਾਂ ਨੇ ਪੰਥ ਪ੍ਰਕਾਸ਼ ਦੇ ਕਰਤਾ ਗਿ: ਗਿਆਨ ਸਿੰਘ ਦੇ ਸ਼ਬਦਾਂ ਵਿਚ "ਰਾਗ ਸਾਗ ਖਾਇਕੈ ਦਰਾਜ ਕਾਜ ਕੀਨੋ ਆਹੈ" ਜਿਨ੍ਹਾਂ ਨੇ ਜਾਨ ਦੇਣੀ ਤਾਂ ਪ੍ਰਵਾਨ ਕਰ ਲਈ ਪਰ ਸਿਖੀ ਤੇ ਸਿਖ ਮਰਯਾਦਾ ਨੂੰ ਠੇਸ ਨਹੀਂ ਸੀ ਲਗਣ ਦਿਤੀ। ਭਾਈ ਤਾਰੂ ਸਿੰਘ ਦੇ ਕੇਸਾਂ ਵਿਚ ਵੀ ਅੰਮ੍ਰਿਤ ਹੀ ਪਿਆ ਹੋਇਆ ਸੀ ਜੋ ਸ੍ਰਕਾਰੀ ਹਾਕਮਾਂ ਦੇ ਹਥਿਆਰਾਂ ਨਾਲ ਵੀ ਨਹੀਂ ਸਨ ਕੱਟੇ ਜਾ ਸਕੇ ਤੇ ਅਜ ਦੇ ਸਿਖਾਂ ਦੇ ਉਨ੍ਹਾਂ ਕੇਸਾਂ ਵਿਚ ਵੀ ਅੰਮ੍ਰਿਤ ਹੀ ਪਿਆ ਹੁੰਦਾ ਹੈ ਜਿਨ੍ਹਾਂ ਕੇਸਾਂ ਨੂੰ ਸਿਖਾਂ ਵਿਚ ਸਤਿਕਾਰਤ ਹਸਤੀਆਂ ਤੇ ਆਮ ਲੋਕ ਵੀ ਆਪ ਹੀ ਕਟਵਾਉਣ ਤੋਂ ਵੀ ਨਹੀਂ ਝਿਜਕਦੇ। ਇਹੋ ਜਹੇ ਸਿਖਾਂ ਤੇ ਲੇਖਕਾਂ ਤੇ ਇਤਿਹਾਸਕਾਰਾਂ ਤੋਂ ਗੁਰਮਤ ਸਬੰਧੀ ਜਾਨਣ ਦੀ ਕੀ ਆਸ ਕੀਤੀ ਜਾ ਸਕਦੀ ਹੈ? ਸਿਖੀ ਤੋਂ ਅਣਜਾਣ ਲੇਖਕ ਸਿਖ ਇਤਿਹਾਸ ਨਾਲ ਕੀ ਨਿਆਂ ਕਰਨਗੇ?

"ਗੁਰਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥ ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ।" (ਗ੍ਰੰਥ ਸਾਹਿਬ ਪੰਨਾ ੧੩੫੬) ਅਨੁਸਾਰ ਗੁਰਮੰਤ੍ਰ ਰਹਿਤ ਮਨੁੱਖੀ ਜੀਵਨ ਸੱਪਾਂ ਤੇ ਕਾਂ ਕੁਤਿਆਂ ਨਾਲੋਂ ਵੀ ਭੈੜਾ ਮੰਨਿਆ ਗਿਆ ਹੈ। ਸਿਖੀ ਦੇ ਰਸਤੇ ਤੇ ਤੁਰਨ ਵਾਸਤੇ ਗੁਰਮੰਤ੍ਰ ਪਹਿਲਾ ਕਦਮ ਹੈ ਪਰ ਕਿੰਨੇ ਸਿਖ ਹਨ ਜੋ ਇਹ ਵੀ ਨਹੀਂ ਜਾਣਦੇ ਕਿ ਗੁਰਮੰਤ੍ਰ ਲੈਣ ਦੇਣ ਦੀ ਮਰਯਾਦਾ ਕੀ ਹੈ? ਵੋਟਾਂ ਦੇ ਰਾਜ ਵਿਚ ਅਜਿਹੀਆਂ ਮਰਯਾਦਾਵਾਂ ਵੀ ਵੋਟਾਂ ਨਾਲ ਹੀ ਕਾਇਮ ਜਾਂ ਤਬਦੀਲ ਹੋ ਰਹੀਆਂ ਹਨ। ਕੀ "ਰਹਿਣੀ ਰਹੈ ਸੋਈ ਸਿਖ ਮੇਰਾ" ਕਹਿਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਕਦੇ ਅਜਿਹਾ ਪਸੰਦ ਕਰ ਸਕਦੇ ਸਨ?

ਗੁਰਮੰਤ੍ਰ ਦਾ ਅਰਥ ਹੀ ਗੁਪਤ ਤੌਰ ਤੇ ਜਪਿਆ ਜਾਣ ਵਾਲਾ ਸ਼ਬਦ ਹੈ। ਕੰਨ ਵਿਚ ਮੰਤਰ ਦੇਣ ਦਾ ਵਿਰੋਧ ਕਰਨ ਲਈ ਬਹੁਤੇ ਲੇਖਕ ਆਪਣੀਆਂ ਕਲਮਾਂ ਸ਼ਕਤੀ ਵਰਤ ਚੁਕੇ ਹਨ। ਉਹ ਸਮਝਦੇ ਤੇ ਪਰਚਾਰਦੇ ਹਨ ਕਿ ਇਹ ਮਰਯਾਦਾ ਸਿਰਫ ਕੂਕਿਆਂ ਦੀ ਹੈ ਪਰ ਉਹ ਇਸ ਪਾਸੇ ਕਦੇ ਵੀ ਧਿਆਨ ਦੇਣ ਦਾ ਜਤਨ ਨਹੀਂ ਕਰਦੇ ਕਿ ਇਸ ਤਰ੍ਹਾਂ ਕਰਨ ਦਾ ਹੁਕਮ ਵੀ ਗੁਰੂ ਸਾਹਿਬਾਂ ਦਾ ਹੀ ਹੈ ਜਿਨ੍ਹਾਂ ਨੇ ਗੁਰਬਾਣੀ ਵਿਚ ਫੁਰਮਾਉਂਦਿਆਂ ਲਿਖਿਆ ਹੈ "ਘਟਿ ਘਟਿ ਪੂਰਿ ਰਹੇ ਸੁਖ ਸਾਗਰ ਭੈ ਭੰਜਨ ਮੇਰੇ ਪ੍ਰਾਨ॥ ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ ਮੰਤ੍ਰੁ ਦੀਓ ਗੁਰ ਕਾਨ" (ਪੰਨਾਂ ੧੩੦੭) ਗੁਰੂ ਸਾਹਿਬ ਅਨੁਸਾਰ ਮਨ ਵਿਚ ਪ੍ਰਕਾਸ਼ ਹੀ ਉਦੋਂ ਹੋਇਆ ਜਦੋਂ ਗੁਰੂ ਨੇ ਕੰਨ ਵਿਚ ਮੰਤਰ ਦਿਤਾ। ਫਿਰ ਇਸ ਨੂੰ ਸਿਰਫ ਕੂਕਿਆਂ ਦੀ ਹੀ ਮਰਯਾਦਾ ਕਿਵੇਂ ਸਮਝਿਆ ਜਾ ਸਕਦਾ ਹੈ? ਇਸ ਨੂੰ ਕੋਈ ਵੀ ਅਪਣਾ ਸਕਦਾ ਹੈ।

ਅਜ ਕੱਲ ਸਿਖਾਂ ਵਿਚ ਇਹ ਰਿਵਾਜ਼ ਜ਼ੋਰ ਫੜ

ਗਿਆ ਹੈ ਕਿ ਕਿਵੇਂ ਵੀ ਲਿਖਤ ਵਿਚ ਅੰਗਰੇਜ਼ ਲੇਖਕਾਂ ਦੀਆਂ ਟੂਕਾਂ ਜ਼ਰੂਰ ਦਿਤੀਆਂ ਜਾਣ ਭਾਂਵੇਂ ਟ੍ਰੰਪ ਵਰਗੇ ਆਪ ਵੀ ਗੁਰਬਾਣੀ ਨੂੰ ਸਮਝਣ ਤੋਂ ਅਸਮਰਥ ਰਹੇ ਹਨ। ਮੈਕਾਲਫ ਦੇ ਹਵਾਲੇ ਤਾਂ ਬਹੁਤੀ ਮਾਤਰਾ ਵਿਚ ਮਿਲਦੇ ਹਨ ਭਾਵੇਂ ਬਹੁਤੀਆਂ ਗਲਾਂ ਉਸਨੇ ਵੀ ਆਪਣੀ ਮਨੌਤ ਅਨੁਸਾਰ ਹੀ ਲਿਖੀਆਂ ਹਨ। ਨਾਮ ਦੇ ਸਬੰਧ ਵਿਚ ਵੀ, ਇਸ ਲਈ ਇਕ ਅੰਗਰੇਜ਼ ਦੀ ਟੂਕ ਦੇਣੀ ਸ਼ਾਇਦ ਅਯੋਗ ਨਹੀਂ ਹੋਇਗੀ। ਉਹਨੇ ਲਿਖਿਆ ਹੈ "ਦ੍ਰਬਾਰ ਸਾਹਿਬ ਅੰਮ੍ਰਿਤਸਰ ਦੀ ਪ੍ਰਕਰਮਾਂ ਦੇ ਪਥਰਾਂ ਤੇ ਚਿਟੇ ਬਸਤਰ ਪਹਿਨੀ, ਕਈ ਵਿਅਕਤੀ ਬੈਠੇ ਬੁਲਾਂ ਵਿਚ ਹੀ ਹਰੀ ਦੇ ਨਾਂ ਦਾ ਗੁਪਤ ਜਾਪ ਕਰ ਰਹੇ ਸਨ ਜਿਸ ਨੂੰ ਦੀਖਿਅਤ ਤੋਂ ਬਿਨਾਂ ਹੋਰ ਕੋਈ ਨਹੀਂ ਜਾਣ ਸਕਦਾ।" ਜੇ ਗੁਪਤ ਤੌਰ ਤੇ ਨਾਮ ਦਸਣ ਤੇ ਜਪਣ ਦਾ ਵਿਧਾਨ ਸਿਖਾਂ ਵਿਚ ਨਾ ਹੁੰਦਾ ਤਾਂ ੧੮੯੫ ਵਿਚ ਲਿਖੀ ਗਈ'ਕਲਾਈਨ' ਦੀ ਇਸ ਲਿਖਤ ਦੇ ਸ਼ਬਦ ਅਜਿਹੇ ਨਾ ਹੁੰਦੇ।

ਪੰਜਾਬ ਤੇ ਅੰਗਰੇਜ਼ਾਂ ਦਾ ਕਬਜ਼ਾ ਹੋਣ ਤੋਂ ਪਿਛੋਂ ਸਿਖ ਰਹਿਤ ਮਰਯਾਦਾ ਤੇ ਰਹਿਣ-ਸਹਿਣ ਵਿਚ ਲੋਹੜੇ ਦਾ ਫਰਕ ਪੈ ਗਿਆ। ਜਿਥੇ ਪਹਿਲੇ ਲੋਕ ਗਊ ਨੂੰ ਪਵਿਤਰ ਸਮਝਕੇ ਸਤਿਕਾਰਦੇ ਸੇਂਵਦੇ ਰਹੇ ਹਨ ਉਥੇ ਅੰਗਰੇਜ਼ ਭਗਤਾਂ ਨੇ ਉਸ ਤੋਂ ਉਲਟ ਅਮਲ ਸ਼ੁਰੂ ਕਰ ਦਿਤਾ। ਇਤਿਹਾਸ ਗਵਾਹ ਹੈ ਕਿ ਅਨੰਦਪੁਰ ਦਾ ਕਿਲਾ ਛਡਣ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਸਚਮੁਚ ਦੀ ਨਹੀਂ, ਸਗੋਂ ਆਟੇ ਦੀ ਗਊ ਦੀ ਸਹੁੰ ਨੂੰ ਪ੍ਰਵਾਨ ਕਰ ਲਿਆ ਸੀ। ਉਨ੍ਹਾਂ ਦਾ ਪ੍ਰਵਾਰ ਏਰ੍ਹੂੰ ਏਰ੍ਹੂੰ ਹੋ ਗਿਆ। ਗੁਰੂ ਸਾਹਿਬ ਨੂੰ ਆਪ ਨੂੰ ਜੰਗਲਾਂ ਵਿਚ ਫਿਰਨਾਂ ਪਿਆ ਪਰ ਆਪ ਨੇ ਗਊ ਦਾ ਸਤਿਕਾਰ ਕਾਇਮ ਰਖਿਆ।

ਅੰਗਰੇਜ਼ ਦੇ ਪੰਜਾਬ ਵਿਚ ਆ ਜਾਣ ਪਿਛੋਂ ਅੰਗਰੇਜ਼ਾਂ ਨੇ ਸਿਖ ਧਰਮ ਅਸਥਾਨਾਂ ਦੀ ਬੇਪਤੀ ਕਰਨੀ ਸ਼ੁਰੂ ਕਰ ਦਿਤੀ ਸੀ ਪਰ ਉਸ ਸਮੇਂ ਸਿਖ ਮਰਯਾਦਾ ਪ੍ਰੇਮੀ ਕੁਝ ਅਜੇ ਹੈ ਸਨ। ਦ੍ਰਬਾਰ ਸਾਹਿਬ ਦੇ ਹੈਡਗ੍ਰੰਥੀ ਮਖਣ ਸਿੰਘ ਦੇ ਕਹਿਣ ਸੁਣਨ ਤੇ ਲਾਹੌਰ ਸਥਿਤ ਅੰਗਰੇਜ਼ ਰੈਜ਼ੀਡੈਂਟ ਸਰ ਹੈਨਰੀ ਲਾਰੰਸ ਨੇ ੨੪ ਮਾਰਚ ੧੮੪੭ ਨੂੰ ਗਵਰਨਰ ਜਨਰਲ ਦਾ ਇਕ ਹੁਕਮ ਜਾਰੀ ਕੀਤਾ ਸੀ ਜਿਸ ਨੂੰ ਫਿਰ ਤਾਂਬੇ ਦੀ ਪਲੇਟ ਤੇ ਉਕਰਵਾਕੇ ਦ੍ਰਬਾਰ ਸਾਹਿਬ ਦੀ ਡਿਉੜੀ ਅਗੇ ਲਗਵਾਇਆ ਵੀ ਗਿਆ ਸੀ। ਇਸ ਹੁਕਮ ਦੀ ਸ਼ਬਦਾਵਲੀ ਤੋਂ ਪਤਾ ਲਗਦਾ ਹੈ ਕਿ ਅੰਗਰੇਜ਼ਾਂ ਨੇ ਕਿਸ ਤਰ੍ਹਾਂ ਗਊ ਤੇ ਸਿਖ ਧਰਮ ਅਸਥਾਨਾਂ ਦੀ ਬੇਇਜ਼ਤੀ ਕਰਨੀ ਸ਼ੁਰੂ ਕਰ ਦਿਤੀ ਸੀ, ਕਿਉਂਕਿ ਉਦੋਂ ਪੰਜਾਬ ਅਜੇ ਅੰਗ੍ਰੇਜ਼ਾਂ ਦੇ ਕਬਜ਼ੇ ਵਿਚ ਪੂਰੀਤਰ੍ਹਾਂ ਨਹੀਂ ਸੀ ਆਇਆ ਇਸ ਲਈ ਅੰਗਰੇਜ਼ ਸ਼ਾਸਕ ਨਹੀਂ ਸਨ ਚਾਹੁੰਦੇ ਕਿ ਰਾਜ ਭਾਗ ਸੰਭਾਲਣ ਤੋਂ ਪਹਿਲਾਂ ਹੀ ਪੰਜਾਬੀ ਜਨਤਾ ਨਾਲ ਵਿਗਾੜ ਲਈ ਜਾਵੇ। ਇਸ ਉਪ੍ਰੋਕਤ ਹੁਕਮ ਵਿਚ ਬਰਤਾਨਵੀ ਰਈਅਤ ਨੂੰ ਦ੍ਰਬਾਰ ਸਾਹਿਬ ਅੰਮ੍ਰਿਤਸਰ ਜਾਂ ਕਿਸੇ ਵੀ ਗੁਰਦੁਵਾਰੇ ਮੰਦਰ ਵਿਚ ਜੁਤੀਆਂ ਪਾਕੇ ਜਾਣ ਤੋਂ ਮਨ੍ਹਾਂ, ਕੀਤਾ ਗਿਆ ਸੀ। ਨਾਲ ਹੀ ਅੰਮ੍ਰਿਤਸਰ ਵਿਚ ਗਊਆਂ ਮਾਰੇ ਜਾਣ ਅਤੇ ਸਿਖਾਂ ਨੂੰ ਤੰਗ ਕਰਨ ਤੋਂ ਵੀ ਵਰਜਿਆ ਗਿਆ ਸੀ। ਇਨ੍ਹਾਂ ਉਪ੍ਰੋਕਤ ਦੋ ਗਲਾਂ ਤੋਂ ਬਿਨਾਂ, ਦੇਸ਼ ਭਗਤੀ ਭਾਵਨਾ ਵਾਲੇ ਸਿਖਾਂ ਨੂੰ ਹੋਰ ਕੀ ਤੰਗੀ ਹੋ ਸਕਦੀ ਸੀ? 'ਜੀ ਹਜ਼ੂਰੀਏ' ਸਿਖ ਤਾਂ ਪਹਿਲਾਂ ਹੀ ਹਰ ਸੁਖ ਭੋਗਦੇ ਸਨ।

ਭਾਵੇਂ ਡਾ. ਗੰਡਾ ਸਿੰਘ ਤੇ ਉਨ੍ਹਾਂ ਦੇ ਪੈਰੋਕਾਰ ਹਠ ਧਰਮੀ ਨਾਲ ਇਹ ਆਖੀ ਹੀ ਜਾਣ ਕਿ ਗਊ ਦੇ ਮਸਲੇ ਤੇ ਕੂਕੇ ਹਿੰਦੂਆਂ ਨਾਲੋਂ ਵੀ ਵਧ ਕੱਟੜ ਹਨ, ਪਰ ਕੀ ਉਸ ਵੇਲੇ ਦ੍ਰਬਾਰ ਸਾਹਿਬ ਦਾ ਪ੍ਰਬੰਧ ਕੂਕਿਆਂ ਦੇ ਹਥ ਵਿਚ ਸੀ ਜਿਨ੍ਹਾਂ ਨੇ ਉਕਤ ਹੁਕਮ ਜਾਰੀ ਕਰਵਾਇਆ ਸੀ? ਕੀ ਬਾਬਾ ਸਾਹਿਬ ਸਿੰਘ ਊਨੇ ਵਾਲੇ ਬੇਦੀ, ਕੂਕੇ ਸਨ ਜਿਨ੍ਹਾਂ ਬਾਰੇ ਪੰਜਾਬੀ ਦੇ ਇਕ ਰੋਜ਼ਾਨਾ ਅਖਬਾਰ ਨੇ ਲਿਖਿਆ ਸੀ"ਬਾਬਾ ਸਾਹਿਬ ਸਿੰਘ ਜੀ ਦੀਆਂ ਉਘੀਆਂ ਮੁਹਿੰਮਾਂ ਵਿਚੋਂ ਮਲੇਰ ਕੋਟਲੇ ਤੇ ਚੜ੍ਹਾਈ ਖਾਸ ਵਰਨਣ ਯੋਗ ਹੈ। ਉਥੋਂ ਦੇ ਨਵਾਬ ਨੇ ਹਿੰਦੂ-ਸਿਖਾਂ ਨੂੰ ਤੰਗ ਕਰਨ ਲਈ ਗਊ-ਬੱਧ ਕੀਤਾ। ਬਾਬਾ ਜੀ ਪਾਸ ਉਹਨਾਂ

ਫਰਿਆਦ ਕੀਤੀ। ਬਾਬਾ ਸਾਹਿਬ ੮੦੦ ਸਿੰਘਾਂ ਦੀ ਫੌਜ ਲੈ ਕੇ ਮਲੇਰ ਕੋਟਲੇ ਤੇ ਚੜ੍ਹਾਈ ਕਰ ਦਿਤੀ। ਬੜੀ ਭਿਆਨਕ ਲੜਾਈ ਹੋਈ, ਤੇ ਬਾਬਾ ਸਾਹਿਬ ਸਿੰਘ ਨੇ ਮੈਦਾਨ ਵਿਚ ਤਲਵਾਰ ਚਲਾਈ, ਅਖੀਰ ਹਰਾ ਦਿਤਾ। ਮਹਾਰਾਜਾ ਪਟਿਆਲਾ ਨੇ ਵਿਚ ਪੈ ਕੇ ਨਵਾਬ ਦੀ ਜਾਨ ਬਖਸ਼ਵਾਈ।" ਮਲੇਰ ਕੋਟਲੇ ਤੇ ਬੇਦੀਆਂ ਵਲੋਂ ਕੀਤੀ ਗਈ ਚੜ੍ਹਾਈ ਦਾ ਜ਼ਿਕਰ ਲੈਪਿਲ ਗ੍ਰਿਫਨ ਨੇ ਵੀ ਕੀਤਾ ਹੈ।

ਸਿਖਾਂ ਵਿਚ ਗਊ ਦਾ ਸਤਿਕਾਰ ਮੁਢ ਤੋਂ ਹੀ ਕਾਇਮ ਰਿਹਾ ਹੈ। ਕਰਨਲ ਪੋਲੀਅਰ ਨੇ ਸਿਖੀ ਬਾਰੇ ੧੭੮੦ ਵਿਚ ਇਕ ਲੇਖ ਲਿਖਿਆ ਸੀ ਜਿਸ ਨੂੰ ਡਾ: ਗੰਡਾ ਸਿੰਘ ਹੋਰੀਂ ਕਿਸੇ ਵੀ ਯੂਰਪੀਨ ਵਲੋਂ ਸਿਖਾਂ ਸਬੰਧੀ ਲਿਖੇ ਗਏ ਲੇਖਾਂ ਵਿਚੋਂ ਪਹਿਲਾਂ ਮੰਨਦੇ ਹਨ ਤੇ ਜੋ ਫਿਰ "ਏਸ਼ੀਐਟਿਕ ਸੁਸਾਇਟੀ ਬੰਗਾਲ" ਵਿਚ ਪੜ੍ਹਿਆ ਗਿਆ ਸੀ। ਸਿਖਾਂ ਦੀ ਖੁਰਾਕ ਦਾ ਜ਼ਿਕਰ ਕਰਦਿਆਂ ਉਹਨੇ ਸਿਖ ਤੇ ਮੁਸਲਮਾਨ ਵਿਚਕਾਰ ਮੁਖ ਫਰਕ ਇਹੋ ਦਸਿਆ ਹੈ ਕਿ ਹਿੰਦੂਆਂ ਵਾਂਗ ਇਹ(ਸਿਖ) ਵੀ ਗਊ ਮਾਸ ਨਹੀਂ ਖਾਂਦੇ। ਗਊ ਮਾਰਦੇ ਵੀ ਨਹੀਂ, ਸਗੋਂ ਉਸ ਨੂੰ ਪਵਿਤ੍ਰ ਮੰਨਦੇ ਹਨ। ਇਹੋ ਜਿਹੇ ਹੀ ਭਾਵ ਫੋਰਸਟਰ ਨੇ ੧੭੮੩ ਈ. ਵਿਚ ਗਰੇਗਰੀ ਵਲ ਲਿਖੀ ਆਪਣੀ ਚਿਠੀ ਵਿਚ ਪ੍ਰਗਟ ਕੀਤੇ ਸਨ। ਗੁਰੂ ਅਰਜਨ ਦੇਵ ਜੀ ਨੇ ਭੈਰਉਂ ਰਾਗ ਵਿਚ ਮਲੇਛ ਦੀ ਦਸ਼ਾ ਦਾ ਵਰਨਣ ਕੀਤਾ ਹੈ। ਬੌਧਾਯਨ ਰਿਖੀ ਨੇ ਮਲੇਛ ਦੀ ਪਰਿਭਾਸ਼ਾ ਇਉਂ ਲਿਖੀ ਹੈ "ਜੋ ਗਊ ਦਾ ਮਾਸ ਖਾਂਦਾ ਹੈ, ਵੇਦ ਵਿਰੁਧ ਬੋਲਦਾ ਹੈ, ਅਤੇ ਜਿਸ ਦਾ ਉਤਮ ਆਚਾਰ ਨਹੀਂ, ਉਹ ਮਲੇਛ ਹੈ।" ਇਹ ਫੈਸਲਾ ਕਰਨਾ ਪਾਠਕਾਂ ਦਾ ਕੰਮ ਹੈ ਕਿ ਗਊ ਦੇ ਮਾਮਲੇ ਵਿਚ ਸਿਰਫ ਕੂਕੇ ਹੀ ਕਟੜ ਹਨ ਜਾਂ ਇਹ ਕਟੜਤਾ ਅਸਲੀ ਸਿਖ ਰਹਿਤ ਮਰਯਾਦਾ ਨੂੰ ਅਪਣਾਉਣ ਵਾਲੇ ਸਾਰੇ ਸਿਖਾਂ ਵਿਚ ਹੀ ਹੁੰਦੀ ਸੀ?

ਸਫੈਦ ਰੰਗ ਦੀ ਗੋਲ ਦਸਤਾਰ ਗੁਰੂ ਸਾਹਿਬ ਆਪ ਸਜਾਉਂਦੇ ਰਹੇ ਹਨ ਤੇ ਇਸੇ ਕਾਰਨ ਹੀ ਇਸ ਨੂੰ "ਗੁਰਮੁਖੀ ਦਸਤਾਰਾ" ਕਹਿਕੇ ਸਤਿਕਾਰਿਆ ਜਾਂਦਾ ਹੈ। ਇਹੋ ਹੀ ਸਿਖ ਦੀ ਸਹੀ ਸੂਰਤ ਦੀ ਸੂਚਕ ਹੈ। ਟੇਢੀ ਪਗੜੀ ਵਾਲੇ ਵਿਚਾਰੇ ਕੀ ਜਾਣਨ ਕਿ ਦਸਤਾਰ ਕੀ ਹੁੰਦੀ ਹੈ? ਉਨ੍ਹਾਂ ਨੂੰ ਤਾਂ ਇਹੋ ਕੁਝ ਪੜ੍ਹਾਇਆ ਗਿਆ ਹੈ ਕਿ ਇਹ ਸਿਰਫ ਕੂਕਿਆਂ ਦੀ ਪਗੜੀ ਹੈ। ਉਹ ਇਹ ਜਾਣਨ ਦਾ ਕਸ਼ਟ ਹੀ ਨਹੀਂ ਕਰਦੇ ਕਿ ਗੁਰੂ ਅਰਜਨ ਦੇਵ ਜੀ ਨੇ ਹੀ ਮਾਰੂ ਰਾਗ ਵਿਚ "ਸਾਬਤ ਸੂਰਤਿ ਦਸਤਾਰ ਸਿਰਾ" ਫਰਮਾਕੇ ਇਹ ਪ੍ਰਗਟ ਕੀਤਾ ਸੀ ਕਿ ਜਿਹੜੀ ਦਸਤਾਰ ਗੁਰੂ ਸਾਹਿਬ ਨੇ ਆਪ ਸਜਾਈ ਹੈ ਉਹੀ ਸਾਬਤ ਸੂਰਤ ਦੀ ਸੂਚਕ ਹੈ। ਅਜੇ ਤਕ ਪੁਰਾਤਨ ਤਸਵੀਰਾਂ ਵਿਚ ਸਭ ਗੁਰੂ ਸਾਹਿਬਾਨ ਅਤੇ ਸਿਖਾਂ ਦੇ,ਜਿਨ੍ਹਾਂ ਵਿਚ ਭਾਈ ਗੁਰਦਾਸ ਵਰਗੇ ਮਹਾਨ ਵਿਦਵਾਨ ਵੀ ਸ਼ਾਮਲ ਹਨ, ਇਹੋ ਕੰਨਾਂ ਤੇ ਨੋਕਾਂ ਕਢਣ ਵਾਲੀ ਗੋਲ ਦਸਤਾਰ ਹੀ ਸਜਾਈ ਹੁੰਦੀ ਹੈ ਭਾਵੇ ਹੁਣ ਇਨ੍ਹਾਂ ਵਿਚ ਤਿਖੀ ਨੋਕ ਕਰਨ ਦਾ ਜਤਨ ਜ਼ੋਰ ਫੜਦਾ ਨਜ਼ਰ ਆਉਂਦਾ ਹੈ।ਬਹੁਤੇ ਲੇਖਕ ਪੰਥ ਪ੍ਰਕਾਸ਼ ਜਾਂ ਸੂਰਜ ਪ੍ਰਕਾਸ਼ ਆਦਿ ਗ੍ਰੰਥਾਂ ਤੋਂ, ਜਿਨ੍ਹਾਂ ਵਿਚ ਸਿਖਾਂ ਦੀ ਪੁਰਾਤਨ ਰਹਿਤ–ਮਰਯਾਦਾ ਦਾ ਜ਼ਿਕਰ ਮਿਲਦਾ ਹੈ, ਜਾਣੂੰ ਵੀ ਮਲੂਮ ਨਹੀਂ ਹੁੰਦੇ। ਕਈ ਤਾਂ ਇਨ੍ਹਾਂ ਨੂੰ ਸਿਖ ਇਤਿਹਾਸ ਮੰਨਣ ਤੋਂ ਹੀ ਇਨਕਾਰੀ ਹਨ ਜਦ ਕਿ ਇਨ੍ਹਾਂ ਨੂੰ ਆਧਾਰ ਮੰਨ ਕੇ ਤੁਰਨ ਤੋਂ ਬਿਨਾਂ ਸਿਖ–ਇਤਿਹਾਸ ਵਿਚ ਬਹੁਤ ਵੱਡਾ ਖਪਾ ਪੈ ਜਾਏਗਾ। ਗਿਆਨੀ ਗਿਆਨ ਸਿੰਘ ਨੇ ਦਸਮ ਪਾਤਸ਼ਾਹ ਅਤੇ ਫਿਰ ਬੰਦਾ ਬਹਾਦਰ ਦੇ ਸਮਕਾਲੀ ਸਿਖਾਂ ਦੀ ਹਾਲਤ ਦਾ ਵਰਣਨ ਕਰਦਿਆਂ ਦਸਤਾਰ ਸਬੰਧੀ ਇਉਂ ਲਿਖਿਆ ਹੈ।

ਸ੍ਰੀ ਗੁਰੂ ਦਸਮੇਸ਼ ਬੰਦੇ ਪ੍ਰਯੰਤ ਬਿਅੰਤ ਸਿੰਘ
ਥੀਏ, ਜੋਊ ਚਾਲ ਐਸ ਥੇ ਚਲੇ ।......
ਬਸਤ੍ਰ ਥੋਰ ਭੂਰ ਸ਼ਸਤਰਧਾਰੀ ਸੂਰ
ਬਖਤਰ ਅੰਗ ਜੰਗ ਵਖਤ ਸੁਧਾਰਤੇ।
ਸੂਧੇ ਦਾਹੜੇ ਮੁਛੈਂ ਅਛ ਦਸਤਾਰੇ ਸ੍ਵੇਤ ਸਵਛ,
ਕਟਿ ਪ੍ਰਤੱਖ ਕਛ ਪਟ ਦਿਢ ਧਾਰਤੇ।......

ਇਤਿਹਾਸ ਗਵਾਹ ਹੈ ਕਿ ਹੁਸ਼ਿਆਰਪੁਰ ਦੇ

ਬਾਜ਼ਾਰ ਵਿਚੋਂ ਕਢਣ ਸਮੇਂ ਗੁਰੂ ਗੋਬਿੰਦ ਸਿੰਘ ਨੇ ਜੋਗਾ ਸਿੰਘ ਨੂੰ ਵੀ ਸਿਰ ਤੇ ਬਝੀ ਹੋਈ ਸਿਧੀ ਪਗ ਤੇ ਤੇੜ ਪਾਏ ਹੋਏ ਕਛਹਿਰੇ ਦਾ ਹੀ ਮਿਹਣਾ ਮਾਰਿਆ ਸੀ(ਤੇੜ ਕਛਹਿਰਾ ਸਿਧੀ ਪਾਗ। ਸਿਖ ਹੋਇਕੇ ਕਰੈ ਅਪ੍ਰਾਧ ?) ਤੇ ਜੇ ਹੁਣ ਇਹ ਦਸਤਾਰ ਕੂਕਿਆਂ ਕੋਲ ਹੀ ਰਹਿ ਗਈ ਹੈ ਜਾਂ ਹੋਰ ਕਿਸੇ ਸਿਖ ਵਰਗ ਨੇ ਇਸ ਦੀ ਸੰਭਾਲ ਨਹੀਂ ਕੀਤੀ ਤਦ ਕੂਕਿਆਂ ਨੂੰ ਬੁਰਾ ਭਲਾ ਕਹਿਣ ਦੀ ਥਾਂ ਸਗੋਂ ਆਪਣੀ ਕਮਜ਼ੋਰੀ ਤੇ ਪਸ਼ਚਾਤਾਪ ਕਰਨ ਵਿਚ ਹੀ ਭਲਾ ਹੋ ਸਕਦਾ ਹੈ।

ਕੁਛ ਲੋਕ ਇਸ ਵਹਿਮ ਦਾ ਸ਼ਿਕਾਰ ਵੀ ਹਨ ਕਿ ਡਾ: ਗੰਡਾ ਸਿੰਘ ਹੋਰਾਂ ਕੋਲ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਪਏ ਹਨ। ਪਹਿਲੀ ਗਲ ਤਾਂ ਇਹ ਹੈ ਕਿ ਇਹ ਹੁਕਮਨਾਮੇ ਆਉਂਦੇ ਹੀ ਕਿਸੇ ਵਿਸ਼ਵਾਸ ਪਾਤਰ ਦੇ ਹਥੀਂ ਸਨ ਜਿਸ ਕੋਲ ਇਨ੍ਹਾਂ ਨੂੰ ਗੁਪਤ ਰਖਣ ਦਾ ਜਿਗਰਾ ਹੁੰਦਾ ਸੀ। ਇਸੇ ਕਰਕੇ ਇਨ੍ਹਾਂ ਸਬੰਧੀ ਕਿਸੇ'ਸ੍ਰਕਾਰੀਏ' ਨੂੰ ਸੂਹ ਨਹੀਂ ਸੀ ਲਗਦੀ। ਜਿਹੜੇ ਸਿਖ ਸਫਰ ਸਮੇਂ ਹੀ ਕਿਸੇ ਸ਼ਕ ਕਾਰਨ ਫੜੇ ਗਏ, ਉਹਨਾਂ ਕੋਲੋਂ ਫੜੇ ਗਏ ਹੁਕਮਨਾਮੇ ਜ਼ਰੂਰ ਸ੍ਰਕਾਰ ਦੇ ਹਥ ਲਗੇ ਜੋ ਸ੍ਰਕਾਰੀ ਮੁਹਾਫਜ਼ਖਾਨੇ ਵਿਚ ਜਮ੍ਹਾਂ ਪਏ ਹਨ।

ਜੋ ਹੁਕਮਨਾਮੇ ਗੰਡਾ ਸਿੰਘ ਹੋਰਾਂ ਨੇ ਛਾਪੇ ਹਨ ਤੇ ਜਿਨ੍ਹਾਂ ਦੇ ਹਵਾਲੇ ਉਹਨਾਂ ਦੇ ਅਨੁਆਈ ਆਮ ਕਰਕੇ ਦਿੰਦੇ ਹਨ ਇਹ ਅਸਲ ਨਹੀਂ ਹਨ ਸਗੋਂ ਅਸਲ ਵਿਚ ਡਾ.ਗੰਡਾ ਸਿੰਘ ਹੋਰਾਂ ਦੇ ਹਥਾਂ ਦੀ ਸਫਾਈ ਵੀ ਰਲੀ ਹੋਈ ਹੈ। ਇਹਨਾਂ ਨੂੰ ਡਾ. ਸਾਹਿਬ ਨੇ ਆਪਨੀ ਮਨ ਮਰਜ਼ੀ ਦਾ ਰੂਪ ਦਿਤਾ ਹੋਇਆ ਹੈ, ਉਦਾਹਰਣ ਵਜੋਂ ਡਾ: ਹੋਰੀਂ ਇਕ ਹੁਕਮਨਾਮੇ ਦਾ ਹਵਾਲਾ ਦਿੰਦੇ ਹਨ ਜਿਸ ਵਿਚ ਆਦਿ ਗ੍ਰੰਥ ਸਾਹਿਬ ਦੇ ਨਾਂ ਨਾਲ ਗੁਰੂ ਸ਼ਬਦ ਜੋੜਿਆ ਗਿਆ ਹੈ ਜਿਸ ਦਾ ਮਨੋਰਥ ਇਹ ਸਿਧ ਕਰਨਾ ਹੈ ਕਿ ਗੁਰੂ ਰਾਮ ਸਿੰਘ ਆਪ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨਦੇ ਸਨ ਪਰ ਗੁਰੂ ਜੀ ਦੇ ਉਸ ਹੁਕਮਨਾਮੇ ਦੀ ਅਸਲ ਲਿਖਤ ਸ੍ਰਕਾਰੀ ਮੁਹਾਫਜ਼ਖਾਨੇ ਵਿਚ ਪਈ ਹੈ (ਉਸ ਦੀ ਫੋਟੋਕਾਪੀ ਲੇਖਕ ਕੋਲ ਮੌਜੂਦ ਹੈ) ਜਿਸ ਵਿਚ ਇਹ ਸ਼ਬਦ 'ਗੁਰੂ' ਕਿਤੇ ਵੀ ਨਹੀਂ। ਇਹ ਹੈ ਡਾ: ਹੋਰਾਂ ਦੀ ਹਥ ਦੀ ਸਫਾਈ ਦਾ ਸਬੂਤ।

ਇਕ ਹੋਰ ਦਿਲਚਸਪ ਗਲ ਇਹ ਹੈ ਕਿ ਡਾ. ਗੰਡਾ ਸਿੰਘ ਹੋਰਾਂ ਨੇ ਸਿਖ ਗੁਰੂ ਸਾਹਿਬ ਦੇ ਨੀਸਾਣ ਤੇ ਹੁਕਮਨਾਮੇ ਛਾਪੇ ਹਨ। ਇਸ ਪ੍ਰਕਾਸ਼ਨ ਵਿਚ ਡਾ: ਸਾਹਿਬ ਇਹ ਮੰਨਣ ਲਈ ਮਜ਼ਬੂਰ ਜਾਪਦੇ ਹਨ'ਕਿ ਸਿਖ ਸੰਗਤਾਂ ਵਿਚ ਗੁਰੂ ਸਾਹਿਬਾਂ ਦੇ ਹਥੀਂ ਲਿਖੇ ਹੁਕਮਨਾਮਿਆਂ ਲਈ ਸ਼ਰਧਾ ਅਤੇ ਮਾਨਤਾ ਅਤੇ ਦਰਸ਼ਕਾਂ ਲਈ ਉਤਸ਼ਾਹ ਦਾ ਨਾਜ਼ਾ– ਇਜ਼ ਮਾਇਕ ਫਾਇਦਾ ਉਠਾਉਣ ਲਈ ਕਈ ਇਕ ਲੋਕਾਂ ਨੇ ਨਕਲੀ ਹੁਕਮਨਾਮੇ ਘੜ ਲਏ ਸਨ'... (ਪੰਨਾ ੯) ਪਰ ਇਸ ਸੰਗ੍ਰਹਿ ਵਿਚ ਸੰਪਾਦਕ ਨੇ ਗੁਰੂ ਸਾਹਿਬਾਂ ਤੋਂ ਬਿਨਾਂ ਬਾਬਾ ਬੰਦਾ ਬਹਾਦਰ ਤੇ ਬਾਬਾ ਗੁਰਦਿਤਾ ਆਦਿ ਦੇ ਹੁਕਮਨਾਮੇ ? ਵੀ ਸ਼ਾਮਲ ਕੀਤੇ ਹਨ ਤੇ ਕੁਝ ਕੁ ਉਹ ਵੀ ਹਨ ਜਿਹਨਾ ਦੀ ਅਸਲੀਅਤ ਤੇ ਉਹਨਾਂ ਨੂੰ ਆਪ ਵੀ ਭਰੋਸਾ ਨਹੀਂ ਜਾਂ ਕਿੰਤੂ ਹੈ। ਉਦਾਹਰਣ ਲਈ ਉਹ ਲਿਖਦੇ ਹਨ "ਮਾਤਾ ਗੁਜਰੀ ਜੀ ਦੇ ਹੁਕਮਨਾਮਿਆਂ ਪਰ ਉਹਨਾਂ ਦਾ ਨਾਉਂ ਨਹੀਂ ਲਿਖਿਆ ਹੋਇਆ ਅਤੇ ਇਹਨਾਂ ਉਪਰ ਦੀ ਲਿਖਤ ਸਬੰਧੀ ਵੀ ਪੂਰੇ ਯਕੀਨ ਨਾਲ ਕੁਛ ਕਹਿ ਸਕਣਾ ਔਖਾ ਹੈ...... ਪਰ ਫਿਰ ਵੀ ਮਾਤਾ ਜੀ ਦੇ ਨਾਂ ਹੇਠ ਦੋ ਹੁਕਮਨਾਮੇ ਛਾਪੇ ਹਨ।

ਇਕ ਹੋਰ ਕੌੜੀ ਸਚਾਈ ਜੋ ਡਾ. ਸਾਹਿਬ ਨੂੰ ਮੰਨਣੀ ਪਈ ਹੈ ਉਹ ਹੈ ਇਹ ਕਿ'ਹੁਕਮਨਾਮਿਆਂ ਦਾ ਰਿਵਾਜ਼ ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਬਾਦ ਵੀ ਜਾਰੀ ਹੈ' ਪਰ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਦੇ ਸਮੇਂ ਵਿਚੋਂ ਸਿਰਫ ਉਸ ਬੰਦਾ ਬਹਾਦਰ ਦੀ ਲਿਖਤ ਨੂੰ ਸ਼ਾਮਲ ਕੀਤਾ ਹੈ ਜਿਸ ਬਾਰੇ ਆਪ ਦੇ ਹੀ ਸ਼ਬਦ ਹਨ"ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਦੀ ਪਦਵੀ ਕੇਵਲ ਇਕ ਫੌਜੀ ਅਤੇ ਰਾਜਸੀ ਆਗੂ ਦੀ ਹੀ ਸੀ...... ਇਸ ਦੀ ਧਾਰਮਕ ਪੋਜ਼ੀਸ਼ਨ ਹੋਰ ਖਾਲਸਿਆਂ ਵਾਲੀ ਹੀ ਸੀ'। ਫਿਰ ਪਤਾ ਨਹੀਂ । ਹੋਰ ਖਾਲਸੇ ਦੀਆਂ ਚਿਠੀਆਂ ਇਥੇ ਸ਼ਾਮਲ ਕਿਉਂ ਨਹੀਂ ਕੀਤੀਆਂ ਜਾ

ਸਕੀਆਂ ? ਕੀ ਬਾਬੇ ਗੁਰਦਿਤੇ ਤੇ ਬੰਦੇ ਨੂੰ ਗੁਰੂਆਂ ਵਾਲੀ ਅਹਿਮੀਅਤ ਦਿਤੀ ਗਈ ਹੈ ? ਇਹਨਾਂ ਤੋਂ ਬਿਨਾਂ ਦਸਮ ਪਾਤਸ਼ਾਹ ਤੋਂ ਪਿਛੋਂ ਖਾਲਸੇ ਵਿਚੋਂ ਹਰਿਮੰਦਰ ਸਾਹਿਬ ਪਟਨਾ ਤੇ ਅੰਮ੍ਰਿਤਸਰ ਵਲੋਂ ਜਾਰੀ ਕੀਤੀ ਇਕ ਚਿਠੀ ਦਿਤੀ ਗਈ ਹੈ ਜਿਹਨਾਂ ਦਾ ਕੋਈ ਵਿਸ਼ੇਸ਼ ਇਤਿਹਾਸਕ ਮਹੱਤਵ ਵੀ ਨਹੀਂ ਜਾਪਦਾ। ਪਟਨੇ ਵਾਲੀ ਚਿਠੀ ਵਿਚ ਲਿਖਿਆ ਹੈ। "ਅਗੇ ਸ੍ਰੀ ਦਰਬਾਰ ਜੀ ਸਾਹਿਬ ਕਾ ਹੁਕਮ ਹੈ ਸੂਬੜ੍ਹ ਪਿਆਰੇ ਕੋ।...... ਹੁਕਮ ਮੰਨੇਗਾ ਸੋ ਨਿਹਾਲ ਹੋਵੇਗਾ।... ਇਸ ਤੋਂ ਇਹ ਵੀ ਸਪਸ਼ਟ ਨਹੀਂ ਕਿ ਦਰਬਾਰ ਸਾਹਿਬ ਨੇ ਹੁਕਮ ਕਿਵੇਂ ਕਰ ਦਿਤਾ ? ਇਹ ਹੁਕਮ ਤਾਂ ਕੋਈ ਵਿਅਕਤੀ ਹੀ ਕਰ ਸਕਦਾ ਹੈ। ਜੇ ਕਿਸੇ ਵਿਅਕਤੀ ਨੇ ਇਹ ਹੁਕਮਨਾਮਾ ਲਿਖਕੇ'ਨਿਹਾਲ' ਹੋਣ ਦਾ ਵਰਦਾਨ ਦਿਤਾ ਹੈ ਤਦ ਵੀ ਇਹ ਗੁਰੂ ਸਾਹਿਬ ਦੀ ਰੀਸ ਨਹੀਂ ਤਾਂ ਹੋਰ ਕੀ ਹੈ ?

ਇਹ ਸਭ ਕੁਝ ਹੁੰਦਿਆਂ ਹੋਇਆ ਵੀ ਡਾਕਟਰ ਹੋਰਾਂ ਨੇ ਇਸ ਸੰਗ੍ਰਹਿ ਵਿਚ ਨਾਂ ਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦਾ ਕੋਈ ਹਵਾਲਾ ਹੀ ਦਿਤਾ ਹੈ ਤੇ ਨਾਹੀ ਕਿਤੇ ਉਹਨਾਂ ਦਾ ਜ਼ਿਕਰ ਕੀਤਾ ਹੈ। ਜੇ ਡਾਕਟਰ ਸਾਹਿਬ ਦੇ ਮੁਹਾਫਜ਼ਖਾਨੇ ਵਿਚ ਪਈਆਂ ਇਹ ਲਿਖਤਾਂ ਸੱਚੀਆਂ ਤੇ ਅਸਲੀ ਹੁੰਦੀਆਂ ਜਿਹਨਾਂ ਨੂੰ ਉਹ ਕਦੇ'ਭਾਈ ਰਾਮ ਸਿੰਘ ਦੀਆਂ ਅਰਦਾਸਾਂ,ਤੇ ਕਦੇ 'ਬਾਬਾ ਰਾਮ ਸਿੰਘ ਦੀਆਂ ਚਿਠੀਆਂ ਕਹਿੰਦੇ ਹਨ, ਤਦ ਇਸ ਸੰਗ੍ਰਹਿ ਵਿਚ ਜ਼ਰੂਰ ਸ਼ਾਮਲ ਕਰ ਦਿਤੀਆਂ ਜਾਣੀਆਂ ਸਨ। ਪਰ ਝੂਠੀਆਂ, ਬਣਾਉਟੀ ਤੇ ਮਿਲਾਵਟ ਵਾਲੀਆਂ ਹੋਣ ਕਾਰਨ, ਭਵਿਖਤ ਦੇ ਖਤਰੇ ਨੂੰ ਅਨੁਭਵ ਕਰਕੇ ਹੀ ਇਉਂ ਕਰਨ ਤੋਂ ਸੰਕੋਚ ਕੀਤਾ ਗਿਆ ਹੋਵੇਗਾ। ਇਸ ਦਾ ਭਾਵ ਇਹ ਵੀ ਨਹੀਂ ਕਿ ਉਪ੍ਰੋਕਤ ਸੰਗ੍ਰਹਿ ਵਿਚ ਡਾਕਟਰ ਜੀ ਨੇ ਅਪਣੀ ਆਦਤ ਤਿਆਗ ਦਿਤੀ ਹੈ।

ਹਰੇਕ ਗੁਰੂ ਸਾਹਿਬ ਜੀ ਨੇ ਨਿਮਰਤਾ ਨੂੰ ਅਪਣਾਇਆ ਤੇ ਮੁਖ ਰਖਿਆ ਹੈ। ਗੁਰਬਾਣੀ ਵਿਚ ਇਹ ਨਿਮਰਤਾ ਵਖੋ ਵਖ ਢੰਗਾਂ ਨਾਲ ਤੇ ਸ਼ਬਦਾਂਵਲੀ ਵਿਚ ਪ੍ਰਗਟ ਕੀਤੀ ਗਈ ਹੈ। ਉਦਾ-ਹਰਣ ਵਜੋਂ ਜੇ ਗੁਰੂ ਨਾਨਕ ਨੇ'ਨਾ ਹਉ ਜਤੀ ਸਤੀ ਨਹੀਂ ਪੜ੍ਹਿਆ ਮੂਰਖ ਮੁਗਧਾ ਜਨਮ ਭਇਆ' ਕਹਿਕੇ ਅਪਣਾ ਨਮ੍ਰ ਸੁਭਾਉ ਪ੍ਰਗਟਾਇਆ ਹੈ ਤਦ ਗੁਰੂ ਅਰਜਨ ਦੇਵ ਜੀ ਨੇ ਇਸੇ ਭਾਵ ਨੂੰ'ਕਹੁ ਨਾਨਕ ਹਮ ਨੀਚ ਕਰੰਮਾਂ' ਤੇ ਗੁਰੂ ਤੇਗ ਬਹਾਦਰ'ਮਹਾਂ ਪਤਿਤ ਮੁਗਧ ਲੋਭੀ ਫੁਨਿ ਕਰਤ ਪਾਪ ਅਬ ਹਾਰਾ' ਦੇ ਸ਼ਬਦਾਂ ਵਿਚ ਬਿਆਨ ਕੀਤਾ ਹੈ ਪਰ ਕੀ ਅਸੀਂ ਕਦੇ ਗੁਰੂ ਸਾਹਿਬ ਨੂੰ ਇਸ ਰੂਪ ਵਿਚ ਚਿਤਵਦੇ ਹਾਂ ? ਨਿਰਸੰਦੇਹ ਨਹੀਂ। ਜੋ ਚਿਤਵਦੇ ਹੋਣਗੇ ਉਹ ਸਿਖ ਨਹੀਂ ਆਖੇ ਜਾ ਸਕਦੇ। ਇੰਨਾਂ ਕੁਛ ਹੁੰਦਿਆਂ ਹੋਇਆਂ ਵੀ ਜੇ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਨਿਮਰਤਾ ਨੂੰ'ਰਪਟੀਏ ਕੀ ਮਾਫਕ ਲਿਖ ਕੇ ਪ੍ਰਗਟਾ ਦਿਤਾ ਤਦ ਕੀ ਲੋਹੜਾ ਹੋ ਗਿਆ ? ਜੇ ਇਥੇ ਅਸੀਂ ਸ਼ਬਦਾਂ ਦੇ ਅਰਥ ਹੀ ਲਾਉਣੇ ਹਨ ਤਾਂ ਅਸੀਂ ਦਸਮ ਪਾਤਸ਼ਾਹ ਜੀ ਨੂੰ ਕੀ ਆਖਾਂਗੇ ਜਿਹਨਾਂ ਨੇ ਹੁਸ਼ਿਆਰਪੁਰ ਦੇ ਬਾਜ਼ਾਰ ਵਿਚ ਰਾਤ ਨੂੰ ਪਹਿਰੇ-ਦਾਰ ਦਾ ਭੇਸ ਵੀ ਧਾਰਿਆ ਤੇ ਸਿਖ ਦੀ ਸਿਖੀ ਬਚਾਉਣ ਖਾਤਰ ਚੌਂਕੀਦਾਰਾ ਵੀ ਕੀਤਾ ?

ਰਹੀ ਗਲ ਸਤਿਗੁਰੂ ਰਾਮ ਸਿੰਘ ਦੇ ਉਨ੍ਹਾਂ ਸ਼ਬਦਾਂ ਦੀ ਜਿਨ੍ਹਾਂ ਨੂੰ ਉਨ੍ਹਾਂ ਦੀ ਗੁਰੂ ਪਦਵੀ ਦੇ ਵਿਰੁਧ ਵਰਤਣ ਦਾ ਜਤਨ ਲੇਖਕਾਂ ਦੇ ਇਸ ਜੱਥੇ ਵਲੋਂ ਕੀਤਾ ਜਾਂਦਾ ਹੈ। ਸਾਰਕੁਤਾਵਲੀ ਦਾ ਇਕ ਸਲੋਕ ਹੈ-

ਏਕ ਅਖਰ ਦਾਤਾ ਜੁ ਗੁਰ ਸੇਵਤ ਨਹਿ ਤਾਸ।
ਪਾਇ ਜਨਮ ਸੌ ਸੁਵਾਨ ਕੇ,
ਬਹੁਰ ਸਵਪਚ ਘਰਵਾਸ ।

ਅਰਥਾਤ ਇਕ ਵੀ ਅਖਰ ਦਸਣ ਵਾਲੇ ਗੁਰੂ ਦੀ ਸੇਵਾ ਨਾ ਕਰਨ ਵਾਲੇ ਨੂੰ ਸੌ ਜਨਮ ਕੁਤੇ ਦਾ ਭੋਗ ਕੇ ਵੀ ਚੰਡਾਲ ਦੇ ਘਰ ਜੰਮਣਾ ਪੈਂਦਾ ਹੈ, ਕਿਉਂਕਿ ਗੁਰੂ ਦੇ ਕੀਤੇ ਨੂੰ ਨਾ ਜਾਨਣ ਵਾਲਾ ਵਡਾ ਅਕ੍ਰਿਤਘਣ ਗਿਣਿਆ ਗਿਆ ਹੈ ਤੇ ਅਕ੍ਰਿਤਘਣਾ ਨੂੰ ਗੁਰੂ ਸਾਹਿਬ ਅਨੁਸਾਰ ਵੀ ਜੂਨਾਂ ਵਿਚ ਘੁੰਮਣਾ

Namdhari Elibrary NamdhariElibrary@gmail.com

ਪੈਂਦਾ ਹੈ। ਬਹੁਤੇ ਸਿਖਾਂ ਨੂੰ ਹੁਣ ਗੁਰੂ ਦੀ ਲੋੜ ਤੇ ਹੋਂਦ ਨਾਲ ਸਖਤ ਵਿਰੋਧ ਹੈ। ਅਪਣੇ ਭਾਵਾਂ ਦੇ ਪ੍ਰਚਾਰ ਲਈ ਉਹ ਕਿਸੇ ਤੇ ਚਿਕੜ ਸੁਟਣ ਤੋਂ ਵੀ ਨਹੀਂ ਝਿਜਕਦੇ। ਅਜਿਹੇ ਭਦਰ ਪੁਰਸ਼ਾਂ ਦਾ ਵਿਚਾਰ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ'ਗੁਰੂ' ਕਹਿਕੇ ਜੋ ਪਾਪ ਕੂਕਿਆਂ ਨੇ ਕੀਤਾ ਹੈ ਉਹ ਕੋਈ ਵੈਰੀ ਵੀ ਨਹੀਂ ਕਰ ਸਕਦਾ। ਗੁਰੂ ਰਾਮਦਾਸ ਜੀ ਦੇ ਵਾਕ 'ਜਿਨਿ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ' ਨੂੰ ਨਾ ਸਮਝਣ ਵਾਲੇ ਇਨ੍ਹਾਂ ਭਦਰ ਪੁਰਸ਼ਾਂ ਨੇ ਹੀ ਸਤਿਗੁਰੂ ਰਾਮ ਸਿੰਘ ਨਾਲ ਪੁੰਨ ਕਮਾਇਆ ਜਾਪਦਾ ਹੈ। ਜੇ ਇਹ ਪੁੰਨੀ ਲੋਕ ਭਾਰਤ ਵਿਚ ਨਾ ਹੁੰਦੇ ਤਦ ਮਹਾਰਾਣੀ ਜਿੰਦਾਂ ਦਾ ਸਸਕਾਰ ਲਹੌਰ ਦੀ ਥਾਂ ਬੰਬਈ ਦੇ ਨਾਸਕ ਦੇ ਅਹਾਤੇ ਵਿਚ ਕਿਵੇਂ ਹੁੰਦਾ ਜੇ ਅਜਿਹੀਆਂ ਪੁੰਨ ਆਤਮਾਵਾਂ ਦੇਸ ਵਿਚ ਨਾ ਹੁੰਦੀਆਂ ਤਾਂ ਮਹਾਰਾਜਾ ਦਲੀਪ ਸਿੰਘ ਨੂੰ ਅਨਾਥਾਂ ਵਾਂਗ ਰੁਲ ਰੁਲਕੇ ਪੈਰਿਸ ਵਿਚ ਕਿਉਂ ਪ੍ਰਾਣ ਤਿਆਗਣੇ ਪੈਂਦੇ? ਅਜਿਹੀਆਂ ਪੁੰਨ ਆਤਮਾਵਾਂ ਦੇ ਦੇਸ ਵਿਚ ਹੋਣ ਕਾਰਨ ਹੀ ਤਾਂ ਸਤਿਗੁਰੂ ਰਾਮ ਸਿੰਘ ਜੀ ਨੂੰ ਪ੍ਰਦੇਸ ਜਾਣਾ ਪਿਆ। ਕੂਕਿਆਂ ਨੂੰ ਤੋਪਾਂ ਨਾਲ ਉਡਾਏ ਜਾਣ ਪਿਛੋਂ ੨੨ ਮਾਰਚ ੧੯੨੨ ਨੂੰ ਅਜਿਹੇ ਸਿਖਾਂ ਵਲੋਂ ਅਮ੍ਰਿਤਸਰ ਵਿਚ ਇਕ ਦੀਵਾਰ ਕੀਤਾ ਗਿਆ ਸੀ ਜਿਸ ਵਿਚ ਅਜਿਹੀਆਂ ਆਤ-ਮਾਵਾਂ ਨੇ, ਵਤਨ ਤੋਂ ਕੁਰਬਾਨ ਹੋਣ ਵਾਲਿਆਂ ਦੀ ਯਾਦ ਵਿਚ ਚਾਰ ਹੰਝੂ ਕੇਰਨ ਦੀ ਥਾਂ ਸਗੋਂ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੂੰ ਪੇਸ਼ ਕੀਤੇ ਗਏ ਇਕ ਮਾਣ-ਪੱਤਰ ਵਿਚ ਪੰਜਾਬ ਦੇ ਇਨ੍ਹਾਂ ਅੰਗਰੇਜ਼ ਭਗਤਾਂ ਨੇ ਆਖਿਆ ਸੀ, "ਆਪਣੇ ਭੈੜੇ ਵਿਵਹਾਰ ਤੇ ਮੰਦੀਆਂ ਘਾੜਤਾਂ ਨਾਲ ਉਨ੍ਹਾਂ (ਕੂਕਿਆਂ) ਨੇ ਸਰਕਾਰ ਦੀਆਂ ਨਿਗਾਹਾਂ ਵਿਚ ਸਾਡੀ ਇਜ਼ਤ ਨੂੰ ਸੱਟ ਮਾਰੀ ਹੈ ਤੇ ਸਾਡੇ ਵਲੋਂ ੧੯੫੭ ਈ. ਵਿਚ ਕੀਤੀਆਂ ਗਈਆਂ ਸੇਵਾਵਾਂ ਨੂੰ, ਜਿਨ੍ਹਾਂ ਕਾਰਨ ਸਰਕਾਰ ਸਾਨੂੰ ਸ਼ੁਭ ਚਿੰਤਕ ਤੇ ਵਫਾਦਾਰ ਸਮਝਦੀ ਸੀ, ਮਿੱਟੀ ਵਿਚ ਮਿਲਾ ਦਿਤਾ ਹੈ।...... ਪੰਥ ਨੂੰ ਆਪਣਾ ਦੁਸ਼ਮਨ ਸਮਝਦੇ ਹੋਏ, ਅਸੀਂ ਸਰਕਾਰ ਵਲੋਂ ਕੀਤੇ ਗਏ ਉਨ੍ਹਾਂ ਪਰਬੰਧਾਂ ਲਈ ਸਰਕਾਰ ਦੇ ਧੰਨਵਾਦੀ ਹਾਂ ਜਿਨ੍ਹਾਂ ਨਾਲ ਸਾਡੇ ਮਨਾਂ ਦੀਆਂ ਇਛਾਵਾਂ ਪੂਰਨ ਹੋਈਆਂ ਹਨ।' ਇਸ ਸਮੇਂ ਪੰਜਾਬ ਵਿਚ ਸਿਰਫ ਦੋ ਹਸਤੀਆਂ ਹੀ ਅਜਿਹੀਆਂ ਸਨ ਜਿਨ੍ਹਾਂ ਨੇ ਸ੍ਰਕਾਰ ਤੋਂ ਮੰਗ ਕੀਤੀ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਪੰਜਾਬ ਵਾਪਸ ਭੇਜਿਆ ਜਾਣਾ ਚਾਹੀਦਾ ਹੈ। ਇਹ ਸਨ ਸੰਤ ਨਰਾਇਣ ਸਿੰਘ ਸੇਖਵਾਂ ਵਾਲੇ ਤੇ ਅਖਾੜਾ ਬ੍ਰਹਮ ਬੂਟਾ ਅੰਮ੍ਰਿਤਸਰ ਦੇ ਮੁਖੀ ਮਹੰਤ। ਬਾਕੀ ਸਭ ਪੰਜਾਬੀ ਮੁਖੀਆਂ ਦਾ ਇਕੋ ਇਕ ਉਤਰ ਸੀ ਕਿ ਉਨ੍ਹਾਂ ਦੇ ਪੰਜਾਬ ਵਾਪਸ ਆਉਣ ਦਾ ਭਾਵ ਹੋਇਗਾ ਕਿ ਇਥੇ ਬਰਤਾਨਵੀ ਰਾਜ ਦਾ ਕੀਰਤਨ ਸੋਹਿਲਾ ਪੜ੍ਹਿਆ ਜਾਣਾ।

ਇਨ੍ਹਾਂ ਉਪ੍ਰੋਕਤ ਕਿਸਮ ਦੇ ਨਵ ਪੁੰਗਰੇ ਲੇਖਕਾਂ ਤੇ ਇਤਿਹਾਸਕਾਰਾਂ ਅਨੁਸਾਰ ਸਤਿਗੁਰੂ ਰਾਮ ਸਿੰਘ ਨੂੰ'ਗੁਰੂ' ਕਹਿਣਾ ਪਾਪ ਹੈ, ਕਿਉਂਕਿ ਉਨ੍ਹਾਂ ਨੇ ਅਪਣੇ ਹੁਕਮਨਾਮਿਆਂ ਵਿਚ ਅਪਣੇ ਆਪ ਨੂੰ ਰਪਟੀਏ ਕੀ ਮਾਫਕ' ਲਿਖਿਆ ਹੈ। ਇਸ ਸਬੰਧ ਵਿਚ ਪਹਿਲੀ ਗਲ ਤਾਂ ਇਹ ਹੈ ਕਿ ਕੋਈ ਵੀ ਓਪਰਾ ਮਨੁੱਖ ਕਿਸੇ ਨੂੰ ਇਸ ਗਲ ਲਈ ਮਜਬੂਰ ਨਹੀਂ ਕਰ ਸਕਦਾ ਕਿ ਉਹ ਅਪਣੇ ਪਿਤਾ ਨੂੰ ਪਿਤਾ ਨਾ ਆਖੇ। ਨਾ ਹੀ ਬਾਪ ਨੂੰ ਬਾਪ ਕਹਿਣਾ ਅਜ ਤਕ ਕਿਸੇ ਨੇ ਪਾਪ ਆਖਿਆ ਜਾਂ ਸਮਝਿਆ ਹੈ। ਭਗਤ ਪ੍ਰਹਿਲਾਦ ਨਾਮ ਦੇਵ, ਸਰਹੰਦ ਵਿਚ ਸ਼ਹੀਦ ਹੋਣ ਵਾਲੇ ਦੋ ਸਾਹਿਬਜ਼ਾਦਿਆਂ ਆਦਿ ਦੀਆਂ ਉਦਾਹਰਣਾਂ ਸਾਡੇ ਸਾਹਮਣੇ ਹਨ। ਗੁਰਬਾਣੀ ਅਨੁਸਾਰ ਅਪਣੇ ਬਾਪ ਦਾ ਪਤਾ ਕੇਵਲ ਵੇਸਵਾਂ ਦੇ ਪੁਤਰ ਨੂੰ ਹੀ ਨਹੀਂ ਹੁੰਦਾ। ਉਹ ਐਵੇਂ ਕਿਸੇ ਨੂੰ ਬਾਪ ਕਹਿੰਦਾ ਫਿਰੇ ਤਾਂ ਭਾਵੇਂ ਕੋਈ ਪਾਪ ਗਿਣਿਆ ਜਾਵੇ। ਜੇ ਸਿਰਫ ਇਸੇ ਕਰਕੇ ਹੀ ਗੁਰੂ ਰਾਮ ਸਿੰਘ ਨੂੰ'ਗੁਰੂ' ਕਹਿਣਾ'ਉਹ ਪਾਪ ਹੈ ਜੋ ਕੋਈ ਵੈਰੀ ਵੀ ਨਹੀਂ ਕਰ ਸਕਦਾ' ਤਦ ਇਥੇ ਤਾਂ'ਰਪਟੀਏ ਕੀ ਮਾਫਕ ਆਦਿ ਨਰਮ ਸ਼ਬਦ ਹੀ ਵਰਤੇ ਗਏ ਹਨ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਕਲਮ ਨਾਲ।

ਜੋ ਹਮ ਕੋ ਪਰਮੇਸਰ ਉਚਰਿ ਹੈ।
ਤੇ ਸਭ ਨਰਕ ਕੁੰਡ ਮਹਿ ਪਰਿ ਹੈ।--

Namdhari Elibrary NamdhariElibrary@gmail.com

ਉਨ੍ਹਾਂ ਨੇ ਪ੍ਰਮੇਸ਼ਰ ਰੂਪ ਸਮਝਣ ਵਾਲੇ ਨੂੰ ਨਰਕ ਕੁੰਡਾਂ ਵਿਚ ਪੈਣ ਦਾ ਭਾਗੀ ਹੋਣਾ ਦਸਿਆ ਹੈ। ਫਿਰ ਵੀ ਅਸੀਂ ਪਿਛਲੇ ਲਗਭਗ ਤਿੰਨ ਸੌ ਵਰ੍ਹੇ ਵਿਚ ਉਨ੍ਹਾਂ ਨੂੰ ਅਕਾਲ ਪੁਰਖ, ਦੋ ਜਹਾਨ ਦੇ ਵਾਲੀ, ਹਰਤਾ ਕਰਤਾ ਆਦਿ ਸ਼ਬਦਾਂ ਨਾਲ ਸੰਬੋਧਨ ਕਰਦੇ ਚਲੇ ਆ ਰਹੇ ਹਾਂ, ਪਰ ਕਿਸੇ ਨੂੰ ਨਾ ਤਾਂ ਅਜ ਤਕ ਪਾਪ ਲਗਾ ਸੁਣਿਆ ਹੈ ਤੇ ਨਾ ਹੀ ਕਿਸੇ ਨੇ ਦਸਿਆ ਹੀ ਹੈ। ਸਤਿਗੁਰੂ ਰਾਮ ਸਿੰਘ ਜੀ ਬਾਰੇ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਹੀ ਭਾਈ ਆਲਮ ਸਿੰਘ ਨਾਲ ਬਚਨ ਕਰਦਿਆਂ ਫੁਰਮਾਇਆ ਸੀ—

ਆਲਿਮ ਸਿੰਘ ਬੰਦ ਕਰ ਦੋਇ।
ਕਿਹਾ ਕਿ ਦਰਸ਼ਨ ਭੀ ਤੁਮ ਹੋਇ ?
ਬੇਰ ਗਿਆਰ੍ਹਵੀਂ ਹਮ ਚਲ ਆਵਹਿੰ।
ਤਿਸਤੇ ਕੋਇ ਕੁ ਹਮ ਲਖ ਪਾਵਹਿੰ।
ਰਾਮ ਸਿੰਘ ਮੇਰੋ ਹੋਇ ਨਾਮਾ।
ਬਾਢੀ ਸੁਤ ਭੈਣੀ ਕੋ ਧਾਮਾ।
ਤਿਸ ਮਹਿ ਰਾਮ ਸਿੰਘ ਮਮ ਸਾਰਾ।
ਦੇਸ ਮਾਲਵੇ ਮਹਿ ਅਵਤਾਰਾ।

ਇਸੇ ਤਰ੍ਹਾਂ ਦੇ ਭਾਵ ਗਿਆਨੀ ਗਿਆਨ ਸਿੰਘ ਜੀ ਨੇ ਪ੍ਰਗਟਾਏ ਹਨ—

ਔਰ ਇਲਹਾਮ ਕਰਤਾਰ ਕਈ ਬਾਰ ਦਯੋ
ਨਾਮ ਦੇ ਉਧਾਰ ਕਰ ਜੀਵਨ ਕਾ ਤੂੰ ਖਰੇ।
ਐਪੇ ਗੁਰ ਦਸਮ ਦਰਸ ਦੈ ਜੋ ਕਹਯੋ ਤਾਹਿ
ਮੇਰੋ ਅਵਤਾਰ ਅੰਸ ਰਾਮ ਸਿੰਘ ਹਵੈ ਭਰੇ।
ਯਾਹਿ ਹਿਤ ਤਾਹਿਨਾਂਹਿ ਔਰ ਕਾਂਹਿ ਮਾਂਹਿ ਨਿਜ,
ਸਕਤਿ ਰਖਾਈ ਗੁਰੁ ਵਾਕ ਦਿਢ ਥੇ ਧਰੇ।

ਜੇ ਇੰਨਾਂ ਕੁਝ ਹੁੰਦਿਆਂ ਹੋਇਆਂ ਵੀ ਗੁਰੂ ਰਾਮ ਸਿੰਘ ਜੀ ਨੂੰ ਗੁਰੂ ਕਹਿਣਾ ਪਾਪ ਹੈ, ਤਦ ਜਦੋਂ ਬਾਕੀ ਦੇ ਸਿਖ, ਦਸਮੇਸ਼ ਜੀ ਦੇ ਉਕਤ ਹੁਕਮ ਦੀ ਉਲੰਘਣਾਂ ਕਰਨ ਕਰਕੇ ਨਰਕ ਕੁੰਡਾਂ ਵਿਚ ਪੈਣ ਲਗ ਜਾਣਗੇ ਤਦ ਕੂਕੇ ਵੀ ਇਸ ਪਾਪ ਦਾ ਭਾਰ ਝਲ ਲੈਣਗੇ।

ਉਕਤ ਵਰਗਾਂ ਦੇ ਆਮ ਲੇਖਕ ਇਹ ਵੀ ਇਤਰਾਜ਼ ਕਰਦੇ ਹਨ ਕਿ ਨਾਮਧਾਰੀਆਂ ਨੇ ਗੁਰੂ ਰਾਮ ਸਿੰਘ ਨੂੰ 'ਗੁਰੂ' ਬਣਾਕੇ ਪਾਪ ਤਾਂ ਕੀਤਾ ਹੀ ਹੈ ਨਾਲ ਹੀ ਉਨ੍ਹਾਂ ਨੂੰ ਆਮ ਜਨਤਾ ਤੋਂ ਪ੍ਰਾਪਤ ਹੋਣ ਵਾਲੇ ਸਤਿਕਾਰ ਤੋਂ ਵੀ ਵਾਂਜਿਆਂ ਰਖਿਆ ਹੈ। ਇਹ ਕਿਸਤਰ੍ਹਾਂ ਦੇ ਸਤਿਕਾਰ ਦੀ ਗੱਲ ਕਰਦੇ ਹਨ ? ਇਸ ਗੱਲ ਦੀ ਵਧੇਰੇ ਸਮਝ ਤਾਂ ਉਨ੍ਹਾਂ ਨੂੰ ਹੀ ਹੋਵੇਗੀ ਪਰ ਜੋ ਕੁਛ ਸਾਡੀ ਸਮਝ ਵਿਚ ਆ ਸਕਿਆ ਹੈ ਉਸ ਅਨੁਸਾਰ ਇਹ 'ਸਤਿਕਾਰ' ਨਿਰਾਲੇ ਢੰਗ ਦਾ ਹੀ ਹੈ। ਇਥੇ ਸਿਰਫ ਡਾਕਟਰ ਗੰਡਾ ਸਿੰਘ ਦੀ ਲਿਖਤ ਦੀ ਇਕ ਉਦਾਹਰਣ ਦੇਣੀ ਹੀ ਯੋਗ ਹੋਵੇਗੀ।

ਡਾਕਟਰ ਸਾਹਿਬ ਨੇ, ਢੇਰ ਚਿਰ ਪਹਿਲਾਂ, ਕੂਕਿਆਂ ਬਾਰੇ ਇਕ ਪੁਸਤਕ ਲਿਖੀ ਸੀ 'ਕੂਕਿਆਂ ਦੀ ਵਿਥਿਆ' ਨਾਮਧਾਰੀ ਇਤਹਾਸ ਨਾਲ ਸਬੰਧਤ ਆਪਣੀ ਇਸ ਇਕਲੌਤੀ ਪੁਸਤਕ ਵਿਚ ਉਨ੍ਹਾਂ ਨੇ ਅਡੀ ਚੋਟੀ ਦਾ ਜ਼ੋਰ ਇਸੇ ਗਲ ਨੂੰ ਸਿਧ ਕਰਨ ਤੇ ਹੀ ਲਾਇਆ ਹੈ ਕਿ ਅੰਗਰੇਜ਼ ਸਚੇ, ਸਫਲ ਤੇ ਨਿਸ਼ਕਪਟ ਸ਼ਾਸਕ ਸਨ ਤੇ ਕੂਕੇ ਗਲਤ ਜਾਂ ਝੂਠੇ। ਆਪਣੀ ਇਸ ਧਾਰਨਾ ਨੂੰ ਠੀਕ ਸਿਧ ਕਰਨ ਖਾਤਰ ਉਨ੍ਹਾਂ ਨੇ ਆਮ ਪਾਠਕਾਂ ਦੀਆਂ ਅਖਾਂ ਵਿਚ ਕਿੰਨਾ ਮੋਟਾ ਘੱਟਾ ਪਾਇਆ ਹੈ, ਇਸਦੀ ਉਦਾਹਰਣ ਵਜੋਂ ਅੰਮ੍ਰਿਤਸ੍ਰ ਦੇ ਬੁਚੜ ਬਧ ਦੀ ਘਟਨਾਂ ਨੂੰ ਹੀ ਲਿਆ ਜਾ ਸਕਦਾ ਹੈ। ਬੁਚੜਖਾਨੇ ਤੇ ਹਮਲਾ ਨਾਮਧਾਰੀ ਸਿੰਘਾਂ ਨੇ ੧੪-੧੫ ਜੂਨ ੧੮੭੧ ਦੀ ਰਾਤ ਨੂੰ ਕੀਤਾ ਸੀ। ਅੰਗਰੇਜ਼ ਦੀ ਪੁਲਸ ਅਸਲ ਦੋਸ਼ੀਆਂ ਨੂੰ ਲਭਣ ਤੋਂ ਅਸਫਲ ਤੇ ਅਸਮਰਥ ਰਹੀ ਸੀ ਜਿਸ ਕਾਰਨ ਬਾਰਾਂ ਬੇਦੋਸ਼ੇ ਹਿੰਦੂ ਸਿਖਾਂ ਨੂੰ ਫੜ ਕੇ ਫਾਂਸੀ ਦੇਣ ਦਾ ਫੈਸਲਾ ਹੋ ਗਿਆ ਸੀ। ਇਸ ਵਿਚਕਾਰਲੇ ਸਮੇਂ ਵਿਚ ਹੀ ਅਸਲੀ ਦੋਸ਼ੀ ਗੁਰੂ ਰਾਮ ਸਿੰਘ ਦੇ ਦਰਸ਼ਨਾਂ ਨੂੰ ਗਏ ਜਿਥੇ ਉਨ੍ਹਾਂ ਨੇ ਆਪਣਾ ਦੋਸ਼ ਸਵੀਕਾਰ ਕੀਤਾ। ਗੁਰੂ ਜੀ ਨੇ ਉਨ੍ਹਾਂ ਨੂੰ, ਬੇਦੋਸ਼ੇ ਬੰਦੇ ਛੁਡਾਕੇ ਆਪ ਇਹ ਸਜਾ ਭੁਗਤਣ ਦਾ ਹੁਕਮ ਦਿਤਾ, ਜਿਸ ਅਨੁਸਾਰ ਸਿੰਘਾਂ ਅੰਮ੍ਰਿਤਸਰ ਦੀ ਕਚਹਿਰੀ ਵਿਚ ਪੇਸ਼ ਹੋਕੇ ਆਪਣੇ ਦੋਸ਼ ਦਾ ਇਕਬਾਲ ਕੀਤਾ,

(ਬਾਕੀ ਦੇਖੋ ਸਫਾ ੪੯)

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ—

ਕਸ਼ਮੀਰ ਅਤੇ ਨੇਪਾਲ ਨਾਲ ਸਬੰਧ

ਦਵਿੰਦਰ ਸਿੰਘ ਜੀ ਗਿੱਲ (ਜੀਆ ਨੱਥਾ)

ਯੁਗ ਪੁਰਸ਼ ਸਾਹਿਬ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੇ ੧੮੫੭ ਈਸਵੀ ਦੀ ਵਿਸਾਖੀ ਨੂੰ ਸੰਤ ਖਾਲਸਾ ਦੀ ਸਾਜਨਾ ਕਰਕੇ ਐਹੋ ਜਿਹੀ ਕਲਾ ਵਰਤਾਈ ਕਿ ਰਸਾਤਲ ਵਲ ਜਾ ਰਹੀ ਸਿਖ ਕੌਮ ਨੂੰ ਹਲੂਣਾ ਵੱਜਾ ਤੇ ਜਾਗ ਆਈ ਤਾਂ ਸਿਖਾਂ ਨੂੰ ਪਤਾ ਲਗਾ ਕਿ ਉਹ ਤਾਂ ਵਿਦੇਸ਼ੀਆਂ ਦੇ ਗੁਲਾਮ ਬਣੇ ਬੈਠੇ ਹਨ। ਅੰਗਰੇਜ਼ ਭਾਰਤ ਦਾ ਕੱਚਾ ਮਾਲ ਇੰਗਲੈਂਡ ਲੈ ਜਾਂਦੇ ਅਤੇ ਉਥੋਂ ਮਾਲ ਤਿਆਰ ਕਰਕੇ ਭਾਰਤ ਵਿਚ ਦੂਣੇ ਮੁਲ ਤੇ ਵੇਚਕੇ ਮੁਨਾਫਾ ਕਮਾਉਂਦੇ। ਮਿਸਾਲ ਵਜੋਂ ਭਾਰਤ ਤੋਂ ਕਪਾਹ ਦੀਆਂ ਗਠਾਂ ਤਿਆਰ ਕਰਕੇ ਇੰਗਲੈਂਡ ਲਿਜਾਈਆਂ ਜਾਂਦੀਆਂ ਤੇ ਉਥੇ ਉਸ ਕਪਾਹ ਦੇ ਕਪੜੇ ਤਿਆਰ ਕਰਕੇ ਭਾਰਤ ਵਿਚ ਲਿਆਕੇ ਵੇਚੇ ਜਾਂਦੇ। ਇਸ ਪ੍ਰਕਾਰ ਭਾਰਤੀਆਂ ਦੀਆਂ ਜੁਤੀਆਂ, ਭਾਰਤੀਆਂ ਦੇ ਸਿਰ ਮਾਰੀਆਂ ਜਾਂਦੀਆਂ।

"ਫੁਟ ਪਾਓ ਤੇ ਰਾਜ ਕਰੋ" ਅੰਗਰੇਜ਼ਾਂ ਦੀ ਪਾਲਸੀ ਸੀ। ਅੰਗਰੇਜ਼ਾਂ ਨੇ ਦੇਸੀ ਰਿਆਸਤਾਂ ਦੇ ਰਾਜਿਆਂ ਵਿਚ ਆਪਸੀ ਫੁਟ ਪਾਕੇ ਹੌਲੀ ਹੌਲੀ ਸਾਰਾ ਹਿੰਦੋਸਤਾਨ ਆਪਣੇ ਕਾਬੂ ਹੇਠ ਕਰ ਲਿਆ। ਸਿਖਾਂ ਜਿਹੀ ਅਣਖੀ ਕੌਮ ਨੂੰ ਵੀ ਸਭਰਾਵਾਂ ਦੀ ਆਖਰੀ ਲੜਾਈ ਵਿਚ ਅੰਗਰੇਜ਼ਾਂ ਨੇ ਨੇਸਤੋਨਾਬੂਦ ਕਰਕੇ ਰਖ ਦਿਤਾ। ਖਾਲਸਾ ਦਰਬਾਰ ਦੀ ਫੁਟ ਨੇ ਉਹ ਰੰਗ ਦਿਖਾਏ ਕਿ ਪੰਜਾਬ ਸਦਾ ਲਈ ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜਿਆ ਗਿਆ। ਆਜ਼ਾਦੀ ਦਾ ਦੀਵਾ ਸਦਾ ਲਈ ਬੁਝ ਗਿਆ ਅਤੇ ਪੰਜਾਬ ਤੇ ਗੁਲਾਮੀ ਦੇ ਬਦਲ ਛਾ ਗਏ। ਪੰਜਾਬੀਆਂ ਦੀ ਅਣਖ ਦਾ ਸੂਰਜ ਅਸਤ ਹੋ ਗਿਆ ਤੇ ਉਹਨਾਂ ਦੇ ਹੌਂਸਲੇ ਪੱਸਤ ਹੋ ਗਏ। ਅੰਗਰੇਜ਼ ਹਕੂਮਤ ਨੇ ਪੰਜਾਬੀਆਂ ਨੂੰ ਅਪਨੇ ਭਗਤ ਅਥਵਾ ਵਫਾਦਾਰ ਬਣਾਉਣ ਲਈ ਪੰਜਾਬ ਵਿਚ ਨਹਿਰਾਂ ਖੋਦੀਆਂ, ਵਲੈਤੀ ਕਪੜੇ ਦੀ ਭਰਮਾਰ ਕਰ ਦਿਤੀ, ਵਲੈਤੀ ਮਸ਼ੀਨਰੀ ਪੰਜਾਬ ਵਿਚ ਸਸਤੇ ਭਾਅ ਵੇਚਣੀ ਸ਼ੁਰੂ ਕਰ ਦਿਤੀ। ਕੁਝ ਚੋਲਵੇਂ ਝੋਲੀ ਚੁਕਾਂ ਨੂੰ ਜ਼ੈਲਦਾਰ, ਸਫੈਦਪੋਸ਼ ਆਦਿਕ ਖਿਤਾਬਾਂ ਨਾਲ ਨਿਵਾਜਿਆ।

ਉਹ ਝੋਲੀ ਚੁਕ ਸਦਾ ਅੰਗਰੇਜ਼ ਹਕੂਮਤ ਦਾ ਪੱਖ ਪੂਰਕੇ ਤੇ ਉਹਨਾਂ ਦੇ ਸੋਹਲੇ ਗਾਉਂਦੇ। ਇਥੇ ਹੀ ਬਸ ਨਹੀਂ, ਜੇ ਕੋਈ ਉਹਨਾਂ ਦੇ ਇਲਾਕੇ ਦਾ ਵਸਨੀਕ ਸਰਕਾਰ ਦੇ ਖਿਲਾਫ਼ ਸਾਜਿਸ਼ ਕਰਦਾ, ਇਹਨਾਂ ਨੂੰ ਪਤਾ ਲਗ ਜਾਂਦਾ ਤਾਂ ਇਹ ਝੱਟ ਥਾਣੇ ਰਿਪੋਰਟ ਕਰ ਦਿੰਦੇ ਅਤੇ ਨਿਰਦੋਸ਼ਾਂ ਨੂੰ ਸਜਾ ਕਰਵਾ ਦੇਂਦੇ। ਗੁਰਦੁਆਰਾ ਤੇ ਮੰਦਰਾਂ ਦੇ ਪੁਜਾਰੀਆਂ ਨੂੰ ਵੀ ਸਰਕਾਰ ਨੇ ਆਪਣੇ ਪਿਠੂ ਬਣਾ ਲਿਆ। ਗੁਰਦੁਆਰਿਆਂ ਵਿਚ ਪੁਜਾਰੀ "ਯੁਗ ਯੁਗ ਰਾਜ ਸਵਾਇਆ, ਟੋਪੀ ਵਾਲੇ ਦਾ" ਦੀਆਂ ਅਰਦਾਸਾਂ ਕਰਦੇ ਨਹੀਂ ਥੱਕਦੇ ਸਨ। ਅੰਗਰੇਜ਼ਾਂ ਨੇ ਉਹਨਾਂ ਦੇ ਹੱਕ ਵਿਚ ਇਕ ਅਜਿਹਾ ਕਾਨੂੰਨ ਹੋਂਦ ਵਿਚ ਲਿਆਂਦਾ ਜਿਸ ਨਾਲ ਗੁਰਦੁਆਰਿਆਂ ਤੇ ਕਾਬਜ ਮਹੰਤ ਉਥੋਂ ਦੀਆਂ ਜਾਇਦਾਦਾਂ ਦੇ ਮਾਲਕ ਬਣ ਗਏ। ਮਾਲਕ ਬਣਨ ਨਾਲ ਇਹ ਲੋਕ, ਵਿਲਾਸੀ ਹੋ ਗਏ ਅਤੇ ਗੁਰਦੁਆਰਿਆਂ ਦੀ ਧਾਰਮਿਕ ਰਹੁ ਰੀਤ ਖਤਮ ਹੋ ਗਈ।

ਉਸ ਭਿਆਨਕ ਅਰਾਜਕਤਾ ਦੇ ਸਮੇਂ ਸਤਿਗੁਰੂ ਰਾਮ ਸਿੰਘ ਜੀ ਦਾ ਸ਼ੁਭ ਆਗਮਨ ਹੋਇਆ ਜਿਹਨਾਂ ਨੇ ੧੮੫੭ ਈਸਵੀ ਦੇ ਇਤਿਹਾਸਕ ਦਿਨ ੧੩

ਅਪਰੈਲ ਨੂੰ "ਸੰਤ ਖਾਲਸਾ" ਦੀ ਸਾਜਨਾ ਕੀਤੀ ਅਤੇ ਠੋਕਰਾਂ ਖਾ ਰਹੇ ਪੰਜਾਬੀਆਂ ਨੂੰ ਆਜ਼ਾਦੀ ਦਾ ਪੈਗਾਮ ਦਿਤਾ। ਸਮੁਚੇ ਪੰਜਾਬ ਵਿਚ ਸਤਿਗੁਰੂ ਜੀ ਵਲੋਂ ਪ੍ਰਚਾਰ ਦੌਰੇ ਕੀਤੇ ਜਾਣ ਲਗੇ ਜਿਹਨਾਂ ਵਿਚ ਧਰਮ ਪ੍ਰਚਾਰ ਦੇ ਨਾਲ ਅੰਗਰੇਜ਼ ਸਰਕਾਰ ਦੀ ਦੋਗਲੀ ਨੀਤੀ ਦਾ ਪੋਲ ਵੀ ਖੋਲ੍ਹਿਆ ਜਾਂਦਾ। ਸਤਿਗੁਰੂ ਜੀ ਦੇ ਪ੍ਰਚਾਰ ਤੋਂ ਸਰਕਾਰ ਭੈਭੀਤ ਹੋ ਗਈ। ਮਿਸਟਰ ਮੈਕਨਬ ਡਿਪਟੀ ਕਮਿਸ਼ਨਰ ਸਿਆਲਕੋਟ ਨੇ ੫ ਅਪਰੈਲ ੧੮੬੩ ਈਸਵੀ ਨੂੰ ਹੇਠ ਲਿਖੀ ਰਿਪੋਰਟ ਪੰਜਾਬ ਸਰਕਾਰ ਨੂੰ ਭੇਜੀ:-

"ਜ਼ਿਲਾ ਲੁਧਿਆਣੇ ਦਾ ਰਾਮ ਸਿੰਘ ਨਾਮ ਦਾ ਇਕ ਅਧਖੜ ਉਮਰ ਦਾ ਸਿਖ ਆਪਣੇ ਦੋ ਸੌ ਸੇਵਕਾਂ ਸਮੇਤ ਜ਼ਿਲਾ ਸਿਆਲਕੋਟ ਵਿਚ ਫਿਰ ਰਹਿਆ ਹੈ। ਉਹ ਆਪਣੇ ਸੇਵਕਾਂ ਨੂੰ ਬੰਦੂਕ ਦੀ ਥਾਂ ਡਾਂਗਾਂ ਨਾਲ ਕਵਾਇਦ ਕਰਾਉਂਦਾ ਹੈ ਤੇ ਕਿਸੇ ਦੀ ਈਨ ਨਹੀਂ ਮੰਨਦਾ। ਉਸਦੇ ਜਥੇ ਵਿਚ ਬਹੁਤ ਸਾਰੀਆਂ ਬੀਬੀਆਂ ਭੀ ਹਨ। ਉਸਦੇ ਸੇਵਕਾਂ ਦੀ ਗਿਣਤੀ ਪੰਜ ਹਜ਼ਾਰ ਹੈ ਤੇ ਉਹ ਜਥੇ ਸਮੇਤ ਵਿਸਾਖੀ ਤੇ ਅੰਮ੍ਰਿਤਸਰ ਪੁਜ ਰਹਿਆ ਹੈ।"

ਇਸ ਪ੍ਰਕਾਰ ਸਤਿਗੁਰੂ ਜੀ ਦੇ ਦੌਰਿਆਂ ਪ੍ਰਤੀ ਝੂਠੀਆਂ ਸੱਚੀਆਂ ਰਿਪੋਰਟਾਂ ਸਰਕਾਰੀ ਕਰਿੰਦੇ ਕੇਂਦਰ ਨੂੰ ਭੇਜਦੇ ਰਹਿੰਦੇ ਅਤੇ ਕਈ ਕਈ ਮਨ-ਘੜਤ ਗਲਾਂ ਵਿਚ ਬਿਆਨ ਕੀਤੀਆਂ ਜਾਂਦੀਆਂ ਪ੍ਰੰਤੂ ਏਨਾਂ ਕੁਝ ਹੁੰਦੇ ਹੋਏ ਵੀ ਸਤਿਗੁਰੂ ਰਾਮ ਸਿੰਘ ਪੰਜਾਬ ਦੀ ਲੋਕਾਈ ਵਿਚ ਬਹੁਤ ਹਰਮਨ ਪਿਆਰੇ ਹੋ ਗਏ। ਉਹ ਜਿਥੇ ਵੀ ਜਾਂਦੇ, ਲੋਕ ਦੂਰ ਦੂਰ ਤੋਂ ਆਕੇ ਉਹਨਾਂ ਦੇ ਵਿਚਾਰ ਸੁਣਦੇ ਅਤੇ ਉਹਨਾਂ ਦੀ ਵਿਚਾਰਧਾਰਾ ਨੂੰ ਅਮਲ ਵਿਚ ਲਿਆਉਣ ਦੇ ਜਤਨ ਕਰਦੇ। ਮਿਸਟਰ ਮੈਕਐਂਡਰਿਊ ੨੦ ਨਵੰਬਰ ੧੮੭੧ ਈਸਵੀ ਦੀ ਆਪਣੀ ਰਿਪੋਰਟ ਵਿਚ ਲਿਖਦਾ ਹੈ:-

"ਜਦ ਉਹ ਹਜ਼ਰੋਂ ਦੇ ਗੁਰੂ ਬਾਲਕ ਸਿੰਘ ਦਾ ਚੇਲਾ ਬਣਕੇ ਡੇਰੇ ਦਾ ਮਾਲਕ ਬਣਿਆ ਤਦ ਉਹ ਮਹੰਤ ਰਾਮ ਸਿੰਘ ਸੀ। ਉਪਰੰਤ ਉਸ ਨੂੰ ਗੁਰੂ ਰਾਮ ਸਿੰਘ ਦੇ ਨਾਮ ਨਾਲ ਯਾਦ ਕਰਦੇ ਸਨ। ਇਸ ਤੋਂ ਪਿਛੋਂ ਸਤਿਗੁਰੂ ਕਹਿਣ ਲਗੇ ਅਤੇ ਹੁਣ ਸਤਿਗੁਰੂ ਪਾਤਸ਼ਾਹ ਅਤੇ ਸੱਚਾ ਪਾਤਸ਼ਾਹ ਕਹਿਕੇ ਸਤਿਕਾਰਦੇ ਹਨ।"

੧੮੫੭ ਈਸਵੀ ਤੋਂ ਬਾਅਦ ਛੇਤੀ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਸਰਕਾਰ ਨਾਲ ਨਾਮਿਲਵਰਤਨ ਦੀ ਲਹਿਰ ਚਲਾ ਦਿਤੀ ਅਤੇ ਬਿਦੇਸ਼ੀ ਸਰਕਾਰ ਦੀ ਹਰ ਵਸਤ ਦਾ ਬਾਈਕਾਟ ਕਰਨਾ ਸ਼ੁਰੂ ਕਰ ਦਿਤਾ। ਕੂਕਿਆਂ ਅਰਥਾਤ ਨਾਮਧਾਰੀਆਂ ਨੇ ਵਿਦੇਸ਼ੀ ਕਪੜਾ ਪਹਿਨਣਾ ਛੱਡ ਦਿਤਾ ਅਤੇ ਆਪਣਾ ਡਾਕ ਮਹਿਕਮਾ ਸ਼ੁਰੂ ਕਰ ਦਿਤਾ। ਅੰਗਰੇਜ਼ੀ ਅਦਾਲਤਾਂ ਦਾ ਬਾਈਕਾਟ ਕੀਤਾ ਅਤੇ ਨਾਮਧਾਰੀਆਂ ਨੇ ਦੀਵਾਨੀ ਤੇ ਫੌਜਦਾਰੀ ਝਗੜਿਆਂ ਦੇ ਫੈਸਲੇ ਆਪੋ ਵਿਚ ਬੈਠਕੇ ਨਿਬੇੜਨੇ ਸ਼ੁਰੂ ਕਰ ਦਿਤੇ। ਸਤਿਗੁਰੂ ਰਾਮ ਸਿੰਘ ਜੀ ਨੇ ਦੇਸੀ ਰਿਆਸਤਾਂ ਅਤੇ ਗਵਾਂਢੀ ਦੇਸ਼ ਨੇਪਾਲ, ਰੂਸ ਅਤੇ ਕਾਬਲ ਵਲ ਆਪਣੇ ਮਿਸ਼ਨ ਭੇਜੇ ਅਤੇ ਦੇਸ਼ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਛੁਟਕਾਰਾ ਪਵਾਉਣ ਲਈ ਜੋੜ ਤੋੜ ਸ਼ੁਰੂ ਕਰ ਦਿਤੇ। ਅੰਗਰੇਜ਼ ਹਕੂਮਤ ਵੀ ਚੌਕੰਨੀ ਹੋ ਗਈ ਸੀ, ਉਹ ਨਾਮਧਾਰੀਆਂ ਦੀਆਂ ਹਰ ਗਤੀਵਿਧੀਆਂ ਤੇ ਨਜ਼ਰ ਰਖਦੀ ਅਤੇ ਜਦੋਂ ਵੀ ਕੋਈ ਕੂਕਾ ਗਵਾਂਢੀ ਰਿਆਸਤ ਜਾਂ ਦੇਸ਼ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਦੂਤ ਵਜੋਂ ਜਾਂਦਾ ਤਾਂ ਸਰਕਾਰ ਦੇ ਖੁਫੀਆ ਬੰਦੇ ਵੀ ਨਾਮਧਾਰੀਆਂ ਦਾ ਪਿੱਛਾ ਕਰਦੇ। ਜਦੋਂ ਨਾਮਧਾਰੀਆਂ ਨੇ ਕਾਬਲ ਸਰਕਾਰ ਨਾਲ ਸੰਬੰਧ ਕਾਇਮ ਕੀਤੇ ਤਾਂ ਅੰਗਰੇਜ਼ ਸਰਕਾਰ ਬੜੀ ਹੈਰਾਨ ਹੋਈ। ਕਪਤਾਨ ਬੇਲੀ ਡੀ. ਆਈ. ਜੀ. ਪੁਲੀਸ ਫਰਵਰੀ ੧੮੬੭ ਈਸਵੀ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਕਾਬਲ ਮਿਸ਼ਨ ਬਾਰੇ ਆਪਣੀ ਰਿਪੋਰਟ ਵਿਚ ਲਿਖਦਾ ਹੈ:-

"ਉਨ੍ਹਾਂ (ਕਾਬਲ ਦੇ ਸ਼ਹਿਜ਼ਾਦਿਆਂ) ਦੇ ਇਸ ਸਫ਼ਰ ਸੰਬੰਧੀ ਠੀਕ ਉਦੇਸ਼ ਦਾ ਪਤਾ ਨਹੀਂ ਲਗ ਸਕਿਆ ਪਰੰਤੂ ਇਹ ਗਲ ਬੜੀ ਹੈਰਾਨੀ ਵਾਲੀ ਹੈ ਕਿ ਇਕ ਪੇਂਡੂ ਤਰਖਾਣ ਦੀ ਸ਼ੁਹਰਤ ਕਿਥੋਂ ਕਿਥੋਂ ਤਕ ਪੁਜ ਚੁਕੀ ਹੈ।"

ਇਸ ਤੋਂ ਬਿਨਾਂ ਕੂਕਿਆਂ ਨੇ ਰੂਸ ਦੇ ਜ਼ਾਰ ਨਾਲ ਵੀ ਸੰਬੰਧ ਕਾਇਮ ਕੀਤੇ ਅਤੇ ਜ਼ਾਰ ਸ੍ਰਕਾਰ ਦੀ ਮਦਦ ਮੰਗੀ। ਪੰਜਾਬ ਦੇ ਮਹਾਰਾਜੇ ਦਲੀਪ ਸਿੰਘ ਕੋਲ ਵੀ ਨਾਮਧਾਰੀ ਇੰਗਲੈਂਡ ਵਿਚ ਪਹੁੰਚੇ ਅਤੇ ਉਸਨੂੰ ਦੋਬਾਰਾ ਈਸਾਈ ਮਤ ਤੋਂ ਸਿਖ ਧਰਮ ਵਿਚ ਲਿਆਉਣ ਵਾਲੇ ਕੂਕੇ ਸਿਖ ਹੀ ਸਨ। ਇਹ ਬਿਰਤਾਂਤ ਇਕ ਵਖਰੇ ਲੇਖ ਦੀ ਮੰਗ ਕਰਦੇ ਹਨ। ਇਥੇ ਮੈਂ ਸਿਰਫ ਕਸ਼ਮੀਰ ਅਤੇ ਨੇਪਾਲ ਨਾਲ ਕੂਕਿਆਂ ਦੇ ਸਬੰਧਾਂ ਬਾਰੇ ਜ਼ਿਕਰ ਕਰਾਂਗਾ।

ਕਸ਼ਮੀਰ ਨਾਲ ਨਾਮਧਾਰੀਆਂ ਦੇ ਸਬੰਧ:—

ਕਸ਼ਮੀਰ ਦੇ ਇਲਾਕੇ ਤੇ ਮੁਢ ਕਦੀਮ ਤੋਂ ਹੀ ਰਾਜਿਆਂ ਮਹਾਰਾਜਿਆਂ ਦੀ ਨਜ਼ਰ ਰਹੀ ਹੈ। ਖ਼ਾਲਸਾ ਦਰਬਾਰ ਅਥਵਾ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੇ ਰਿਕਾਰਡਾਂ ਵਿਚ ਇਸ ਇਲਾਕੇ ਨੂੰ "ਜ਼ਨਤਿ ਨਜ਼ੀਰ" ਨਾਮ ਦਿਤਾ ਹੈ। ਇਥੋਂ ਦੀਆਂ ਹੁਸੀਨ ਵਾਦੀਆਂ ਹਰ ਰਾਜੇ ਮਹਾਰਾਜੇ ਦਾ ਮਨ ਮੋਹ ਲੈਂਦੀਆਂ। ਇਥੋਂ ਦੇ ਵੰਨ ਸੁਵੰਨੇ ਫਲ, ਫੁਲ ਤੇ ਆਬਸ਼ਾਰਾਂ ਮਹਾਰਾਜਿਆਂ ਦਾ ਮਨ ਕੀਲ ਲੈਂਦੀਆਂ ਹਰ ਕੋਈ ਮਹਾਰਾਜਾ ਜੇਠ ਹਾੜ ਦੇ ਗਰਮੀ ਮਾਰੇ ਮਹੀਨੇ ਇਸ ਧਰਤੀ ਤੇ ਬਿਤਾਉਣੇ ਚਾਹੁੰਦਾ ਸੀ।

ਅੰਗਰੇਜ਼ ਹਕੂਮਤ ਦੀ ਨਜ਼ਰ ਤੋਂ ਵੀ ਇਹ ਧਰਤੀ ਬਚ ਨਾਂ ਸਕੀ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਕਸ਼ਮੀਰ ਦਾ ਮਹਾਰਾਜਾ, ਰਣਬੀਰ ਸਿੰਘ ਸੀ। ਮਹਾਰਾਜਾ ਰਣਬੀਰ ਸਿੰਘ ਆਪਣੇ ਸ਼ਾਸਨ ਦੇ ਕਾਰਜਾਂ ਵਿਚ ਅੰਗਰੇਜ਼ਾਂ ਦੀ ਦਖਲ ਅੰਦਾਜ਼ੀ ਨੂੰ ਠੀਕ ਨਹੀਂ ਸੀ ਸਮਝਦਾ ਪਰ ਅੰਗਰੇਜ਼ ਇਸਦੀ ਅੰਤਰ ਰਾਸ਼ਟਰੀ ਹਾਲਤ ਨੂੰ ਦੇਖਕੇ ਆਪਣੇ ਹੱਥਾਂ ਵਿਚ ਰਖਣਾ ਚਾਹੁੰਦੇ ਸਨ ! ਅੰਗਰੇਜ਼ ਰੈਜ਼ੀਡੈਂਟ, ਮਹਾਰਾਜਾ ਰਣਬੀਰ ਸਿੰਘ ਦੇ ਵਜ਼ੀਰ ਦੀਵਾਨ ਕਿਰਪਾ ਰਾਮ ਨੂੰ ਆਪਣੇ ਹੱਥਾਂ ਵਿਚ ਰਖਦਾ ਸੀ ਅਤੇ ਉਸ ਤੋਂ ਰਾਜ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਪ੍ਰਾਪਤ ਕਰਦਾ। ਮਹਾਰਾਜਾ ਰਣਬੀਰ ਸਿੰਘ ਦਾ ਸਲਾਹਕਾਰ, ਮਹਾਰਾਜਾ ਗੁਲਾਬ ਸਿੰਘ ਦਾ ਗੁਰੂ ਵੇਦਾਂਤੀ ਸੀ। ਵੇਦਾਂਤੀ ਜੀ ਆਜ਼ਾਦ ਖਿਆਲਾਂ ਦੇ ਸਨ ਅਤੇ ਉਹ ਅੰਗਰੇਜ਼ਾਂ ਨੂੰ ਨਫ਼ਰਤ ਕਰਦੇ ਸਨ ਤੇ ਨਾਮਧਾਰੀਆਂ ਦੀ ਦੇਸ਼ ਭਗਤੀ ਦੀ ਸਪਿਰਟ ਨੂੰ ਪਿਆਰ ਕਰਦੇ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਨੂੰ ਚੰਗਾ ਸਮਝਦੇ ਸਨ।

ਵੇਦਾਂਤੀ ਜੀ ਦੀਆਂ ਸ਼ੁਭ ਇਛਾਵਾਂ ਸਦਕਾ ੧੮-੬੯ ਈਸਵੀ ਵਿਚ ਗਰਮੀ ਦੀ ਰੁਤ ਵਿਚ ਸਰਦਾਰ ਹੀਰਾ ਸਿੰਘ ਸਾਢੋਰਾ(ਜ਼ਿਲਾ ਅੰਬਾਲਾ) ਦੀ ਕਮਾਨ ਹੇਠ ੩੦—੩੫ ਕੂਕੇ ਮਹਾਰਾਜਾ ਰਣਬੀਰ ਸਿੰਘ ਕੋਲ ਕਸ਼ਮੀਰ ਵਿਖੇ ਪਹੁੰਚੇ ਅਤੇ ਡੋਗਰਾ ਫੌਜ ਵਿਚ ਭਰਤੀ ਹੋਣ ਦੀ ਇਛੱਾ ਜ਼ਾਹਰ ਕੀਤੀ। ਮਹਾਰਾਜਾ ਨੇ ਉਹਨਾਂ ਨੂੰ ਫੌਜ ਵਿਚ ਭਰਤੀ ਕਰ ਲਿਆ ਅਤੇ ਉਹਨਾਂ ਦੀ ਰਿਹਾਇਸ਼ ਦਾ ਪ੍ਰਬੰਧ ਸ਼ਹਿਰ ਤੋਂ ਬਾਹਰ ਕਰ ਦਿਤਾ ਅਤੇ ਉਹਨਾਂ ਨੂੰ ਇਕ ਵਖਰੀ ਪਲਟਨ ਬਣਾਉਣ ਦੇ ਅਧਿਕਾਰ ਵੀ ਦੇ ਦਿਤੇ। ਭਰਤੀ ਖੁਲੀ ਸੁਣ ਕੇ ਅਨੇਕਾਂ ਕੂਕੇ ਕਸ਼ਮੀਰ ਪਹੁੰਚੇ ਅਤੇ ਸਰਦਾਰ ਹੀਰਾ ਸਿੰਘ ਦੀ ਕਮਾਨ ਹੇਠ ਵਖਰੀ "ਕੂਕਾ ਪਲ-ਟਨ" ਵਿਚ ਭਰਤੀ ਹੋ ਗਏ। ਭਰਤੀ ਹੋਣ ਸਮੇਂ ਹਰ ਕੂਕੇ ਨੂੰ ਆਪਣੇ ਅੱਛੇ ਆਚਰਣ ਅਤੇ ਸੁਚ ਸੋਧ ਦੀ ਰਹਿਤ ਰਖਣ ਸਬੰਧੀ ਸਤਿਗੁਰੂ ਰਾਮ ਸਿੰਘ ਜੀ ਤੋਂ ਸਰਟੀਫੀਕੇਟ ਜਰੂਰੀ ਲਿਆਉਣਾ ਪੈਂਦਾ ਸੀ।

ਮਹਾਰਾਜਾ ਰਣਬੀਰ ਸਿੰਘ ਨੇ ਹਰ ਕੂਕਾ ਸਿਪਾਹੀ ਦੀ ਤਨਖਾਹ ਦਸ ਚਿਕਲੀ (ਰੁਪਏ) ਮਹੀਨਾ ਮੁਕਰਰ ਕੀਤੀ ਸੀ ਜਦੋਂ ਕਿ ਬਾਕੀ ਸਿਪਾਹੀਆਂ ਦੀ ਤਨਖਾਹ ਨੌਂ ਚਿਕਲੀ ਹੋਇਆ ਕਰਦੀ। ਤਨਖਾਹ ਦਾ ਕੁਝ ਹਿੱਸਾ ਆਟੇ ਦੀ ਸ਼ਕਲ ਵਿਚ ਤੇ ਬਾਕੀ ਨਕਦ ਮਿਲਦਾ। ਕੁਝ ਸਮੇਂ ਬਾਅਦ ਪਲਟਨ ਦਾ ਹੈਡ ਕੁਆਟਰ ਜੰਮੂ ਤੋਂ ਸ੍ਰੀ ਨਗਰ ਬਦਲ ਦਿਤਾ ਗਿਆ। ਹੌਲੀ ਹੌਲੀ ਕੂਕਾ ਸਿਪਾਹੀਆਂ ਦੀ ਗਿਣਤੀ ਢਾਈ ਸੌ ਤਕ ਪੁਜ ਗਈ ਜਿਹਨਾਂ ਵਿਚ ਦੋ ਸਿਪਾਹੀ ਮੁਸਲਮਾਨ ਵੀ ਸਨ ਜਿਹਨਾਂ ਨੇ ਨਾਮ-ਧਾਰੀ ਰਹਿਤ ਪ੍ਰਵਾਨ ਕਰ ਲਈ ਸੀ।

ਨਾਮਧਾਰੀਆਂ ਨੂੰ ਜਿਆਦਾਤਰ ਕਸ਼ਮੀਰ ਦੀਆਂ ਸਰਹੱਦੀ ਚੌਕੀਆਂ ਤੇ ਨਿਯੁਕਤ ਕੀਤਾ ਜਾਂਦਾ

ਸੀ। ਨਾਮਧਾਰੀਆਂ ਦੀ ਕਸ਼ਮੀਰ ਵਿਚ ਭਰਤੀ ਅਤੇ ਫਿਰ "ਨਾਮਧਾਰੀ ਪਲਟਨ" ਦੀ ਹੋਂਦ ਸੁਣਕੇ ਅੰਗਰੇਜ਼ ਸ੍ਰਕਾਰ ਨੂੰ ਚਿੰਤਾ ਹੋਈ ਅਤੇ ਉਹ ਨਾਮ-ਧਾਰੀਆਂ ਤੇ ਸਖਤ ਨਜ਼ਰ ਰਖਣ ਲਗੀ। ਅੰਗਰੇਜ਼ ਸ੍ਰਕਾਰ ਨੇ ਸੰਨ ੧੮੬੯ ਵਿਚ ਇਕ ਡਿਪਟੀ ਇਨ-ਸਪੈਕਟਰ ਉਚੇਚੇ ਤੋਰ ਤੇ ਜੰਮੂ ਭੇਜਿਆ ਤਾਂ ਕਿ ਉਹ ਉਥੇ ਨਾਮਧਾਰੀਆਂ ਦੀਆਂ ਸਰਗਰਮੀਆਂ ਨੂੰ ਦੇਖ ਸਕੇ। ਉਹ ਡਿਪਟੀ ਇਨਸਪੈਕਟਰ ਜੰਮੂ ਵਿਖੇ ਚਾਰ ਮਹੀਨੇ ਰਿਹਾ ਅਤੇ ਫਿਰ ਜੋ ਉਸਨੇ ਰਿਪੋਰਟ ਦਿਤੀ, ਉਹ ਇਸ ਪ੍ਰਕਾਰ ਹੈ:--

"ਛੇ ਸੱਤ ਮਹੀਨੇ ਹੋਏ ਹੀਰਾ ਸਿੰਘ ਅੰਬਾਲਾ, ਤਾਰਾ ਸਿੰਘ ਅੰਮ੍ਰਿਤਸਰ, ਲਾਲ ਸਿੰਘ ਪਟਿਆਲਾ, ਚੰਦਾ ਸਿੰਘ ਅੰਮ੍ਰਿਤਸਰ ਅਤੇ ਤਕਰੀਬਨ ਤੀਹ ਹੋਰ ਕੂਕੇ, ਮਹਾਰਾਜਾ ਕਸ਼ਮੀਰ ਪਾਸ ਗਏ ਅਤੇ ਨੌਕਰੀ ਲਈ ਬੇਨਤੀ ਕੀਤੀ। ਮਹਾਰਾਜਾ ਨੇ ਉਨ੍ਹਾਂ ਲਈ ਸ਼ਹਿਰੋਂ ਬਾਹਰ ਇਕ ਛਾਉਣੀ ਪਾ ਦਿਤੀ ਤੇ ਇਕ ਵਖਰੀ ਪਲਟਨ ਬੰਨ੍ਹਣ ਲਈ ਇਕਰਾਰ ਦਿਤਾ। ਭਰਤੀ ਸ਼ੁਰੂ ਹੋ ਗਈ। ਜਦ ਮੈਂ ਉਥੇ ਗਿਆ ਸਾਂ ਤਾਂ ਕੁਲ ੧੫੦ ਕੂਕੇ ਭਰਤੀ ਹੋ ਚੁਕੇ ਸਨ ਜਿਨਾਂ ਵਿਚੋਂ ੭੧ ਉਸ ਸਮੇਂ ਹਾਜਰ ਸਨ। ਹੀਰਾ ਸਿੰਘ ਨੂੰ "ਕੂਕਾ ਪਲਟਨ" ਦਾ ਕਮਾਂਡਰ ਥਾਪਿਆ ਗਿਆ ਸੀ ਪਰੰਤੂ ਉਹ ਵੀ ਉਸ ਸਮੇਂ ਹਾਜ਼ਰ ਨਹੀਂ ਸੀ ਤੇ ਉਸਦੀ ਥਾਂ ਰਾਮ ਸਿੰਘ ਕਮਾਂਡ ਕਰ ਰਿਹਾ ਸੀ।"

ਉਪਰੋਕਤ ਰਿਪੋਰਟ ਪੜ੍ਹਕੇ ਅੰਗਰੇਜ਼ ਸਰਕਾਰ ਚੌਕੰਨੀ ਹੋ ਗਈ ਅਤੇ ਇਕਦਮ ਹਰਕਤ ਵਿਚ ਆ ਗਈ। ਅੰਗਰੇਜ਼ੀ ਰੈਜੀਡੈਂਟ ਨੇ ਮਹਾਰਾਜਾ ਰਣਬੀਰ ਸਿੰਘ ਦੇ ਵਜ਼ੀਰ ਦੀਵਾਨ ਕਿਰਪਾ ਰਾਮ ਤੇ ਜੋਰ ਪਾਕੇ ੧੮੭੧ ਈਸਵੀ ਵਿਚ "ਕੂਕਾ ਪਲਟਨ" ਤੁੜਵਾ ਦਿਤੀ ਅਤੇ ਕੂਕਿਆਂ ਨੂੰ ਘਰੋ ਘਰੀ ਤੋਰ ਦਿਤਾ। ੩੦ ਜਨਵਰੀ ੧੮੭੧ ਈਸਵੀ ਨੂੰ ਇਨਸਪੈਕਟਰ ਜਨ-ਰਲ ਪੁਲੀਸ ਪੰਜਾਬ ਆਪਣੀ ਇਕ ਰਿਪੋਰਟ ਵਿਚ ਨਾਮਧਾਰੀਆਂ ਬਾਰੇ ਇਸ ਪ੍ਰਕਾਰ ਲਿਖਦਾ ਹੈ:-

"ਕੂਕਿਆਂ ਦੇ ਪਿਛਲੇ ਸਾਲ ਦੇ ਰਾਜਸੀ ਪਰੋਗ-ਰਾਮ ਵਿਚ ਇਹ ਚੀਜ਼ ਪਰਤੱਖ ਦਿਸਦੀ ਹੈ ਕਿ ਉਨ੍ਹਾਂ ਨੇ ਹਿੰਦੁਸਤਾਨੀ ਰਿਆਸਤਾਂ ਦੀਆਂ ਫੌਜਾਂ ਵਿਚ ਭਰਤੀ ਹੋਣਾਂ ਸ਼ੁਰੂ ਕਰ ਦਿਤਾ ਹੈ। ਇਸ ਭਰਤੀ ਬਾਰੇ ਸਾਨੂੰ ਕਾਫੀ ਚੌਕੰਨੇ ਹੋਕੇ ਰਹਿਣਾ ਚਾਹੀਦਾ ਹੈ। ਅਮਨ ਹੋਵੇ ਜਾਂ ਲੜਾਈ, ਇਕ ਧਾਰਮਿਕ ਨੇਤਾ ਨੂੰ ਦਿਤਾ ਗਿਆ ਇਹ ਮੌਕਾ ਕਿਸੇ ਸਮੇਂ ਵੀ, ਕਿਸੇ ਸਰਕਾਰ ਨੂੰ ਵੀ ਲਾਭਦਾਇਕ ਨਹੀਂ ਹੋ ਸਕਦਾ। ਭਰਤੀ ਹੋਏ ਚੇਲਿਆਂ ਨੂੰ ਉਨ੍ਹਾਂ ਦਾ ਧਾਰਮਕ ਨੇਤਾ ਜਦ ਚਾਹੇ ਰਾਜਸੀ ਪਰੋਗਰਾਮ ਲਈ ਵਰਤ ਸਕਦਾ ਹੈ।"

ਨੇਪਾਲ ਨਾਲ ਨਾਮਧਾਰੀਆਂ ਦਾ ਸਬੰਧ:-

ਉਸ ਸਮੇਂ ਨੇਪਾਲ ਦਾ ਰਾਜ ਇਕ ਸੁਤੰਤਰ ਰਾਜ ਸੀ ਅਤੇ ਇਥੋਂ ਦੀ ਰਾਜ ਸ਼ਕਤੀ ਮੁਖ ਮੰਤਰੀ ਰਾਣਾ ਜੰਗ ਬਹਾਦਰ ਦੇ ਹੱਥਾਂ ਵਿਚ ਸੀ। ਰਾਣਾ ਜੰਗ ਬਹਾ-ਦਰ ਆਜ਼ਾਦੀ ਪਸੰਦ ਹੁਕਮਰਾਨ ਸੀ ਅਤੇ ਉਹ ਅੰਗ੍ਰੇਜ਼ ਰਾਜ ਦੀਆਂ ਸਾਮਰਾਜੀ ਸਰਗਰਮੀਆਂ ਤੋਂ ਚੰਗੀ ਤਰ੍ਹਾਂ ਜਾਣੂ ਸੀ। ਉਹ ਪੰਜਾਬੀਆਂ ਦੀ ਸੂਰਬੀ-ਰਤਾ, ਦਲੇਰੀ ਤੇ ਅਣਖ ਤੋਂ ਭਲੀਭਾਂਤ ਜਾਣੂ ਸੀ ਤੇ ਇਸਦੀ ਕਦਰ ਕਰਦਾ ਸੀ। ਉਸਦੇ ਮਹਾਰਾਜਾ ਰਣ-ਜੀਤ ਸਿੰਘ ਨਾਲ ਵੀ ਸੰਬੰਧ ਚੰਗੇ ਸਨ। ਉਹ ਲਾਹੌਰ ਦਰਬਾਰ ਵਿਚ ਆਪਣੇ ਮਾਮੇ ਜਨਰਲ ਮਾਤਾਬਰ ਸਿੰਘ ਥਾਪਾ ਨਾਲ ਇਥੇ ਰਿਹਾ ਸੀ। ਇਹੋ ਕਾਰਨ ਸੀ ਕਿ ਜਦ ਮਹਾਰਾਣੀ ਜਿੰਦਾਂ ਚੁਨਾਰ ਦੇ ਕਿਲ੍ਹੇ ਵਿਚੋਂ ਭੇਸ ਬਦਲ ਕੇ ਨੇਪਾਲ ਪਹੁੰਚੀ ਤਾਂ ਰਾਣਾ ਜੰਗ ਬਹਾ-ਦਰ ਨੇ ਉਸਦਾ ਆਦਰ ਕੀਤਾ ਅਤੇ ਉਸਨੂੰ ਰਹਿਣ ਲਈ ਇਕ ਵਖਰਾ ਮਹੱਲ ਦਿਤਾ।

ਚਾਹੇ ਰਾਣਾ ਜੰਗ ਬਹਾਦਰ ਅੰਗਰੇਜ਼ ਹਕੂਮਤ ਨਾਲ ਸੰਬੰਧ ਵਿਗਾੜਦਾ ਨਹੀਂ ਸੀ ਅਤੇ ਮਿਤਰਤਾ ਬਣਾਕੇ ਰਖਦਾ ਸੀ ਪਰ ਅੰਦਰੂਨੀ ਤੌਰ ਤੇ ਉਹ ਅੰਗ-ਰੇਜ਼ਾਂ ਦਾ ਕਟੜ ਦੁਸ਼ਮਨ ਸੀ ਅਤੇ ਅੰਗਰੇਜ਼ਾਂ ਦੇ ਸਤਾਏ ਹੋਏ ਰਾਜੇ ਮਹਾਰਾਜਿਆਂ ਤੇ ਸੁਤੰਤ੍ਰਤਾ ਸੰਗ੍ਰਾ-ਮੀਆਂ ਨੂੰ ਨੇਪਾਲ ਵਿਚ ਪਨਾਹ ਦੇਂਦਾ ਸੀ। ਸੰਨ ੧੮੫੭ ਦੇ ਗਦਰ ਦੀ ਅਸਫਲਤਾ ਕਾਰਨ ਕਈ ਰਾਜਸੀ ਆਗੂ ਨਵਾਬ ਅਬਦੁਲ ਮਜੀਦ ਖਾਂ ਲਖਨਊ ਵਾਲਾ, ਹਵਾਲਦਾਰ ਨੰਦ ਰਾਮ, ਕੰਵਰ ਸਿੰਘ, ਨਾਨਾ

ਸਾਹਿਬ, ਭਾਂਤੀਆਂ ਟੋਪੀ ਆਦਿਕ ਨੇ ਨੇਪਾਲ ਵਿਚ ਜਾਕੇ ਸ਼ਰਨ ਲਈ। ਕਈ ਵਾਰ ਅੰਗਰੇਜ਼ ਸਰਕਾਰ ਨੇ ਇਸ ਬਾਰੇ ਨੇਪਾਲ ਦੇ ਰਾਣੇ ਨੂੰ ਚਿਤਾਵਨੀ ਦਿਤੀ ਪਰ ਉਸਨੇ ਇਸਦੀ ਕੋਈ ਪਰਵਾਹ ਨਾ ਕੀਤੀ।

ਜਦੋਂ ਕੂਕਿਆਂ ਤੇ ਹਕੂਮਤ ਸਖਤੀ ਕਰਨ ਲਗੀ ਤਾਂ ਅਨੇਕਾਂ ਨਾਮਧਾਰੀ ਨੇਪਾਲ ਚਲੇ ਗਏ। ਕੂਕਾ ਸਰਦਾਰ ਮੋਤੀ ਸਿੰਘ ਜੋ ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਹਰੀ ਸਿੰਘ ਨਲਵੇ ਦਾ ਪੁਤਰ ਸੀ, ਨੇਪਾਲ ਫੌਜ ਐਂਡਜੂਟੈਂਟ ਦੀ ਪਦਵੀਲਈ ਭਰਤੀ ਹੋ ਗਿਆ। ਸਰਦਾਰ ਮੋਤੀ ਸਿੰਘ ਜੀ ਆਪਣੇ ਭਣਵੱਈਏ ਸਰ- ਦਾਰ ਲਹਿਣਾ ਸਿੰਘ ਘਰਜਾਖ ਨਾਲ ੧੮੬੯ ਈ: ਦੇ ਹੋਲੇ ਮੇਲੇ ਸਮੇਂ ਪਿੰਡ ਮਾਨਾਂਵਾਲੇ ਗਿਆ ਸੀ ਤਾਂ ਉਥੇ ਨਾਮਧਾਰੀ ਸਿੰਘ ਸਜ ਗਿਆ। ਇਸ ਤੋਂ ਬਿਨਾਂ ਪਿੰਡ ਗੁੰਥ ਗੜ੍ਹ ਤਹਿਸੀਲ ਅਜਨਾਲਾ (ਜਿਲਾ ਅੰਮ੍ਰਿ- ਤਸਰ) ਵਾਲੇ ਸਰਦਾਰ ਕਿਸ਼ਨ ਸਿੰਘ ਨਾਮਧਾਰੀ ਇਕ ਮਾਲੀ ਵਜੋਂ ਨੇਪਾਲ ਦਰਬਾਰ ਵਿਚ ਨੌਕਰ ਹੋ ਗਏ। ਇਸ ਪ੍ਰਕਾਰ ਨਾਮਧਾਰੀਆਂ ਦਾ ਨੇਪਾਲ ਦਰ- ਬਾਰ ਵਿਚ ਆਉਣ ਜਾਣ ਬਣਿਆ ਰਹਿੰਦਾ ਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਰਾਜਨੀਤਕ ਸਰਗਰ- ਮੀਆਂ ਬਾਰੇ ਪਤਾ ਲਗਦਾ ਰਹਿੰਦਾ। ਉਧਰ ਨੇਪਾਲ ਦਾ ਰਾਣਾ ਵੀ ਸਤਿਗੁਰੂ ਜੀ ਦੇ ਵਿਚਾਰਾਂ ਤੋਂ ਜਾਣੂੰ ਹੁੰਦਾ ਰਹਿੰਦਾ ਤੇ ਉਸਨੂੰ ਪੰਜਾਬ ਵਿਚ ਅੰਗਰੇਜ਼ਾਂ ਦੀ ਰਾਜਨੀਤਕ ਨੀਤੀ ਦਾ ਪਤਾ ਲਗਦਾ ਰਹਿੰਦਾ।

ਇਸ ਸਮੇਂ ਦੌਰਾਨ ਰਾਣਾ ਜੰਗ ਬਹਾਦਰ ਅਤੇ ਸਤਿਗੁਰੂ ਰਾਮ ਸਿੰਘ ਜੀ ਵਿਚ ਤੋਹਫਿਆਂ ਦਾ ਆਦਾਨ ਪ੍ਰਦਾਨ ਹੋਣਾ ਸ਼ੁਰੂ ਹੋ ਗਿਆ। ਰਾਣਾ ਜੰਗ ਬਹਾਦਰ ਨੇ ਕਿਸ਼ਨ ਸਿੰਘ ਨਾਮਧਾਰੀ ਦੇ ਰਾਹੀਂ ਸਤਿਗੁਰੂ ਜੀ ਨੂੰ ਅਖਵਾ ਭੇਜਿਆ ਕਿ ਉਹ ਮਿਤਰ- ਚਾਰੀ ਵਜੋਂ ਉਸਨੂੰ ਦੋ ਮੱਝਾਂ ਅਤੇ ਦੋ ਖਚਰਾਂ ਭੇਜਣ। ਸਤਿਗੁਰੂ ਜੀ ਨੇ ਸੁਨੇਹਾ ਮਿਲਦੇ ਸਾਰ ਹੀ ਸੂਬਾ ਕਾਹਨ ਸਿੰਘ ਤੇ ਸੂਬਾ ਸਾਹਿਬ ਸਿੰਘ ਜੀ ਨੂੰ ਮੱਝਾਂ ਤੇ ਖਚਰਾਂ ਖਰੀਦਨ ਲਈ ਭੇਜਿਆ। ਸੂਬਾ ਕਾਹਨ ਸਿੰਘ ਜੀ ਨੇ ਜ਼ੀਰਾ (ਜਿਲਾ ਫਿਰੋਜਪੁਰ) ਦੇ ਇਕ ਪਿੰਡ ਰਟੌਲ ਤੋਂ ਦੋ ਮੱਝਾਂ ਖਰੀਦੀਆਂ ਅਤੇ ਸੂਬਾ ਸਾਹਿਬ ਸਿੰਘ ਜੀ ਨੇ ਜਿਲਾ ਲਾਹੌਰ ਤੋਂ ਦੋ ਖਚਰਾਂ ਖਰੀਦ ਕੇ ਸ੍ਰੀ ਭੈਣੀ ਸਾਹਿਬ ਲਿਆਂਦੀਆਂ। ਫਿਰ ਅਪਰੈਲ ੧੮੭੦ ਈਸਵੀ ਵਿਚ ਸੂਬਾ ਕਾਹਨ ਸਿੰਘ ਤੇ ਸੂਬਾ ਸਾਹਿਬ ਸਿੰਘ ਜੀ ਨੂੰ,ਸਤਿਗੁਰੂ ਜੀ ਨ ਮੱਝਾਂ ਤੇ ਖਚਰਾਂ ਦੇਕੇ ਨੇਪਾਲ ਨੂੰ ਤੋਰ ਦਿਤਾ,ਦੋਵੇਂ ਸੂਬੇ ਨੇਪਾਲ ਜਾਕੇ ਰਾਣੇ ਨੂੰ ਟਿੱਕਾਜਬਰ ਜੰਗ ਰਾਹੀਂ ਮਿਲੇ ਅਤੇ ਸਤਿਗੁਰੂ ਜੀ ਦੇ ਤੋਹਫੇ(ਦੋ ਖਚਰਾਂ ਅਤੇ ਦੋ ਮੱਝਾਂ)ਉਸਨੂੰ ਦਿਤੇ।

ਰਾਣਾ ਜੰਗ ਬਹਾਦਰ, ਸੂਬਾ ਕਾਹਨ ਸਿੰਘ ਤੇ ਸੂਬਾ ਸਾਹਿਬ ਸਿੰਘ ਜੀ ਨੂੰ ਮਿਲਕੇ ਬਹੁਤ ਪ੍ਰਸੰਨ ਹੋਇਆ ਅਤੇ ਵਾਪਸੀ ਤੇ ਸਤਿਗੁਰੂ ਜੀ ਲਈ ਪੰਜ ਸੌ ਰੁਪਿਆ ਨਕਦ, ਇਕ ਤਿਬਤੀ ਘੋੜਾ, ਪ੦ ਗਜ਼ ਬਨਾਤ, ੧੦੮ ਕਸਤੂਰੀ ਨਾਫਿਆਂ ਦੀ ਮਾਲਾ, ਇਕ ਮੁਰਾਸਲਾ ਅਤੇ ਦੋ ਖੋਖਤੀਆਂ ਤੋਹਫੇ ਵਜੋਂ ਭੇਜੀਆਂ। ਜਦੋਂ ਅੰਗਰੇਜਾਂ ਨੂੰ ਇਸ ਨਾਮਧਾਰੀ ਮਿਸ਼ਨ ਬਾਰੇ ਪਤਾ ਲਗਾ ਤਾਂ ਉਨ੍ਹਾਂ ਨੇ ਅਨੇਕ ਯਤਨ ਕੀਤੇ ਕਿ ਉਹ ਇਸ ਮਿਸ਼ਨ ਦਾ ਮਨੋਰਥ ਪਤਾ ਕਰਨ ਪਰ ਕਾਮ- ਯਾਬ ਨਾ ਹੋ ਸਕੇ। ਇਸ ਤੋਂ ਬਿਨਾਂ ਨਵੰਬਰ ੧੮੭੧ ਈਸਵੀ ਨੂੰ ਅੰਗਰੇਜਾਂ ਨੇ ਕਾਂਸ਼ੀਪੁਰ ਦੇ ਰਾਜਾ ਸ਼ਿਵਰਾਜ ਸਿੰਘ ਨੂੰ ਇਸ ਮਿਸ਼ਨ ਬਾਰੇ ਸੂਹ ਕਢਣ ਲਈ ਭੇਜਿਆ ਪਰ ਉਸਨੂੰ ਵੀ ਸਫਲਤਾ ਹਾਸਲ ਨਾ ਹੋਈ।

ਕਲਿਜੁਗ ਸਤਿਜੁਗ ਮੇਂ

ਬੀਬੀ ਬਿਅੰਤ ਕੌਰ
(ਨਵੀਂ ਦਿੱਲੀ)

ਪ੍ਰਾਚੀਨ ਗ੍ਰੰਥਾਂ ਵਿਚ ਚਾਰ ਜੁਗ ਸਤਿਜੁਗ, ਤ੍ਰੇਤਾ, ਦ੍ਵਾਪਰ ਤੇ ਕਲਿਯੁਗ ਦਾ ਵਰਣਨ ਮਿਲਦਾ ਹੈ। ਹਰ ਯੁੱਗ ਅਪਨੀਆਂ ਕੁਝ ਖਾਸ ਵਿਸ਼ੇਸ਼ਤਾਵਾਂ ਕਰਕੇ ਜਾਣਿਆ ਜਾਂਦਾ ਹੈ। ਮਹਾਨ ਕੋਸ਼ ਵਿਚ ਇਸਦੀ ਵਿਆਖਿਆ ਬੜੇ ਸੁੰਦਰ ਢੰਗ ਨਾਲ ਕੀਤੀ ਹੈ। ਸਭ ਤੋਂ ਪਹਿਲਾ ਯੁਗ ਹੈ ਕ੍ਰਿਤਯੁਗ ਯਾ ਸਤਿਯੁਗ। ਇਸ ਯੁਗ ਵਿਚ ਲੋਕ ਸਦਾ ਹੀ ਭਲੇ ਕਰਮ ਕਰਦੇ ਸਨ, ਨਾਂ ਧਰਮ ਦੀ ਅਤੇ ਨਾਂ ਹੀ ਲੋਕਾਂ ਦੀ ਹਾਨੀ ਹੁੰਦੀ ਸੀ। ਲੋਕਾਂ ਨੂੰ ਬਹੁਤ ਪੁਰਸ਼ਾਰਥ ਭੀ ਨਹੀਂ ਕਰਨਾ ਪੈਂਦਾ ਸੀ। ਜੋ ਕੁਝ ਉਨ੍ਹਾਂ ਦੇ ਚਿੱਤ ਦੀ ਇੱਛਾ ਹੁੰਦੀ ਆਪ ਤੋਂ ਆਪ ਹੀ ਪੂਰੀ ਹੋ ਜਾਂਦੀ ਸੀ। ਨਾਂ ਕੋਈ ਰੋਂਦਾ ਸੀ, ਨਾਂ ਕਿਸੇ ਵਿਚ ਅਭਿਮਾਨ ਸੀ, ਅਤੇ ਨਾਂ ਹੀ ਕੋਈ ਧੋਖਾ ਦਿੰਦਾ ਸੀ, ਨਾਂ ਕੋਈ ਝਗੜਦਾ ਸੀ, ਨਾਂ ਈਰਖਾ ਸੀ, ਨਾਂ ਕੋਈ ਸਖਤੀ ਕਰਦਾ ਤੇ ਨਾਂ ਕੋਈ ਡਰਦਾ ਸੀ। ਨਾਂ ਸਾੜਾ ਨਾਂ ਵੈਰ ਸੀ। ਹਰ ਇਕ ਜਾਤਿ ਦੇ ਆਦਮੀ ਆਪੋ ਆਪਣੇ ਨੇਮ, ਅਤੇ ਕਰਮ ਨਿਬਾਹੀ ਚਲੇ ਜਾਂਦੇ ਸਨ ਭਾਵੇਂ ਇਨ੍ਹਾਂ ਦੇ ਧਰਮ ਤਾਂ ਕਈ ਸਨ, ਪਰ ਵੇਦ ਅਨੁਸਾਰ ਸਭ ਦਾ ਇਕੋ ਹੀ ਧਰਮ ਸੀ।

ਤ੍ਰੇਤਾ ਯੁਗ ਵਿਚ ਯਗ੍ਯ ਆਦਿ ਹੋਣ ਲਗੇ, ਧਰਮ ਦਾ ਚੌਥਾ ਹਿੱਸਾ ਘੱਟ ਗਿਆ, ਲੋਕ ਸੱਚ ਤਾਂ ਬੋਲਦੇ ਪਰ ਕਈ ਆਪਣੇ ਹਿੱਤ ਦੇ ਨਿਯਮਾਂ ਅਨੁਸਾਰ ਹੀ ਕਰਦੇ ਸਨ। ਬਲੀਦਾਨ ਅਤੇ ਹੋਮ ਪੂਜਨ ਆਦਿ ਕਰਮਾਂ ਦਾ ਪ੍ਰਚਾਰ ਸੀ। ਲੋਕ ਚਿੱਤ ਵਿਚ ਕਾਮਨਾ ਰੱਖਕੇ ਭਗਤੀ ਕਰਦੇ ਸਨ।

ਦ੍ਵਾਪਰ ਯੁੱਗ ਵਿਚ ਨੇਕੀ ਅਧੀ ਰਹਿ ਗਈ। ਵੇਦ ਚਾਰ ਹੋ ਗਏ, ਕਈ ਲੋਕ ਚਾਰ ਵੇਦ ਪੜ੍ਹਨ, ਕਈ ਤਿੰਨ ਕਈ ਦੋ ਅਤੇ ਕਈ ਇਕ ਅਤੇ ਕਈ ਇਕ ਭੀ ਨਾ ਪੜ੍ਹਨ। ਰਸਮਾਂ ਕਈ ਯੁਕਤੀਆਂ ਅਨੁਸਾਰ ਹੋਣ ਲਗ ਪਈਆਂ। ਨੇਕੀ ਭੀ ਘੱਟ ਹੋ ਗਈ, ਤੇ ਝੂਠ ਭੀ ਕਈ ਬੋਲਣ ਲੱਗ ਪਏ। ਜਦ ਲੋਕ ਸਚਾਈ ਦੇ ਰਸਤੇ ਤੋਂ ਪਰੇ ਹੋ ਗਏ, ਤਾਂ ਕਈ ਵ੍ਯਾਧੀਆਂ ਕਾਮਨਾਂ ਅਤੇ ਉਪਾਧੀਆਂ ਕਰਮਾਂ ਅਨੁਸਾਰ ਆ ਗਈਆਂ, ਜਿਸ ਨਾਲ ਉਨ੍ਹਾਂ ਨੂੰ ਸੰਤਾਪ ਹੋਇਆ ਤਾਂ ਤਪ ਕਰਨ ਲੱਗ ਪਏ। ਕਈ ਸ੍ਵਰਗ ਲੋਕ ਦਾ ਸੁੱਖ ਲੈਣ ਲਈ ਯਗ੍ਯ ਕਰਨ ਲੱਗੇ, ਪਰ ਬੁੱਧੀ ਲੋਕਾਂ ਦੀ ਮਲੀਨ ਹੁੰਦੀ ਚਲੀ ਗਈ।

ਜਦ ਕਲਿਜੁਗ ਦਾ ਪ੍ਰਭਾਵ ਹੋਇਆ ਤਾਂ ਭਲਾਈ ਤਾਂ ਕੇਵਲ ਚੌਥਾ ਹਿੱਸਾ ਹੀ ਰਹਿ ਗਈ। ਵੇਦ ਸ਼ਾਸਤ੍ਰ ਦੇ ਨੇਮ, ਨੇਕੀ ਦੇ ਕੰਮ ਅਤੇ ਯਗ੍ਯ ਹੋਮ ਆਦਿਕ ਸਭ ਬੰਦ ਹੋ ਗਏ। ਮੁਸੀਬਤਾਂ, ਰੋਗ, ਥਕਾਣ, ਕ੍ਰੋਧ, ਸੰਤਾਪ, ਭੁੱਖ ਅਤੇ ਡਰ ਨੇ ਆ ਕੇ ਲੋਕਾਂ ਨੂੰ ਗ੍ਰਸ ਲਿਆ।

ਉਪ੍ਰੋਕਤ ਚਾਰੇ ਯੁਗਾਂ ਦੀ ਆਰਜਾ ਇਸ ਪ੍ਰਕਾਰ ਮੰਨੀ ਗਈ ਹੈ:—

Namdhari Elibrary NamdhariElibrary@gmail.com

ਸਤਿਯੁਗ......... ੧੭੨੮੦੦੦
ਤ੍ਰੇਤਾ............ ੧੨੯੬੦੦੦
ਦ੍ਵਾਪਰ ਯੁਗ......... ੮੬੪੦੦੦
ਕਲਿਯੁਗ......... ੪੩੨੦੦੦
ਜੋੜ ੪੩੨੦੦੦੦ ਵਰ੍ਹੇ।

ਸਤਿਯੁਗ ਵਿਚ ਲੋਕਾਂ ਦੀ ਉਮਰ ਚਾਰ ਹਜ਼ਾਰ ਵਰ੍ਹੇ ਦੀ, ਤ੍ਰੇਤੇ ਵਿਚ ਤਿੰਨ ਹਜ਼ਾਰ ਦੀ, ਦ੍ਵਾਪਰ ਵਿਚ ਦੋ ਹਜ਼ਾਰ ਦੀ ਰਹਿ ਗਈ ਅਤੇ ਕਲਿਯੁਗ ਦੀ ਉਮਰ ਦਾ ਕੋਈ ਨੇਮ ਹੀ ਨਹੀਂ।

ਮਨੁਸਿਮ੍ਰਿਤ ਵਿਚ ਮਨੁ ਜੀ ਨੇ ਸਤਿਯੁਗ ਦੀ ਉਮਰ ੪੦੦, ਤ੍ਰੇਤਾ ਦੀ ੩੦੦, ਦ੍ਵਾਪਰ ਦੀ ੨੦੦ ਅਤੇ ਕਲਿਯੁਗ ਦੀ ੧੦੦ ਵਰ੍ਹੇ ਲਿਖੀ ਹੈ।

ਆਦਿ ਗ੍ਰੰਥ ਸਾਹਿਬ ਵਿਚ ਯੁਗਾਂ ਦਾ ਵਰਣਨ ਇਸ ਪ੍ਰਕਾਰ ਹੈ:—

ਸਤਿਜੁਗ ਸਤੁ, ਤ੍ਰੇਤਾ ਜਗੀ, ਦੁਆਪਰਿ ਪੂਜਾ ਚਾਰ। ਤੀਨੋ ਜੁਗ ਤੀਨੋ ਦਿੜੇ, ਕਲਿ ਕੇਵਲ ਨਾਮ ਅਧਾਰ।

(ਗਉੜੀ ਰਵਿਦਾਸ)

ਭਾਈ ਗੁਰਦਾਸ ਜੀ ਜਿਨ੍ਹਾਂ ਦੀ ਬਾਣੀ ਨੂੰ ਵੀ ਗ੍ਰੰਥ ਸਾਹਿਬ ਦੀ ਕੁੰਜੀ ਕਿਹਾ ਹੈ। ਚਾਰੇ ਜੁਗਾਂ ਦਾ ਵਰਨਣ ਅਨੂਠੀ ਸ਼ੈਲੀ ਵਿਚ ਕੀਤਾ ਹੈ। ਕੁਝ ਕੁ ਸਤਰਾਂ ਇਸ ਪ੍ਰਕਾਰ ਹਨ:—

ਸਤਿਜੁਗ ਹੰਸ ਅਉਤਾਰ ਧਰ ਸੋਹੰ ਬ੍ਰਹਮ ਨ ਦੂਜਾ ਪਾਜੇ। ਏਕੋ ਬ੍ਰਹਮ ਵਖਾਣੀਐ ਮੋਹ ਮਾਇਆ ਤੇ ਬੇ-ਮੁਹਤਾਜੇ। ਕਰਨ ਤਪੱਸਿਆ ਬਨ ਵਿਖੇ ਵਖਤ, ਗੁਜ਼ਾਰਨ ਪਿੰਨੀ ਸਾਗੇ। ਲੱਖ ਵਰ੍ਹਿਆਂ ਦੀ ਆਰਜ਼ਾ ਕੋਠੇ ਕੋਟ ਨ ਮੰਦਰ ਸਾਜੇ ਇਕ ਬਿਨਸੇ ਇਕ ਅਸਥਿਰੁ ਗਾਜੇ।

ਤ੍ਰੇਤੇ ਛੱਤ੍ਰੀ ਰੂਪ ਧਰ
ਸੂਰਜ ਬੰਸੀ ਬਡ ਅਵਤਾਰਾ।
ਨਉਂ ਹਿਸੇ ਗਈ ਆਰਜਾ
ਮਾਯਾ ਮੋਹ ਅਹੰਕਾਰ ਪਸਾਰਾ।
ਦ੍ਵਾਪਰ ਜਾਦਵ ਵੇਸ ਕਰ,
ਜੁਗ ਜੁਗ ਅਉਧ ਘਟੈ ਆਚਾਰਾ।
ਰਿਹਾ ਬੇਦ ਮਹਿੰ ਬ੍ਰਹਮ ਛਿਤ,
ਪੂਰਬ ਮੁਖ ਸ਼ੁਭ ਕਰਮ ਬਿਚਾਰਾ।
ਤ੍ਰਿਹ ਜੁਗੀ ਤ੍ਰੈ ਧਰਮ ਉਚਾਰਾ॥
ਕਲਿਜੁਗ ਚੌਥਾ ਥਾਪਿਆ,
ਸੂਦ੍ਰ ਬਿਰਤ ਜਗ ਮਹਿਵਰਤਾਈ।
ਕਰਮ ਸੁ ਰਿਹਾ ਗੁਜਰ ਸਜਾਮ ਦੇ,
ਕਰੇ ਜਗਤ ਰਿਦ ਬਹੁ ਸਕੁਚਾਈ।
ਮਾਯਾ ਮੋਹੀ ਮੇਦਨੀ,
ਕਲਿ ਕਲ ਵਾਲੀ ਸਭ ਭਰਮਾਈ।
ਉਠੀ ਗਲਾਨ ਜਗਤ ਵਿਚ,
ਹਉਮੈ ਅੰਦਰ ਜਲੇ ਲੁਕਾਈ।
ਕੋਈ ਨ ਕਿਸੇ ਪੂਜਦਾ,
ਊਚ ਨੀਚ ਸਭ ਗਤਿ ਬਿਸਰਾਈ,
ਭਏ ਬਿਅਦਲੀ ਪਾਤਸ਼ਾਹ,
ਕਲਿਕਾਤੀ ਉਮਰਾਵ ਕਸਾਈ
ਰਹਿਆ ਤਪਾਵਸ ਤ੍ਰਿਹ ਜੁਗੀ
ਚੌਥੇ ਜੁਗ ਜੋ ਦੇਇ ਸੁ ਪਾਈ
ਕਰਮ ਭ੍ਰਸ਼ਟ ਸਭ ਭਈ ਲੁਕਾਈ।

ਤੇ ਜਦੋਂ ਕਲਿ-ਕਾਲ ਦੇ ਪ੍ਰਭਾਵ ਹੇਠਾਂ ਹਰ ਪਾਸੇ ਅਗਿਆਨਤਾ ਦਾ ਅੰਧਕਾਰ ਫੈਲ ਰਿਹਾ ਸੀ ਧਰਮ ਪੰਖ ਲਾਕੇ ਉਡ ਗਿਆ ਸੀ। ਪਾਪ ਜ਼ਬਰ ਜ਼ੁਲਮ ਚਰਮ ਸੀਮਾਵਾਂ ਤੇ ਸਨ, ਲੋਕਾਈ ਭਰਮਾਂ, ਵਹਿਮਾਂ ਦੇ ਪਾਖੰਡ ਹੇਠ ਅਪਣਾ ਜੀਵਨ ਨਸ਼ਟ ਕਰ ਰਹੀ ਸੀ, ਹਰ ਪਾਸੇ ਕੂੜ ਹੀ ਕੂੜ ਪ੍ਰਧਾਨ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਜਿਆ ਖਾਲਸਾ, ਖਾਲਸ ਨਾ ਰਹਿਕੇ ਮਲੇਛਤਾ ਗ੍ਰਹਨ ਕਰ ਚੁਕਿਆ ਸੀ। ਜਦੋਂ ਭਾਗਵਤ ਪੁਰਾਨ ਦੇ ਪਹਿਲੇ ਸਕੰਧ ਵਿਚ ਕਲਜੁਗ ਨੂੰ ਕਹੇ ਹੋਏ ਰਾਜਾ ਪ੍ਰੀਛਤ ਜੀ ਦੇ ਬਚਨਾਂ ਦਾ ਸਾਖਿਆਤਕਾਰ ਹੋ ਰਿਹਾ ਸੀ ਪ੍ਰੀਛਤ ਨੇ ਕਿਹਾ, "ਹੇ ਕਲਜੁਗ ਤੂੰ ਉਥੇ ਜਾ ਕਰ ਰਹੁ ਜਿਥੇ ਬਹੁਤ ਜੂਆ ਖੇਲੀਦਾ ਹੋਵੇ ਅਤੇ ਜਿਥੇ ਮਦਰਾ ਪੀਤੀ ਜਾਂਦੀ ਹੋਵੇ ਜਿਥੇ ਜੀਵ ਹਿੰਸਾ ਹੋਵੇ, ਜਹਾਂ ਸੂਮ ਮਨੁੱਖ ਕਾ ਧਨ ਔਰ ਸੁਵਰਨ ਹੋਵੇ ਉਸ ਸੇ ਕੁਛ ਦਾਨ ਨਾ ਕਰੇ, ਉਥੇ ਭੀ ਜਾ ਰਹੁ। ਜੂਆ ਖੇਡਨਾ ਮਾਸ ਖਾਣਾ ਮਦਿਰਾਪਾਨ ਕਰਨਾ, ਜੀਵ ਹਤਿਆ ਕਰਨੀ ਕਲਿ-ਜੁਗੀ ਜੀਵਾਂ ਦੀ ਸ਼ਾਨ ਹੋ ਗਈ ਸੀ। ਭਾਈ ਬਾਲੇ

ਵਾਲੀ ਜਨਮ ਸਾਖੀ ਵਿਚ ਸਚੇ ਪਾਤਸ਼ਾਹ ਜੀ ਤੇ ਕਲਿਜੁਗ ਦੀ ਵਾਰਤਾਲਾਪ, ਜਿਸ ਵਿਚ ਕਲਿਜੁਗ ਨਗਨ ਸਰੀਰ ਧਾਰਨ ਕਰਕੇ ਇਕ ਹਥ ਵਿਚ ਜਿਹਬਾ ਤੇ ਇਕ ਹਥ ਵਿਚ ਲਿੰਗ ਪਕੜਕੇ, ਅਪਣੀ ਸੈਨਾ ਦਾ ਵਰਨਣ ਕਰ ਰਿਹਾ ਹੈ,"ਰਾਜਾ ਜੋ ਹੈ ਸੋ ਮੋਹ ਹੈ ਅਤੇ ਸੈਨਾਪਤੀ ਜੋ ਹੈ ਸੋ ਹਿੰਸਾ ਹੈ ਅਤੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਇਹ ਜੋਧੇ ਹਨ, ਅਤੇ ਆਲਸ ਜੂਆ, ਮਦਪਾਨ, ਦੁਰਾਚਾਰ ਇਹ ਘੋੜਿਆਂ ਤੇ ਅਸਵਾਰ ਹਨ, ਦੰਭ ਜੋ ਮੇਰਾ ਜੋਧਾ ਹੈ। ਅਮਲੀ ਜਾਮਾ ਪਹਿਨ ਚੁਕਿਆ ਸੀ।

ਅਜਿਹੇ ਹਾਲਤਾਂ ਵਿਚ ਕਲਿਜੁਗੀ ਜੀਵਾਂ ਦਾ ਉਧਾਰ ਕਰਨ ਦਾ ਜ਼ਿਮਾ ਸਚੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਿਆ।

ਸਤਿਜੁਗ ਤੈ ਮਾਣਿਓ,
ਛਲਿਓ ਬਲਿ ਬਾਵਨ ਭਾਇਓ।
ਤ੍ਰੇਤੈ ਤੈ ਮਾਣਿਓ,
ਰਾਮ ਰਘੁਵੰਸ ਕਹਾਇਓ।
ਦੁਆਪੁਰ ਕ੍ਰਿਸਨ ਮੁਰਾਰ,
ਕੰਸ ਕ੍ਰਿਤਾਰਥ ਕੀਓ।
ਉਗ੍ਰਸੈਨ ਕਉ ਰਾਜ,
ਅਭੈ ਭਗਤਹ ਜਨ ਦੀਓ।
ਕਲਿਜੁਗ ਪ੍ਰਮਾਣ,
ਨਾਨਕ ਗੁਰੁ ਅੰਗਦ ਅਮਰ ਕਹਾਇਓ।
ਸ੍ਰੀ ਗੁਰੂ ਰਾਜ ਅਬਚਲ ਅਟਲ,
ਆਦਿ ਪੁਰਖ ਫੁਰਮਾਇਓ।

ਸੋ ਇਸ ਕਲਿਜੁਗ ਵਿਚ ਜੀਵਾਂ ਨੂੰ ਤਾਰਨ ਲਈ ਅਤੇ ਇਸ ਸਮੇਂ ਇਸ ਤੁਕ ਦੀ ਨਿਆਈਂ—

ਸਾਰਾ ਕਲਿਜੁਗ ਭੋਗਸੀ ਨਾਨਕ ਧਰਿ ਅਵਤਾਰ

ਅਤੇ ਸਦ ਪੀੜੀ ਗੁਰੂ ਚਲੰਦੀ ਦੇ ਵਾਕ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਸਵੇਂ ਸਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ।

ਕਲਿਜੁਗ ਮੇਂ ਸਤਿਜੁਗ ਵਰਤਾਊਂ,
ਤਬ੍ਹੀ ਬਾਰ੍ਹਵਾਂ ਬਪ ਕਹਾਊਂ॥
ਕਲਜੁਗ ਤੇ ਸਤਿਜੁਗ ਕਰ ਠਾਨੋ,
ਤਬ੍ਹੀ ਬਾਰ੍ਹਵਾਂ ਬਪ ਪਹਿਚਾਨੋ॥

ਉਪ੍ਰੋਕਤ ਬਚਨਾਂ ਦੇ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਰ੍ਹਵੀਂ ਜੋਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕਲਿਜੁਗ ਵਿਚ ਸਤਿਜੁਗ ਵਰਤਾਨ ਲਈ ਪ੍ਰਯਤਨਸ਼ੀਲ ਹੋ ਗਏ। ਸਤਿਜੁਗੀ ਜੀਵਨ ਦੀਆਂ ਝਲਕੀਆਂ ਬਾਲਯਕਾਲ ਵਿਚ ਹੀ ਆਰੰਭ ਹੋ ਗਈਆਂ। ਆਪ ਜੀ ਅਪਣਾ ਸਮਾ ਹਮੇਸ਼ਾਂ ਭਜਨ ਕਰਨ ਵਿਚ ਬਤੀਤ ਕਰਦੇ ਤੇ ਅਪਣੀ ਮਧੁਰ ਬਾਣੀ ਤੇ ਸੁਰੀਲੇ ਕੰਠ ਰਾਹੀਂ ਗੁਰਬਾਣੀ ਦੇ ਸ਼ਬਦਾਂ ਦਾ ਗਾਇਨ ਕਰਦੇ ਇਹ ਕੰਮ ਸਿਰਫ ਆਪਣੇ ਆਪ ਤਕ ਹੀ ਸੀਮਿਤ ਨਹੀਂ ਸੀ। ਸਗੋਂ ਅਪਣੇ ਛੋਟੇ ੨ ਸਾਥੀਆਂ ਨੂੰ ਵੀ ਭਜਨ ਬੰਦਗੀ ਕਰਨ ਦੀ ਪ੍ਰੇਰਣਾ ਦਿੰਦੇ।

ਬਾਲਪਨ ਗਿਆ ਤੇ ਯੁਵਾਵਸਥਾ ਨੇ ਦਹਿਲੀਜ਼ ਤੇ ਆਨ ਪੈਰ ਰਖਿਆ। ਆਪ ਜੀ ਨੇ ਸੰਨ ੧੮੩੭ ਤੋਂ ੧੮੪੫ ਈ: ਤੱਕ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਨੌਕਰੀ ਕੀਤੀ। ਇਥੇ ਆਪ ਜੀ ਨੂੰ ਇਕ ਸਾਧਾਰਨ ਫੌਜੀ ਕਰਕੇ ਨਹੀਂ ਸੀ ਜਾਣਿਆ ਜਾਂਦਾ ਸਗੋਂ ਭਜਨ ਬੰਦਗੀ ਦੇ ਪ੍ਰਤਾਪ ਕਰਕੇ ਆਪ ਜੀ ਦੀ ਪਲਟਨ ਦਾ ਨਾਮ ਹੀ ਭਗਤਾਂ ਵਾਲੀ ਪਲਟਨ ਪੈ ਗਿਆ। ਹਮੇਸ਼ਾਂ ਅਕਾਲ ਪੁਰਖ ਦੇ ਚਰਨਾਂ ਵਿਚ ਬਿਰਤੀ ਜੁੜੀ ਰਹਿਣ ਕਰਕੇ ਆਪ ਜੀ ਨੂੰ ਮਸਤਾਨਾ ਕਹਿਕੇ ਪੁਕਾਰਿਆ ਜਾਣ ਲਗ ਪਿਆ। ਭਜਨ ਬੰਦਗੀ ਵਿਚ ਜੁੜੇ ਰਹਿਣ ਅਤੇ ਕਦੇ ੨ ਅਗੰਮੀ ਅਲੌਕਿਕ ਬਚਨਾਂ ਦੇ ਕਾਰਨ ਆਪ ਜੀ ਨੌਕਰੀ ਤੋਂ ਸੁਤੰਤਰ ਹੋ ਗਏ। ਇਸ ਲਈ ਆਪ ਜੀ ਹੁਣ ਸ੍ਰੀ ਭੈਣੀ ਸਾਹਿਬ ਵਿਖੇ ਕਪੜੇ ਤੇ ਲੋਹੇ ਦੀ ਦੁਕਾਨ ਚਲਾਕੇ ਲੋਕਾਈ ਨੂੰ ਆਪਣੇ ਹੱਥਾਂ ਨਾਲ ਕ੍ਰਿਤ ਕਰਨ ਦੀ ਜਾਚ ਦੱਸੀ।

ਨਿਘਰਦੀ ਜਾਂਦੀ ਸਿਖੀ ਨੂੰ ਨਵੇਂ ਸਿਰੇ ਸੁਰਜੀਤ ਕਰਨ ਵਾਸਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿਖੀ ਸਾਜਣ ਤੋਂ ੧੫੮ ਸਾਲ ਬਾਦ ੧੯੧੪ ਬਿ: ਵਿਸਾਖੀ ਵਾਲੇ ਦਿਨ ਅੰਮ੍ਰਿਤ ਤਿਆਰ ਕਰਾਕੇ ਮਲੇਛ ਖਾਲਸੇ ਨੂੰ ਸੰਤ ਖਾਲਸੇ ਦਾ ਰੂਪ ਦਿਤਾ ਤੇ ਸਭ ਤੋਂ ਪਹਿਲਾਂ ਕਾਹਨ ਸਿੰਘ ਨਿਹੰਗ, ਲਾਭ ਸਿੰਘ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਭੂਤ ਪੂਰਬ ਰਖਿਆ ਮੰਤ੍ਰੀ ਪ੍ਰਲੋਕ ਵਾਸੀ ਸ੍ਰ: ਬਲਦੇਵ ਸਿੰਘ ਜੀ, ਪਿਛੇ ਖੜੋਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ।

Namdhari Elibrary NamdhariElibrary@gmail.com

ਸਦਭਾਵਨਾ ਦ੍ਰਿਸ਼ਯ

ਪੰਜਾਬ ਦੇ ਮੁਖਮੰਤ੍ਰੀ ਦੇ ਰੂਪ ਵਿਚ ਸ੍ਰ: ਦਰਬਾਰਾ ਸਿੰਘ ਜੀ ਅਤੇ ਭਾਰਤ ਸ੍ਰਕਾਰ ਦੇ ਗ੍ਰਹਿਮੰਤ੍ਰੀ ਦੇ ਰੂਪ ਵਿਚ ਗਿਆਨੀ ਜ਼ੈਲ ਸਿੰਘ ਜੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ। ਉਪ੍ਰੋਕਤ ਦੋਵੇਂ ਲੀਡਰਾਂ ਦੇ ਮਤਭੇਦ ਸਭ ਨੂੰ ਵਿਦਿਤ ਹਨ ਪਰ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਇਕੋ ਮੰਚ ਤੇ ਸਤਿਗੁਰੂ ਜੀ ਦੇ ਆਸਪਾਸ ਦੋਵੇਂ ਖੜ੍ਹੋਤੇ ਹਨ। ਨਾਲ ਸ੍ਰੀ ਮਹਾਰਾਜ ਬੀਰ ਸਿੰਘ ਜੀ, ਸੇਠ ਤ੍ਰਲੋਕ ਸਿੰਘ ਜੀ, ਹੰਸਪਾਲ ਜੀ

ਰਾਗੀ, ਆਤਮਾ ਸਿੰਘ, ਨੈਣਾ ਸਿੰਘ ਅਤੇ ਸੁੱਧ ਸਿੰਘ ਜੀ ਨੇ ਨਾਮ ਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸਤਿਜੁਗੀ ਸਤਿਗੁਰੂ ਜੀ ਦੀ ਛੱਤਰ ਛਾਂ ਹੇਠਾਂ ਸਤਿਜੁਗੀ ਰਸਅਸਵਾਦਨ ਕਰਨ ਦਾ ਸ਼ੁਭ ਅਵਸਰ ਪ੍ਰਾਪਤ ਕੀਤਾ। ਅੰਮ੍ਰਿਤ ਪਾਨ ਵੇਲੇ ਉਨ੍ਹਾਂ ਨੂੰ ਉਪਦੇਸ਼ ਦਿਤਾ, ਚੋਰੀ ਨਹੀਂ ਕਰਨੀ, ਮਾਸ ਸ਼ਰਾਬ ਤਮਾਕੂ ਆਦਿ ਦੀ ਵਰਤੋਂ ਤੋਂ ਵਰਜਿਤ ਕੀਤਾ। ਅਪਣੇ ਸਿੰਘਾਂ ਨੂੰ ਸਤਿਜੁਗੀ ਬਾਣਾ ਪਹਿਨਾਇਆ। ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ:-

"ਸ਼ੁਕਲ ਬਸਨ ਮਾਲਾ ਸੁਧੀ ਦਸਤਾਰ ਦਾੜ੍ਹੀ
ਕਰਹੈ ਰਸਨ ਪਾਠ ਗ੍ਰੰਥ ਗੁਰੂ ਜੂ ਕੇ ਹੈਂ।
ਦਸਮੇਂ ਗੁਰੂ ਕੇ ਸਿੰਘ ਸਾਦਕ ਸਹੀ ਹੈਂ,
ਸਭ ਲਾਲਸਾ ਲਲਾਮ ਰਾਜ ਲੈਬੇ ਕੀ ਅਚੂਕ ਹੈਂ।
ਹੋਰੇ ਜੈਸੇ ਲੱਖਨ ਹੈ ਕੇਰੇ ਤੈਸੇ ਗਿਆਨ ਸਿੰਘ,
ਪ੍ਰਸਿੱਧ ਹੀ ਅਬਿਧ ਸਿਖ ਕੂਕੇ ਹੈਂ।

ਸਫੈਦ ਬਾਨਾ ਸਤਿਜੁਗੀ ਹੈ।

ਮਹਾਂਭਾਰਤ ਵਿਚ ਵੀ ਯੁਗਾਂ ਅਨੁਸਾਰ ਰੰਗਾਂ ਦਾ ਵਰਨਣ ਹੈ।

ਸ੍ਵੇਤ ਕਰਿਤ ਯੁਗੇ ਵਰਸ਼ਾ,
ਪੀਤ ਤ੍ਰੇਤੇ ਯੁਗੇ ਮਮ।
ਰਕਤੋ ਦਵਾਪਰ ਮਸਾਦਾ, ਕ੍ਰਿਸ਼ਨ ਕਲਯੁਗੇ।

ਸਤਿਜੁਗ ਵਿਚ ਸਫੇਦ ਤ੍ਰੇਤੇ ਵਿਚ ਪੀਲਾ, ਦੁਆਪਰ ਵਿਚ ਲਾਲ ਅਤੇ ਕਲਜੁਗ ਵਿਚ ਕਾਲਾ।

ਸਤਿਗੁਰੂ ਰਾਮ ਸਿੰਘ ਜੀ ਨੇ ਕਲਿਜੁਗ ਦੇ ਕਾਲੇ ਬਸਤ੍ਰਾਂ ਦਾ ਬਹਿਸ਼ਕਾਰ ਕੀਤਾ ਤੇ ਅਪਣੇ ਸਿਖਾਂ ਨੂੰ ਸਤਿਯੁਗੀ ਬਸਤ੍ਰ ਪਹਿਨਾਕੇ ਸ੍ਵਛਤਾ ਤੇ ਸੁੰਦਰਤਾ ਦਾ ਪ੍ਰਤੀਕ ਬਣਾ ਦਿਤਾ। ਅਜ ਵੀ ਜਦੋਂ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦੇ ਵਿਦਿਆਰਥੀ ਸਫੈਦ ਸਤਿਯੁਗੀ ਬਸਤ੍ਰਾਂ ਵਿਚ ਬਾਹਰ ਨਿਕਲਦੇ ਹਨ, ਤੇ ਹਰੇਕ ਦੀਆਂ ਨਿਗਾਹਾਂ ਉਨ੍ਹਾਂ ਬੱਚਿਆਂ ਦੇ ਪਹਿਰਾਵੇ ਤੇ ਹੁੰਦੀਆਂ ਹਨ, ਤੇ ਉਨ੍ਹਾਂ ਦੇ ਮੂੰਹੋ ਇਕਦਮ ਨਿਕਲ ਪੈਂਦਾ ਹੈ, ਅਤਿ ਸੁੰਦਰ, ਬੱਚੇ ਇਨ੍ਹਾਂ ਬਸਤ੍ਰਾਂ ਵਿਚ ਬਹੁਤ ਹੀ ਪਿਆਰੇ ਤੇ ਮਨਮੋਹਕ ਲਗਦੇ ਹਨ। ਆਦਿ ਗ੍ਰੰਥ ਵੀ ਨੀਲੇ ਕਾਲੇ ਦੀ ਨਿਖੇਧਤਾ ਕਰਦਾ ਹੈ।

'ਨੀਲਾ ਕਾਲਾ ਖਿਧੋਲੜਾ ਮਲ ਜੂਈ ਭਰਿਆ,

ਸਵਛ ਬਸਤ੍ਰ ਪਹਿਨਾਕੇ ਅਪਣੇ ਸਿਖ ਸੇਵਕਾਂ ਦੇ ਮਨ ਨੂੰ ਨਿਰਮਲ ਕਰਨ ਦੀ ਪ੍ਰੇਰਨਾਂ ਦਿਤੀ ਤੇ ਹੁਕਮ ਕੀਤਾ ਹਮੇਸ਼ਾਂ ਸੱਚ ਬੋਲਣਾ ਭਾਵੇਂ ਕਿੰਨੀਆਂ ਹੀ ਕਠਿਨਾਈਆਂ ਦਾ ਸਾਹਮਣਾ ਕਿਉਂ ਨਾ ਕਰਨਾ ਪੈ ਜਾਵੇ। ਸਚ ਬੋਲਣਾ ਸਚ ਤੋਲਣਾ ਤੇ ਸੱਚ ਸੁਨਣ ਦਾ ਉਪਦੇਸ਼ ਦਿਤਾ। ਸੰਨ ੧੮੭੧ ਵਿਚ ਅੰਮ੍ਰਿਤ-ਸਰ ਵਿਚ ਬੁਚੜ ਮਾਰਕੇ ਜਦੋਂ ਨਾਮਧਾਰੀ ਸਿੰਘ ਆਸੇ ਪਾਸੇ ਹੋ ਗਏ ਤੇ ਨਿਰਦੋਸ਼ੀਆਂ ਦੀ ਮਾਰ ਕੁਟਾਈ ਕੀਤੀ ਜਾ ਰਹੀ ਸੀ। ਸਤਿਗੁਰੂ ਜੀ ਨੇ ਅਸਲੀ ਦੋਸ਼ੀਆਂ ਨੂੰ ਤਾੜਨਾ ਕਰਦਿਆਂ ਹੋਇਆਂ ਫੁਰਮਾਇਆ, "ਕਤਲ ਤੁਸੀਂ ਕੀਤੇ ਹਨ ਤੇ ਬੇਗੁਨਾਹ ਨਿਹੰਗ ਫੜੇ ਹੋਏ ਹਨ, ਕਚਹਿਰੀ ਨੂੰ ਜਾਉ ਅਪਣਾ ਦੋਸ਼ ਮੰਨੋ ਤਾਂ ਕਿ ਬੇਦੋਸ਼ੇ ਬਚ ਜਾਣ।"

ਆਨੰਦਪੁਰ ਸਾਹਿਬ ਦੇ ਹੋਲੇ ਤੇ ਇਕ ਵਿਅਕਤੀ ਖਾਲਸਾ ਸਿੰਘ ਸਜਣ ਲਈ ਆਇਆ। ਉਸਨੇ ਆਪਣੇ ਘਰ ਛੇ ਸੌ ਰੁਪਏ ਦੀ ਘੋੜੀ ਕਿਸੇ ਦੀ ਚੁਰਾਕੇ ਬੱਧੀ ਹੋਈ ਸੀ। ਸਤਿਗੁਰੂ ਜੀ ਨੇ ਹੁਕਮ ਕੀਤਾ ਚੁਰਾਈ ਹੋਈ ਘੋੜੀ ਪਹਿਲੇ ਵਾਪਸ ਕਰਕੇ ਆਵੇ ਫਿਰ ਭਜਨ ਦੀ ਦਾਤ ਮਿਲੇਗੀ।

ਸਚੁ ਸਭਨਾਂ ਹੋਇ ਦਾਰੂ ਪਾਪ ਕਢੈ ਧੋਇ।

ਕਲਿਜੁਗ ਦੇ ਪਾਪਾਂ ਦੀ ਮੈਲ ਨੂੰ ਸਿਰਫ ਸਚ ਹੀ ਧੋ ਸਕਦਾ ਹੈ।

ਸਚ ਦੇ ਨਾਲ ਨਾਲ ਸੁੱਚ ਸੋਧ ਦੇ ਨਿਯਮਾਂ ਦਾ ਪਾਠ ਵੀ ਪੜ੍ਹਾਇਆ। ਜਿਹੜਾ ਸਿਖ ਸੋਧ ਰਖਕੇ ਸੇਵਾ ਨਹੀਂ ਕਰਦਾ ਤੇ ਨਿਰਾ ਨ੍ਹਾ ਧੋਕੇ ਅਪਣੇ ਹੀ ਢਿਡ ਭਰਨ ਦੀ ਗਰਜ ਰੱਖਦਾ ਹੈ, ਉਹ ਭਾਵੇਂ ਚੰਗਾ ਹੈ ਪਰ ਸੋਧ ਦੇ ਵਿਸ਼ੇਸ਼ ਫਲ ਤੋਂ ਮਹਿਰੂਮ ਰਹਿੰਦਾ ਹੈ।

ਇਕ ਵਾਰੀ ਬਾਬਾ ਪਹਾੜਾ ਸਿੰਘ ਜੀ ਜੋ ਸਚੇ ਪਾਤਸ਼ਾਹ ਜੀ ਦੇ ਸੂਬਿਆਂ ਵਿਚੋਂ ਇਕ ਸਨ ਗੜਵਾ ਮਾਂਜਨ ਦੇ ਆਲਸ ਕਰਕੇ ਕਿਸੇ ਨੂੰ ਜਲ ਨਾ ਛਕਾ-ਇਆ। ਸਤਿਗੁਰੂ ਜੀ ਨੇ ਇਸ ਦੋਸ਼ ਦੇ ਬਦਲੇ ਸਵਾ ਮਣ ਦਾਣੇ ਪੀਹਣ ਦੀ ਤਨਖਾਹ ਲਗਾ ਦਿਤੀ।

ਇਸਤੋਂ ਇਲਾਵਾ ਸਤਿਗੁਰੂ ਜੀ ਨੇ ਸਿਖਾਂ ਨੂੰ

Namdhari Elibrary NamdhariElibrary@gmail.com

ਗੁਰਬਾਣੀ ਦਾ ਪਾਠ ਕਰਨਾ, ਤੇ ਸਤਿਕਾਰ ਕਰਨਾ ਸਿਖਾਇਆ। ਜਗ੍ਹਾ ਜਗ੍ਹਾ ਪਿੰਡਾਂ ਵਿਚ ਅਨੇਕਾਂ ਦੌਰੇ ਕੀਤੇ। ਆਦਿ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਜਿਹੜੀਆਂ ਅਲਮਾਰੀਆਂ ਦਾ ਹੀ ਸ਼ਿੰਗਾਰ ਬਣਕੇ ਰਹਿ ਗਈਆਂ ਸਨ, ਜਿਨ੍ਹਾਂ ਦੇ ਵਰਕਿਆਂ ਨੂੰ ਸਿਉਂਕ ਲੱਗੀ ਸੀ ਆਪਣੇ ਪਵਿਤ੍ਰ ਹਸਤ ਕੰਵਲਾਂ ਨਾਲ ਮਿਟੀ ਘੱਟਾ ਝਾੜਕੇ, ਮੰਜੀ ਸਾਹਿਬ ਉਪਰ ਰੱਖਕੇ ਪ੍ਰਕਾਸ਼ ਕਰਨ ਦੀ ਵਿਧੀ ਦਸੀ, ਤੇ ਫਿਰ ਇਸ਼ਨਾਨ ਕਰਕੇ ਸਵੱਛ ਹੋਕੇ ਤਾਬਿਆ ਬੈਠਣ ਦੀ ਜਾਚ ਸਿਖਾਈ। ਅੰਮ੍ਰਿਤ ਵੇਲੇ ਉਠਕੇ ਸਣੇ ਕੇਸੀਂ ਇਸ਼ਨਾਨ ਕਰਨਾ ਦਸਿਆ, ਤੇ ਗਿਆਨੀ ਗਿਆਨ ਸਿੰਘ ਦੇ ਸ਼ਬਦਾਂ ਵਿਚ

ਪਾਇ ਇਹ ਹੁਕਮ ਪ੍ਰਮੇਸ਼ ਦਾ ਵਿਸ਼ੇਸ਼ ਫਿਰ,
ਰਾਮ ਮ੍ਰਗੇਸ਼ ਉਪਦੇਸ਼ ਦੈਨ ਲਾਗਯੋ।
ਹੁਕੇ ਛਡਵਾਏ ਰਖਵਾਏ ਕੇਸ ਮੋਨਿਉਂ ਕੇ,
ਸੁਧਾ ਛਕ ਧਾਏ, ਸਿਖ ਭਾਗ ਜਿਨੈ ਜਾਗਯੋ।
ਫੈਲਿਓ ਜਸ ਭਾਰੀ ਸਿਖ ਥੀਏ ਤਾਂਹਿ ਕੇ ਅਪਾਰੀ,
ਸਿੰਘ ਪੰਥ ਬਿਰਧਾਨੇ
ਨਾਮ ਰਸ ਪਾਗਯੋ।
ਫੀਮ, ਭੰਗ, ਪੋਸਤ, ਸ਼ਰਾਬ, ਮਾਸ ਚੋਰੀ ਯਾਰੀ,
ਠੱਗੀ ਤਜ ਥੀਏ ਸੰਤ ਸਤਿਜੁਗ ਆ ਗਿਓ।

ਭਾਰਤ ਮਤਵਰਪਣ ਵਿਚ ਨਾਮਧਾਰੀ ਪੰਥ ਦੀ ਵਿਆਖਿਆ ਕਰਦਿਆਂ ਉਪ੍ਰੋਕਤ ਕਥਨਾਂ ਦੀ ਪ੍ਰੋੜਤਾ ਮਿਲਦੀ ਹੈ। ਇਸਤਰ੍ਹਾਂ ਅਨਗਿਣਤ ਆਦਮੀਆਂ ਨੂੰ ਅੰਮ੍ਰਿਤ ਛਕਾਏ ਕੇਸ ਰਖਾਏ, ਹੁੱਕੇ ਛਡਾਏ, ਭੰਗ ਪੋਸਤ ਅਫੀਮ ਆਦਿ ਨਸ਼ਿਆਂ ਦੀ ਭੈੜੀ ਆਦਤ ਬੰਦ ਕੀਤੀ। ਥਾਂ ਥਾਂ ਢੋਲਕ ਛੈਣਿਆਂ ਨਾਲ ਗੁਰੂ ਜੀ ਦੇ ਸ਼ਬਦਾਂ ਦਾ ਪੜ੍ਹਨਾਂ ਆਰੰਭ ਹੋਇਆ। ਗੰਦੇ ਗੀਤ ਜਾਂ ਬੋਲੀਆਂ ਦਾ ਕੋਈ ਨਾਮ ਤਕ ਨਾਂ ਲਵੇ। ਸਮੇਂ ਸਮੇਂ ਪਰ ਹਵਨ, ਗ੍ਰੰਥ ਸਾਹਿਬ ਦੇ ਪਾਠ ਅਤੇ ਜੋੜ ਮੇਲੇ ਹੋਇਆ ਕਰਨ। ਗਲ ਕਾਹਦੀ ਇਕ ਵਾਰ ਕਲਿਜੁਗ ਵਿਚ ਹੀ ਸਤਿਜੁਗ ਦੀ ਲੜੀ ਵਰਤਾ ਦਿਤੀ। ਸਫੈਦ ਬਸਤ੍ਰ ਸਿਧੀ ਦਸਤਾਰ ਚਿਟੀ ਉਨ ਦੀ ਮਾਲਾ ਚਿੱਟੇ ਉਨ ਦੇ ਆਸਣ ਸਿਧੀ ਦਾੜੀ ਕੰਘਾ ਕੜਾ, ਕੱਛ ਆਦਿਕ ਸੰਕੇਤ ਰੱਖਦੇ ਹਨ। ਸਕੇਸ਼ ਅਸ਼ਨਾਨ ਕਰਨਾ ਮਦ ਮਾਸ ਨਹੀਂ ਖਾਣਾ, ਇਸਤ੍ਰੀਆਂ ਨੂੰ ਵੀ ਅੰਮ੍ਰਿਤ ਪਾਨ ਕਰਾਇਆ। ਮਾਈ ਹੁਕਮੀ ਨੂੰ ਸੂਬਾ ਥਾਪ ਕੇ ਨਾਰੀ ਨੂੰ ਨਰ ਦੀ ਸਮਾਨਤਾ ਬਖਸ਼ ਦਿਤੀ।

ਅੰਮ੍ਰਿਤ ਪਾਨ ਕਰਕੇ ਖਾਲਸਾ ਤਿਆਰ ਬਰ ਤਿਆਰ ਹੋ ਗਿਆ। ਉਸ ਵਿਚ ਇਕ ਨਵਾਂ ਜੋਸ਼ ਨਵੀਂ ਉਮੰਗ ਇਕ ਨਵਾਂ ਖੇੜਾ, ਹੁਲਾਸ, ਉਤਸ਼ਾਹ ਉਤਪੰਨ ਹੋ ਗਿਆ ਕਿਉਂਕਿ ਹੁਣ ਉਹ ਕਲਿਜੁਗੀ ਜੀਵ ਨਹੀਂ ਸੀ, ਤਮੋ ਗੁਣ ਤਿਆਗਕੇ ਸਤੋਗੁਣ ਦਾ ਧਾਰਨੀ ਹੋ ਚੁੱਕਾ ਸੀ। ਸਤਿਜੁਗੀ ਗੁਣ ਉਸਦੇ ਅੰਦਰ ਪੂਰਨ ਰੂਪ ਵਿਚ ਪ੍ਰਵੇਸ਼ ਹੋ ਗਏ ਸਨ, ਇਸੇ ਲਈ ਹੁਣ ਉਹ ਹਰ ਤਰ੍ਹਾਂ ਦੀਆਂ ਮੁਸੀਬਤਾਂ ਦਾ ਡੱਟਕੇ ਮੁਕਾਬਲਾ ਕਰ ਸਕਦਾ ਸੀ, ਹਸ ਹਸਕੇ ਆਪਣੇ ਦੇਸ਼ ਦੀ ਖਾਤਰ ਕੁਰਬਾਨ ਹੋ ਸਕਦਾ ਸੀ। ਗਲੇ ਵਿਚ ਫਾਹੀ ਦੇ ਫੰਧੇ ਪਾਕੇ ਫੀਤੀ ਫੀਤੀ ਹੋਕੇ ਅੰਗ੍ਰੇਜ਼ ਦੀ ਦਾੜੀ ਹੱਥ ਵਿਚ ਫੜਕੇ ਤੇ ਅੰਗ ਅੰਗ ਕਟਾਕੇ ਜ਼ੁਲਮ ਜ਼ਬਰ ਅਨ੍ਹਿਆਂ ਦੇ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨ ਦੀ ਯੋਗਤਾ ਰੱਖਦਾ ਸੀ।

ਸਰਬਤ ਦਾ ਭਲਾ ਮੰਗਣਾ ਤੇ ਹਰੇਕ ਪ੍ਰਾਣੀ ਮਾਤਰ ਦੀ ਸੇਵਾ ਕਰਨੀ, ਚਾਹੇ ਉਹ ਦੁਸ਼ਮਣ ਹੀ ਕਿਉਂ ਨਾ ਹੋਵੇ ਸੇਵਾ ਹਰ ਇਕ ਦੀ ਕਰਨੀ। ਨਿੰਦਾ ਕਰਨ ਵਾਲੇ ਨੂੰ ਨਿੰਦਾ ਦਾ ਫਲ ਤੇ ਸੇਵਾ ਕਰਨ ਵਾਲੇ ਨੂੰ ਸੇਵਾ ਦਾ ਫਲ।

ਮਾਸ ਖਾਣ ਦੀ ਸਖਤ ਮਨਾਹੀ ਕੀਤੀ ਸ਼ੁਧ ਆਹਾਰ, ਸ਼ੁੱਧ ਖੁਰਾਕ ਖਾਣ ਦੀ ਜਾਚ ਦੱਸੀ।

'ਜੈਸਾ ਖਾਵੈ ਅੰਨ ਤੈਸਾ ਹੋਵੈ ਮੰਨ''।

ਖੁਰਾਕ ਦਾ ਮਨ ਤੇ ਸਰੀਰ ਤੇ ਸਿਧਾ ਪ੍ਰਭਾਵ ਪੈਂਦਾ ਹੈ।

ਬਾਬਾ ਹੋਰ ਖਾਣਾ ਖੁਸ਼ੀ ਖੁਆਰ।
ਜਿਤ ਖਾਧੈ ਤਨ ਪੀੜੀਐ ਮਨ ਮਹਿ ਚਲਹਿ ਵਿਕਾਰ।

ਸਤਿਜੁਗੀ ਅਹਾਰ ਕਰਕੇ ਮਾਣਸ ਦੇਵਤੇ ਬਣ ਗਏ। ਮਨ ਬਾਣੀ ਤਥਾ ਸਰੀਰ ਕਰਕੇ ਅਹਿੰਸਕ ਹੋਣ ਦਾ ਉਪਦੇਸ਼ ਦਿਤਾ। ਅਪਣੀ ਜੀਭ ਦੇ ਸੁਆਦ ਦੀ ਖਾਤਰ ਦੂਸਰਿਆਂ ਦੀ ਜਾਨ ਲੈਣੀ ਹਿੰਸਾ ਕਰਨੀ

ਘੋਰ ਪਾਪ ਹੈ।

ਜੇ ਰਤ ਲਗੈ ਕਪੜੈ ਜਾਮਾ ਹੋਇ ਪਲੀਤ।
ਜੋ ਰਤ ਪੀਵੈ ਮਾਣਸਾ ਤਿਨ ਕਿਉਂ ਨਿਰਮਲ ਚੀਤ॥

ਸਤਿਜੁਗੀ ਜੀਵ ਵਿਸ਼ੇ ਵਿਕਾਰਾਂ ਤੋਂ ਰਹਿਤ ਸਨ ਸਤਿਗੁਰੂ ਜੀ ਨੇ ਅਪਣੇ ਸਿਖਾਂ ਨੂੰ ਇਸ ਤਰ੍ਹਾਂ ਤਿਆਰ ਕੀਤਾ, ਕਿ ਸਵੇਰੇ ਅੰਮ੍ਰਿਤ ਵੇਲੇ ਇਸ਼ਨਾਨ ਕਰਨ ਲਗਿਆਂ ਖੂਹ ਤੇ ਕੀ ਮਾਈ ਕੀ ਭਾਈ ਸਭ ਇਕਠੇ ਹੀ ਸ਼ਨਾਨ ਕਰ ਲੈਂਦੇ, ਕਦੇ ਵੀ ਕੋਈ ਕਿਸੇ ਨੂੰ ਬੁਰੀ ਨਜ਼ਰ ਨਾਲ ਨਾ ਵੇਖਦਾ ਕਿਉਂਕਿ ਉਨ੍ਹਾਂ ਨੇ ਦ੍ਰਿਸ਼ਟੀ ਦੇ ਵਿਕਾਰ ਤੇ ਪੂਰੀ ਤਰ੍ਹਾਂ ਕਾਬੂ ਪਾ ਲਿਆ ਸੀ। ਕਈ ਵਾਰ ਜਦੋਂ ਜਿਆਦਾ ਭੀੜ ਹੁੰਦੀ ਆਦਮੀਆਂ ਨੂੰ ਜਦੋਂ ਪਾਲਾ ਲਗਦਾ, ਕਿਸੇ ਦਾ ਲੀੜਾ ਕਿਸੇ ਖਿਚਕੇ ਆਪਣੇ ਉਪਰ ਲੈ ਲਿਆ ਉਸ ਵੇਲੇ ਨਰ ਨਾਰੀ ਦਾ ਕੋਈ ਵਿਚਾਰ ਮਨ ਵਿਚ ਨਾ ਉਠਦਾ।

ਜਿਸ ਤੇ ਆਪਜੀ ਦੀ ਕ੍ਰਿਪਾ ਦ੍ਰਿਸ਼ਟੀ ਇਕ ਵਾਰੀ ਪੈ ਗਈ, ਕਲਿਜੁਗੀ ਲੱਛਣਾ ਦਾ ਮਲੀਆਮੇਟ ਹੋ ਗਿਆ। ਰਾਏਪੁਰ ਦਾ ਦੂਬਾਰਾ ਸਿੰਘ ਪੰਜ ਪੰਜ ਬਕਰੇ ਸੌ ਸੌ ਮੁਰਗੇ, ਪੰਜ ਪੰਜ ਸੌ ਚਿੜੀਆਂ ਦਾ ਮਾਸ ਤਿਆਰ ਕਰਕੇ ਖਾਂਦਾ ਸੀ। ਸਚੇ ਪਾਤਸ਼ਾਹ ਜੀ ਦੀ ਮਿਹਰ-ਭਰੀ ਦ੍ਰਿਸ਼ਟੀ ਨੇ ਇਕ ਅਖ ਦੇ ਪਲਕਾਰੇ ਵਿਚ ਹੀ ਉਸਦੀ ਕਾਯਾਂ ਕਲਪ ਕਰ ਦਿਤੀ। ਇਹ ਉਹ ਹੀ ਦੂਬਾਰਾ ਸਿੰਘ ਹੈ, ਜਿਹੜਾ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਰੰਗੂਨ ਗਿਆ ਸੀ। ਖੁਸ਼ਹਾਲ ਸਿੰਘ ਪ੍ਰਤਾਪ ਸਿੰਘ ਜਿਹੇ ਸ਼ਰਾਬੀ, ਕਬਾਬੀ ਸਤਿਗੁਰਾਂ ਦੇ ਬਚਨਾਂ ਸਦਕਾ ਇਕ ਖਿਨ ਵਿਚ ਹੀ ਦੇਵਤੇ ਬਣ ਗਏ। ਖੁਸ਼ਹਾਲ ਸਿੰਘ ਜੀ ਐਨੀ ਉਚੀ ਅਵਸਥਾ ਦੇ ਮਾਲਿਕ ਹੋ ਗਏ ਕਿ ਉਨ੍ਹਾਂ ਨੂੰ ਅਪਣੇ ਇਲਾਕੇ ਦਾ ਸੂਬਾ ਥਾਪ ਦਿਤਾ।

ਸਤਿਜੁਗ ਦੀ ਹੋਰ ਵਿਸ਼ੇਸ਼ਤਾ ਹੈ ਕਿ ਕੋਈ ਰੋਂਦਾ ਨਹੀਂ ਸੀ। ਸਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ ਜੇ ਸਰਬੰਧੀ ਸਰੀਰ ਛਡ ਜਾਏ ਤਾਂ ਉਸ ਦੇ ਪਿਛੇ ਰੋਣਾ ਪਿਟਣਾ ਨਹੀਂ।

ਜੋ ਕਿਛ ਬਨਿ ਆਵੈ ਜਥਾ
ਸਕਤ ਪੁੰਨ ਦਾਨ ਭੋਗ ਪਾਠ,
ਸਿਖਾਂ ਨੂੰ ਪ੍ਰਸਾਦਿ ਬਸਤ੍ਰ ਪੋਸ਼ਾਕ
ਜਿਤਨੀ ਬਨਿ ਆਵੈ ਸੋ ਕਰਨਾ।"

ਭਾਈ ਗੁਰਦਾਸ ਜੀ ਦੀਆਂ ਸਤਰਾਂ ਸਤਿਜੁਗ ਬਾਰੇ-

'ਕੋਠੇ ਕੋਟ ਨ ਮੰਦਰ ਸਾਜੇ'

ਕਲਿਜੁਗ ਵਿਚ ਸਾਰਥਕ ਹੋ ਰਹੀਆਂ ਸਨ। ਕੱਚੇ ਕੋਠੇ, ਕੱਖਾਂ ਕਾਨਿਆਂ ਦੇ ਛਪਰਾਂ ਦੀ ਛਾਂ ਹੇਠਾਂ ਹਰ ਵੇਲੇ ਭਜਨ ਬਾਣੀ ਦਾ ਪ੍ਰਵਾਹ ਨਿਰੰਤਰ ਚਲਦਾ ਰਹਿੰਦਾ। ਮਹੱਲ ਮਾੜੀਆਂ ਉਸਾਰਨ ਦੀ ਫੁਰਸਤ ਹੀ ਕਿਥੇ ਸੀ ਨਾਂ ਹੀ ਉਨ੍ਹਾਂ ਦੀ ਲੋੜ ਅਨ-ਭਵ ਕੀਤੀ ਜਾਂਦੀ।

ਪਰਾਏ ਹੱਕ ਦੀ ਨਿਖੇਧਤਾ ਕੀਤੀ

ਹਕੁ ਪਰਾਇਆ ਨਾਨਕਾ, ਉਸ ਸੂਅਰ ਉਸ ਗਾਇ।

ਭਜਨ ਪੁਛਕੇ ਕਰਨ ਦੀ ਜਾਚ ਦਸੀ।

ਜੇ ਕੋਈ ਭਜਨ ਪੁਛਕੇ ਨਾ ਕਰੂਗਾ ਉਸਦਾ ਮੂੰਹ ਦੁਹੀ ਜਹਾਨੀ ਕਾਲਾ ਹੋਊਗਾ।'

ਕੰਨ ਵਿਚ,ਭਜਨ ਲੈਣ ਤੋਂ ਉਪ੍ਰੰਤ ਵਿਅਕਤੀ ਨੂੰ ਅਪਣੇ ਸਰੀਰ ਦੀ ਸੁਧ ਬੁਧ ਨਾ ਰਹਿੰਦੀ। ਮਸਤੀ ਵਿਚ ਲੋਟ ਪੋਟ ਹੋ ਜਾਂਦਾ ਤੇ ਨਾਮ ਦੀ ਖੁਮਾਰੀ ਵਿਚ ਕਈ ਦਿਨਾਂ ਤੱਕ ਸੁੱਧ ਬੁੱਧ ਨਾ ਰਹਿੰਦੀ, ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਨੇ ਸਤਿਗੁਰੂ ਰਾਮ ਸਿੰਘ ਜੀ ਕੋਲੋਂ ਭਜਨ ਲਿਆ ਹੋਇਆ ਸੀ। ਆਪ ਜੀ ਮੇਰੇ ਪਿਤਾ ਸੂਬਾ ਗੰਡਾ ਸਿੰਘ ਜੀ(ਦਿੱਲੀ) ਨੂੰ ਬਚਨ ਕਰਿਆ ਕਰਦੇ ਸਨ ਕਿ ਸਚੇ ਪਾਤਸ਼ਾਹ ਜੀ ਲਾਈਨ ਵਿਚ ਵਿਅਕਤੀਆਂ ਨੂੰ ਖੜੇ ਕਰਕੇ ਵਾਰੀ ਵਾਰੀ ਭਜਨ ਦਿੰਦੇ। ਲਾਈਨ ਵਿਚ ਖਲੋਤੇ ਪਹਿਲੇ ਵਿਅਕਤੀ ਨੂੰ ਜਦੋਂ ਭਜਨ ਦਿਤਾ ਜਾਂਦਾ, ਤਾਂ ਉਸ ਵਲੋ ਭਜਨ ਦੀ ਗੂੰਜਾਰ ਅਖੀਰ ਤੇ ਖਲੋਤਾ ਵਿਅਕਤੀ ਸੁਣ ਸਕਦਾ ਸੀ।

ਆਓ ! ਅਜ ਅਸੀਂ ਆਪਣੀਆਂ ਬੁੱਕਲਾਂ ਵਿਚ ਝਾਤੀ ਮਾਰ ਕੇ ਵਖੀਏ, ਸ਼ਾਂਤੀ ਦੇ ਪੁੰਜ, ਖਿਮਾ ਧੀਰਜ਼ ਸਬਰ, ਸੰਤੋਖ, ਤਿਆਗ, ਸੱਚ ਦੀ ਸਾਕਾਰ ਪ੍ਰਤਿਮਾ ਦਯਾਲਤਾ, ਵਾਤਸਲਯ ਦੇ ਅਥਾਹ ਭੰਡਾਰ ਗਉ

Namdhari Elibrary NamdhariElibrary@gmail.com

ਗਰੀਬ ਦੇ ਰੱਖਿਅਕ, ਚੀਨੀ ਘੋੜੀ ਦੇ ਸ਼ਾਹ ਸਵਾਰ, ਆਜਾਨ ਬਾਹੂ, ਨਾਮਧਾਰੀ ਪੰਥ ਦੇ ਸੰਚਾਲਕ ਆਗੂ ਰਹਿਨੁਮਾ, ਪੰਥ ਪ੍ਰਦਸ਼ਕ, ਨਿਰਭੈ ਯੋਧਾ, ਨਿਡਰ, ਦਲੇਰ, ਦ੍ਰਿੜ, ਸੂਰਬੀਰ, ਜੁਗ ਪਲਟਾਊ ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਘੋਰ ਕਲਿਜੁਗ ਵਿਚ ਜੋ ਸਤਿਜੁਗੀ ਉਪਦੇਸ਼ ਦਿਤੇ ਅਸੀਂ ਉਨ੍ਹਾਂ ਨੂੰ ਕਿੰਨਾ ਕੁ ਅਪਣੇ ਜੀਵਨ ਵਿਚ ਧਾਰਨ ਕੀਤਾ ਹੈ, ਉਨ੍ਹਾਂ ਤੇ ਕਿੰਨਾਂ ਕੁ ਅਮਲ ਕੀਤਾ ਹੈ? ਵਰਤਮਾਨ ਸ੍ਰੀ ਸਤਿਗੁਰੂ ਜੀ ਬਾਰ ਬਾਰ ਅਪਣੇ ਮੁਖਾਰ ਬਿੰਦ ਰਾਹੀਂ ਉਨ੍ਹਾਂ ਰਾਹਾਂ ਤੇ ਚੱਲਣ ਦੀ ਪ੍ਰੇਰਨਾ ਦਿੰਦੇ ਹਨ, ਸ਼ਾਂਤ ਮਈ ਹੋਕੇ ਸਚੇ ਪਾਤਸ਼ਾਹ ਜੀ ਦੀ ਮੂਰਤ ਨੂੰ ਹਿਰਦੇ ਵਿਚ ਵਸਾਕੇ, ਉਨ੍ਹਾਂ ਦੇ ਚਰਨਾਂ ਦਾ ਧਿਆਨ ਧਰਕੇ ਅਪਣੇ ਆਪ ਨੂੰ ਟਟੋਲੀਏ, ਉਸ ਵੇਲੇ ਤਾਂ ਅੰਤਰ ਆਤਮਾ ਵਿਚੋਂ ਇਕ ਸਪਸ਼ਟ ਆਵਾਜ਼ ਆਉਂਦੀ ਹੈ, ਕਿੰਨੇ ਭਾਗਸ਼ਾਲੀ ਹਾਂ ਅਸੀਂ ਜਿੰਨ੍ਹਾਂ ਨੂੰ ਸੜਦੇ ਭੁੱਜਦੇ ਘੋਰ ਕਲਿ-ਕਾਲ ਅੰਦਰ ਸਤਿਗੁਰੂ ਜੀ ਦੀ ਵਾਤਸਲਯ ਮਈ ਛਤ੍ਰ ਛਾਂ ਹੇਠ ਅਪਣੇ ਜੀਵਨ ਦੇ ਪਲ ਗੁਜ਼ਾਰਨ ਦਾ ਸ਼ੁਭ ਅਵਸਰ ਮਿਲ ਰਿਹਾ ਹੈ। ਇੰਵ ਅਨੁਭਵ ਹੁੰਦਾ ਹੈ, ਇਸ ਦੁਨੀਆਂ ਵਿਚ ਵਿਚਰਦਿਆਂ ਹੋਇਆਂ ਵੀ ਦੁਨੀਆਂ ਤੋਂ ਉਪਰ ਬਹੁਤ ਉਪਰ। ਆਓ! ਅਸੀਂ ਉਨ੍ਹਾਂ ਦੇ ਅਵਤਾਰ ਦਿਵਸ ਦੇ ਸ਼ੁਭ ਦਿਹਾੜੇ ਤੇ ਪ੍ਰਣ ਕਰੀਏ, ਉਨ੍ਹਾਂ ਦੇ ਚਰਨਾਂ ਵਿਚ ਬੇਨਤੀ ਕਰੀਏ ਕਿ ਸਾਨੂੰ ਸਤਿਜੁਗੀ ਆਦਰਸ਼ਾਂ ਤੇ ਚਲਣ ਦਾ ਬਲ ਤੇ ਸਮਰੱਥਾ ਬਖਸ਼ਣ।

ਗੁਰੂ ਰਾਮ ਸਿੰਘ ਧਾਰ ਅਵਤਾਰ ਆਇਆ

ਗੁਰਦੀਪ ਸਿੰਘ ਨਾਮਧਾਰੀ ਬੀ. ਏ. ਸੰਤ ਨਗਰ

ਸੰਮਤ ਅਠਾਰਾਂ ਸੌ ਬੱਹਤਰ ਮਹਿੰ,
ਕਲਾ ਧਾਰਕੇ ਆਪ ਨਿਰੰਕਾਰ ਆਇਆ।
ਬਸੰਤ ਰੁਤ ਤੇ ਮਾਘ ਸੁਦੀ ਪੰਚਮੀ ਸੀ,
ਜੋਤ ਬਾਹਰਵੀਂ ਆਪ ਅਵਤਾਰ ਆਇਆ।
ਪਿੰਡ ਰਾਈਆਂ ਜ਼ਿਲ੍ਹਾ ਲੁਧਿਆਣਾ ਵਿਚ,
ਪੁਤਰ ਜੱਸਾ ਦਾ ਬਣ ਕਰਤਾਰ ਆਇਆ।
ਮਾਤਾ ਸਦਾ ਕੌਰ ਦੀ ਕੁੱਖ ਨੂੰ ਭਾਗ ਲਾ ਕੇ,
ਦਸਮ ਪਾਤਸ਼ਾਹ ਫਿਰ ਅਵਤਾਰ ਆਇਆ।
ਜਿਸ਼ ਰੁੜ੍ਹਦੇ ਧਰਮ ਨੂੰ ਬਚਾ ਲਿਆ ਸੀ,
ਗੁਰੂ ਰਾਮ ਸਿੰਘ ਚੀਨੀ ਅਸਵਾਰ ਆਇਆ।
ਬੱਧੇ ਜਮਾਂ ਤੋਂ ਜਿਸ ਛੁਡਾ ਲਿਆ ਸੀ,
ਉਸ ਗੁਰੂ ਦਾ ਅੱਜ ਤਿਉਹਾਰ ਆਇਆ।
ਜੋ ਗਿਆ ਪ੍ਰਦੇਸ਼ ਸੀ ਧਰਮ ਖਾਤਰ,
ਅਜੇ ਤੱਕ ਨਹੀਂ ਕੀਤਾ ਇਕਰਾਰ ਆਇਆ।
ਸਾਡੀ ਹੋਵੇਗੀ ਓਦੋਂ ਬਸੰਤ ਮਾਹੀਆ,
ਜਿਸ ਦਿਨ ਤੂੰ ਚੀਨੀ ਅਸਵਾਰ ਆਇਆ।

ਨਾ ਮਿਲਵਰਤਨ ਲਹਿਰ ਦੇ ਮੋਢੀ–

"ਸ੍ਰੀ ਸਤਿਗੁਰੂ ਰਾਮ ਸਿੰਘ ਜੀ"

[ਵਲੋਂ ਸਵਿੰਦਰ ਸਿੰਘ ਨਾਮਧਾਰੀ ਲੁਧਿਆਣਾ

ਪਤੱਝੜ ਰੁੱਤ ਤੋਂ ਬਾਦ ਬਸੰਤ ਰੁੱਤ ਖੁਸ਼ੀਆਂ ਲੈਕੇ ਆਉਂਦੀ ਹੈ। ਇਸੇ ਰੁੱਤ ਵਿਚ ਬਸੰਤ ਪੰਚਮੀ ਵਾਲੇ ਦਿਨ ਹੀ ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਜੋ ਕਿ ਸ਼ਾਂਤੀ ਦੇ ਪੁਜਾਰੀ ਸਨ, ਦਾ ਅਵਤਾਰ ਮਾਘ ਸੁਦੀ ਪੰਚਮੀ ੧੮੭੨ ਬਿ: ਨੂੰ ਪਿੰਡ ਰਾਈਆਂ (ਸ੍ਰੀ ਭੈਣੀ ਸਾਹਿਬ ਦੇ ਨੇੜੇ) ਜ਼ਿਲਾ ਲੁਧਿਆਣਾ ਵਿਚ ਸ੍ਰ. ਜੱਸਾ ਸਿੰਘ ਜੀ ਦੇ ਗ੍ਰਿਹਿ ਮਾਤਾ ਸਦਾ ਕੌਰ ਦੀ ਕੁਖੋਂ ਹੋਇਆ। ਆਪਜੀ ਨੇ ਹਿੰਦੁ–ਸਤਾਨ ਨੂੰ ਅੰਗਰੇਜ਼ੀ ਹਕੂਮਤ ਤੋਂ ਆਜ਼ਾਦੀ ਦਿਵਾਉਣ ਦਾ ਜੋ ਫਰਜ ਅਦਾ ਕੀਤਾ ਹੈ ਉਹ ਕਿਸੇ ਆਮ ਮਨੁੱਖ ਦੇ ਵਸ ਨਹੀਂ ਸੀ।

ਜਵਾਨੀ ਦੀ ਉਮਰ ਵਿਚ ਕਦਮ ਰਖਦਿਆਂ ਹੀ ਆਪ ਜੀ ਕੰਵਰ ਨੌਨਿਹਾਲ ਸਿੰਘ ਦੀ ਰਜਮੈਂਟ ਵਿਚ ਫੌਜ ਦੀ ਨੌਕਰੀ ਕੀਤੀ। ਫਿਰ ਮਹਾਰਾਜਾ ਰਣਜੀਤ ਸਿੰਘ ਤੋਂ ਬਾਦ ਜਿਸ ਵੇਲੇ ਸਿਖ ਰਾਜ ਦੀ ਹਕੂਮਤ ਡੋਗਰੇ ਸਿਖਾਂ ਦੇ ਹੱਥ ਆ ਗਈ ਅਤੇ ਡੋਗਰਿਆਂ ਨੇ ਫਿਰ ਜਗੀਰਾਂ ਹਾਸਲ ਕਰਨ ਦੀ ਖਾਤਰ ਰਾਜ ਭਾਗ ਹੀ ਅੰਗਰੇਜ਼ਾਂ ਦੇ ਹਵਾਲੇ ਕਰ ਦਿਤਾ ਤਾਂ ਆਪ ਨੇ ਫੌਜੀ ਨੌਕਰੀ ਹੀ ਛੱਡ ਦਿਤੀ।

ਫਿਰ ਕੀ ਹੋਇਆ ਅੰਗਰੇਜ਼ੀ ਸਰਕਾਰ ਨੇ ਪੰਜਾਬ ਵਿਚੋਂ ਬਹਾਦਰ ਕੌਮ ਜੋ ਕਿ ਸਿਖ ਕੌਮ ਸੀ। ਇਸ ਦਾ ਨਾਸ਼ ਕਰਨ ਲਈ, ਸਭ ਤੋਂ ਪਹਿਲਾਂ ਸਿਖੀ ਇਤਿਹਾਸ ਦਾ ਅਦਲ ਬਦਲ ਕੀਤਾ। ਜਿਸ ਦਾ ਨਤੀਜਾ ਇਹ ਹੋਇਆ ਕਿ ਝੂਠੇ ਪ੍ਰਚਾਰ ਹੋਣ ਨਾਲ ਸਿਖ ਗੁਰੱਸਿਖੀ ਦਾ ਰਾਹ ਛੱਡਕੇ ਕੁਰਾਹੇ ਪੈ ਗਏ। ਵੱਡੇ ਜਗੀਰਦਾਰ ਸਿੱਖ ਗਰੀਬਾਂ ਨੂੰ ਲੁਟ ਲੁਟ ਕੇ ਐਸ਼ ਕਰਨ ਲਗ ਪਏ। ਕੰਜਰੀਆਂ ਨਚਾਂਦੇ ਮੁਜਰੇ ਕਰਾਉਂਦੇ, ਮਾਸ ਸ਼ਰਾਬ, ਤੰਬਾਕੂ ਪੀਕੇ ਮਸਤੀਆਂ ਮਾਰਨਲਗ ਪਏ। ਗੁਰਦੁਆਰੇ ਬੰਦ ਕਰਕੇ ਬੀੜਾਂ ਨੂੰ ਅਲਮਾਰੀਆਂ ਵਿਚ ਡੱਕ ਦਿਤਾ। ਤਾਂ ਅਜਿਹੀ ਗੁਰਸਿੱਖੀ ਦੀ ਹਾਲਤ ਵੇਖਕੇ ਆਪ ਜੀ ਨੇ ਵਿਸਾਖੀ ਵਾਲੇ ਦਿਨ ਸੰਮਤ ੧੯੧੪ ਬਿ: ਨੂੰ ਸ੍ਰੀ ਭੈਣੀ ਸਾਹਿਬ ਵਿਖੇ ਅੰਮ੍ਰਿਤ ਤਿਆਰ ਕਰਕੇ ਖਾਲਸਾ ਪੰਥ ਮੁੜ ਸੁਰਜੀਤ ਕੀਤਾ। ਅਤੇ ਆਪ ਜੀ ਨੇ ਪਿੰਡ-ਪਿੰਡ ਸ਼ਹਿਰ–ਸ਼ਹਿਰ ਦਾ ਦੌਰਾ ਕੀਤਾ, ਗੁਰਸਿਖੀ ਵਧਣੀ ਸ਼ੁਰੂ ਹੋ ਗਈ। ਸ੍ਰੀ ਗ੍ਰੰਥ ਸਾਹਿਬ ਜੋ ਅਲ–ਮਾਰੀਆਂ ਵਿਚੋਂ, ਚੂਹਿਆਂ ਰਾਹੀਂ ਬੇਅਦਬੀ ਝੱਲ ਰਹੇ ਸੀ, ਕਢਵਾਕੇ ਉਨ੍ਹਾਂ ਦਾ ਆਦਰਮਾਨ ਕਰਨਾ ਸਿਖਾਕੇ ਮੁੜ ਤੋਂ ਓਨਾਂ ਦੀ ਮੁਰੰਮੱਤ ਕਰ–ਵਾਈ। ਲੋਕਾਂ [illegible] , [illegible]ਣੀ ਪੜ੍ਹਨ ਲਾਇਆ। ਮਾਸ, ਸ਼ਰਾਬ, ਚੋਰੀ, ਯਾਰੀ, ਠਗੀ ਤੇ ਦੂਸਰੇ ਨਸ਼ੇ ਛੁਡਾਏ ਅਤੇ ਸਤਿਜੁਗੀ ਜੀਵਨ ਬਿਤਾਉਣ ਵਲ ਪ੍ਰੇਰਨਾ ਕੀਤੀ।

ਇਸ ਤਰ੍ਹਾਂ ਗੁਰਸਿਖੀ ਵਧਣ ਫੁਲਣ ਲਗੀ। ਅਤੇ ਆਪਜੀ ਭਾਈ ਰਾਏ ਸਿੰਘ ਜੀ ਰਾਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦਸੀ ਮਰਿਯਾਦਾ ਸ੍ਰੀ ਹਜ਼ੂਰ ਸਾਹਿਬ ਤੋਂ ਮੰਗਵਾਕੇ ਸਿਖਾਂ ਨੂੰ ਇਹ ਉਪ-ਦੇਸ਼ ਦਿਤਾ ਕਿ– 'ਚੋਰੀ, ਯਾਰੀ, ਨਿੰਦਿਆ ਨਹੀਂ ਕਰਨੀ, ਪਰਾਇਆ ਹੱਕ ਨਹੀਂ ਖਾਣਾ। ਮੜ੍ਹੀਆਂ ਮਸੀਤਾਂ, ਗੁਗੇ ਪੀਰਾਂ ਨੂੰ ਨਹੀਂ ਪੂਜਣਾ। ਮਾਸ, ਸ਼ਰਾਬ ਆਦਿ ਦਾ ਕੋਈ ਨਸ਼ਾ ਨਹੀਂ ਵਰਤਨਾ। ਧੀ ਭੈਣ ਦਾ ਵਟਾ ਅਤੇ ਲੈਣ ਦੇਣ (ਦਾਜ) ਨਹੀਂ ਕਰਨਾ। ਛੋਟੀ ਉਮਰ ਦੀਆਂ ਲੜਕੀਆਂ ਦੇ ਵਿਆਹ ਨਹੀਂ ਕਰਨੇ। ਕੁੜੀਆਂ ਨਹੀਂ ਮਾਰਨੀਆਂ। ਇਹ ਕੁਕਰਮ ਛੁਡਵਾਕੇ ਸ੍ਰੀ ਸਤਿਗੁਰੂ ਜੀ ਨੇ ਗੁਰ ਸਿਖਾਂ ਨੂੰ ਗੁਰਬਾਣੀ ਪੜ੍ਹਨੀ, ਅੰਮ੍ਰਿਤ ਵੇਲੇ ਸਣਕੇਸੀ ਇਸ਼-

ਨ੍ਹਾਨ ਕਰਨਾ। ਜੰਗਲ ਪਾਣੀ ਬਸਤਰ ਲਾਹਕੇ ਜਾਣਾ ਉਪ੍ਰੰਤ ਹੱਥ ਪੈਰ ਮਿੱਟੀ ਨਾਲ ਸਾਫ ਕਰਨੇ, ਸੁਚ ਸੋਧ ਦੇ ਧਾਰਣੀ ਹੋਣਾ ਅਤੇ ਸ੍ਵਾਸ ਸਵਾਸ ਨਾਮ ਜਪਨਾ ਜਿਸ ਬਾਰੇ ਗੁਰਬਾਣੀ ਵਿਚ ਇਉਂ ਲਿਖਿਆ ਹੈ;–

"ਬਿਨ ਸਿਮਰਨ ਦਿਨੁ ਰੈਨਿ ਬਿਰਥਾ ਬਿਹਾਏ।
ਮੇਘ ਬਿਨਾ ਜਿਉ ਖੇਤੀ ਜਾਏ।
ਗੋਬਿੰਦ ਭਜਨ ਬਿਨ ਬਿਰਥੇ ਸਭ ਕਾਮ।
ਜਿਉ ਕਿਰਪਨ ਕੇ ਨਿਰਾਰਥ ਦਾਮ ।"

ਆਪਜੀ ਹੁਕਮ ਕੀਤਾ ਕਿ ਨਾਮ ਜਪਣ ਨਾਲ ਜੋ ਪਸ਼ੂ ਬੁੱਧੀ ਹੁੰਦੀ ਹੈ ਓਹ ਦੇਵ ਬੁਧੀ ਹੋ ਜਾਂਦੀ ਹੈ। ਇਸ ਲਈ ਹਰ ਜੀਵ ਆਤਮਾਂ ਲਈ ਨਾਮ ਜਪਣਾ ਬਹੁਤ ਜਰੂਰੀ ਹੈ। ਜਦ ਇਨ੍ਹਾਂ ਗੁਰਉਪ–ਦੇਸ਼ਾਂ ਅਨੁਸਾਰ ਚਲਕੇ ਬੇਅੰਤ ਸਿਖ ਬਨਣੇ ਸ਼ੁਰੂ ਹੋ ਗਏ ਤਾਂ ਪੰਥ ਵਿਰੋਧੀਆਂ ਨੇ ਅੰਗਰੇਜ਼ਾਂ ਕੋਲ ਜਾ ਕੇ ਚੁਗਲੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ ਕਿ ਰਾਮ ਸਿੰਘ ਨੇ ਤਾਂ ਤੁਹਾਡਾ ਰਾਜ ਖੋਹ ਲੈਣਾ ਹੈ ਇਸਦੇ ਲਖਾਂ ਹੀ ਸਿਖ ਬਣਦੇ ਜਾ ਰਹੇ ਹਨ। ਕਿਸੇ ਵੇਲੇ ਵੀ ਇਹ ਬਗਾਵਤ ਕਰਵਾ ਸਕਦਾ ਹੈ। ਇਹ ਵੇਖ ਸੁਣਕੇ ਅੰਗਰੇਜ਼ੀ ਹਕੂਮਤ ਨੇ ਸ੍ਰੀ ਸਤਿਗੁਰੂ ਜੀ ਤੇ ਪਾਬੰਦੀਆਂ ਲਗਾਉਣੀਆਂ ਸ਼ੁਰੂ ਕਰ ਦਿਤੀਆਂ ਥਾਂ ਥਾਂ ਤੇ ਬੁਚੜਖਾਨੇ ਖੋਲ ਦਿਤੇ। ਗਊ ਗਰੀਬ ਨੂੰ ਤਸੀਹੇ ਦੇਣੇ ਸ਼ੁਰੂ ਕਰ ਦਿਤੇ।

ਜਦੋਂ ਸ੍ਰੀ ਸਤਿਗੁਰੂ ਜੀ ਨੇ ਸਰਕਾਰ ਦਾ ਇਹ ਰਵਈਆ ਵੇਖਿਆ ਤਾਂ ਆਪ ਜੀ ਨੇ ਅੰਗਰੇਜ਼ ਹਕੂਮਤ ਦੇ ਖਿਲਾਫ ਨਾ–ਮਿਲਵਰਤਨ ਭਾਵ ਕਿ ਬਾਈਕਾਟ ਕਰ ਦਿਤਾ। ਆਪ ਜੀ ਨੇ ਸਿਖਾਂ ਨੂੰ ਹੁਕਮ ਕਰ ਦਿਤਾ ਕਿ ਵਿਦੇਸ਼ੀ ਗਡੀ ਤੇ ਨਹੀਂ ਚੜਨਾ, ਵਿਦੇਸ਼ੀ ਸਕੂਲਾਂ ਵਿਚ ਬੱਚੇ ਨਹੀਂ ਪੜ੍ਹਾ-ਉਣੇ, ਵਿਦੇਸ਼ੀ ਨੌਕਰੀ ਨਹੀਂ ਕਰਨੀ, ਵਿਦੇਸ਼ੀ ਅਦਾਲਤਾਂ ਵਿਚ ਨਹੀਂ ਜਾਣਾ ਅਤੇ ਵਿਦੇਸ਼ੀ ਡਾਕ ਨਹੀਂ ਵਰਤਨੀ। ਇਹ ਪ੍ਰਚਾਰ ਕਰਨ ਲਈ ਸ੍ਰੀ ਸਤਿਗੁਰੂ ਜੀ ਨੇ ੨੨ ਸੂਬੇ ਥਾਪ ਦਿਤੇ। ਇਸ ਪ੍ਰਚਾਰ ਨਾਲ ਲੋਕਾਂ ਦੀਆਂ ਅੱਖਾਂ ਖੁਲ੍ਹ ਗਈਆਂ। ਜਿਹੜੇ ਲੋਕੀ ਭਾਰਤ ਦੀ ਆਜ਼ਾਦੀ ਦੀ ਜੰਗ ਅਤੇ ਨਾ-ਮਿਲਵਰਤਨ ਅੰਦੋਲਨ ਦੇ ਮੋਢੀ ਮਹਾਤਮਾਂ ਗਾਂਧੀ ਅਤੇ ਕਾਂਗਰਸ ਨੂੰ ਮੰਨਦੇ ਹਨ ਉਹ ਨਾਮ-ਧਾਰੀ ਇਤਹਾਸ ਨਾਲ ਹੀ ਨਹੀਂ ਬਲਕਿ ਦੇਸ਼ ਦੀ ਅਜਾਦੀ ਦੇ ਪੂਰਨ ਇਤਿਹਾਸ ਨਾਲ ਹੀ ਬੇ ਇਨ–ਸਾਫੀ ਕਰਦੇ ਹਨ। ਉਸ ਸਮੇਂ ਤਾਂ ਨਾ ਗਾਂਧੀ ਹੀ ਹੋਇਆ ਸੀ ਅਤੇ ਨਾ ਹੀ ਕਾਂਗਰਸ ਪਾਰਟੀ ਹੀ ਹੋਂਦ ਵਿਚ ਆਈ ਸੀ। ਅੰਗਰੇਜ਼ ਦੇ ਖੋਲੇ ਹੋਏ(ਗਊ ਕਤਲਗਾਹਾਂ) ਬੁਚੜਖਾਨਿਆਂ ਨੂੰ ਖਤਮ ਕਰਨ ਦੇ ਜ਼ੁਲਮ ਵਿਚ ਨਾਮਧਾਰੀ ਸਿਖਾਂ ਨੂੰ ਫਾਂਸੀਆਂ ਤੇ ਲਟਕਾਇਆ ਗਿਆ, ਤੋਪਾਂ ਨਾਲ ਉਡਾਇਆ ਗਿਆ ਅਤੇ ਕਈਆਂ ਨੂੰ ਕਾਲੇ ਪਾਣੀ ਭੇਜਿਆ ਗਿਆ। ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਪੰਜਾਂ ਸੂਬਿਆਂ ਸਮੇਤ ਜਲਾਵਤਨ ਕਰਕੇ ਦੇਸ਼ ਨਿਕਾਲਾ ਦਿਤਾ ਗਿਆ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਵਿਚ ਹੀ ਨਜਰਬੰਦ ਕੀਤਾ ਗਿਆ ਅਤੇ ਸ੍ਰੀ ਭੈਣੀ ਸਾਹਿਬ ਪੂਰੇ ੫੦ ਸਾਲ ਪੁਲਸ ਚੌਂਕੀ ਹੀ ਬੈਠੀ ਰਹੀ। ਜੇਕਰ ਦੇਸ਼ ਵਾਸੀ ਜੋ ਕਿ ਅੰਗਰੇਜ਼ੀ ਰਾਜ ਦੇ ਪਿਠੂ ਨ ਹੋਕੇ ਸ੍ਰੀ ਸਤਿਗੁਰੂ ਜੀ ਦਾ ਸਾਥ ਦੇਂਦੇ ਤਾਂ ਉਸ ਸਮੇਂ ਹੀ ਅੰਗਰੇਜ਼ ਅਪਨਾ ਬੋਰੀ ਬਿਸਤਰਾ ਬੰਨ ਕੇ ਆਪਣੇ ਦੇਸ਼ ਨੂੰ ਵਾਪਿਸ ਚਲੇ ਜਾਂਦੇ।

ਸ੍ਰੀ ਸਤਿਗੁਰੂ ਜੀ ਦੇ ਚਲਾਏ ਨਾਂਮਿਲਵਰਤਨ ਅੰਦੋਲਨ ਨੇ ਤਾਂ ਲੋਕਾਂ ਦੀ ਕਾਇਆਂ ਹੀ ਪਲਟ ਦਿਤੀ ਸੀ ਜਿਸ ਕਰਕੇ ਸਤਿਜੁਗੀ ਸਮਾਂ ਕਲਿਜੁਗ ਵਿਚ ਹੀ ਮਹਿਸੂਸ ਹੋਣ ਲਗ ਪਿਆ ਸੀ। ਹਰਇਕ ਸਿਖ ਨਾਮ ਦੇ ਰੰਗ ਵਿਚ ਰੰਗਿਆ ਹੋਇਆ ਸੀ। ਸਦਾਚਾਰ, ਖਾਨ ਪਾਨ ਦੀ ਸੁਚੀ ਮਰਿਯਾਦਾ ਹੋਰ ਲੋਕਾਂ ਨਾਲੋਂ ਨਾਮਧਾਰੀਆਂ ਵਿਚ ਵਖਰੀ ਹੀ ਹੈ ! ਸਾਦਾ ਅਤੇ ਸਤਿਜੁਗੀ ਹੰਸਾਂ ਵਾਲਾ ਬਾਣਾ ਪਹਿ–ਨਦੇ ਹਨ। ਗਊ ਗਰੀਬ ਦੀ ਰਖਿਆ ਕਰਨੀ ਇਨ੍ਹਾਂ ਦਾ ਮੁਖ ਕਰਤੱਵ ਹੈ। ਇਹੋ ਨਿਸ਼ਾਨੀ ਹੀ ਅਮਨ ਏਕਤਾ ਅਤੇ ਸ਼ਾਂਤੀ ਦੀ ਹੈ ਜੋ ਹੋਰ ਕਿਸੇ ਵੀ ਮਜਹਬ ਵਿਚੋਂ ਨਹੀਂ ਮਿਲ ਸਕਦੀ। ਕਿਉਂ ਸ੍ਰੀ ਸਤਿਗੁਰੂ ਜੀ ਨੇ ਉਪਦੇਸ਼ ਦਿਤਾ ਹੈ ਕਿ ਭਾਈ ਕਿਸੇ ਨੂੰ ਮੰਦਾ ਬੋਲ ਨਹੀਂ ਬੋਲਨਾ। ਸਬਰ ਸੰਤੋਖ ਰਖਣਾ।

Namdhari Elibrary NamdhariElibrary@gmail.com

ਸੰਤ ਖਾਲਸਾ ਦੀ ਸਾਜਨਾ

[ਦਵਿੰਦਰ ਸਿੰਘ ਗਿੱਲ (ਜੀਆ ਨੱਥਾ)

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਛੇਤੀ ਹੀ ਬਾਅਦ ਵਿਚ ਪੰਜਾਬ ਦਾ "ਖਾਲਸਾ ਰਾਜ" ਅੰਗਰੇਜ਼ ਦੀ ਝੋਲੀ ਵਿਚ ਪੈ ਗਿਆ। ਆਜ਼ਾਦ ਪੰਜਾਬੀ ਅੰਗਰੇਜ਼ ਦੀਆਂ ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜੇ ਗਏ ਅਤੇ ਪੰਜਾਬ "ਭੇਡਾਂ ਦਾ ਵਾੜਾ" ਬਣਕੇ ਰਹਿ ਗਿਆ। ਪੰਜਾਬੀਆਂ ਦੀ ਅਣਖ ਮਿਟ ਗਈ ਅਤੇ ਸਿਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪੈਦਾ ਕੀਤੀ ਮਰਦਾਨਗੀ ਵਾਲੀ ਸਪਿਰਟ ਨੂੰ ਭੁੱਲ ਗਏ ਅਤੇ "ਸਰ" "ਰਾਇ ਬਹਾਦਰ" ਅਤੇ "ਜੈਲਦਾਰ" ਦੇ ਖਿਤਾਬ ਪ੍ਰਾਪਤ ਕਰਨ ਵਿਚ ਖੁਸ਼ੀ ਮਹਿਸੂਸ ਕਰਨ ਲਗੇ।

ਸਿਖ ਘਰਾਣਿਆਂ ਵਿਚ ਮੁੜ ਸਤੀ ਪ੍ਰਥਾ ਬਾਲ ਵਿਆਹ, ਕੁੜੀ ਮਾਰਨੀ ਆਦਿਕ ਭੈੜੀਆਂ ਪ੍ਰਥਾ ਚਾਲੂ ਹੋ ਗਈਆਂ ਅਤੇ ਜਿਨ੍ਹਾਂ ਕਰਕੇ ਸਿਖੀ ਦਾ ਨਾਮੋ ਨਿਸ਼ਾਨ ਖਤਮ ਹੋ ਗਿਆ। ਹੁਕਾ ਪੀਣਾ ਸ਼ਰਾਬ ਤੇ ਹੋਰ ਨਸ਼ਿਆਂ ਦਾ ਸੇਵਨ ਕਰਨਾ ਅਤੇ ਕਈ ਵਿਆਹ ਕਰਵਾਉਣੇ ਆਦਿਕ ਸਿਖ ਘਰਾਣਿਆਂ ਵਿਚ ਪ੍ਰਚਲਤ ਹੋ ਗਏ। ਸਿਖ, ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ ਅਤੇ ਭਾਈ ਤਾਰਾ ਸਿੰਘ ਵਾਂ ਆਦਿਕ ਸਿੰਘ ਦੇ ਬਹਾਦਰੀ ਭਰਪੂਰ ਕਾਰਨਾਮੇ ਵਿਸਾਰ ਬੈਠੇ। ਸਤਿਗੁਰੂ ਰਾਮ ਸਿੰਘ ਜੀ ਸਿਖਾਂ ਦੀ ਨਿਘਰ ਚੁਕੀ ਹਾਲਤ ਨੂੰ ਵੇਖਕੇ ਡੂੰਘੀ ਸੋਚ ਵਿਚ ਪੈ ਜਾਂਦੇ ਅਤੇ ਫਿਰ ਅਖੀਰ ਇਸਦਾ ਹਲ ਲਾਭ ਹੀ ਲਿਆ। ੧੮੫੭ ਈਸਵੀ ਦੀ ਇਤਿਹਾਸਕ ਵਿਸਾਖੀ ਦੇ ਦਿਹਾੜੇ ਆਪ ਜੀ ਨੇ ਸ੍ਰੀ ਭੈਣੀ ਸਾਹਿਬ ਸਿਖਾਂ ਦਾ ਵਿਸ਼ਾਲ ਇਕੱਠ ਕੀਤਾ ਅਤੇ ਉਸ ਇਕੱਠ ਵਿਚੋਂ ਆਪ ਜੀ ਦੀ ਪਾਰਖੂ ਅੱਖ ਨੇ ਪੰਜ ਸਿੰਘਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ ਅਤੇ "ਸੰਤ ਖਾਲਸਾ" ਦੀ ਸਾਜਨਾ ਕੀਤੀ। ਉਹਨਾਂ ਪੰਜਾਂ ਸਿੰਘਾਂ ਦੇ ਨਾਮ ਇਸ ਪ੍ਰਕਾਰ ਸਨ:—

੧ ਭਾਈ ਕਾਹਨ ਸਿੰਘ ਜੀ ਨਿਹੰਗ ਪਿੰਡ ਚੱਕ, ਰਿਆਸਤ ਮਲੇਰ ਕੋਟਲਾ।

੨ ਭਾਈ ਲਾਭ ਸਿੰਘ ਰਾਗੀ ਅੰਮ੍ਰਿਤਸਰ

੩ ਭਾਈ ਲੈਣਾ ਸਿੰਘ ਪਿੰਡ ਵਰਿਆਂਹ, ਜਿਲਾ ਅੰਮ੍ਰਿਤਸਰ

੪ ਭਾਈ ਆਤਮਾ ਸਿੰਘ ਪਿੰਡ ਆਲੇ ਮੁਹਾਰ, ਜਿਲਾ ਸਿਆਲਕੋਟ

੫ ਭਾਈ ਸੁਧ ਸਿੰਘ ਪਿੰਡ ਦੁਰਗਾਪੁਰ, ਜਿਲਾ ਜਲੰਧਰ।

ਸਤਿਗੁਰੂ ਰਾਮ ਸਿੰਘ ਜੀ ਨੇ ਲੋਕਾਈ ਨੂੰ ਭੈੜੀਆਂ ਕੁਰੀਤੀਆਂ ਤੋਂ ਵਰਜਤ ਕੀਤਾ ਅਤੇ ਅੰਗਰੇਜ਼ ਹਕੂਮਤ ਦੀ ਪੰਜਾਬ ਤੇ ਵੱਧ ਰਹੀ ਪਕੜ ਤੋਂ ਸੁਚੇਤ ਕੀਤਾ। ਆਪ ਜੀ ਨੇ ਪੰਜਾਬੀਆਂ ਦੀ ਅਣਖ ਨੂੰ ਟੁੰਬਿਆਂ ਤੇ

Namdhari Elibrary NamdhariElibrary@gmail.com

ਬਾਣੀ ਸਿਮਰਨ ਦਾ ਪ੍ਰਵਾਹ ਚਲਾਕੇ ਕਲਜੁਗ ਵਿਚ "ਸਤਿਜੁਗ" ਵਰਤਾ ਦਿਤਾ। ਭਾਈ ਰਾਇ ਸਿੰਘ ਜੀ ਨੂੰ ਅਬਚਲ ਨਗਰ ਹਜ਼ੂਰ ਸਾਹਿਬ ਭੇਜਕੇ ਉਥੋਂ ਦੀ ਰਹਿਤ ਮਰਯਾਦਾ ਦੀ ਰੀਤ ਮੰਗਵਾਈ ਅਤੇ ਫਿਰ ਉਸ ਮਰ-ਯਾਦਾ ਦੇ ਆਧਾਰ ਤੇ ਲੋਕਾਈ ਵਿਚ ਸਿਖ ਰਹਿਤ ਮਰਯਾਦਾ ਦਾ ਪ੍ਰਚਾਰ ਕੀਤਾ ਅਤੇ ਸਮੁੱਚੀ ਲੋਕਾਈ ਨੂੰ ਰਹਿਤ ਮਰਯਾਦਾ ਦੇ ਹੁਕਮਨਾਮੇ ਸਾਦਰ ਕੀਤੇ ਜੋ ਇਸ ਪ੍ਰਕਾਰ ਸਨ:-

ਰਹਿਤਨਾਮਾ ਪਾਤਸ਼ਾਹੀ ੧੨

੧ੴ ਸਤਿਗੁਰ ਪ੍ਰਸਾਦਿ ॥

ਲਿਖਤੁਮ ਰਾਮ ਸਿੰਘ ਹੋਰ ਸੰਬੂਹ ਖਾਲਸਾ ਜੀ ਭੈਣੀ ਦਾ ਸੰਬੂਹ ਖਾਲਸੇ ਜੀ ਕੋ ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ ਜੀ ॥

ਹੋਰ ਰਹਿਤਨਾਮਾ ਸੰਬੂਹ ਸੰਗਤ ਕੇ ਵਾਸਤੇ ਲਿਖਿਆ ਭੈਣੀ ਤੇ ॥

ਪਿਛਲੀ ਰਾਤ ਉਠਕੇ ਗੜਵਾ ਲਜਾਇ-ਕਰ ਮਦਾਨੇ ਹੋਇ ਔਣਾ, ਦੋ ਵਾਰੀ ਗੜਵਾ ਮਾਜਨਾਂ, ਮਦਾਨ ਬਸਤ੍ਰ ਲਾਹਿਕੇ ਜਾਵਨਾ, ਦਾਤਨ ਕਰਨੀ ਫੇਰ ਅਸ਼ਨਾਨ ਕਰਨਾ, ਬਾਣੀ ਪੜ੍ਹਨੀ ਜੇ ਕੰਠ ਨਾ ਹੋਵੈ ਤਾਂ ਕੰਠ ਕਰ ਲੈਣੀ ਸਰਬ ਮਾਈ ਬੀਬੀ ਸਰਬ ਬੁਢੇ ਬਾਲੇ ਨੇ ਜਪ ਜਾਪ ਦੁਹਾਂ ਦੇ ਹਜਾਰੇ ਸ਼ਬਦ ਕੰਠ ਕਰਨੇ ਰਹਿਰਾਸ, ਆਰਤੀ, ਸੋਹਲਾ ਏਤਨੀ ਬਾਣੀ ਕੰਠ ਕਰਨੀ ਜ਼ਰੂਰ ਤੇ ਇਸ਼ਨਾਨ ਕਰੇਥੋਂ ਬਿਨਾਂ ਪ੍ਰਸਾਦ ਨਹੀਂ ਛਕਣਾ, ਸੀਲ ਸੰਤੋਖ ਸਭਨੇ ਰਖਣਾ ਭਜਨ, ਅਠੇ ਪਹਿਰ ਕਰਨਾ, ਗੁਰੂ ਸਚੇ ਦਾ, ਹੋਰ ਪਰਾਈ ਧੀ ਭੈਣ ਆਪਣੀ ਜਾਨਣੀ। ਪਰਾਇਆ ਹੱਕ ਗੁਰੂ ਜੀ ਨੇ ਅਗੇ ਹੀ ਲਿਖ ਛਡਿਆ ਹੈ। "ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ"। ਜੋ ਕੋਈ ਭਜਨ ਪੁਛਕੇ ਨਾ ਕਰੂਗਾ ਉਸਦਾ ਮੂੰਹ ਦੁਹੀ ਜਹਾਨੀ ਕਾਲਾ ਹੋਊਗਾ॥ ਹੋਰ ਕਿਸੇ ਦਾ ਬੋਲ ਕਬੋਲ ਸਹਿ ਜਾਣਾ ਸਭ ਦਾ ਜੋ ਕੋਈ ਮਾਰੇ ਕੁਛ ਤਾਂ ਭੀ ਖਿਮਾ ਕਰਨੀ ਤੁਸਾਂ ਦਾ ਰੱਛਕ ਗੁਰੂ ਹੈ ਹਰ ਬਖਤ ਤੁਸੀਂ ਬਹੁਤ ਆਪਣੀ ਭਲਾਈ ਛਪਾਉਣ ਦੀ ਕਰਨੀ ਹਰ ਬਖਤ ਧ੍ਯਾਨ ਲਾਉਣਾ ਹਰਿਦਿਨਕੀਰਤਨ ਸ਼ਬਦ ਕਰਨਾ ਜੇਕਰ ਜਗ ਕਰਨਾ ਹੋਵੇ ਚੌਂਕੇ ਬਿਚ ਚਰਨ ਧੋਇ ਬੜਨਾ। ਅਰ ਹੋਮ ਦੀ ਜਗਾ ਲਕੜੀ ਹੋਮ ਵਿਚ ਪਲਾਸ ਦੀ ਪਾਉਣੀ ਜਾਂ ਬੇਰੀ ਦੀ ਪਾਉਣੀ ਫੂਕ ਨਹੀਂ ਮਾਰਨੀ ਹੋਮ ਦੀ ਅੱਗ ਨੂੰ ਪਖੀ ਨਾਲ ਝਲਨਾ। ਪੰਜ ਆਦਮੀ ਹੋਮ ਵਿਚ ਪੋਥੀਆਂ ਉਤੇ ਬਾਣੀ ਪੜ੍ਹਨ। ਚਉਪੀ ਜਪੁ ਜਾਪੁ ਚੰਡੀ ਦੀ ਵਾਰ ਉਗਰਦੰਤੀ ਚੰਡੀ ਚਰਿਤ੍ਰ ਅਕਾਲ ਉਸਤਤ ਛੇਵਾਂ ਆਦਮੀ ਅਹੂਤੀ ਪਾਵੇ ਸਤਵਾਂ ਮਗਰੋਂ ਜਲਦਾ ਛਿਟਾ ਦੇਵੇ ਥੋੜਾ ਥੋੜਾ ਜੇ ਕੋਈ ਮੰਦਾ ਕਰਮ ਕਰੇ ਜਾਰੀ ਚੋਰੀ ਕਾ ਕਿਸੇ ਥਾਂ ਦਿਵਾਨ ਬਿਚ ਨਹੀਂ ਬੜਨ ਦੇਣਾ। ਜੇਕਰ ਜੋਰਾਵਰ ਹੋਵੇ ਤਾਂ ਸਭਨਾਂ ਨੇ ਏਹੁ ਅਰਦਾਸ ਕਰਨੀ ਜੀ ਏਹੁ ਆਦਮੀ ਏਥੇ ਆਉਣ ਜੋਗਾ ਹੀ ਨਾ ਰਹੇ। ਹੋਰ ਜੀ ਮੇਰੀ ਮਤ ਥੋੜੀ ਹੈ। ਤੁਸੀਂ ਆਪ ਹੀ ਸਭ ਕੁਝ ਸਮਝ ਲੈਣਾ। ਹੋਰ ਜੀ ਸਭ ਨੇ ਹਥ ਜੋੜਨੇ ਪਰਮੇਸਰ ਅਗੇ। ਜੋ ਹੇ ਮਹਾਰਾਜ! ਸਾਡਾ ਧਰਮ ਬਣਿਆ ਰਹੇ ਜੀ। ਹੋਰ ਕੱਛਾਂ ਰਖਣੀਆਂ ਪਾਉਚਾ ਪਾਇਕੇ ਲਾਹੁਣਾ ਹੋਰ ਕਿਸੇ ਦਾ ਮੰਦਾ ਕਰਮ ਛਪਾਉਣਾ ਨਹੀਂ ਹੋਰ ਜੀ ਕਿਸੇ ਨੇ ਧੀ ਭੈਣ ਦਾ ਪੈਸਾ ਨਹੀਂ ਲੈਣਾ ਬਟਾ ਨਹੀਂ ਕਰਨਾ ਸਦਾ ਗੁਰੂ

ਗੁਰੂ ਜਪਦੇ ਰਹਿਣਾ। ਸਾਰੇ ਬਹੀਰ ਨੂੰ ਇਹੁ ਹੁਕਮ ਸੁਣਾ ਦੇਣ ਜੋ ਪੰਦਰਾਂ ਸੋਲਾਂ ਬਰਸ ਤੋਂ ਘਟ ਕੋਈ ਨਾ ਕੁੜੀ ਵਿਆਹੇ। ਦਾਰੂ ਮਾਸ ਨਹੀਂ ਖਾਣਾਂ ਪੀਣਾਂ। ਖੌਫ ਰਖਣਾ ਗੁਰੂ ਦਾਂ ਹਰਦਮ।

ਸਤਿਗੁਰ ਜੀ ਦੇ ਬਚਨਾਂ ਨੇ ਲੋਕਾਈ ਤੇ ਉਸਾਰੂ ਅਸਰ ਕੀਤਾ ਅਤੇ ਸਿਖਾਂ ਨੇ ਫੋਕੇ ਤੇ ਝੂਠੇ ਰੀਤੀ ਰਿਵਾਜਾਂ ਨੂੰ ਛਡ ਦਿਤਾ। ਨਸ਼ਿਆਂ ਤੋਂ ਮੁਕਤ ਹੋ ਗਏ ਅਤੇ ਸਤਿਗੁਰ ਜੀ ਦੇ ਬਚਨਾਂ ਸਦਕਾ ਅਨੇਕਾਂ ਮੋਨਿਆਂ ਨੇ ਕੇਸ ਰਖ ਲਏ ਅਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਇਸ ਬਾਰੇ ਗਿਆਨੀ ਗਿਆਨ ਸਿੰਘ ਜੀ "ਪੰਥ ਪ੍ਰਕਾਸ਼" ਵਿਚ ਲਿਖਦੇ ਹਨ:—

ਪਾਇ ਏਹ ਹੁਕਮ ਪ੍ਰਮੇਸ ਕਾ ਵਿਸ਼ੇਸ਼ ਫਿਰ,
ਰਾਮ ਮ੍ਰਿਗੇਸ ਉਪਦੇਸ ਦੇਨ ਲਾਗਯੋ।
ਫੈਲਯੋ ਯਸ ਭਾਰੀ ਸਿਖ ਥੀਏ ਤਾਂਹ ਕੇ ਅਪਾਰੀ,
ਸਿੰਘ ਪੰਥ ਬ੍ਰਿਧਾਨੋਂ ਨਾਮਰਸ ਪਾਗਯੋਂ।
ਹੁਕੇ ਛਡਵਾਏ ਕੇਸ ਮੋਨਯੋਂ ਕੋ ਸੁਧਾ ਛਕ ਥਾਏ,
ਸਿੰਘ ਭਾਗ ਜਿਨੇ ਜਾਗਯੋ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ,
ਠੱਗੀ ਤਜ ਥੀਏ ਸੰਤ ਸਤਿਜੁਗ ਆਗਯੋ।

ਚੜ੍ਹਦੇ ਸੂਰਜ ਦੀ ਤਰ੍ਹਾਂ ਸਤਿਗੁਰੂ ਜੀ ਦਾ ਪ੍ਰਤਾਪ ਪੰਜਾਬ ਦੀ ਧਰਤੀ ਤੇ ਫੈਲਣ ਲਗਾ। ਉਹਨਾਂ ਦੇ ਪਰਵਚਨਾਂ ਨਾਲ ਲੋਕਾਈ ਨੂੰ ਰਾਹਤ ਮਹਿਸੂਸ ਹੋਈ। ਆਪ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਪੰਜ ਕਕਾਰ ਦੀ ਰਹਿਤ ਸਿਖ ਸਮਾਜ ਵਿਚ ਜ਼ਰੂਰੀ ਕਰ ਦਿਤੀ। ਉਸ ਸਮੇਂ ਅੰਗਰੇਜ਼ ਸਰਕਾਰ ਵਲੋਂ ਸਿਖਾਂ ਨੂੰ ਕ੍ਰਿਪਾਨ ਰਖਣ ਤੇ ਪਾਬੰਦੀ ਆਇਦ ਕੀਤੀ ਹੋਈ ਸੀ। ਆਪ ਜੀ ਨੇ ਨਾਮਧਾਰੀ ਸ਼ਿਖਾਂ ਨੂੰ ਹੱਥ ਵਿਚ ਡਾਗਾਂ, ਸੋਟੇ ਤੇ ਸਫਾ ਜੰਗ ਰਖਣ ਦੀ ਪ੍ਰੇਰਨਾ ਦਿਤੀ ਇਥੇ ਹੀ ਬੱਸ ਨਹੀਂ ਇਸਤਰੀ ਨੂੰ ਸਮਾਜ ਵਿਚ ਪੁਰਸ਼ ਦੇ ਬਰਾਬਰ ਦਰਜਾ ਦਿਤਾ ਅਤੇ ਉਹਨਾਂ ਨੂੰ ਵੀ ਖੰਡੇ ਦਾ ਅੰਮ੍ਰਿਤ ਛਕਾ—ਉਣਾ ਸ਼ੁਰੂ ਕੀਤਾ। ਨਾਮਧਾਰੀ ਸਿਖ ਗੱਤਕਾ ਹਥ ਪਲੱਥ ਤੇ ਘੁੜ ਸਵਾਰੀ ਵਿਚ ਮੁਹਾਰਤ ਹਾਸਲ ਕਰਨ ਲਗੇ। ਗੁਰੂ ਦਸਮੇਸ਼ ਜੀ ਦੇ ਅਨੰਦਪੁਰ ਸਾਹਿਬ ਵਾਲੇ ਰੰਗ, ਸ੍ਰੀ ਭੈਣੀ ਸਾਹਿਬ ਵਿਚ ਬਝਣ ਲਗੇ। ਨਾਮਧਾਰੀ ਸਿਖ ਢੋਲਕ, ਅਤੇ ਛੈਣੇ ਖੜਤਾਲਾਂ ਨਾਲ ਕੀਰਤਨ ਕਰਨ ਲਗੇ। ਇਸ ਕੀਰਤਨ ਦਾ ਅਜਿਹਾ ਪ੍ਰਭਾਵ ਪੈਂਦਾ ਕਿ ਕਈ ਨਾਮਧਾਰੀ ਮਸਤਾਨੇ ਹੋ ਜਾਂਦੇ, ਉਹਨਾਂ ਦੇ ਕੇਸ ਖੁਲ੍ਹ ਜਾਂਦੇ ਅਤੇ ਪਗੜੀਆਂ ਡਿਗ ਪੈਂਦੀਆਂ। ਉਹ ਨਾਮ ਦੇ ਮਤਵਾਲੇ ਨਾਮ ਦੇ ਰਸ ਵਿਚ ਖੀਵੇ ਹੋ ਹੋ ਜਾਂਦੇ।

ਦਿਨੋ ਦਿਨ ਸਤਿਗੁਰੂ ਰਾਮ ਸਿੰਘ ਜੀ ਦੀ ਪ੍ਰਸਿਧਤਾ ਚਹੁੰ ਕੂੰਟਾਂ ਵਿਚ ਫੈਲਣ ਲਗੀ ਉਹਨਾਂ ਦੀ ਸੋਭਾ ਸੁਣਕੇ ਦੂਰ ਦੁਰਾਡੇ ਤੋਂ ਦੂਜੇ ਫਿਰਕਿਆਂ ਦੇ ਸਾਧੂ ਸੰਤ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਉਂਦੇ ਅਤੇ ਬਚਨ ਬਿਲਾਸ ਕਰਦੇ ਅਤੇ ਫਿਰ ਸਤਿਗੁਰੂ ਜੀ ਦੇ ਦਸੇ ਮਾਰਗ ਤੋਂ ਪ੍ਰਭਾਵਤ ਹੋਕੇ ਨਾਮਧਾਰੀ ਸਿੰਘ ਸੱਜ ਜਾਂਦੇ। ਇਸੇ ਤਰ੍ਹਾਂ ਇਕ ਵਾਰ ਇਕ ਨਾਂਗੇ ਸਾਧੂਆਂ ਦਾ ਟੋਲਾ ਆਪ ਜੀ ਦੇ ਦਰਸ਼ਨਾਂ ਨੂੰ ਆ ਗਿਆ। ਆਪ ਜੀ ਨੇ ਉਸ ਟੋਲੇ ਦੀ ਖੂਬ ਟਹਿਲ ਸੇਵਾ ਕੀਤੀ ਅਤੇ ਉਸ ਟੋਲੇ ਦੇ ਆਗੂ ਨਾਲ ਕਈ ਦਿਨ ਬਹਿਸ ਮੁਬਹਿਸਾ ਕਰਦੇ ਰਹੇ। ਉਹ ਸਾਧੂ ਸਤਿਗੁਰੂ ਜੀ ਦੀ ਸਖਸੀਅਤ ਤੋਂ ਅਤਿ ਪ੍ਰਭਾਵਤ ਹੋਇਆ ਅਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਨਾਮਧਾਰੀ ਸਿੰਘ ਸਜ ਗਿਆ।

ਅੰਮ੍ਰਿਤ ਪਾਨ ਕਰਨ ਤੋਂ ਬਾਅਦ ਉਸ ਸਾਧੂ ਦਾ ਨਾਮ ਸਾਹਿਬ ਸਿੰਘ ਪ੍ਰਸਿਧ ਹੋਇਆ ਜਿਨ੍ਹਾਂ ਨੂੰ ਬਾਅਦ ਵਿਚ ਧਰਮ ਪ੍ਰਚਾਰ ਲਈ ਸੂਬਾ ਥਾਪਿਆ ਗਿਆ। ਉਹਨਾਂ ਦੇ ਅੰਮ੍ਰਿਤ ਪਾਨ ਕਰਨ ਤੋਂ ਪਿਛੋਂ ਬਾਕੀ ਨਾਂਗੇ ਸਾਧੂਆਂ ਦਾ ਟੋਲਾ ਵੀ ਨਾਮਧਾਰੀ ਸਿੰਘ ਸੱਜ ਗਿਆ।

ਸੂਬਾ ਸਾਹਿਬ ਸਿੰਘ ਪਿੰਡ ਬੰਗਾਲੀਪੁਰ ਜਿਲਾ ਅੰਮ੍ਰਿਤਸਰ ਦੇ ਵਸਨੀਕ ਸਨ। ਨਾਮਧਾਰੀ ਸਮਾਜਾਂ ਵਿਚ ਆਉਣ ਤੋਂ ਬਾਅਦ ਉਹਨਾਂ ਨੇ ਬਹੁਤ ਨਾਮਣਾ ਖੱਟਿਆ ਆਪ ਜੀ ਸਤਿਗੁਰਾਂ ਦੇ ਇਤਬਾਰੀ ਸਿੰਘਾਂ ਵਿਚੋਂ ਸਨ। ਆਪ ਜੀ ਨੇ ਮਾਝੇ ਦੇ ਇਲਾਕੇ ਵਿਚ ਨਾਮਧਾਰੀ ਪੰਥ ਦਾ ਬੜਾ ਪ੍ਰਚਾਰ ਕੀਤਾ। ਨਾਮਧਾਰੀ ਡਾਕ ਪ੍ਰਬੰਧ ਦਾ ਪ੍ਰਬੰਧਕ ਆਪ ਜੀ ਨੂੰ ਥਾਪਿਆ ਗਿਆ ਜਿਸ ਨੂੰ ਆਪ ਨੇ ਬੜੀ ਚਤੁਰਤਾ ਨਾਲ ਨਿਭਾਇਆ। ਬਾਅਦ'ਚ ਆਪਜੀਨੂੰ ਨਿਪਾਲ ਮਿਸ਼ਨ ਲਈ ਵੀ ਸਤਿਗੁਰਾਂ ਨੇ ਨਿਪਾਲ ਭੇਜਿਆ ਸੀ। ਸਰਕਾਰੀ ਕਾਗਜਾਂ ਵਿਚ ਆਪ ਜੀ ਨੂੰ ਬਹੁਤ ਖਤਰਨਾਕ ਆਦਮੀ ਲਿਖਿਆ ਹੈ।

ਸਤਿਗੁਰੂ ਜੀ ਨੇ ਧਰਮ ਪ੍ਰਚਾਰ ਨੂੰ ਪ੍ਰਚੰਡ ਕਰਨ ਲਈ ਸ੍ਰੀ ਭੈਣੀ ਸਾਹਿਬ ਵਿਖੇ ਛੇ ਮੈਂਬਰਾਂ ਦੀ ਇਕ ਕਮੇਟੀ ਤਿਆਰ ਕੀਤੀ ਜਿਸ ਨੂੰ ਕਰਮਵਾਰ ਇਲਾਕਿਆਂ ਦੀ ਜੁੰਮੇ-ਵਾਰੀ ਸੰਭਾਲੀ ਗਈ:—

੧. ਬਾਬਾ ਜਵਾਹਰ ਸਿੰਘ —ਤਖਤਪੁਰਾ ਤੇ ਮੁਕਤਸਰ

੨. ਬਾਬਾ ਕਾਹਨ ਸਿੰਘ ਨਿਹੰਗ—ਨਾਭਾ ਪਟਿਆਲਾ ਤੇ ਸੰਗਰੂਰ

੩. ਬਾਬਾ ਲੱਖਾ ਸਿੰਘ—ਦੁਆਬਾ

੪. ਬਾਬਾ ਬ੍ਰਹਮ ਸਿੰਘ—ਬਿਆਸੋ ਪਾਰ ਮਾਝਾ ਤੇ ਹੋਰ ਇਲਾਕਾ

੫. ਬਾਬਾ ਸਾਹਿਬ ਸਿੰਘ

੬. ਬਾਬਾ ਸੁਧ ਸਿੰਘ—ਮੈਨਦੁਆਬ

ਇਹ ਪ੍ਰਚਾਰ ਕਮੇਟੀ ਦੇ ਮੁਖੀਏ ਸਮੁੱਚੇ ਧਰਮ ਪ੍ਰਚਾਰ ਦੀ ਨਿਗਰਾਨੀ ਕਰਦੇ ਅਤੇ ਸਮੇਂ ਸਮੇਂ ਸਿਰ ਸ੍ਰੀ ਭੈਣੀ ਸਾਹਿਬ ਆਕੇ ਧਰਮ ਪ੍ਰਚਾਰ ਦੀਆਂ ਸਰਗਰਮੀਆਂ ਦੀਆਂ ਰਿਪੋਰਟਾਂ ਦੇਂਦੇ ਰਹਿੰਦੇ। ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸਾ ਲਹਿਰ ਨੂੰ ਹੋਰ ਪ੍ਰਚੰਡ ਕਰਨ ਲਈ ਪੰਥਕ ਤੌਰ ਤੇ ਰਾਗੀ ਅਤੇ ਕੀਰਤਨੀਏ ਜਥੇ ਤਿਆਰ ਕਰਨ ਦੀ ਸੋਚੀ ਜੋ ਸਮੁੱਚੀ ਗੁਰਬਾਣੀ ਨੂੰ ਗਾਇਨ ਕਰਨ ਦੀ ਮੁਹਾਰਤ ਰਖਦੇ ਹੋਣ। ਸਭ ਤੋਂ ਪਹਿਲਾਂ ਸਤਿਗੁਰੂ ਜੀ ਦੀ ਨਜ਼ਰ ਪਿੰਡ ਧਲੇਤੇ(ਜ਼ਿਲਾ ਜਲੰਧਰ ਦੇ ਇਕ ਮਰਾਸੀ ਗਵਈਏ ਦਿਤੂ ਤੇ ਪਈ ਤੇ ਉਸ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਰਬਾਬੀਆਂ ਤੋਂ ਕੀਰਤਨ ਕਰ ਦੀ ਜਾਂਚ ਸਿਖਣ ਦੀ ਪ੍ਰੇਰਨਾ ਕੀਤੀ। ਇਸ ਪ੍ਰਕਾਰ ਹੋਰ ਵੀ ਅਨੇਕਾਂ ਜਥੇ ਕਾਇਮ ਕੀਤੇ ਅਤੇ ਉਹਨਾਂ ਵਿਚ ਇਲਾਕਿਆਂ ਦੀ ਵੰਡ ਕੀਤੀ ਜੋ ਆਪਣੇ ਮਿਥੇ ਇਲਾਕੇ ਵਿਚ ਗੁਰਮਤ ਦਾ ਪ੍ਰਚਾਰ ਕਰਦੇ:—

੧. ਰਾਗੀ ਜਥਾ ਭਾਈ ਦਿਤੂ ਤੇ ਭਾਈ ਫਕੀਰੀਆ—ਜਿਲਾ ਸਿਆਲਕੋਟ

੨. ਰਾਗੀ ਜਥਾ ਭਾਈ ਤਾਰਾ ਸਿੰਘ ਤੇ ਭਾਈ ਪਾਲੀ ਅਟਾਰੀ ਵਾਲੇ—ਮਾਝਾ

੩. ਰਾਗੀ ਜਥਾ ਭਾਈ ਪ੍ਰੇਮ ਸਿੰਘ ਕ੍ਰਿਪਾਲ ਸਿੰਘ ਭਦੌੜ—ਮਾਲਵਾ

੪. ਰਾਗੀ ਜਥਾ ਭਾਈ ਸੂਬਾ ਸਿੰਘ ਦੁਆਬਾ

(ਵੇਖੋ ਬਾਕੀ ਸਫਾ ੩੮)

Namdhari Elibrary NamdhariElibrary@gmail.com

'ਅਜ਼ਾਦੀ ਦੀ ਸ਼ਮਾ ਜਗਾਈ ਸਤਿਗੁਰੂ ਰਾਮ ਸਿੰਘ'

[ਰਘਬੀਰ ਸਿੰਘ ਹੈਡ ਮਾਸਟਰ ਨਾਮਧਾਰੀ ਆਦਰਸ਼ ਵਿਦਿਆਲਾ ਸਰਸਾ

ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸ਼ੁਭ ਨਾਮ ਲੈਂਦਿਆਂ ਹੀ ਸਿਰ ਸਤਿਕਾਰ ਨਾਲ ਝੁਕ ਜਾਂਦਾ ਹੈ। ਉਹਨਾਂ ਨੇ ਸਿਖ ਪੰਥ ਵਿਚ ਗੁਰਮਤ ਅਤੇ ਨਾਮ ਸਿਮਰਨ ਦੀਆਂ ਅਲੋਪ ਹੋ ਰਹੀਆਂ ਰਵਾਇਤਾਂ ਨੂੰ ਮੁੜ ਸੁਰਜੀਤ ਕਰਨ ਅਤੇ ਭਾਰਤ ਵਾਸੀਆਂ ਦੀ ਮੁਰਦੇਹਾਣਤਾ ਨੂੰ ਦੂਰ ਕਰਕੇ ਸੱਚੀ ਤੇ ਸੁੱਚੀ ਦੇਸ਼ ਭਗਤੀ ਦੇ ਡੂੰਘੇ ਭਾਵ ਪੈਦਾ ਕਰਨ ਲਈ ਜੋ ਮਹਾਨ ਕਾਰਜ ਕੀਤੇ ਉਹ ਰਹਿੰਦੀ ਦੁਨੀਆਂ ਤੱਕ ਭਾਰਤ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਲਿਖੇ ਮੌਜੂਦ ਰਹਿਣਗੇ।

ਸ੍ਰੀ ਸਤਿਗੁਰੂ ਜੀ ਨੇ ਚੰਗੀ ਤਰ੍ਹਾਂ ਅਨੁਭਵ ਕਰ ਲਿਆ ਸੀ ਕਿ ਸਿਖ-ਸਮਾਜ ਵਿਚ ਸਿੱਖ ਰਾਜ ਦੇ ਖੋਹੇ ਜਾਣ ਮਗਰੋਂ ਕੇਵਲ ਧਾਰਮਿਕ ਰਹਿਣੀ ਬਹਿਣੀ ਦੇ ਲਿਹਾਜ਼ ਨਾਲ ਹੀ ਗਿਰਾਵਟ ਨਹੀਂ ਆ ਗਈ ਸੀ, ਸਗੋਂ ਉਹ ਅੰਗ੍ਰੇਜ਼ੀ ਗੁਲਾਮੀ ਦੇ ਭਾਰ ਥੱਲੇ ਦੱਬਕੇ ਆਪਣੀ ਅਣਖ ਵੇਚ ਬੇ ਅਣਖ ਹੋ ਤੁਰੇ ਹਨ। ਅੰਗ੍ਰੇਜ਼ ਨੇ ਬੜੀ ਸਿਆਣਪ ਤੇ ਚਤਰਾਈ ਨਾਲ ਪੰਜਾਬ ਦੀ ਸਭਿਅਤਾ ਦਾ ਮੂੰਹ ਮਥਾ ਵਿਗਾੜਨਾ ਸ਼ੁਰੂ ਕਰ ਦਿਤਾ ਸੀ। ਓਸਦੇ ਇਰਾਦੇ ਸਿੱਖਾਂ ਅਤੇ ਭਾਰਤ ਵਾਸੀਆਂ ਲਈ ਹੋਰ ਵੀ ਖਤਰਨਾਕ ਸਨ।

ਮੈਨੂੰ ਇਹ ਕਹਿਣ ਵਿਚ ਜਰਾ ਜਿੰਨੀ ਵੀ ਅਨਮਨੀ ਨਹੀਂ ਜਾਪਦੀ ਕਿ ਉਨ੍ਹੀਵੀਂ ਸਦੀ ਦਾ ਦੂਜਾ ਅਧ ਸਿਖ ਕੌਮ ਅਤੇ ਹਿੰਦੀਆਂ ਲਈ ਬੜਾ ਹੀ ਮਾਰੂ ਸੀ। ਕਿਸੇ ਕੌਮ ਨੂੰ ਖਤਮ ਕਰਨ ਲਈ ਉਸਦਾ ਐਸ਼ਵਰਜ਼ ਖਤਮ ਕਰਨ ਦੇ ਨਾਲ ਹੀ ਉਸਦੀਆਂ ਪੁਰਾਣੀਆਂ ਰਵਾਇਤਾਂ ਤੇ ਉਸਦੇ ਧਰਮ ਵਿਸ਼ਵਾਸ ਨੂੰ ਖਤਮ ਕਰਨਾ ਵੀ ਜ਼ਰੂਰੀ ਸਮਝਿਆ ਜਾਂਦਾ ਹੈ। ਅੰਗ੍ਰੇਜ਼ਾਂ ਨੇ ਇਹੋ ਕੰਮ ਬੜੀ ਚਲਾਕੀ ਤੇ ਹੁਸ਼ਿਆਰੀ ਨਾਲ ਕਰਨਾ ਸ਼ੁਰੂ ਕੀਤਾ ਹੋਇਆ ਸੀ। ਜੇ ਉਸ ਵੇਲੇ ਇਹ ਰਬੀ ਰਹਿਬਰ ਕਮਰ ਕਸਾ ਕਰਕੇ ਮੈਦਾਨ ਵਿਚ ਨਾ ਆਉਂਦੇ ਤਾਂ ਅਜ ਅਸੀਂ ਦੇਸ਼ ਵਾਸੀ ਕਿਸੇ ਹੋਰ ਹੀ ਅਵਸਥਾ ਵਿਚ ਦਿਖਾਈ ਦੇਂਦੇ, ਉਨ੍ਹਾਂ ਸਿਧੇ ਤੌਰ ਤੇ ਲੋਕਾਂ ਨਾਲ ਸੰਪਰਕ ਪੈਦਾ ਕੀਤਾ ਕੋਈ ਸਿਆਣਾ ਪ੍ਰਬੰਧਕ ਹੀ ਇਹੋ ਜਿਹੀ ਵਿਓਂਤਬੰਦੀ ਕਰ ਸਕਦਾ ਹੈ।

ਮੈਂ ਸਤਿਗੁਰੂ ਰਾਮ ਸਿੰਘ ਜੀ ਨੂੰ ਆਪਣੇ ਸਮੇਂ ਦਾ ਸਭ ਤੋਂ ਵਡਾ ਯੋਗ ਰੀਫਾਰਮ ਮੰਨਦਾ ਹਾਂ। ਉਹਨਾਂ ਨੇ ਕੇਵਲ ਧਾਰਮਕ ਤੇ ਸਮਾਜਕ ਖੇਤਰਾਂ ਵਿਚ ਹੀ ਕ੍ਰਾਂਤੀ ਨਹੀਂ ਲਿਆਂਦੀ, ਸਗੋਂ ਉਹਨਾਂ ਨੇ ਭਾਰਤ ਦੇ ਨਿਰਾਸਤਾ ਵਿਚ ਡੁਬੇ ਹੋਏ ਲੋਕਾਂ ਨੂੰ ਰਾਜਸੀ ਖੇਤਰ ਵਿਚ ਵੀ ਅਗਾਂਹ ਵਧਣ ਲਈ ਵੀ ਇਕ ਵਚਿਤੱਰ ਢੰਗ ਨਾਲ ਪ੍ਰੇਰਨਾ ਦਿਤੀ। ਉਹਨਾਂ ਦੀ ਜੀਵਨ ਕਹਾਣੀ ਦਾ ਵਿਸਥਾਰ ਬਹੁਤ ਲੰਮਾ ਹੈ, ਪਰ ਮੈਂ ਅਜ ਉਹਨਾਂ ਦੇ ਜਨਮ ਦਿਨ ਤੇ ਉਹਨਾਂ ਵਲੋਂ ਸਮਾਜ-ਸੁਧਾਰ ਅਤੇ ਰਾਜਨੀਤਕ ਖੇਤਰ ਵਿਚ ਕੀਤੇ ਕੰਮਾਂ ਦਾ ਵਰਣਨ ਕਰਨਾ ਚਾਹੁੰਦਾ ਹਾਂ। ਜਿਹਾ ਕਿ—

੧. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਤੇ ਖਾਸ ਕਰ ਭਾਰਤ ਵਾਸੀਆਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸਿਖੀ ਦੇ ਅਲੋਪ ਹੋਏ ਸਿਧਾਂਤਾਂ ਨੂੰ ਉਜਾਗਰ ਕਰਨ ਦੀ ਲਹਿਰ ਚਲਾਈ।

੨. ਨਾਮ ਤੇ ਬਾਣੀ ਵਲੋਂ ਲੋਕ ਬਿਲਕੁਲ ਕੋਰੇ ਹੁੰਦੇ ਜਾ ਰਹੇ ਸਨ। ਉਹਨਾਂ ਨਾਮ-ਬਾਣੀ ਦਾ ਪ੍ਰਵਾਹ ਚਲਾਕੇ ਲੱਖਾਂ ਹੀ ਲੋਕਾਂ ਨੂੰ ਆਪਣਾ ਸ਼ੈਦਾਈ ਬਣਾ ਲਿਆ।

੩. ਖਾਲਸਈ ਰਹਿਤ ਬਹਿਤ ਲਈ ਏਨਾਂ

ਸਤਿਕਾਰ ਪੈਦਾ ਕੀਤਾ ਕਿ ਅੰਗ੍ਰੇਜ਼ ਦੰਗ ਰਹਿ ਗਿਆ। ਖੁਲ੍ਹੇ ਦਾੜ੍ਹੇ, ਸਵੇਰ ਸਾਰ ਸਣੇ ਕੇਸੀਂ ਇਸ਼ਨਾਨ, ਭਜਨ ਪਾਠ ਅਤੇ ਗੁਰ ਮਰਿਯਾਦਾ ਦੀ ਵਰਤੋਂ ਦੇ ਦ੍ਰਿਸ਼ ਆਮ ਵੇਖਣ ਵਿਚ ਆਉਣ ਲਗੇ। ਇਸਤਰਾਂ ਬੇ-ਮੁਹਾਰੇ ਲੋਕ ਸਿੱਖੀ ਤੋਂ ਪ੍ਰਭਾਵਤ ਹੋਏ। ਕਿੰਨੇ ਕੁ ਸਿਖ ਅੰਮ੍ਰਿਤ ਪਾਨ ਕਰਕੇ ਦੇਸ਼ ਰਸ਼ਕ ਬਨੇ ਇਸਦਾ ਪਤਾ ਨਾਮਧਾਰੀ ਲਹਿਰ ਦੀ ਮਿਹਨਤ ਤੋਂ ਹੀ ਲਗਾਇਆ ਜਾ ਸਕਦਾ ਹੈ।

੪. ਸਿਖ ਅਤੇ ਹਿੰਦੂ ਭਾਈਚਾਰੇ ਨੂੰ ਇਕੱਠਾ ਕੀਤਾ। ਇਹਨਾਂ ਦੇ ਸਾਂਝੇ ਰੀਤੀ ਰਿਵਾਜ, ਮਰਨਾ ਪਰਨਾ, ਵਿਆਹ ਸ਼ਾਦੀਆਂ ਆਦਿ ਸਮਾਜਕ ਰੀਤਾਂ ਵਿਚੋਂ ਬੇ ਲੋੜੀਆਂ ਰੀਤਾਂ ਹਟਾਕੇ ਸੌਖੀਆਂ ਤੇ ਘਟ-ਖਰਚੀਆਂ ਰੀਤਾਂ ਤੋਰੀਆਂ। ਸਮੂਹਕ ਅਨੰਦ ਕਾਰਜਾਂ ਦੀ ਰੀਤ ਚਲਾਈ ਜੋ ਹੁਣ ਤੱਕ ਜਿਉਂਦੀ ਹੈ। ਕਾਸ਼ ! ਸਾਰੇ ਹਿੰਦੁਸਤਾਨੀ ਇਸ ਰੀਤ ਨੂੰ ਅਪਨਾਉਣ ਤੇ ਦਹੇਜ ਸਬੰਧੀ ਪੈਦਾ ਹੋਈਆਂ ਮੁਸ਼ਕਲਾਂ ਤੇ ਰੋਜ ਦੀਆਂ ਬੇ-ਗਿਣਤ ਮੌਤਾਂ ਤੇ ਝਗੜਿਆਂ ਤੋਂ ਛੁਟਕਾਰਾ ਪ੍ਰਾਪਤ ਕਰਨ।

੫. ਸਾਂਝੇ ਸਮਾਗਮ ਕਰਨ ਤੇ ਗੁਰਦੁਆਰਿਆਂ ਮੰਦਰਾਂ ਵਿਚ ਮਿਲਕੇ ਮੱਥਾ ਟੇਕਣ, ਸੰਗਤ ਵਿਚ ਬਹਿਣ ਤੇ ਕਥਾ ਕੀਰਤਨ ਕਰਨ ਦੀ ਪ੍ਰੇਰਨਾ ਦਿਤੀ। ਕਿਰਤ ਵਿਚ ਨਾਮ ਪ੍ਰੇਮ ਖੁਮਾਰੀ ਨੂੰ ਪ੍ਰਧਾਨਤਾ ਦਿਤੀ।

ਰਾਜਨੀਤਕ ਸਰਗਰਮੀਆਂ—

੧. ਸਤਿਗੁਰੂ ਜੀ ਨੇ ਸਭ ਤੋਂ ਪਹਿਲਾ ਅੰਗ੍ਰੇਜ਼ੀ ਸਰਕਾਰ ਦੇ ਬਾਈਕਾਟ ਦੀ ਲਹਿਰ ਚਲਾਈ। ਸਰਕਾਰੀ ਅਦਾਲਤਾਂ ਅਤੇ ਸ੍ਰਕਾਰੀ ਦਫਤਰਾਂ ਵਿਚ ਜਾਣਦੀ ਹਰ ਨਾਮਧਾਰੀ ਨੂੰ ਮਨਾਹੀ ਕੀਤੀ।

੨. ਲੈਣ ਦੇਣ ਤੇ ਆਪਸੀ ਝਗੜਿਆ ਨੂੰ ਪੰਚਾਇਤੀ ਫੈਸਲਿਆਂ ਰਾਹੀਂ ਹਲ ਕਰਨ ਦੀ ਰੀਤ ਤੋਰੀ।

੩. ਘਰ ਦੇ ਕਤੇ ਹੋਏ ਸੂਤ ਦੇ ਸੁਧ ਖੱਦਰ ਦੇ ਕਪੜੇ ਪਹਿਨਣ ਲਈ ਕਿਹਾ ਤੇ ਬਦੇਸ਼ੀ ਕਪੜੇ ਦਾ ਬਾਈਕਾਟ ਕੀਤਾ। ਮਹਾਤਮਾਂ ਗਾਂਧੀ ਤੇ ਹੋਰ ਲੀਡਰਾਂ ਨੇ ਇਸ ਲਹਿਰ ਵਿਚ ਇਸੇ ਤੋਂ ਹੀ ਪ੍ਰੇਰਨਾ ਲਈ। ਬੇਸ਼ਕ ਪਿਛੋਂ ਮਹਾਤਮਾਂ ਗਾਂਧੀ ਨੇ ਨਾ-ਮਿਲਵਰਤਨ ਦੀ ਲਹਿਰ ਭਾਰੀ ਪੈਮਾਨੇ ਤੇ ਚਲਾਈ, ਪ੍ਰੰਤੂ ਇਸਦੇ ਬੀਜ ਸਤਿਗੁਰੂ ਜੀ ਨੇ ਹੀ ਬੀਜੇ।

੪. ਆਮ ਕਰਕੇ ਸਾਰੇ ਪੰਜਾਬੀਆਂ ਤੇ ਭਾਰਤ ਦੇ ਲੋਕਾਂ ਵਿਚ, ਖਾਸ ਕਰਕੇ ਨਾਮਧਾਰੀ ਅਤੇ ਹੋਰ ਸਿਖਾਂ ਵਿਚ ਦੇਸ਼-ਭਗਤੀ ਦਾ ਜਜ਼ਬਾ ਭਰਿਆ। ਆਪ ਘ੍ਰਿਨਾਂ ਤਾਂ ਕਿਸੇ ਤੋਂ ਵੀ ਨਹੀਂ ਸਨ ਕਰਦੇ ਪਰ ਉਹਨਾਂ ਨੂੰ ਅੰਗ੍ਰੇਜ਼ ਦੀ ਗੁਲਾਮੀ ਤੇ ਅਤਿਆਚਾਰਾਂ ਵਿਰੁਧ ਭਾਰੀ ਘਿਰਨਾ ਹੋਣੀ ਕੁਦਰਤੀ ਸੀ। ਇਹ ਗਲ ਉਹਨਾਂ ਨੂੰ ਵਿਰਸੇ ਵਿਚ ਮਿਲੀ ਸੀ।

੫, ਬੁਚੜਖਾਨਿਆਂ ਨੂੰ ਰੋਕਣਾਂ ਭਾਵੇਂ ਇਕ ਧਾਰਮਕ ਤੇ ਸਮਾਜਕ ਸੁਧਾਰ ਦਾ ਅੰਗ ਸੀ, ਪ੍ਰੰਤੂ ਇਸਨੂੰ ਅੰਗ੍ਰੇਜ ਹਾਕਮਾਂ ਨੇ ਇਕ ਰਾਜਨੀਤਕ ਵਿਉਂਤ ਸਮਝਕੇ ਇਸਦੀ ਸਜ਼ਾ ਨਾਮਧਾਰੀਆਂ ਨੂੰ ਇਹ ਦਿਤੀ ਕਿ ਸਾਰੇ ਨਾਮਧਾਰੀ ਪੰਥ ਨੂੰ ਹੀ ਬਾਗੀ ਕਰਾਰ ਦਿਤਾ ਗਿਆ।

੬. ਅੰਮ੍ਰਿਤਸਰ ਅਤੇ ਮਲੇਰ ਕੋਟਲੇ ਦੀਆਂ ਘਟਨਾਵਾਂ ਇਸ ਸ਼ੌਕ ਦਾ ਨਤੀਜਾ ਸਨ, ਪ੍ਰੰਤੂ ਨਾਮਧਾਰੀਆਂ ਨੇ ਇਹਨਾਂ ਮੌਕਿਆਂ ਉਤ ਜਿਸ ਸਹਿਨਸ਼ੀਲਤਾ ਕੁਰਬਾਨੀ ਅਤੇ ਤਿਆਗ ਦੀ ਜੋ ਮਿਸਾਲ ਪੇਸ਼ ਕੀਤੀ ਉਹ ਅਦੁਤੀ ਗਲ ਹੈ। ਤੋਪਾਂ ਸਾਹਮਣੇ ਖਲੋਕੇ ਪੁਰਜਾ ਪੁਰਜਾ ਹੋ ਜਾਣਾ, ਫਾਂਸੀ ਤੇ ਝੂਟ ਜਾਣਾ ਕੋਈ ਸਾਧਾਰਨ ਗਲ ਨਹੀਂ ਸੀ। ਇਹਨਾਂ ਕਾਂਬਾ ਛੇੜਨ ਵਾਲੀਆਂ ਘਟਨਾਵਾਂ ਨੇ ਸਿਖਾਂ ਵਿਚ ਹੀ ਨਹੀ ਸਗੋਂ ਸਾਰੇ ਦੇਸ਼ ਵਿਚ ਕੁਰਬਾਨੀ ਦਾ ਜਜ਼ਬਾ ਪੈਦਾ ਕੀਤਾ ਜੋ ਅਗੇ ਜਾਕੇ ਕੌਮੀ ਲਹਿਰ ਦੇ ਰੂਪ ਵਿਚ ਪ੍ਰਗਟ ਹੋਇਆ ਤੇ ਪੂਰਨ ਅਜਾਦੀ ਹਾਸਲ ਕੀਤੀ।

੭. ਅੰਗ੍ਰੇਜਾਂ ਨੇ ਸ੍ਰੀ ਸਤਿਗੁਰੂ ਜੀ ਨੂੰ ਜਲਾਵਤਨ ਕਰਕੇ ਆਪਣੀ ਬਦਲੇ ਦੀ ਅੱਗ ਬੁਝਾਈ ਸਮਝੀ ਪਰ ਇਸ ਸ਼ਮ੍ਹਾਂ ਨੇ ਹੀ ਰੰਗ ਲਿਆਂਦਾ ਤੇ ਉਹਨਾਂ ਨੂੰ ਵੀ ਇਕ ਦਿਨ ਭਾਰਤ ਛੱਡ ਸਮੁੰਦਰੋਂ ਪਾਰ ਆਪਣੇ ਦੇਸ਼ ਪੁਠੇ ਪੈਰੀਂ ਪਰਤਨਾ ਪਿਆ। ਅੱਜ ਵੀ ਇਹ ਸ਼ਮਾਂ ਸਿਖਾਂ ਤੇ ਖਾਸ ਕਰ ਨਾਮਧਾਰੀਆਂ

"ਬਨਸਪਤਿ ਮਉਲੀ ਚੜਿਆ ਬਸੰਤ"

[ਰਘਬੀਰ ਸਿੰਘ ਸਰਸਾ

ਬਨਸਪਤਿ ਮਉਲੀ ਚੜ੍ਹਿਆ ਬਸੰਤ।
ਇਹ ਮਨੁ ਮਉਲਿਆ ਸਤਿਗੁਰ ਸੰਗ।

ਬਸੰਤ ਬਹਾਰ ਆਉਣ ਦੇ ਨਾਲ ਹੀ ਸਾਰੀ ਕਾਇਨਾਤ ਝੂਮ ਉਠਦੀ ਹੈ। ਮੁਰਝਾਏ ਦਿਲ ਮਹਿਕ ਉਠਦੇ ਹਨ। ਭੌਰੇ ਫੁਲਾਂ ਦੀ ਖਿੜੀ ਫੁਲਵਾੜੀ ਤੇ ਮਸਤ ਗੁੰਜਾਰਾਂ ਪਾਉਣ ਲਗ ਪੈਂਦੇ ਹਨ ਤੇ ਬੁਲ-ਬੁਲਾਂ ਖੁਸ਼ੀ ਵਿਚ ਤਰਾਨੇ ਗਾਉਂਦੀਆਂ ਝੂਮ ਉਠ ਦੀਆਂ ਹਨ। ਮਾਘ ਦੇ ਚਾਨਣੇ ਪੱਖ ਦੀ ਪੰਚਮੀ ਥਿਤ ਵਾਲੇ ਸ਼ੁਭ ਦਿਹਾੜੇ ਨੂੰ 'ਬਸੰਤ-ਪੰਚਮੀ' ਆਖਦੇ ਹਨ।

ਛੇਆਂ ਰੁਤਾਂ ਵਿਚੋਂ ਬਸੰਤ ਸ਼੍ਰੋਮਣੀ ਸਰਦਾਰ ਰੁਤ ਮੰਨੀ ਗਈ ਹੈ। ਸ਼ਾਸਤਰਾਂ ਨੇ ਇਸ ਰੁਤ ਦੇ ਬੇਅੰਤ ਗੁਣ ਲਿਖੇ ਹਨ। ਮੇਰੇ ਖਿਆਲ ਅਨੁਸਾਰ ਬਸੰਤ ਸ਼ਬਦ ਬਸ ਅੰਤ ਤੋਂ ਬਣਿਆ ਹੈ। ਭਾਵ ਪਤਝੜ ਦਾ ਅੰਤ ਹੋਇਆ ਤੇ ਸਭ ਪਾਸੇ ਬਹਾਰ ਆਈ। ਇਸਦੀ ਹੋਂਦ ਨਾਲ ਕੇਵਲ ਜੀਵ ਜੰਤ ਹੀ ਨਹੀਂ ਸਗੋਂ ਸਾਰੀ ਧਰਤੀ ਤੇ ਆਕਾਸ਼ ਮਉਲ ਪੈਂਦੇ ਹਨ। ਕਬੀਰ ਜੀ ਤਾਂ ਏਥੋਂ ਤੱਕ ਫੁਰਮਾਉਂਦੇ ਹਨ ਕਿ ਚਾਰ ਵੇਦ, ਕਤੇਬ, ਸ਼ੰਕਰ, ਬ੍ਰਹਮਾ ਤੇ ਆਤਮ ਦੇਉ ਸਭ ਗਾਉਂਦੇ ਹਨ ਭਾਵ ਪ੍ਰਫੁਲਤ ਹੁੰਦੇ ਹਨ। ਅੱਜ ਬਸੰਤ ਪੰਚਮੀ ਦਾ ਸ਼ੁਭ ਤੇ ਪਵਿੱਤਰ ਪੁਰਬ ਹੈ। ਪ੍ਰਾਚੀਨ ਕਾਲ ਤੋਂ ਹੀ ਭਾਰਤਵਾਸੀ ਇਸ ਦਿਨ ਨੂੰ ਬੜੇ ਚਾਉ ਤੇ ਉਤਸ਼ਾਹ ਨਾਲ ਮਨਾਉਂਦੇ ਆ ਰਹੇ ਹਨ।

ਨੂਰੀ ਜੋਤ ਤੇ ਮਨੁਖਤਾ ਦੇ ਬਾਨੀ ਪਹਿਲੀ ਪਾਤ-ਸ਼ਾਹੀ ਸ੍ਰੀ ਗੁਰੂ ਨਾਨਕ ਜੀ ਨੇ ਆਪਣੀ ਬਾਣੀ ਵਿਚ ਜ਼ਿਕਰ ਕੀਤਾ ਹੈ "ਨਾਨਕ ਤਿਨਾ ਬਸੰਤ ਹੈ ਜਿਨ ਘਰ ਵਸਿਆ ਕੰਤ। ਜਿਨ ਕੇ ਕੰਤ ਦਿਸਾ ਪੁਰੀ ਸੇ ਅਹਿਨਸ ਫਿਰੇ ਜਲੰਤ।"

ਹਾਂ ਸਾਡਾ ਕੰਤ ਵੀ ਬਸੰਤ ਨੂੰ ਹੀ ਆਇਆ:-

ਇਹ ਤ੍ਰੇਤੇ ਜੁਗ ਵਿਚ "ਰਾਜਾ ਰਾਮ" ਬਣ ਕੇ ਆਇਆ ਅਤੇ ਮਨੁਖਤਾ ਦਾ ਨੂੰਬਲੀ ਹੰਕਾਰੀਆਂ ਦੇ ਹੰਕਾਰ ਦੂਰ ਕਰ 'ਰਾਵਨ' ਨੂੰ ਮਾਰ ਆਪਣੀ ਨਗਰੀ ਆਇਆ, ਓਦੋਂ ਵੀ ਮਨੁਖਤਾ ਤੇ ਬਸੰਤ ਆਈ ਸੀ। ਹੁਣ ਇਹੀ 'ਰਾਮ' ਕਲਿਜੁਗ ਵਿਚ ਆਇਆ ਜਿਸ ਦੀ ਬਾਬਤ ਗੁਰੂ ਗੋਬਿੰਦ ਸਿੰਘ ਜੀ ਨੇ ਡੇਢ ਸਦੀ ਪਹਿਲਾਂ ਹੀ ਪੇਸ਼ੀਨ ਗੋਈ ਕੀਤੀ ਸੀ ਕਿ "ਦੁਆਦਸ ਪੁਰਖ ਹੈ। ਆਦਿ ਸੇ ਸਭਹਨ ਕੇ ਸਿਰਮੌਰ। ਸ਼ਕਤ ਅਨੰਤੀ ਆਹਿੰਗੇ ਆਦਿ ਇਹੈ ਨਹੀਂ ਔਰ।" ਜਿਸਦੀ ਨਿਸ਼ਾਨੀ ਵੀ ਦਸੀ ਕਿ "ਕਲਿਜੁਗ ਮੇਂ ਸਤਿਜੁਗ ਵਰਤਾਊਂ। ਤਬੀ ਬਾਰਵਾਂ ਬਪ ਕਹਾਊਂ। ਕਲਿਜੁਗ ਮੇਂ ਸਤਿਜੁਗ ਕਰ ਠਾਨੋ। ਤਬੀ ਬਾਰਵਾਂ ਬਪ ਪਹਿਚਾਨੋ।"

ਕਲਿਜੁਗ ਵਿਚ ਸਤਿਜੁਗ ਆਇਆ। ਹਾਂ ਅੱਜ ਦੇ ਪਵਿਤਰ ਦਿਨ ਮਾਘ ਸੁਦੀ ਪੰਚਮੀ ਤੇ ਦਿਨ ਵੀਰਵਾਰ ਸੰਨ ੧੮੧੬ ਈਸਵੀ ਨੂੰ ਸੋਹਣਿਆਂ ਦੇ ਸੋਹਣੇ ਸੁਲਤਾਨ ਗੁਰੂ ਰਾਮ ਸਿੰਘ, ਰਬੀ ਜੋਤ ਸ੍ਰੀ ਭੈਣੀ ਸਾਹਿਬ ਪ੍ਰਗਟਈ ਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਦੇ ਜ਼ਿਲਾ ਲੁਧਿਹਾਣੇ ਦੇ ਇਕ ਛੋਟੇ ਜੇਹੇ ਪਿੰਡ ਰਾਈਆਂ ਵਿਚ ਅਵਤਾਰ ਲਿਆ। ਵਿਚ ਭਾਰਤ ਦੀ ਅਖੰਡਤਾ, ਏਕਤਾ ਤੇ ਏਸ ਲਕਸ਼ ਲਈ ਲਟ ਲਟ ਬਲ ਰਹੀ ਹੈ।

ਅੱਜ ਜਦ ਅਸੀਂ ਇਹੋ ਜੇਹੇ ਪਰਉਪਕਾਰੀ ਤੇ ਸੁਧਾਰਕ ਨਾਮ ਰਸੀਏ ਦਾ ਨਾਂ ਯਾਦ ਕਰਦੇ ਹਾਂ ਤਾਂ ਸਾਡੇ ਮਨਾਂ ਅੰਦਰ ਇਕ ਵਚਿਤਰ ਭਾਂਤ ਦਾ ਸਰੂਰ ਅਤੇ ਮਸਤੀ ਪੈਦਾ ਹੁੰਦੀ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਸੰਤ ਪੰਚਮੀ ਵਾਲੇ ਦਿਨ ਅਵਤਾਰ ਧਾਰਿਆ ਸੀ। ਨਿਰਸੰਦੇਹ ਉਹ ਉਜੜੀ ਹੋਈ ਮਨੁਖਤਾ ਲਈ ਇਕ ਬਹਾਰਾਂ ਨਾਲ ਭਰਪੂਰ ਸੰਦੇਸ਼ ਲੈਕੇ ਆਏ ਸਨ।

Namdhari Elibrary NamdhariElibrary@gmail.com

ਨੋ ਸ੍ਰੀ ਭੈਣੀ ਸਾਹਿਬ ਤੋਂ ਇਕ ਕੋਹ ਦੀ ਵਿਥ ਪਰ ਹੈ। ਸਭ ਪਾਸੇ ਖੁਸ਼ੀਆਂ ਛਾ ਗਈਆਂ, ਖੇਤਾਂ ਰੰਗ ਬਦਲਿਆ, ਸਮੇਂ ਨੇ ਕਰਵਟ ਲਈ, ਅੰਗ੍ਰੇਜ਼ੀ ਜੁਲਮ ਤੇ ਅੰਗ੍ਰੇਜ਼ਾਂ ਦੇ ਅਫਸਰ ਕੰਬ ਉਠੇ।

ਸਮਾਂ ਪਾਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੁਤੇ ਹਿੰਦੀਆਂ ਨੂੰ ਝੂਣਿਆਂ ਤੇ ਜਗਾਇਆ ਤੇ "ਪੂਰਨ ਅਜ਼ਾਦੀ" ਹਾਸਲ ਕਰਨ ਦਾ ਬਿਗਲ ੧੮੫੭ ਦਾ ਗਦਰ ਫੇਲ ਹੋਣ ਦੇ ਨਾਲ ਸ੍ਰੀ ਭੈਣੀ ਸਾਹਿਬ ਵਿਖੇ ਵਜਾਇਆ। ਬਸ ਫੇਰ ਕੀ ਸੀ, ਸੁੱਤੇ ਅਣਖੀ ਪੰਜਾਬੀ ਹਿੰਦੀ ਵੀਰ ਜਾਗ ਪਏ ਅਤੇ ਸ੍ਰੀ ਭੈਣੀ ਸਾਹਿਬ ਨੂੰ ਵਹੀਰਾਂ ਘਤ ਦਿਤੀਆਂ, ਤੇ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਸਤਿਗੁਰੂ ਜੀ ਪਾਸੋਂ ਪੂਰਨ ਅਜਾਦੀ ਦੀ ਚਿਣਗ ਲੈ ਸਾਰੇ ਦੇਸ਼ ਨੂੰ ਜਗਾ ਸੁਟਿਆ, ਜਿਸਦੇ ਸਦਕਾ ਅੱਜ ਅਸੀਂ ਆਜ਼ਾਦ ਵਾਤਾਵਰਨ ਵਿਚ ਸਾਹ ਲੈ ਰਹੇ ਹਾਂ। ਸ੍ਰੀ ਸਤਿਗੁਰੂ ਜੀ ਕੀ ਉਪਕਾਰ ਕੀਤੇ, ਸਮੇਂ ਨੇ ਰੰਗ ਕਿਵੇਂ ਬਦਲਿਆ ਇਹ ਇਕ ਵਡੇ ਲੇਖ ਦਾ ਮੁਥਾਜ ਹੈ ਜੋ ਫਿਰ ਸਮੇਂ ਸਮੇਂ ਲਿਖੇ ਜਾਣਗੇ।

ਅਜ ਫਿਰ ਲਗਭਗ ਸਵਾ ਦੋ ਸਦੀਆਂ ਮਗਰੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਦਿਹਾੜਾ 'ਬਸੰਤ-ਪੰਚਮੀ' ਇਸ ਨਗਰ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਮਨਾਇਆ ਜਾ ਰਿਹਾ ਹੈ।

ਇਕ ਕਵੀ ਲਿਖਦਾ ਹੈ ਕਿ–

ਪੰਚਮੀ ਪਿਆਰੀ ਦੀ ਨਿਆਰੀ ਅਜ ਸ਼ਾਨ ਹੋਈ,
ਪਹਿਨਕੇ ਬਸੰਤੀ ਸਾੜ੍ਹੀ ਫੁਲੀ ਨਾ ਸਮਾਈ ਏ।
ਪ੍ਰਗਟੇ ਗੁਪਾਲ ਲਾਲ ਸਤਿਗੁਰੂ ਰਾਮ ਸਿੰਘ,
ਨਾਮਧਾਰੀ ਪੰਥ ਨੂੰ ਵਧਾਈ ਹੈ ਵਧਾਈ ਹੈ।

(੩੪ ਸਫੇ ਦੀ ਬਾਕੀ)

੫. ਰਾਗੀ ਜਥਾ ਭਾਈ ਪਸ਼ੌਰਾ ਸਿੰਘ ਦੇ ਭਾਈ ਸੰਤ ਮਲੀਆਂ ਦੀ ਤਲਵੰਡੀ ਨੂੰ ਸਾਰੇ ਪੰਜਾਬ ਵਿਚ ਧਰਮ ਪ੍ਰਚਾਰ ਕਰਨ ਦਾ ਹੁਕਮ ਦਿਤਾ।

ਇਹਨਾਂ ਤੋਂ ਬਿਨਾਂ ਭਾਈ ਖਜ਼ਾਨ ਸਿੰਘ ਰਤਨ ਸਿੰਘ, ਹਰਨਾਮ ਸਿੰਘ, ਸੁਜਾਨ ਸਿੰਘ ਅਤਰ ਸਿੰਘ ਸ੍ਰੀ ਭੈਣੀ ਸਾਹਿਬ ਦੇ ਹਜ਼ੂਰੀ ਰਾਗੀਆਂ ਵਿਚੋਂ ਸਨ ਅਤੇ ਲੋੜ ਅਨੁਸਾਰ ਇਹਨਾਂ ਨੂੰ ਵੀ ਵੱਖ ਵੱਖ ਥਾਵਾਂ ਤੇ ਧਰਮ ਪ੍ਰਚਾਰ ਲਈ ਭੇਜਿਆ ਜਾਂਦਾ ਸੀ। ਸਤਿਗੁਰਜੀ ਵਲੋਂ ਸੰਗਤਾਂ ਨੂੰ ਹੁਕਮ ਸੀ ਕਿ ਪ੍ਰਚਾਰਕਾਂ ਨੂੰ ਪ੍ਰਸ਼ਾਦ ਪਾਣੀ ਤੇ ਹੋਰ ਖਰਚਾਂ ਤੋਂ ਇਲਾਵਾ ਇਕ ਰੁਪਯਾ ਰੋਜ ਦਿਤਾਜਾਵੇ।

ਇਸ ਪ੍ਰਕਾਰ ਸਤਿਗੁਰੂ ਰਾਮ ਸਿੰਘ ਜੀ ਨੇ "ਸੰਤ ਖਾਲਸਾ" ਦੀ ਸਾਜਨਾ ਕਰਕੇ ਲੋਕਾਈ ਦੀ ਕਾਇਆ ਕਲਪ ਕਰ ਦਿਤੀ। ਪੰਜਾਬੀਆਂ ਦੀ ਅਣਖ ਨੂੰ ਟੁੰਬਿਆ। ਸਤਿਗੁਰਾਂ ਦੀ ਰਾਹਨੁਮਾਈ ਹੇਠ ਗਊ ਗ੍ਰੀਬ ਦੀ ਸੁਣੀ ਗਈ। ਉਹਨਾਂ ਦੀ ਪ੍ਰੇਰਨਾ ਸਦਕਾ ਪੰਜਾਬੀਆਂ ਨੇ ਅੰਗਰੇਜ਼ਾਂ ਦੀ ਗੁਲਾਮੀ ਤੋਂ ਨਜ਼ਾਤ ਪਾਉਣ ਲਈ ਛਬੀਲਾਂ ਸੋਚਣੀਆਂ ਸ਼ੁਰੂ ਕਰ ਦਿਤੀਆਂ ਅਤੇ ਨਾਮਿਲਵਰਤਨ ਅੰਦੋਲਨ ਸ਼ੁਰੂ ਕੀਤਾ ਜਿਸਨੂੰ ਬਾਅਦ ਵਿਚ ਕਾਂਗਰਸ ਨੇ ਅਪਨਾਇਆ ਅਤੇ ਭਾਰਤ ਆਜ਼ਾਦ ਹੋਇਆ।

ਜੰਗੇ ਆਜ਼ਾਦੀ ਅਤੇ ਕੂਕਾ ਲਹਿਰ

ਜਸਵੰਤ ਰਾਏ 'ਰਾਏ'

ਹਿੰਦੁਸਤਾਨ ਵਿਚ ਅੰਗਰੇਜ਼ੀ ਹਕੂਮਤ ਦੇ ਖਿਲਾਫ ਬਗਾਵਤ ਅਤੇ ਆਜ਼ਾਦੀ ਦੀ ਜੰਗ ਦੇ ਕਈ ਕਾਰਨ ਸਨ। ਇਹਦਾ ਆਰੰਭ ੧੮੫੭ ਵਿਚ ਹੋਇਆ। ਕਾਨ੍ਹਪੁਰ, ਇੰਦੌਰ, ਝਾਂਸੀ, ਮੇਰਠ, ਦਿਲੀ, ਫਿਰੋਜ਼ਪੁਰ, ਲਾਹੌਰ, ਅਤੇ ਮੁਲਤਾਨ ਗੋਰਿਆਂ ਦੇ ਵਿਰੁਧ ਤੂਫਾਨ ਉਠ ਖਲੋਤਾ, ਆਜ਼ਾਦੀ ਦੀ ਤੜਫ ਨੇ ਲੋਕਾਂ ਨੂੰ ਸਿਰਾਂ ਤੇ ਕਫਨ ਬੰਨ੍ਹ ਕੇ ਮੈਦਾਨ ਵਿਚ ਲੈ ਆਂਦਾ। ਉਸ ਸਮੇਂ ਗੋਰਿਆਂ ਨੇ ਜੋ ਜੋ ਜ਼ੁਲਮ ਕੀਤੇ, ਉਹ ਇਤਿਹਾਸ ਪੜ੍ਹ ਕੇ ਲੂੰ ਕੰਡੇ ਖੜੇ ਹੋ ਜਾਂਦੇ ਹਨ।

ਪਰ ਪੰਜਾਬ ਵਿਚ ਜੰਗੇ ਆਜ਼ਾਦੀ ਦਾ ਮੁੱਢ ਬੰਨ੍ਹਣ ਵਾਲੇ ਅਤੇ ਇਸ ਬਗਾਵਤ ਤੇ ਆਜ਼ਾਦੀ ਦੀ ਜੰਗ ਨੂੰ ਜਿਉਂਦਾ ਰਖਣ ਵਾਲੇ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਹੀ ਸਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ੩ ਫਰਵਰੀ ੧੮੧੬ ਬਸੰਤ ਪੰਚਮੀ ਵਾਲੇ ਦਿਨ ਸ੍ਰੀ ਭੈਣੀ ਸਾਹਿਬ ਹੋਇਆ ਅਤੇ ਜਵਾਨ ਹੋਕੇ ਆਪ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਭਰਤੀ ਹੋ ਗਏ, ਜਿਸ ਧੋਖੇ, ਬੇਦਰਦੀ ਅਤੇ ਜ਼ੁਲਮ ਨਾਲ ਖਾਲਸਾ ਰਾਜ ਨੂੰ ਖਤਮ ਕਰਕੇ ਮਹਾਰਾਜਾ ਦਲੀਪ ਸਿੰਘ ਨੂੰ ਜਲਾਵਤਨ ਕੀਤਾ ਉਹਨੂੰ ਵੀ ਸਤਿਗੁਰੂ ਜੀ ਬਰਦਾਸ਼ਤ ਨਾ ਕਰ ਸਕੇ।

ਆਪ ਜੀ ਨੂੰ ੧੮੪੧ ਈਸਵੀ ਵਿਚ ਗੁਰੂ ਬਾਲਕ ਸਿੰਘ ਜੀ ਨੇ ਗੁਰਗੱਦੀ ਤੇ ਬਿਠਾਇਆ,ਆਪ ੧੬ ਸਾਲ ਕੌਮ ਨੂੰ ਤਿਆਰ ਕਰਦੇ ਰਹੇ। ਆਖਰ ਭੈਣੀ ਸਾਹਿਬ ਆ ਕੇ ੧੩ ਅਪਰੈਲ ੧੮੫੭ ਦੀ ਵਿਸਾਖੀ ਵਾਲੇ ਦਿਨ ਅੰਗਰੇਜ਼ਾਂ ਦੇ ਖਿਲਾਫ ਬਗਾਵਤ ਦਾ ਐਲਾਨ ਕਰਕੇ ਚਿੱਟਾ ਝੰਡਾ ਲਹਿਰਾ ਦਿਤਾ, ਇਹਨਾਂ ਦੇ ਚਲੇ, ਉਚੀ ਉਚੀ ਕੂਕਾਂ ਮਾਰ ਕੇ ਲੋਕਾਂ ਦੇ ਦਿਲਾਂ ਵਿਚ ਆਜ਼ਾਦੀ ਦੀ ਤੜਫ ਪੈਦਾ ਕਰਦੇ ਹੁੰਦੇ ਸਨ। ਕੂਕਾਂ ਮਾਰਨ ਤੇ ਹੀ ਇਹਨਾਂ ਦਾ ਨਾਂ ਕੂਕਾ, ਅਤੇ ਲਹਿਰ ਦਾ ਨਾਂ ਕੂਕਾ ਲਹਿਰ ਪੈ ਗਿਆ।

੧੮੫੭ ਦੀ ਸ਼ੁਰੂ ਹੋਈ ਬਗਾਵਤ ਤੇ ਅੰਗਰੇਜ਼ਾਂ ਦੇ ਜ਼ੁਲਮ ਕਰਨ ਨਾਲ ਦਬੀ ਗਈ, ਪਰ ਕੂਕਾ ਲਹਿਰ ਦਿਨੋਂ ਦਿਨ ਤੇਜ਼ ਹੁੰਦੀ ਚਲੀ ਗਈ।

ਸਤਿਗੁਰੂ ਰਾਮ ਸਿੰਘ ਨੇ ਇਹਨਾਂ ਅੰਗਰੇਜ਼ਾਂ ਦਾ ਮੁਕੰਮਲ ਬਾਈਕਾਟ ਕਰ ਦਿਤਾ, ਸਰਕਾਰੀ ਨੌਕਰੀਆਂ, ਕਚਹਿਰੀਆਂ, ਡਾਕਖਾਨੇ, ਹਸਪਤਾਲ, ਸਕੂਲ, ਰੇਲਾਂ, ਬਦੇਸ਼ੀ ਕਪੜ ਬਲਕਿ ਅੰਗਰੇਜ਼ਾਂ ਦੇ ਲਾਏ ਨਲਕਿਆਂ ਤੋਂ ਪਾਣੀ ਪੀਣਾ ਵੀ ਛੱਡ ਦਿਤਾ ਸਤਿਗੁਰੂ ਜੀ ਨੇ ਨਾ ਮਿਲਵਰਤਨ ਅਤੇ ਬਾਈਕਾਟ ਦੀ ਐਸੀ ਲਹਿਰ ਚਲਾਈ ਕਿ ਗੋਰਾ ਸਰਕਾਰ ਹੱਕੀ ਬੱਕੀ ਰਹਿ ਗਈ।

ਸਤਿਗੁਰੂ ਜੀ ਨੇ ਆਪਣੇ ਨਾਮਧਾਰੀ ਸਿਖਾਂ ਦੇ ਦਿਲਾਂ ਵਿਚ ਈਸ਼ਵਰ ਭਗਤੀ ਤੇ ਦੇਸ਼ ਭਗਤੀ, ਸਚਾਈ, ਨੇਕੀ ਅਤੇ ਉਪਕਾਰ ਐਸਾ ਕੁੱਟ ਕੁੱਟ ਕੇ ਭਰਿਆ ਕਿ ਉਹਨਾਂ ਦ ਦਿਲਾਂ ਚੋਂ ਮੌਤ ਦਾ ਡਰ ਉੱਕਾ ਹੀ ਨਿਕਲ ਗਿਆ।

ਸਤਿਗੁਰੂ ਜੀ ਨੇ ਅੰਗਰੇਜ਼ੀ ਰਾਜ ਖਤਮ ਕਰਕੇ

Namdhari Elibrary NamdhariElibrary@gmail.com

ਆਜ਼ਾਦੀ ਅਤੇ ਅਪਣਾ ਦੇਸੀ ਰਾਜ ਕਾਇਮ ਕਰਨ ਲਈ ਜਮੂੰ ਕਸ਼ਮੀਰ, ਨੇਪਾਲ, ਕਾਬਲ, ਕੰਧਾਰ ਅਤੇ ਰੂਸ ਨਾਲ ਵੀ ਸੰਬੰਧ ਪੈਦਾ ਕਰਨੇ ਸ਼ੁਰੂ ਕਰ ਦਿਤੇ।

੧੮੭੧ ਤਕ ਕੂਕਾ ਲਹਿਰ ਦੇ ਨਾਂ ਹੇਠਾਂ ਆਜ਼ਾਦੀ ਦੀ ਜੰਗ ਐਨਾਂ ਜ਼ੋਰ ਫੜ ਗਈ ਕਿ ਕੂਕਿਆਂ ਕੋਲੋਂ ਅੰਗਰੇਜ਼ ਸਰਕਾਰ ਨੂੰ ਖਤਰਾ ਪੈਦਾ ਹੋ ਗਿਆ, ਅਤੇ ਉਹਨੇ ਇਹਨਾਂ ਦੇਸ਼ ਭਗਤਾਂ ਉਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾ ਦਿਤੀਆਂ ਅਤੇ ਜ਼ੁਲਮ ਕਰਨੇ ਸ਼ੁਰੂ ਕਰ ਦਿਤੇ।

ਅੰਗਰੇਜ਼ ਸਰਕਾਰ ਨੇ ਪੰਜਾਬ ਵਿਚ ਕਈ ਬੁੱਚੜਖਾਨੇ ਬਣਾਏ ਜਿਹਨਾਂ ਵਿਚ ਹਰ ਰੋਜ਼ ਕਈ ਕਈ ਗਊਆਂ ਕਤਲ ਕੀਤੀਆਂ ਜਾਂਦੀਆਂ ਸਨ।

ਅੰਮ੍ਰਿਤਸਰ ਦਰਬਾਰ ਸਾਹਿਬ ਦੇ ਨਾਲ ਹੀ ਘੰਟਾ ਘਰ ਦੇ ਚੌਂਕ ਵਿਚ ਬੁਚੜਖਾਨਾ ਬਣਾਇਆ ਗਿਆ ਜਿਸਦੇ ਕਾਰਨ ਸ਼ਹਿਰ ਦੇ ਲੋਕੀਂ ਬਹੁਤ ਦੁਖੀ ਹੋਏ। ਕੂਕੇ ਸਿੰਘਾਂ ਨੇ ੧੪, ੧੫ ਜੂਨ ੧੮੭੧ ਦੀ ਰਾਤ ਨੂੰ ਹੱਲਾ ਬੋਲ ਕੇ ਸਵੇਰ ਨੂੰ ਕਤਲ ਹੋਣ ਵਾਲੀਆਂ ਗਊਆਂ ਨੂੰ ਧੋਹਲ ਕੇ ਬਾਹਰ ਕੱਢ ਦਿਤਾ ਅਤੇ ਬੁੱਚੜਖਾਨਾ ਢਾਹ ਢੇਰੀ ਕਰਕੇ ਕਈਆਂ ਸਰਕਾਰੀ ਝੋਲੀ ਚੁੱਕਾਂ ਟੋਡੀਆਂ, ਪਿਠੂਆਂ ਨੂੰ ਵੀ ਮੌਤ ਦੀ ਗਡੀ ਚਾੜ੍ਹ ਕੇ ਆਪ ਨੱਠ ਗਏ।

ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ, ਅੰਗਰੇਜ਼ਾਂ ਨੇ ਕਈ ਬ੍ਰਾਹਮਣ ਅਤੇ ਕਈ ਨਿਹੰਗ ਸਿੰਘ ਗ੍ਰਿਫਤਾਰ ਕਰਕੇ ਉਹਨਾਂ ਨੂੰ ਫਾਂਸੀ ਦੀ ਸਜ਼ਾ ਦੇ ਦਿਤੀ।

ਪਰ ਉਹੋ ਹੀ ਨਾਮਧਾਰੀ ਕੂਕੇ ਪਿਛੋਂ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਮੰਨ ਕੇ ਅੰਮ੍ਰਿਤਸਰ ਗਏ ਅਤੇ ਅਦਾਲਤ ਵਿਚ ਹਾਜ਼ਰ ਹੋਕੇ ਮੰਨ ਲਿਆ ਕਿ ਬੁੱਚੜਖਾਨੇ ਅਸਾਂ ਢਾਏ ਅਤੇ ਟੋਡੀਆਂ ਨੂੰ ਵੀ ਅਸਾਂ ਸਜ਼ਾਵਾਂ ਦਿਤੀਆਂ ਹਨ, ਤਦ ਸਰਕਾਰ ਨੇ ਇਹਨਾਂ ਨੂੰ ਫੜ ਕੇ, ਉਹਨਾਂ ਬ੍ਰਾਹਮਣਾ ਤੇ ਨਿਹੰਗ ਸਿੰਘਾਂ ਨੂੰ ਛਡ ਦਿਤਾ ਅਤੇ ਇਨ੍ਹਾਂ ਸੱਤਾਂ ਨਾਮਧਾਰੀ ਕੂਕਿਆਂ ਨੂੰ ਸਜ਼ਾ ਦੇ ਦਿਤੀ ੧੫. ੯. ੧੮੭੧ ਨੂੰ ਤਿੰਨਾਂ ਨੂੰ ਉਮਰ ਕੈਦ ਦੇ ਕੇ ਕਾਲੇ ਪਾਣੀ ਭੇਜ ਦਿਤਾ, ਅਤੇ ੪ ਕੂਕਿਆਂ ਨੂੰ ਰਾਮ ਬਾਗ ਗੇਟ ਤੋਂ ਬਾਹਰ ਇਕ ਬੋਹੜ ਦੇ ਦਰਖਤ ਨਾਲ ਫਾਂਸੀ ਦੇ ਦਿਤੀ। ਉਹ ਬੋਹੜ ਦਾ ਦਰਖਤ ਅਜ ਵੀ ਕੂਕਿਆਂ ਦੀ ਸ਼ਹਾਦਤ ਦੀ ਗਵਾਹੀ ਦੇਣ ਲਈ ਖਲੋਤਾ ਹੈ।

ਅੰਮ੍ਰਿਤਸਰ ਦੇ ਬੁੱਚੜਖਾਨੇ ਢਾਉਣ ਦੇ ਚਾਰ ਕੁ ਹਫਤੇ ਪਿਛੋਂ ਨਾਮਧਾਰੀਆਂ ਨੇ ਰਾਏਕੋਟ ਦਾ ਬੁੱਚੜਖਾਨਾ ਢਾਕੇ ਗਊਆਂ ਨੂੰ ਛੁੜਾਇਆ, ਇਹ ਬੁੱਚੜਖਾਨਾ ਵੀ ਗੁਰੂ ਗੋਬਿੰਦ ਸਿੰਘ ਦੇ ਇਤਿਹਾਸਕ ਗੁਰਦਵਾਰੇ ਦੇ ਬਿਲਕੁਲ ਨਾਲ ਸੀ। ਇਸ ਦੋਸ਼ ਵਿਚ ੫.੮.੧੮੭੧ ਨੂੰ ਤਿੰਨਾਂ ਨਾਮਧਾਰੀਆਂ ਨੂੰ ਰਾਏਕੋਟ ਬਸੀਆਂ ਦੀ ਕੋਠੀ ਲਾਗੇ ਫਾਂਸੀ ਦੇ ਦਿਤੀ ਗਈ ਅਤੇ ਏਸੇ ਹੀ ਕੇਸ ਵਿਚ ਦੋ ਨਿਰਦੋਸ਼ ਨਾਮਧਾਰੀਆਂ ਨੂੰ ੨੩.੧੧.੧੮੭੧ ਨੂੰ ਡਿਸਟ੍ਰਿਕਟ ਜੇਲ੍ਹ ਲੁਧਿਆਣਾ ਫਾਂਸੀ ਚਾੜ੍ਹ ਦਿਤਾ।

ਸਤਿਗੁਰੂ ਰਾਮ ਸਿੰਘ ਜੀ ਦੇ ਚੇਲੇ ਨਾਮਧਾਰੀ ਜਿੰਨੇ ਪੱਕੇ ਈਸ਼ਵਰ ਭਗਤ ਸੀ ਉਨੇ ਹੀ ਦੇਸ਼ ਭਗਤ ਸਨ। ਅੰਗਰੇਜ਼ਾਂ ਨੇ ਪਾਬੰਦੀ ਲਾਈ ਹੋਈ ਸੀ ਕਿ ਪੰਜ ਤੋਂ ਵੱਧ ਕੂਕੇ ਸਰਕਾਰ ਤੋਂ ਪੁਛੇ ਬਿਨਾਂ ਕਿਸੇ ਮੇਲੇ ਤੇ ਨਹੀਂ ਜਾ ਸਕਦੇ।

ਇਸ ਕਰਕੇ ਸਤਿਗੁਰਾਂ ਨੇ ੧੨-੧੩ ਜਨਵਰੀ ੧੮੭੨ ਨੂੰ ਮਾਘੀ ਦਾ ਮੇਲਾ ਭੈਣੀ ਸਾਹਿਬ ਹੀ ਲਾ ਲਿਆ। ਉਥੇ ਪਟਿਆਲੇ ਰਿਆਸਤ ਦੇ ਪਿੰਡ ਫਰਵਾਹੀ ਦੇ ਸੰਤ ਗੁਰਮੁਖ ਸਿੰਘ ਨੇ ਦਸਿਆ ਕਿ ਮਲੇਰ ਕੋਟਲੇ ਕੋਲ ਸਿਰਫ ਇਕ ਮੁਸਲਮਾਨ ਨੂੰ ਇਹ ਗੱਲ ਆਖਣ ਤੇ ਕਿ ਤੂੰ ਬੋਲਦ ਤੇ ਭਾਰ ਵੀ ਲੱਦਿਆ ਹੋਇਆ ਹੈ, ਤੇ ਆਪ ਵੀ ਚੜ੍ਹਿਆ ਹੋਇਆ ਏਂ, ਬੋਲਦ ਹੌਂਕਦਾ ਹੈ, ਤੁਰ ਨਹੀਂ ਸਕਦਾ ਤੂੰ ਉਤਰ ਜਾਏਂ ਤੇ ਚੰਗਾ ਹੈ। ਇਨਾਂ ਕਹਿਣ ਤੇ ਉਸਦੇ ਹਮਾਇਤੀ ਮੈਨੂੰ ਫੜ ਕੇ ਕੋਤਵਾਲੀ ਲੈ ਗਏ, ਪੁਲੀਸ ਨੇ ਮੈਨੂੰ ਮਾਰ ਕੁਟਕੇ ਰੱਸਿਆਂ ਨਾਲ ਬੰਨ੍ਹ ਦਿਤਾ, ਅਤੇ ਮੇਰੇ ਸਾਹਮਣੇ ਉਸ ਬੋਲਦ ਨੂੰ ਤੜਫਾ ਤੜਫਾ ਕੇ ਜਿਬਾਹ ਕਰ ਛੱਡਿਆ।

ਇਹ ਜ਼ੁਲਮ ਦੀ ਕਹਾਣੀ ਸੁਣਦੇ ਸਾਰ ਨਾਮਧਾਰੀ ਸਿੰਘਾਂ ਨੂੰ ਵੱਟ ਚੜ੍ਹ ਗਏ, ਗੁੱਸੇ ਨਾਲ ਪੀਲੇ ਹੋ ਗਏ, ਅਤੇ ੧੪੦ ਸਿੰਘਾਂ ਦਾ ਜਥਾ ਮਲੇਰ ਕੋਟਲੇ ਨੂੰ ਬਦਲਾ ਲੈਣ ਲਈ ਤੁਰ ਪਿਆ। ਅੰਗ੍ਰੇਜ਼ਾਂ ਦੀ ਸੀ. ਆਈ.ਡੀ ਨੇ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਕਾਵਨ ਨੂੰ

ਦਸਿਆ ਕਿ ਨਾਮਧਾਰੀਆਂ ਦਾ ਮਲੇਰ ਕੋਟਲੇ ਜਥਾ ਤੁਰ ਗਿਆ ਹੈ।

ਉਸਨੇ ਰਾਤੋ ਰਾਤ ਰਿਆਸਤ ਪਟਿਆਲਾ, ਨਾਭਾ ਜੀਂਦ ਦੀਆਂ ਫੌਜਾਂ ਬੁਲਾ ਲਈਆਂ ਅਤੇ ਲੁਧਿਆਣੇ ਤੋਂ ਪੁਲਿਸ ਤੇ ਫੌਜ ਭੇਜ ਕੇ ਮਲੇਰ ਕੋਟਲੇ ਦੇ ਆਲੇ ਦੁਵਾਲੇ ਪਹਿਰਾ ਲਾ ਦਿਤਾ। ਨਾਮਧਾਰੀ ਜਥਾ ਤੀਸਰੇ ਦਿਨ ਸ਼ਾਮ ਨੂੰ ਮਲੇਰ ਕੋਟਲੇ ਪਹੁੰਚਾ ਪੁਲਿਸ ਨੇ ਉਹਨੂੰ ਸ਼ਹਿਰ ਤੋਂ ਬਾਹਰ ਹੀ ਰੋਕ ਦਿਤਾ।

ਪਰ ਰਾਤ ਨੂੰ ਇਕ ਬਾਗ ਦੀ ਕੰਧ ਟੱਪ ਕੇ ਸ਼ਹਿਰ ਵਿਚ ਜਾ ਵੜਿਆ। ਕੋਤਵਾਲੀ ਦੇ ਅੱਗੇ ਪੁਲਿਸ ਨਾਲ ਜੰਮ ਕੇ ਲੜਾਈ ਹੋਈ। ਕੋਤਵਾਲੀ ਦੇ ਅਹਿਮਦ ਖਾਂ ਤੇ ਸੱਤ ਸਿਪਾਹੀ ਮਾਰੇ ਗਏ। ਇਸ ਤੋਂ ਪਿਛੋਂ ਜਥਾ ਚਿੜੀ ਮਾਰਾਂ ਦੀ ਗਲੀ ਚਲਾ ਗਿਆ, ਜਿਥੇ ਬੁੱਚੜਾਂ ਦੇ ਘਰ ਸਨ। ਉਹਨਾਂ ਦੀ ਭੁਗਤ ਸਵਾਰ ਕੇ ਪਿੰਡ ਰੜ ਜਾ ਵੜੇ। ਇਸ ਜਥੇ ਦੇ ਲੀਡਰ ਜਥੇ: ਲਹਿਣਾ ਸਿੰਘ ਅਤੇ ਹੀਰਾ ਸਿੰਘ ਜੀ ਸਨ। ਉਹਨਾਂ ਨੇ ਪਿੰਡ ਰੜ ਅੱਪੜ ਕੇ ਸਾਥੀਆਂ ਨੂੰ ਆਖਿਆ ਜਿਹਨਾਂ ਨੇ ਘਰਾਂ ਨੂੰ ਜਾਣਾ ਹੈ, ਜਾ ਸਕਦੇ ਹਨ ਅਤੇ ਜਿਹਨਾਂ ਨੇ ਸ਼ਹੀਦ ਹੋਣਾ ਹੈ, ਉਹ ਰਹਿ ਜਾਣ। ਪਿਛੋਂ ੬੮ ਕੂਕੇ ਸ਼ੇਰਪੁਰ ਦੇ ਥਾਨੇ ਜਾ ਕੇ ਆਪੇ ਹੀ ਗ੍ਰਿਫਤਾਰ ਹੋ ਗਏ।

ਧੰਨ ਸਤਿਗੁਰੂ ਰਾਮ ਸਿੰਘ ਅਤੇ ਕੂਕਿਆਂ ਦੀ ਦੇਸ਼ ਭਗਤੀ। ਜਿਹੜੇ ਸਤਿਗੁਰੂ ਜੀ ਦੇ ਉਪਦੇਸ਼ ਤੋਂ ਪਰਭਾਵਤ ਹੋ ਕੇ ਆਪਣੀਆਂ ਜਾਨਾਂ ਵਾਰ ਗਏ।

ਮਲੇਰ ਕੋਟਲੇ ੪੯ ਨਾਮਧਾਰੀ ਕੂਕਿਆਂ ਨੂੰ ੧੭ ਜਨਵਰੀ ੧੮੭੨ ਦੀ ਸ਼ਾਮ ਨੂੰ ਚਾਰ ਵਜੇ ਪਰਡ ਗਰਾਉਂਡ ਵਿਚ ਆਮ ਲੋਕਾਂ ਦੇ ਸਾਹਮਣੇ ਤੋਪਾਂ ਅੱਗੇ ਖਲਿਆਰ ਕੇ ਉਡਾ ਦਿਤਾ। ਇਸ ਜਥੇ ਵਿਚ ਦੋ ਔਰਤਾਂ, ਮਾਈ ਖੇਮ ਕੌਰ ਤੇ ਇੰਦ ਕੌਰ, ਅਤੇ ਇਕ ਮਾਈ ਖੇਮ ਕੌਰ ਦਾ ੧੨ ਸਾਲ ਦਾ ਪੁਤਰ ਬਿਸ਼ਨ ਸਿੰਘ ਵੀ ਸੀ।

੧੨ ਵਰਿਆਂ ਦੇ ਮਾਸੂਮ ਬੱਚੇ ਨੂੰ ਤੋਪ ਅੱਗੇ ਖਲੋਤੇ ਨੂੰ ਵੇਖਕੇ ਡਿਪਟੀ ਕਮਿਸ਼ਨਰ ਕਾਵਨ ਦੀ ਮੇਮ ਨੇ ਆਖਿਆ ਕਿ ਇਸ ਮਾਸੂਮ ਬੱਚੇ ਨੂੰ ਛੱਡ ਦਿਓ। ਕਾਵਨ ਨੇ ਬੱਚੇ ਨੂੰ ਕੋਲ ਸੱਦਕੇ ਆਖਿਆ ਜੇ ਤੂੰ ਇਹ ਆਖ ਦੇਵੇਂ ਕਿ ਮੈਂ ਸਤਿਗੁਰੂ ਰਾਮ ਸਿੰਘ ਦਾ ਸਿਖ ਨਹੀਂ ਤੇ ਤੈਨੂੰ ਛੱਡ ਦਿਤਾ ਜਾਵੇਗਾ।

ਪਰ ਬਲਹਾਰ ਜਾਈਏ, ਉਸ ਮੁੰਡੇ ਦੀ ਜੁਰੱਅਤ, ਬਹਾਦਰੀ ਅਤੇ ਦ੍ਰਿੜ ਵਿਸ਼ਵਾਸ਼ ਤੋਂ, ਉਹਨੇ ਇਹ ਗੱਲ ਸੁਣਦਿਆਂ ਹੀ ਕਾਵਨ ਨੂੰ ਦਾਹੜੀ ਤੋਂ ਫੜਕੇ ਇਕ ਐਸਾ ਝਟਕਾ ਮਾਰਿਆ ਕਿ ਕਾਵਨ ਜ਼ਮੀਨ ਤੇ ਡਿਗ ਪਿਆ, ਅਤੇ ਮੁੰਡਾ ਕੜਕ ਕੇ ਬੋਲਿਆ।

ਓਏ ਬਿੱਲਿਆ! ਕੀ ਮੈਂ ਆਖਾਂ ਸਤਿਗੁਰੂ ਰਾਮ ਸਿੰਘ ਦਾ ਸਿਖ ਨਹੀਂ? ਧਰਮੀ ਮੁੰਡੇ ਦੇ ਹਥੋਂ ਕਾਵਨ ਦੀ ਦਾਹੜੀ ਉਦੋਂ ਛੁੱਟੀ, ਜਦੋਂ ਗੋਰੇ ਫੌਜੀਆਂ ਨੇ ਤਲ-ਵਾਰਾਂ ਮਾਰ ਮਾਰ ਕੇ ਉਹਦੇ ਦੋਵੇਂ ਹੱਥ ਕਟ ਦਿਤੇ। ਇਹੋ ਜਿਹੀ ਹੀ ਘਟਨਾ ਦੂਜੇ ਦਿਨ ਵੀ ਹੋਈ ਉਹਨਾਂ ਕੂਕਿਆਂ ਚੋਂ ੧੬ ਨੂੰ ਦੂਜੇ ਦਿਨ ੧੮.੧.੧੮੭੨ ਨੂੰ ਸ਼ਹੀਦ ਕੀਤਾ ਗਿਆ ਸੀ। ਉਨ੍ਹਾਂ ਵਿਚ ਇਕ ਮਧਰੇ ਕੱਦ ਦਾ ਸੰਤ ਵਰਿਆਮ ਸਿੰਘ ਸੀ। ਉਸਦੀ ਮਹਾਰਾਜਾ ਪਟਿਆਲਾ ਨੇ ਸਿਫਾਰਸ਼ ਵੀ ਕੀਤੀ ਸੀ। ਜਦੋਂ ਉਹ ਤੋਪ ਅੱਗੇ ਖਲੋਤਾ ਤੇ ਕਾਵਨ ਦੇ ਇਸ਼ਾਰੇ ਤੇ ਤੋਪਚੀ ਨੇ ਆਖਿਆ, ਇਸਦਾ ਕੱਦ ਛੋਟਾ ਹੈ। ਸੰਤ ਵਰਿਆਮ ਸਿੰਘ ਨੇ ਆਲੇ ਦਵਾਲੇ ਤੋਂ ਢੀਮਾਂ ਕੱਠੀਆ ਕਰਕੇ ਥੜੀ ਬਣਾਈ ਅਤੇ ਉਹਦੇ ਉਤੇ ਖਲੋ ਕੇ ਕਹਿਣ ਲੱਗਾ ਕਿਉਂ ਓਏ ਬਿਲਿਆ! ਹੁਣ ਤੇ ਤੋਪ ਦੇ ਮੇਚ ਆ ਗਿਆ ਹਾਂ, ਕਿ ਨਹੀਂ? ਤਦ ਉਹਨੂੰ ਵੀ ਸ਼ਹੀਦ ਕੀਤਾ ਗਿਆ। ਉਹਨਾਂ ਦੋਵਾਂ ਮਾਈਆਂ ਖੇਮ ਕੌਰ ਤੇ ਇੰਦ ਕੌਰ ਨੇ ਵੀ ਆਖਿਆ, ਕਿ ਸਾਨੂੰ ਵੀ ਸ਼ਹੀਦ ਕਰ ਦਿਤਾ ਜਾਏ ਪਰ ਉਨ੍ਹਾਂ ਨੂੰ ਪਟਿਆਲੇ ਭੇਜ ਦਿਤਾ ਗਿਆ।

ਇਸ ਜੁਲਮ ਦੇ ਨਾਲ ਹੀ ਕਾਵਨ ਤੇ ਅੰਬਾਲੇ ਦੇ ਕਮਿਸ਼ਨਰ ਫਾਰਸਿਥ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨੀ ਦਾ ਹੁਕਮ ਜਾਰੀ ਕਰ ਦਿਤਾ। ਭੈਣੀ ਸਾਹਿਬ ਤੋਂ ਸਤਿਗੁਰੂ ਜੀ ਮਾਈ ਕਰਮੋਂ ਦੀ ਭੇਟਾ ਕੀਤੀ ਹੋਈ ਕਾਲੀ ਕੰਬਲੀ ਲੈ ਕੇ ਗੱਡੇ ਤੇ ਸਵਾਰ ਹੋ ਗਏ ਅਤੇ ੧੭ ਜਨਵਰੀ ੧੮੭੨ ਨੂੰ ਲੁਧਿਆਣੇ ਨੂੰ ਤੁਰ ਪਏ। ਲਾਟੋਂ ਪਿੰਡ ਵਿਚੋਂ ਦੀ ਹੁੰਦੇ ਹੋਏ, ਲੁਧਿ-ਆਣੇ ਦੀ ਸੜਕੇ ਪੈ ਕੇ ਰਾਤੀਂ ਦੋ ਵਜੇ ਹੀ ਲੁਧਿ–

Namdhari Elibrary NamdhariElibrary@gmail.com

ਆਣੇ ਪਹੁੰਚ ਗਏ।

ਉਥੇ ਕਮਿਸ਼ਨਰ ਫੋਰਸਿਥ ਨੇ ਸਤਿਗੁਰਾਂ ਨਾਲ ਦੋ ਘੰਟੇ ਵਿਚਾਰ ਵਟਾਂਦਰਾ ਕੀਤਾ ਅਤੇ ਅਖੀਰ ਤੇ ਸਤਿਗੁਰਾਂ ਨੇ ਆਖਿਆ ਕਿ ਇਹ ਦੇਸ਼ ਸਾਡਾ ਹੈ ਅਤੇ ਸਾਡਾ ਹੀ ਰਹੇਗਾ। ਤੁਹਾਨੂੰ ਏਥੋਂ ਜਾਣਾ ਹੀ ਪਵੇਗਾ।

ਇਸਦੇ ਬਾਦ ਸਤਿਗੁਰੂ ਰਾਮ ਸਿੰਘ ਜੀ ਨੂੰ ਸਪੈਸ਼ਲ ਰੇਲ ਗਡੀ ਵਿੱਚ ਬਿਠਾਕੇ, ਅਲਾਹਾਬਾਦ ਓਥੋਂ ਕਲਕਤੇ, ਫੇਰ ਰੰਗੂਨ ਅਤੇ ਮਰਗੋਈ ਪਹੁੰਚਾ ਦਿਤਾ ਗਿਆ।

ਏਸ ਕੂਕਾ ਲਹਿਰ ਨੇ ਦੇਸ਼ ਵਿਚ ਜਿਹੜੀ ਆਜ਼ਾਦੀ ਦੀ ਭਾਵਨਾ ਪੈਦਾ ਕੀਤੀ ਅਤੇ ਲੋਕਾਂ ਦੇ ਦਿਲਾਂ ਵਿਚ ਅੰਗ੍ਰੇਜ਼ ਦੇ ਖਿਲਾਫ ਬਗਾਵਤ ਦੀ ਅੱਗ ਲਾਈ, ਉਹ ਦਿਨੋ ਦਿਨ ਵਧਦੀ ਤੇ ਭੜਕਦੀ ਰਹੀ। ਆਖਰ ਕਈ ਸ਼ਹੀਦੀਆਂ ਪਿਛੋਂ ੧੫ ਅਗਸਤ ੧੯੪੭ ਨੂੰ ਦੇਸ਼ ਆਜ਼ਾਦ ਹੋ ਗਿਆ ਅਤੇ ਇਹ ਢਿਲੇ ਬੋਰੀਆ ਬਿਸਤਰਾ ਗੋਲ ਕਰਕੇ ਦੌੜ ਗਏ।

ਸਵਰਗਵਾਸੀ ਪੰਡਤ ਜਵਾਹਰ ਲਾਲ ਨਹਿਰੂ ਨੇ ੧੭ ਫਰਵਰੀ ੧੯੩੯ ਨੂੰ ਭੈਣੀ ਸਾਹਿਬ ਆਪਣੇ ਭਾਸ਼ਨ ਵਿਚ ਆਖਿਆ ਸੀ–

'ਅੱਜ ਤੋਂ ੭੫ ਸਾਲ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਨੇ ਮਾਤ ਭੂਮੀ ਦੀ ਆਜ਼ਾਦੀ ਲਈ ਜੋ ਪਰੋਗ-ਰਾਮ ਬਨਾਇਆ ਸੀ, ਉਸ ਦੀ ਮਹਾਨਤਾ ਤੋਂ ਕੋਈ ਵੀ ਹਿੰਦੁਸਤਾਨੀ ਇਨਕਾਰ ਨਹੀਂ ਕਰ ਸਕਦਾ। ਕਾਂਗਰਸ ਨੇ ਸਤਿਗੁਰੂ ਜੀ ਦੇ ਦਸੇ ਹੋਏ ਰਸਤੇ ਤੇ ਚਲਕੇ ਹੀ ਕਾਮਯਾਬੀ ਹਾਸਿਲ ਕੀਤੀ ਹੈ।

ਭਾਰਤ ਦੇ ਪਹਿਲੇ ਰਾਸ਼ਟਰਪਤੀ ਸਵਰਗੀਆ ਡਾਕਟਰ ਰਾਜਿੰਦਰ ਪ੍ਰਸਾਦ ਨੂੰ ਜਦੋਂ ਸਤਿਗੁਰੂ ਮਹਾਰਾਜ ਪਰਤਾਪ ਸਿੰਘ ਜੀ ਰਾਸ਼ਟਰਪਤੀ ਬਣਨ ਤੇ ਵਧਾਈ ਦੇਣ ੧੯੫੦ ਵਿਚ ਗਏ ਤੇ ਉਹਨਾਂ ਨੇ ਆਖਿਆ–

ਅਸੀਂ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਅਨੇਕਾਂ ਪੈਰੋਕਾਰਾਂ ਦੇ ਰਿਣੀ ਹਾਂ ਜਿਹਨਾਂ ਨੇ ਆਜ਼ਾਦੀ ਦੀ ਜੰਗ ਵਿਚ ਬੜੀ ਬਹਾਦਰੀ ਨਾਲ ਸਖ-ਤੀਆਂ ਦਾ ਮੁਕਾਬਲਾ ਕੀਤਾ ਅਤੇ ਸ਼ਹੀਦੀਆਂ ਪਾਈਆਂ।

ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਭਾਰਤ ਨੇ ੭ ਜੂਨ ੧੯੭੨ ਦੀ ਅਮਨ ਕਾਨਫਰੰਸ ਵਿਚ ਭੈਣੀ ਸਾਹਿਬ ਭਾਸ਼ਨ ਦਿੰਦਿਆਂ ਆਖਿਆ:–

ਕਿ ਸਭ ਤੋਂ ਪਹਿਲਾਂ ਅੰਗਰੇਜ਼ਾਂ ਦੇ ਖਿਲਾਫ ਬਗਾ-ਵਤ ਦੀ ਆਵਾਜ਼ ਏਥੋਂ ਉਠੀ ਜਿਸ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਸਨ। ਏਸ ਦੇ ਪਿਛੋਂ ਦੇਸ਼ ਜਾਗਿਆ, ਜਿਸ ਹੌਂਸਲੇ ਅਤੇ ਨਿਡਰਤਾ ਨਾਲ ਇਹਨਾਂ ਅੰਗ੍ਰੇਜ਼ਾਂ ਦਾ ਬਾਈਕਾਟ ਕੀਤਾ ਦੁਨੀਆਂ ਵਿਚ ਉਹਦੀ ਮਿਸਾਲ ਨਹੀਂ ਮਿਲ ਸਕਦੀ।

––o––

ਆਈ ਰੁਤ ਬਸੰਤ ਨਿਹਾਰ

ਹਰ ਪੰਗਤੀ ਦਾ ਪੈਹਲਾ ਪੈਹਲਾ ਅਖਰ ਜੋੜਨ ਤੋਂ ਤੁਕ ਬਣੇਗੀ–

–ਆਹਿ ਮੇਰੇ ਠਾਕੁਰ ਤੁਮਰਾ ਜੋਰ

(ਸੁਰਜੀਤ ਸਿੰਘ ਮਸ਼ੀਨਮੈਨ)

ਆਈ ਰੁਤ ਬਸੰਤ ਨਿਹਾਰ।
ਹਿਰਦਾ ਬ੍ਰਿਹੀ ਉਠਜਾ ਪੁਕਾਰ।
ਮੇਰੇ ਸਤਿਗੁਰ ਚੌਨੀ ਅਸਵਾਰ।
ਰੇਖ ਦ੍ਰਿਟੋਂ ਦੀ ਦੇ ਨਿਵਾਰ।
ਠਾਢੇ ਹਾਂ ਮੈਂ ਤੁਮਰੇ ਦੁਆਰ।
ਕੁਰਲਾਵਤ ਚਾਤ੍ਰਿਕ ਜਿਉਂ ਬਾਰ।

ਰਘੁਸਮ ਲੰਕ ਪਤੀ ਕੋ ਮਾਰ।
ਤੁਰਤੇ ਭਰਥ ਕੋ ਦੇਹੋ ਦੀਦਾਰ।
ਮੋਹਿ ਅਪਰਾਧ ਜੋ ਬੇਸ਼ੁਮਾਰ।
ਰਾਖਹੁ ਚੀਤ ਨਾਂ, ਦੇਹੁ ਦੀਦਾਰ।
ਜੋਰ ਹਾਥ ਕਹੋਂ ਗਿਰਾ ਉਚਾਰ।
ਰੁਤ ਬਸੰਤ ਨੂੰ ਲਾਓ ਬਹਾਰ।

ਪੰਥ ਖਾਲਸਾ ਖੇਤੀ ਮੇਰੀ

[ਗੁਰਦਿਆਲ ਸਿੰਘ ਨਾਮਧਾਰੀ
ਰੇਲਵੇ ਵਰਕਸ਼ਾਪ ਜੋਧਪੁਰ (ਰਾਜਸਥਾਨ)

ਪ੍ਰਸਿਧ ਅਕਾਲੀ ਲੀਡਰ ਮਾ. ਤਾਰਾ ਸਿੰਘ ਜੀ ਕਈ ਵਾਰ ਅਪਣੇ ਵਖਿਆਨ ਵਿਚ ਕਿਹਾ ਕਰਦੇ ਸਨ ਕਿ ਜਿਹੜਾ ਹਾਲ ਸਿਖ ਰਾਜ ਦੀ ਸਮਾਪਤੀ ਪਿਛੋ ਸਿਖਾਂ ਦਾ ਹੋਇਆ ਜੇ ਆਪ ਸਤਿਗੁਰੂ ਰਾਮ ਸਿੰਘ ਜੀ ਸਿਖ ਕੌਮ ਦੀ ਬਾਂਹ ਨਾਂ ਫੜਦੇ ਤਾਂ ਅਜ ਸਾਰਾ ਪੰਜਾਬ ਹੋਰ ਦਾ ਹੋਰ ਹੁੰਦਾ ਤੇ ਸਿਖ ਦੀ ਸ਼ਕਲ ਮੁਸ਼ਕਲ ਨਾਲ ਹੀ ਨਜ਼ਰ ਆਉਂਦੀ।

ਨਦੇੜ ਕੌਤਕ ਤੋਂ ਬਾਦ ਗੁਰੂ ਗੋਬਿੰਦ ਸਿੰਘ ਜੀ ਪ੍ਰਤੱਖ ਦਰਸ਼ਨ ਦੇਕੇ ਸਤਿਗੁਰੂ ਬਾਲਕ ਸਿੰਘ ਜੀ ਹਰੋ ਨਦੀ ਤੇ ਸਿੰਧ ਸੰਗਮ ਤੇ ਵੈਸਾਖ ਸੁਦੀ ੧੦ ਸੰ: ੧੮੬੯ ਬਿਕ੍ਰਮੀ ਨੂੰ ਗੁਰਤਾ ਅਰਪਨ ਕੀਤੀ ਤੇ ਬਚਨ ਕੀਤਾ ਕਿ ਮੈਂ ਬਾਰ੍ਹਵੇਂ ਜਾਮੇ ਵਿਚ ਬਾਛੀਕੁਲ 'ਚ ਅਵਤਾਰ ਧਾਰਾਗਾਂ। ਰਾਮ ਸਿੰਘ ਮੇਰਾ ਨਾਮ ਹੋਵੇਗਾ। ਆਪਣੀ ਅਮਾਨਤ ਵਾਪਸ ਲਵਾਂਗਾ। ਦਸਮੇਸ਼ ਪਿਤਾ ਦੇ ਭਵਿਖਤ ਬਚਨਾਂ ਅਨੁਸਾਰ ਹੀ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਬਸੰਤ ਪੰਚਮੀ ਵਾਲੇ ਦਿਨ ਪਿੰਡ ਰਾਈਆਂ(ਸ੍ਰੀ ਭੈਣੀ ਸਾਹਿਬ) ਵਿਖੇ ਹੋਇਆ।

ਜਵਾਨ ਅਵਸਥਾ ਵਿਚ ਸਤਿਗੁਰੂ ਰਾਮ ਸਿੰਘ ਜੀ ਪ੍ਰਭੂ ਭਗਤੀ ਵਿਚ ਜ਼ਿਆਦਾ ਸਮਾਂ ਲਗਾਉਂਦੇ ਤੇ ਸੰਸਾਰੀ ਕੰਮ ਵਲ ਘਟ ਧਿਆਨ ਦਿੰਦੇ ਸਨ। ਇਸੇ ਕਰਕੇ ਇਹਨਾਂ ਦੇ ਮਾਮਾ ਜੀ ਨੇ ਇਨ੍ਹਾਂ ਨੂੰ ਮਹਾਰਾਜਾ ਨੌ ਨਿਹਾਲ ਸਿੰਘ ਦੀ ਰੱਜਮੈਂਟ ਵਿਚ ਫੌਜੀ ਭਰਤੀ ਕਰਵਾ ਦਿਤਾ। ਮਿਲਟਰੀ ਜੀਵਨ ਵਿਚ ਇਨ੍ਹਾਂ ਨੇ ਇਤਨੀ ਭਗਤੀ ਕੀਤੀ ਕਿ ਇਨ੍ਹਾਂ ਦੀ ਪਲਟਨ ਦਾ ਨਾਮ ਹੀ ਭਗਤਾਂ ਦੀ ਪਲਟਨ ਰੱਖ ਦਿਤਾ ਗਿਆ। ਫੌਜੀ ਨੌਕਰੀ ਦੇ ਦੌਰਾਨ ਹੀ ਆਪਣੇ ਕੁਝ ਸਾਥੀਆਂ ਸਮੇਤ ਆਪ ਹਜ਼ਰੋਂ ਗਏ ਤੇ ਉਥੇ ਆਪ ਨੇ ਸਤਿਗੁਰੂ ਬਾਲਕ ਸਿੰਘ ਜੀ ਦੀ ਮਹਿਮਾ ਸੁਣੀ ਤੇ ਫਿਰ ਆਪ ਦਰਸ਼ਨਾਂ ਨੂੰ ਗਏ। ਅਗੇ ਸਤਿਗੁਰੂ ਬਾਲਕ ਸਿੰਘ ਜੀ ਕਥਾ ਕਰ ਰਹੇ ਸਨ ਤੇ ਕਥਾ ਬੰਦ ਕਰਕੇ ਆਖਿਆ ਠਾਕੁਰ ਜੀ ਆ ਗਏ ਹੋ। ਅਸੀਂ ਤੁਹਾਡੀ ਉਡੀਕ ਵਿਚ ਸਾਂ। ਜੋ ਅਮਾਨਤ ਆਪ ਦਸਮੇਂ ਜਾਮੇਂ ਵਿਚ ਸੰਭਾਲ ਗਏ ਸੋ। ਉਹ ਅਮਾਨਤ ਸਤਿਗੁਰੂ ਰਾਮ ਸਿੰਘ ਜੀ ਨੂੰ ਬਖਸ਼ ਦਿਤੀ ਤੇ ਖੁਸ਼ ਹੋਕੇ ਕੰਨ ਵਿਚ ਗੁਰੂ ਮੰਤਰ ਦੇ ਦਿਤਾ।

"ਪੰਥ ਖਾਲਸਾ ਖੇਤੀ ਮੇਰੀ ਕਰੋਂ ਸੰਭਾਲਨ ਮੈਂ ਤਿਸ ਬੇਰੀ"। ਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ ਅਨੁਸਾਰ ਜਿਸ ਨੂੰ ਹਰਾ ਭਰਾ ਰਖਣ ਦੇ ਲਈ ਆਪਣਾ ਸਾਰਾ ਪ੍ਰਵਾਰ ਹੀ ਵਾਰ ਦਿਤਾ ਸੀ ਜੋ ਕਿ ਗੁਰੂ ਜੀ ਦੇ ਅਲੋਪ ਹੋਣ ਤੋਂ ਬਾਦ ਬਿਲਕੁਲ ਮੁਰਝਾ ਚੁੱਕੀ ਸੀ। ਸਤਿਗੁਰੂ ਰਾਮ ਸਿੰਘ ਜੀ ਨੂੰ ਦਸਮੇਂ ਪਾਤਸ਼ਾਹ ਦੀ ਸਿਖੀ ਵਿਚੋਂ ਕੇਵਲ ਢਾਈ ਸਿਖ ਹੀ ਪੂਰੇ ਮਿਲੇ। ਫਿਰ ਆਪਨੇ ਮੁੜ ਨਵੇਂ ਸਿਰੇ ਤੋਂ ਸਿਖੀ ਦਾ ਪ੍ਰਚਾਰ ਅਰੰਭਿਆ ਅਤੇ ੧੮੫੭ ਨੂੰ ਵਿਸਾਖੀ ਵਾਲੇ ਦਿਨ ਪੰਜ ਪਿਆਰੇ ਸਾਜ ਕੇ ਜੋ ਪੰਥ ਖਾਲਸੇ ਦੀ ਖੇਤੀ ਮੁਰਝਾ ਚੁੱਕੀ ਸੀ, ਮੁੜਕੇ ਸੁਰਜੀਤ ਕੀਤਾ। ਪੂਰੇ ਪੰਜਾਬ ਵਿਚ ਦੌਰੇ ਕਰਕੇ ਸਿਖੀ ਦਾ ਪ੍ਰਚਾਰ ਸ਼ੁਰੂ ਕੀਤਾ ਤੇ ਥੋੜੇ ਹੀ ਸਮੇਂ ਵਿਚ ਲੱਖਾਂ ਦੀ ਗਿਣਤੀ ਵਿਚ ਸਿਖ ਸਜ ਗਏ।

ਗੁਰੂ ਰਾਮ ਸਿੰਘ ਜੀ ਨੇ ਇਕ ਸਿਖ ਭਾਈ ਰਾਇ ਸਿੰਘ ਨੂੰ ਹਜ਼ੂਰ ਸਾਹਿਬ(ਦਸਮੇਂ ਪਾਤਸ਼ਾਹ ਦੀ ਮਰਜ਼ਾਦਾ ਜੋ ਪੰਜਾਬ ਵਿਚੋਂ ਬਿਲਕੁਲ ਅਲੋਪ ਹੋ ਗਈ ਸੀ, ਭੇਜਿਆ ਜੋ ਦਸਮੇਂ ਪਾਤਸ਼ਾਹ ਦੀ ਮਰਯਾਦਾ ਲਿਖਕੇ ਮੰਗਵਾਈ ਤੇ ਸਿਖਾਂ ਵਿਚ ਫਿਰ ਮਰਯਾਦਾ ਨੂੰ ਕਾਇਮ ਕੀਤਾ। ਸਤਿਗੁਰੂ ਰਾਮ ਸਿੰਘ ਜੀ ਜਿਨ੍ਹਾਂ ਦੇ ਵੀ ਕੰਨ ਵਿਚ ਫੂਕ(ਗੁਰੂ ਮੰਤ੍ਰ) ਮਾਰਦ

ਉਹ ਸਿਖ ਸਜ ਜਾਂਦਾ ਸੀ। ਉਸ ਵੇਲੇ ਆਮ ਕਹਾਵਤ ਬਣ ਗਈ ਸੀ ਕਿ ਗੁਰੂ ਰਾਮ ਸਿੰਘ ਦਾ ਮੰਤਰ ਕੰਨ ਵਿਚ ਗਲੀ(ਛੇਕ) ਕਰ ਦਿੰਦਾ ਹੈ। ਸ੍ਰ. ਹੀਰਾ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਮਸ਼ਹੂਰ ਸਿਖ ਹੋਏ ਹਨ। ਉਹਨਾਂ ਨੂੰ ਮਹਾਰਾਜਾ ਪਟਿਆਲਾ ਨੇ ਇਸੇ ਲਈ ਭੈਣੀ ਸਾਹਿਬ ਘੱਲਿਆ ਸੀ ਕਿ ਪਤਾ ਕਰੇ ਕਿ ਸਤਿਗੁਰੂ ਰਾਮ ਸਿੰਘ ਕੰਨ ਵਿਚ ਕੀ ਆਖਦੇ ਨੇ। ਜਦੋਂ ਸਤਿਗੁਰੂ ਜੀ ਨੇ ਕੰਨ ਵਿਚ ਭਜਨ ਦਿਤਾ ਤਾਂ ਹੀਰਾ ਸਿੰਘ ਦੀ ਕਾਇਆ ਹੀ ਪਲਟ ਗਈ, ਤਾਂ ਵਾਪਸ ਮਹਾਰਾਜੇ ਪਾਸ ਪੁਜੇ। ਮਹਾਰਾਜੇ ਦੇ ਪੁਛਣ ਤੇ ਹੀਰਾ ਸਿੰਘ ਜੀ ਨੇ ਕਿਹਾ ਕਿ ਲੋੜ ਹੈ ਤਾਂ ਆਪ ਜਾਕੇ ਪੁਛ ਲਓ। ਇਸ ਕਰਕੇ ਓਹ ਨੌਕਰੀ ਤੋਂ ਨਿਰਵਾਸਤ ਕੀਤੇ ਗਏ। ਫਿਰ ਇਨ੍ਹਾਂ ਨੇ ਸਾਰਾ ਜੀਵਨ ਹੀ ਭੈਣੀ ਸਾਹਿਬ ਬਤੀਤ ਕੀਤਾ ਅਤੇ ਮਲੇਰ ਕੋਟਲੇ ਸ਼ਹੀਦੀ ਪਾਈ।

ਇਸੇ ਤਰ੍ਹਾਂ ਇਕ ਹੋਰ ਸੰਤ ਜੀ, ਜਿਨ੍ਹਾਂ ਨੂੰ ਇਹ ਸ਼ੱਕ ਸੀ ਕਿ ਗੁਰੂ ਰਾਮ ਸਿੰਘ ਜੀ ਜੋ ਕੰਨ ਵਿਚ ਗੁਰਮੰਤ੍ਰ ਦਿੰਦੇ ਹਨ, ਇਹ ਉਹੀ ਗੁਰਮੰਤ੍ਰ ਹੈ ਜੋ ਗੁਰੂ ਨਾਨਕ ਦੇਵ ਤੇ ਦਸਵੇਂ ਪਾਤਸ਼ਾਹ ਦੇ ਸਮੇਂ ਸਿਖਾਂ ਨੂੰ ਦਿਤਾ ਜਾਂਦਾ ਸੀ। ਭੈਣੀ ਸਾਹਿਬ ਤੋਂ ਗੁਰੂਮੰਤ੍ਰ ਪ੍ਰਾਪਤ ਕਰਕੇ ਜਦੋਂ ਵਾਪਸ ਘੋੜੇ ਤੇ ਚੜ੍ਹਕੇ ਜਾ ਰਿਹਾ ਸੀ ਤਾਂ ਮਨ ਵਿਚ ਖਿਆਲ ਆਯਾ ਕਿ ਪੁਰਾਣੇ ਸਿਖ ਨਾਮ ਦੀ ਸ਼ਕਤੀ ਦੇ ਨਾਲ ਉਡਿਆ ਕਰਦੇ ਸਨ। ਮੈਂ ਵੀ ਇਸ ਨਾਮ ਨੂੰ ਪਰਖਾਂ, ਜਦੋਂ ਘੋੜੇ ਤੇ ਚੜ੍ਹੇ ਤਾਂ ਮਨ ਗੁਰੂ ਚਰਨਾਂ ਦੇ ਨਾਲ ਜੋੜਕੇ ਸਿਮਰਨ ਕਰਨਾ ਸ਼ੁਰੂ ਕੀਤਾ। ਤਦੋਂ ਕੁਝ ਸਮੇਂ ਬਾਦ ਅੱਖ ਖੁੱਲੀ ਤਾਂ ਘੋੜੇ ਸਮੇਤ ਆਪਣੇ ਆਪ ਨੂੰ ਅਕਾਸ਼ ਵਿਚ ਉਡਦੇ ਦੇਖਿਆ। ਸੰਤ ਜੀ ਘਬਰਾ ਗਏ ਤੇ ਜ਼ਮੀਨ ਤੇ ਉਤਰਨ ਲਈ ਕੋਸ਼ਿਸ਼ ਕੀਤੀ ਪਰ ਸਫਲ ਨਾ ਹੋਏ ਆਖਰ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਦਾ ਧਿਆਨ ਧਰਕੇ ਅਰਦਾਸ ਕੀਤੀ ਕਿ ਸਚੇ ਪਾਤਸ਼ਾਹ ਭੁੱਲ ਹੋ ਗਈ ਹੈ ਮੈਨੂੰ ਬਖਸ਼ੋ। ਤਦ ਫਿਰ ਵਾਪਸ ਜ਼ਮੀਨ ਤੇ ਉਤਰੇ।

ਸਤਿਗੁਰੂ ਰਾਮ ਸਿੰਘ ਜੀ ਦੀ ਵਧਦੀ ਸ਼ਕਤੀ ਦੇਖਕੇ ਅੰਗਰੇਜ਼ ਬਹੁਤ ਪਰੇਸ਼ਾਨ ਸੀ। ਅੰਗਰੇਜ਼ ਨੇ ਪਾੜੋ ਤੇ ਰਾਜ ਕਰੋ ਦੀ ਨੀਤੀ ਅਪਨਾਈ ਹੋਈ ਸੀ। ਉਸ ਨੇ ਅੰਮ੍ਰਿਤਸਰ ਹਰਿਮੰਦਰ ਸਾਹਿਬ ਦੇ ਨੇੜੇ ਇੱ ਬੁਚੜਖਾਨਾ ਖੋਲ੍ਹ ਦਿਤਾ। ਕਾਂ ਤੇ ਇੱਲਾਂ ਹੋਰ ਜਾਨਵਰ ਮਾਸ ਅਤੇ ਹੱਡੀਆਂ ਵਗੈਰਾ ਬੁਚੜਖਾਨੇ ਵਿਚੋਂ ਲੈਕੇ ਉਡਦੇ ਤੇ ਕਈ ਵਾਰ ਇਹ ਜਾਨਵਰ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਚ ਜਾਂ ਸ੍ਰੋਵਰ ਵਿਚ ਮਾਸ ਦੀਆਂ ਬੋਟੀਆਂ ਸੁਟਦੇ। ਨਾਮਧਾਰੀ ਸਿਖਾਂ ਨੇ ਹਰਿਮੰਦਰ ਸਾਹਿਬ ਦੀ ਪਵਿਤਰਤਾ ਕਾਇਮ ਰਖਣ ਲਈ ਇਕ ਰਾਤ ਬੁਚੜਖਾਨੇ ਦੇ ਸਾਰੇ ਕਰਮਚਾਰੀ ਵੱਢ ਦਿਤੇ ਤੇ ਗਊਆਂ ਨੂੰ ਆਜ਼ਾਦ ਕਰਵਾ ਦਿਤਾ ਤੇ ਆਪਣੇ ਹਥਿਆਰ ਇਕ ਜਗਾ ਛੁਪਾਕੇ ਸਤਿਗੁਰੂ ਜੀ ਅੱਗੇ ਪੇਸ਼ ਹੋਏ। ਉਧਰ ਪੁਲਿਸ ਨੇ ਨਿਰਦੋਸ਼ ਸਿਖਾਂ ਨੂੰ ਫੜਕੇ ਮਾਰ ਕੁਟ ਕਰਕੇ ਜ਼ਬ੍ਰਦਸਤੀ ਮਨਾ ਲਿਆ ਕਿ ਅਸੀਂ ਬੁਚੜਖਾਨੇ ਵਾਲਾ ਕਾਂਡ ਕੀਤਾ ਹੈ। ਉਧਰ ਸਚੇ ਪਾਤਸ਼ਾਹ ਨੇ ਸਿਖਾਂ ਨੂੰ ਹੁਕਮ ਕੀਤਾ ਕਿ ਫਸਲ ਬੀਜੇ ਕੋਈ ਤੇ ਵੱਢੇ ਕੋਈ। ਜਾਓ ਜਾਕੇ ਆਪਣਾ ਜ਼ੁਲਮ ਕਬੂਲ ਕਰੋ ਤੇ ਨਿਰਦੋਸ਼ ਲੋਕਾਂ ਨੂੰ ਛੁਡਵਾਓ। ਸਿਖ ਜਾਕੇ ਕੱਚਹਿਰੀ ਵਿਚ ਪੇਸ਼ ਹੋਏ ਤੇ ਨਿਰਦੋਸ਼ਿਆਂ ਨੂੰ ਛੁਡਵਾਇਆ ਤੇ ਖੁਸ਼ੀ ਖੁਸ਼ੀ ਫਾਂਸੀਆਂ ਦੇ ਰੱਸੇ ਚੁੰਮੇ। ਮਲੇਰ ਕੋਟਲਾ ਤੇ ਰਾਏਪੁਰ ਦੀਆਂ ਘਟਨਾਵਾਂ ਵੀ ਵਰਨਣ ਯੋਗ ਹਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਵੱਧਦੀ ਸ਼ਕਤੀ ਨੂੰ ਕੰਟਰੋਲ ਕਰਨ ਦੇ ਲਈ ਅੰਗਰੇਜ ਸ੍ਰਕਾਰ ਨੇ ਸਤਿਗੁਰੂ ਜੀ ਦੇ ਦੌਰਿਆਂ ਅਤੇ ਮੇਲਿਆਂ ਤੇ ਪਾਬੰਦੀ ਲਗਾ ਦਿਤੀ। ਅੰਮ੍ਰਿਤਸਰ ਇਕ ਮੇਲੇ ਸਮੇਂ ਇਕ ਅੰਗਰੇਜ਼ ਪੁਲਿਸ ਅਫਸਰ ਨੇ ਸਤਿਗੁਰੂ ਜੀ ਨਾਲ ਭੇਟ ਕੀਤੀ ਤੇ ਪੁੱਛਿਆ ਕਿ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਿਖ ਮੁਸਲਮਾਨ ਵੀ ਸਨ ? ਤੁਹਾਡੇ ਵੀ ਕੋਈ ਮੁਸਲਮਾਨ ਸਿਖ ਹਨ ਕਿਉਂਕਿ ਤੁਹਾਡੇ ਸਿਖ ਤੁਹਾਨੂੰ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਦਾ ਉਤਰਧਿਕਾਰੀ ਮੰਨਦੇ ਹਨ ? ਸਚੇ ਪਾਤਸ਼ਾਹ ਨੇ ਇਕ ਸਿਖ ਨੂੰ ਹੁਕਮ ਕੀਤਾ ਕਿ ਕਸ਼ਮੀਰਾ ਸਿੰਘ ਨੂੰ ਬੁਲਾਓ। ਕੁਝ ਹੀ ਮਿੰਟਾ ਬਆਦ ਇਕ ਲੰਮਾ ਚੌੜਾ ਗਭਰੂ ਹੱਥ ਵਿਚ ਗੜਵਾ ਗਲ ਵਿਚ ਮਾਲਾ ਸਫੈਦ ਚਿੱਟਾ ਗੁਰਮੁਖੀ

ਪਹਿਰਾਵਾ, ਆਕੇ ਸਚੇ ਪਾਤਸ਼ਾਹ ਨੂੰ ਨਮਸਕਾਰ ਕੀਤੀ। ਸਚੇ ਪਾਤਸ਼ਾਹ ਕਿਹਾ ਕਿ ਇਹ ਸਾਡਾ ਮੁਸਲਮਾਨ ਸਿਖ ਹੈ। ਪੁਲਿਸ ਅਫਸਰ ਦੇ ਨਾਲ ਇਕ ਮੁਸਲਮਾਨ ਸਿਪਾਹੀ ਸੀ। ਜਿਸ ਨੂੰ ਕਸ਼ਮੀਰਾ ਸਿੰਘ ਤੇ ਬੜਾ ਗੁਸਾ ਆਇਆ ਤੇ ਆਖਿਆ ਕਿ ਕੂਕਾ ਬਨਣ ਦੇ ਨਾਲ ਕੀ ਅੱਲਾ(ਰੱਬ) ਮਿਲ ਗਿਆ ਹੈ। ਕਸ਼ਮੀਰਾ ਸਿੰਘ ਨੇ ਸਚੇ ਪਾਤਸ਼ਾਹ ਵਲੋਂ ਇਸ਼ਾਰਾ ਕਰਕੇ ਆਖਿਆ "ਪਹਿਲਾਂ ਅੱਲਾ ਮਿਲਿਆ ਫਿਰ ਹੀ ਕੂਕਾ ਬਣਿਆਂ ਸਾਂ।"

ਸਤਿਗੁਰੂ ਰਾਮ ਸਿੰਘ ਜੀ ੧੮੬੩ ਵਿਚ ਪਿੰਡ ਖੋਟੇ ਇਕ ਭਾਰੀ ਸਮਾਗਮ ਕਰਕੇ ੬ ਜੋੜਿਆਂ ਦੇ ਅੰਤਰ ਜਾਤੀ ਵਿਆਹ ਕਰਕੇ ਅਨੰਦ ਕਾਰਜ ਦੀ ਨਵੀਂ ਮਰਯਾਦਾ ਚਾਲੂ ਕੀਤੀ। ਇਸਤਰੀ ਜਾਤੀ ਨੂੰ ਅੰਮ੍ਰਿਤ ਛਕਾਇਆ। ਵਿਧਵਾ ਵਿਆਹ ਕਰਨ ਦੀ ਖੁਲ੍ਹ ਦਿਤੀ। ਕੁੜੀਮਾਰਨਾ, ਵੱਟਾ ਕਰਨ ਦੀ ਮਨਾਹੀ ਕੀਤੀ। ਇਸ ਨਵੀਂ ਰਸਮ ਤੋਂ ਬ੍ਰਾਹਮਣ ਜਾਤੀ ਵਿਚ ਰੋਸ ਫੈਲ ਗਿਆ। ਬ੍ਰਾਮਣ ਲੋਕਾਂ ਨੂੰ ਆਪਣੇ ਜਾਲ ਵਿਚ ਫਸਾਈ ਰੱਖਣਾ ਚਾਹੁੰਦੇ ਸਨ। ਇਸ ਕਰਕੇ ...ਾਹਮਣਾਂ ਨੇ ਪੁਲਿਸ ਵਿਚ ਰਿਪੋਰਟ ਕਰ ਦਿਤੀ।

ਸਤਿਗੁਰੂ ਜੀ ਅੰਗਰੇਜ਼ ਨੂੰ ਕਈ ਵਾਰ ਲਲਕਾਰ ਕੇ ਆਖ ਚੁਕੇ ਸਨ ਕਿ ਅਸੀਂ ਤੁਹਾਡਾ ਰਾਜ ਨਹੀਂ ਰਹਿਣ ਦੇਣਾ ਤੇ ਉਧਰ ਅੰਮ੍ਰਿਤਸਰ, ਰਾਏਕੋਟ ਤੇ ਮਲੇਰ ਕੋਟਲੇ ਦੀਆਂ ਘਟਨਾਵਾਂ ਹੋ ਚੁਕੀਆਂ ਸਨ। ਅੰਗਰੇਜ਼ ਮੌਕੇ ਦੀ ਤਲਾਸ਼ ਵਿਚ ਸਨ। ਅੰਗਰੇਜ਼ ਸੂਕਾਰ ਇਹ ਚੰਗੀ ਤਰ੍ਹਾਂ ਸਮਝ ਚੁਕੀ ਸੀ ਕਿ ਜਦੋਂ ਤਕ ਗੁਰੂ ਰਾਮ ਸਿੰਘ ਪੰਜਾਬ ਵਿਚ ਹਨ। ਪੰਜਾਬ ਵਿਚ ਸ਼ਾਂਤੀ ਪੈਦਾ ਨਹੀਂ ਹੋ ਸਕਦੀ। ਇਸ ਲਈ ਗੁਰੂ ਰਾਮ ਸਿੰਘ ਜੀ ਨੂੰ ੧੮੭੨ ਜਨਵਰੀ ਨੂੰ ਜਲਾਵਤਨ ਕਰਕੇ ਕਾਲੇ ਪਾਣੀ ਭੇਜ ਦਿਤਾ। ਇਸਤੋਂ ਬਾਦ ਰੰਗੂਨ ਜਾਕੇ ...ਂਗਤਾਂ ਦੇ ਨਾਮ ਇਕ ਹੁਕਮਨਾਮਾ ਭੇਜਿਆ ਕਿ ਮੇਰੇ ਭਾਈ ਬੁਧ ਸਿੰਘ ਦਾ ਨਾਮ ਅਜ ਤੋਂ ਹਰੀ ਸਿੰਘ ਸਦਨਾ। ਇਸਦੇ ਨਾਲ ਹੀ ਵਰ ਦਿਤਾ ਕਿ ਹੁਣ ਇਹ ਪੰਥ ਖਾਲਸੇ ਦੀ ਖੇਤੀ ਨੂੰ ਹਰੀ ਰੱਖੇਗਾ। ਮੇਰੇ ਧੱਕੇ ਨੂੰ ਇਹ ਬਖਸ਼ ਸਕਦਾ ਹੈ। ਇਸ ਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ। ਅੰਗਰੇਜ਼ ਸੂਕਾਰ ਦੇ ਅਨੇਕਾਂ ਜ਼ੁਲਮ ਜੋ ਨਾਮਧਾਰੀ ਪੰਥ ਤੇ ਕੀਤੇ ਜਾ ਰਹੇ ਸਨ। ਐਸੇ ਸਮੇਂ ਵਿਚ ਵੀ ਖਾਲਸੇ ਦੀ ਖੇਤੀ ਨੂੰ ਉਨ੍ਹਾਂ ਹਰਾ ਭਰਾ ਰੱਖਿਆ। ਗੁਰੂ ਹਰੀ ਸਿੰਘ ਜੀ ਦੇ ਚੜ੍ਹਾਈ ਕਰਨ ਤੋਂ ਬਾਦ ਸਤਿ– ਗੁਰੂ ਪ੍ਰਤਾਪ ਸਿੰਘ ਜੀ ਨੇ ਜੋ ਕੰਮ ਦੇਸ਼ ਨੂੰ ਅਜ਼ਾਦ ਕਰਾਉਣ ਹਿਤ ਕੀਤੇ ਤੇ ਪੰ: ਨਹਿਰੂ ਦਾ ਹਰ ਸਮੇਂ ਬਿਨਾਂ ਕਿਸੇ ਸੁਆਰਥ ਤੋਂ ਜੋ ਸਾਥ ਦਿਤਾ, ਇਸਦੀ ਮਿਸਾਲ ਰਹਿੰਦੀ ਦੁਨੀਆਂ ਤੱਕ ਨਹੀਂ ਮਿਲ ਸਕਦੀ ਤੇ ਸ੍ਰੀ ਗੁਰੂ ਰਾਮ ਸਿੰਘ ਦੇ ਦਰਸ਼ਨਾਂ ਨਮਿਤ ਲੱਖਾਂ ਹੀ ਅਖੰਡ ਪਾਠ, ਸਾਧਾਰਨ ਪਾਠ ਵਰਨੀਆਂ, ਨਿਤਨੇਮ ਕਰਵਾਏ ਤੇ ਖਾਲਸੇ ਦੀ ਖੇਤੀ ਨੂੰ ਹੋਰ ਵੀ ਹਰਾ ਭਰਾ ਕੀਤਾ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚੜ੍ਹਾਈ ਕਰਨ ਤੋਂ ਬਾਦ ਪੰਥ ਦੀ ਵਾਗ ਡੋਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਭਾਲੀ ਹੋਈ ਹੈ। ਦਸਮੇਸ਼ ਪਿਤਾ ਦੇ ਭਵਿਖਤ ਬਚਨਾਂ ਅਨੁਸਾਰ"ਪੰਥ ਖਾਲਸਾਖੇਤੀ ਮੇਰੀ" ਇਸ ਖੇਤੀ ਨੂੰ ਹਰਾ ਤੇ ਭਰਾ ਰੱਖਣ ਲਈ ਭਾਰਤ ਤੇ ਹੋਰ ਦੇਸ਼ਾਂ ਇੰਗਲੈਂਡ, ਅਮ੍ਰੀਕਾ, ਅਫ੍ਰੀਕਾ,ਅਰਬਦੇਸ਼ ਸਿਆਮ,ਅਸਟ੍ਰੇਲੀਆ ਆਦਿਕ ਅਨਗਿਣਤ ਦੇਸ਼ਾਂ ਦਾ ਦੌਰਾ ਕਰਕੇ ਸੰਗਤ ਨੂੰ ਨਾਮ ਵਾਲੇ ਪਾਸੇ ਲਾਈ ਰੱਖ ਰਹੇ ਹਨ। ਇਸੇ ਕਰਕੇ ਨਾਮਧਾਰੀ ਸਿਖ ਆਪਣਾ ਜੀਵਨ, ਮਰਜਾਦਾ ਦੇ ਨਾਲ ਉਚਾ ਤੇ ਸੁੱਚਾ ਸੰਜਮ ਤੇ ਸ਼ਾਂਤੀ ਨਾਲ ਬਤੀਤ ਕਰ ਰਹੇ ਹਨ। ਇਹੋ ਜਿਹੀ ਮਰ- ਯਾਦਾ ਹੋਰ ਕਿਸੇ ਸਿਖ ਸੰਪਰਦਾ ਵਿਚ ਨਹੀਂ ਮਿਲ ਸਕਦੀ, ਜਿਸਦੀ ਮਿਸਾਲ ਇਹ ਆਪ ਹੀ ਹਨ।

Namdhari Elibrary NamdhariElibrary@gmail.com

ਰਹਿਤ ਮਰਯਾਦਾ ਦੇ ਬਾਨੀ—

ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਇਤਿਹਾਸ ਕੌਮਾਂ ਦੀ ਜਿੰਦ ਜਾਨ ਹੁੰਦਾ ਹੈ। ਇਹ ਸਾਨੂੰ ਪਿਛਲੇ ਸਮੇਂ ਵਿਚ ਵਾਪਰ ਚੁਕੀਆਂ ਘਟਨਾਵਾਂ ਤੋਂ ਸਿਖਿਆ ਲੈ ਕੇ ਅਗੇ ਜਿੰਦਗੀ ਜਿਊਣ ਦਾ ਰਸਤਾ ਦਸਦਾ ਹੈ। ਇਸ ਕੂਕੇ ਜੇਕਰ ਇਤਿਹਾਸ ਨੂੰ ਕੌਮਾਂ ਦੀ ਜਿੰਦ ਜਾਨ ਦਾ ਨੀਂਹ ਪੱਥਰ ਵੀ ਆਖਿਆ ਜਾਵੇ ਤਾਂ ਕੋਈ ਮਾੜੀ ਗਲ ਨਹੀਂ ਹੋਵੇਗੀ। ਇਤਿਹਾਸ ਵਿਚੋਂ ਸਾਨੂੰ ਗੁਰੂਆਂ, ਪੀਰਾਂ, ਪੈਗੰਬਰਾਂ ਰਾਜਿਆਂ ਮਹਾਰਾਜਿਆਂ ਦੇ ਜੀਵਨ ਪਧਰ ਦੀਆਂ ਝਲਕੀਆਂ ਮਿਲਦੀਆਂ ਹਨ ਜਿਨ੍ਹਾਂ ਨੂੰ ਮੁਖ ਰਖਕੇ ਜੇ ਕਰ ਸੰਸਾਰ ਰੂਪੀ ਪੰਧ ਨੂੰ ਤਹਿ ਕੀਤਾ ਜਾਵੇ ਤਾਂ ਹਰ ਮਨੁਖ ਲਈ ਜਿੰਦਗੀ ਗੁਜਾਰਨਾ ਅਸਾਨ ਹੋ ਜਾਂਦਾ ਹੈ। ਜਦੋਂ ਤੋਂ ਸੰਸਾਰ ਦੀ ਕਲਪਨਾ ਹੋਈ ਹੈ ਜੋ ਵੀ ਗੁਰਮਤ ਅਨੁ-ਸਾਰ ਚਲੇ, ਉਨ੍ਹਾਂ ਨੇ ਸੁਖੀ ਜੀਵਨ ਬਤੀਤ ਕੀਤਾ ਅਤੇ ਜੋ ਗੁਰਮਤ ਤੋਂ ਉਲਟ ਚਲੇ, ਉਹ ਭਾਵੇਂ ਕਿੰਨੇ ਵੀ ਧਨੀ ਹੋਣ ਉਹ ਦੁਖੀ ਹੀ ਰਹੇ ਅਤੇ ਸੁਖਾਂ ਦੀ ਥਾਂ ਦੁਖਾਂ ਵਿਚ ਹੀ ਘੇਰੇ ਰਹੇ ਜਾਂ ਘੇਰੇ ਪਏ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਅਵਤਾਰ ਹੋਏ ਹਨ ਜਿਨ੍ਹਾਂ ਸਿਖ ਇਤਿਹਾਸ ਵਿਚ ਇਕ ਪਲਟਾ ਲਿਆਂਦਾ ਤੇ ਸਿੱਖੀ ਵਿਚੋਂ 'ਖਾਲਸੇ ਪੰਥ' ਦੀ ਸਾਜਨਾ ਕੀਤੀ। ਸਿੱਖਾਂ ਦੇ ਨਾਂ ਨਾਲ ਸਿੰਘ ਲਗਾ ਕੇ ਸ਼ੇਰ ਬਣਾ ਦਿਤਾ। ਖਾਲਸੇ ਨੂੰ ਪੰਜ ਕਕਿਆਂ ਦਾ ਧਾਰਨੀ ਬਣਾ ਦਿਤਾ ਅਤੇ ਰਹਿਤ ਮਰਜਾਦਾ ਦਾ ਧਾਰਨੀ ਬਣਾ ਕੇ ਦੁਨੀਆਂ ਦੇ ਇਤਿਹਾਸ ਨੂੰ ਹਲੂਣਾ ਦਿਤਾ ਜਿਸ ਨਾਲ ਖਾਲਸੇ ਪੰਥ ਨੂੰ ਸਾਰੇ ਜਗਤ ਤੋਂ ਨਿਆਰਾ ਕਰਕੇ ਰਖ ਦਿਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਹਿੰਦੂ ਅਤੇ ਮੁਸਲਮ ਧਰਮ ਤੋਂ ਵਖਰਾ ਪੈਦਾ ਕਰਕੇ ਸੰਸਾਰ ਵਿਚ ਨਾਮ ਨਾ ਖਟਿਆ।

ਆਪ ਜੀ ਨੇ ਖਾਲਸੇ ਵਿਚ ਅਜਿਹੀ ਰਹਿਤ ਮਰ-ਯਾਦਾ ਕਾਇਮ ਕੀਤੀ ਜੋ ਮਰਯਾਦਾ ਵਿਚ ਰਹਿਕੇ ਹਜ਼ਾਰਾਂ-੨ ਨਾਲ ਇਕੱਲਾ-ਇਕੱਲਾ ਸਿੰਘ ਲੜਦਾ ਰਿਹਾ ਅਤੇ ਸ਼ੇਰਾਂ ਵੀ ਤਰ੍ਹਾਂ ਮੁਗਲ ਫੌਜਾਂ ਨੂੰ ਭਾਜੜਾਂ ਪਉਂਦੇ ਰਹੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰਹਿਤ ਮਰਯਾਦਾ ਨੂੰ ਜੋ ਮਹਾਨਤਾ ਦਿਤੀ ਉਸਦਾ ਵਰਣਨ ਉਨ੍ਹਾਂ ਦੇ ਰਹਿਤ ਨਾਮਿਆਂ ਵਿਚੋਂ ਮਿਲਦਾ ਹੈ:—

ਜਹਾਂ ਕਹਾਂ ਕਾ ਛਕੈ ਪ੍ਰਸਾਦਿ,
ਸਿਖ ਨਹੀਂ ਮੇਰਾ ਆਦਿ ਜੁਗਾਦਿ।

ਫਿਰ ਲਿਖਿਆ ਮਿਲਦਾ ਹੈ:—

ਜਾਕੀ ਰਹਿਤ ਨ ਜਾਣੀਐ,
ਗੁਰ ਮੰਤਰ ਨਹੀਂ ਚੀਤ॥
ਉਨਕਾ ਭੋਜਨ ਖਾਇ ਕੈ,
ਬਿਸਰੈ ਹਰਿ ਸਿਉ ਪ੍ਰੀਤ॥

ਗੁਰੂ ਜੀ ਸਿਖਾਂ ਨੂੰ ਰਹਿਤ ਮਰਯਾਦਾ ਦੇ ਧਾਰਨੀ ਹੋਣ ਬਾਰੇ ਰਹਿਤ ਨਾਮੇਂ ਵਿਚ ਫਿਰ ਲਿਖਦੇ ਹਨ:-

ਰਹਿਣੀ ਰਹੇ ਸੋਈ ਸਿਖ ਮੇਰਾ,
ਉਹ ਸਾਹਿਬ ਮੈਂ ਉਸਕਾ ਚੇਰਾ॥

ਅਗੇ ਫਿਰ ਇਕ ਜਗਾ ਲਿਖਿਆ ਮਿਲਦਾ ਹੈ, ਜਿਵੇਂ ਜਿਸ ਤੋਂ ਗੁਰੂ ਜੀ ਨੇ ਰਹਿਤ ਮਰਯਾਦਾ ਵਿਚ ਰਹਿਣ ਨਾਲ ਬੁਰੇ ਵਿਕਾਰਾਂ ਦਾ ਨਾਸ ਹੋਣਾ ਦਸਿਆ ਹੈ:—

ਰਹਤ ਰਹਤ ਰਹਿ ਜਾਹਿ ਬਿਕਾਰਾ॥

ਇਹ ਮਰਯਾਦਾ ਕਿਹੜੀ ਸੀ? ਜਿਸ ਤੇ ਗੁਰੂ ਜੀ ਨੇ ਏਨਾਂ ਜੋਰ ਦਿਤਾ। ਇਹ ਉਹ ਹੀ ਮਰਯਾਦਾ ਸੀ ਜਿਸ ਦੀ ਖਾਤਰ ਗੁਰੂ ਜੀ ਨੇ ਸਾਰਾ ਪ੍ਰਵਾਰ ਵਾਰ ਦਿਤਾ ਅਤੇ ਮਰਯਾਦਾ ਵਿਚ ਕਮੀ (ਫਰਕ) ਨਹੀਂ ਆਉਣ ਦਿਤੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਪੰਥ ਸਾਜਨ ਤੋਂ ਲੈਕੇ ਨੰਦੇੜ ਵਿਚ ਕੌਤਕ ਰਚਾਨ ਤਕ ਸਿਖ ਗੁਰੂ ਗੋਬਿੰਦ ਸਿੰਘ ਜੀ ਦੀ ਸਾਜੀ ਸਿਖੀ ਅਤੇ ਰਹਿਤ ਮਰਯਾਦਾ ਦੇ ਧਾਰਨੀ ਬਣੇ ਰਹੇ। ਪਰ ਇਸਤੋਂ ਬਾਦ ਸਿਖੀ ਦੀ ਜੋ ਹਾਲਤ ਹੋਈ ਉਹ ਬਹੁਤ ਹੀ

ਤਰਸ ਯੋਗ ਹੋ ਗਈ ਸੀ। ਸਿਖ ਮਾਸ, ਸ਼ਰਾਬ, ਪੋਸਤ, ਭੰਗ, ਅਫੀਮ ਦੇ ਨਸ਼ੇ ਵਿਚ ਗੜੁਚ ਹੋ ਚੁੱਕੇ ਸਨ ਦਾੜ੍ਹੀ ਕੇਸਾਂ ਦੀ ਬੇਅਦਬੀ ਕੀਤੀ ਜਾਣ ਲਗੀ। ਅੰਗ੍ਰੇਜ਼ੀ ਹਕੂਮਤ ਦੇ ਰਾਜ ਵਿਚ ਸਿਖ ਸ੍ਰਦਾਰ ਇਨ੍ਹਾਂ ਦੇ ਪਿੱਠੂ ਬਣ ਗਏ ਅਤੇ ਏਥੋਂ ਤਕ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਮਰਯਾਦਾ ਨੂੰ ਭੰਗ ਤਾਂ ਕੀਤਾ ਸੀ ਸਗੋਂ ਇਸ ਦੇ ਨਾਲ ਨਾਲ ਰਹਿਤ ਨਾਮਿਆਂ ਵਿਚ ਵੀ ਭੰਨ ਤੋੜ ਕੀਤੀ ਗਈ। ਇਸ ਸਮੇਂ ਭਾਵ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਕਤ ਸਿਖੀ ਦੀ ਜੋ ਹਾਲਤ ਬਣ ਚੁਕੀ ਸੀ ਉਸ ਦਾ ਵਰਣਨ ਗਿਅਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਇੰਵ ਕੀਤਾ ਹੈ:–

ਔਰੇਂ ਰੀਤ ਔਰੇਂ ਮੀਤ ਔਰੇਂ ਪ੍ਰਤੀਤ ਪ੍ਰੀਤ
ਖਾਨ ਪਹਿਰਾਨ, ਗਯਾਨ, ਮਾਨ ਔਰੇਂ ਜਨਕੈ।
ਡਾਰੇ ਦਸਤਾਰੇ ਸਾਫੇ ਭਾਰੇ ਹੈਂ ਸੰਭਾਰੇ,
ਕੱਛੇ ਤਜ ਗਏ ਧੋਤੀ ਸੁਥੂ ਤੰਗ ਤਨਕੈ।
ਧਾਰੇ ਹੈਂ ਗਰਾਰੇ ਤੰਬੇ ਤਹਿਮਤ ਅਧਿਕ ਲੰਬੇ,
ਜਿਨੈ ਦੇਖ ਸਿਖੀ ਗਊ ਕੰਬੇ ਤੁਰਕ ਗਨਕੈ।
ਸਿਖੀ ਦਸਮੇਸ਼ ਕੀ ਸੁ ਕੀ ਅਪਰ ਦੇਸ਼ ਕੀ,
ਅਸਿਖੀ ਪਣੀ ਪੇਸ਼ਗੀ ਛਿਨਾਰ ਬਨ ਠਨਕੈ।
ਏਕੀਂ ਬਾਰ ਪਾਰੈਂ ਓਚੈਂ ਨਾਕ ਨੋਚੈਂ ਮੋਚਨੇਲੈ,
ਕੋਈ ਖੋਚੈਂ ਲਤਨ ਸੋਂ ਨੋਚੈਂ ਨ ਲਖਾਇ ਹੈਂ।
ਕੋਊ ਦਾੜ੍ਹੇ ਹੀ ਉਖਾੜੈਂ ਮੁਛੈਂ ਪਾੜੈਂ,
ਝਾੜਨ ਜਿਉਂ, ਪੂਛੈਂ ਸੇਤ ਛਾੜੈਂ ਕੋਊ ਸਾੜੈਂ
ਦਵਾ ਲਾਇ ਹੈਂ।
ਬਗਲੈਂ ਉਪਾਰੈਂ ਕੋਊ ਭੌਹੈਂ ਸੌਹੈਂ ਕੀ ਉਖਾਰੈਂ,
ਨਾਸਕਾ ਕੇ ਫਾਰ ਹਾਥ ਮਾਥ ਪੈ ਚਲਾਇ ਹੈਂ।
ਸਿੱਖਨ ਕੇ ਪੂਤ ਮਜਬੂਤ ਸਿੰਘ ਨਾਮ ਵਾਰੇ,
ਹਾਏ ਵੇ ਕਸਾਈ ਰਹੇ ਸਿਖੀ ਗਊ ਘਾਇ ਹੈਂ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿਖੀ ਦੀ ਪਰਖ ਕਰਨ ਸਮੇਂ ਕੇਵਲ ਵਾਈ ਸਿੰਘ ਹੀ ਮਿਲੇ ਸਨ ਜਿਸ ਕਰਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਠੀਕ ਇਕ ਸੌ ਸਾਲ ਤੋਂ ਬਾਦ ੧੯੧੪ ਬਿਕ੍ਰਮੀ ਨੂੰ ਦੁਬਾਰਾ ਖੰਡੇ ਦਾ ਅੰਮ੍ਰਿਤ ਤਿਆਰ ਕਰਕੇ ਪੰਜ ਪਿਆਰੇ ਸਾਜਕੇ ਦਸਮੇਸ਼ ਦੀ ਰੜਾਈ ਹੋਈ ਸਿਖੀ ਨੂੰ ਸੁਰਜੀਤ ਕੀਤਾ ਤੇ 'ਸੰਤ ਖਾਲਸਾ' ਪੈਦਾ ਕਰ ਦਿਤਾ। ਇਸ ਸੰਤ ਖਾਲਸੇ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਰਾਏ ਸਿੰਘ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦੀ ਰਹਿਤ ਮਰਜਾਦਾ ਹਜ਼ੂਰ ਸਾਹਿਬ ਤੋਂ ਲਿਖਕੇ ਲਿਆਂਦੀ ਦਸੀ। ਜੋ ਅਜਕਲ ਨਾਮਧਾਰੀਆਂ ਵਿਚ ਹੀ ਵੇਖੀ ਜਾ ਸਕਦੀ ਹੈ। ਹਜ਼ੂਰ ਸਾਹਿਬ ਲੰਗਰ ਵਿਚ ਅਜੇ ਵੀ ਮਾਸ ਸ਼ਰਾਬ ਖਾਣ ਪੀਣ ਵਾਲਾ ਲਾਂਗਰੀ ਨਹੀਂ ਲਗ ਸਕਦਾ ਅਤੇ ਨਾਂ ਹੀ ਬਿਨਾਂ ਕੇਸੀ ਇਸ਼ਨਾਨ ਕੀਤੇ। ਇਸਤਰ੍ਹਾਂ ਗੁਰੂ ਰਾਮ ਸਿੰਘ ਜੀ ਨੇ ਫਿਰ ਤੋਂ ਸਿਖੀ ਨੂੰ ਹਰਾ ਭਰਾ ਕੀਤਾ ਅਤੇ ਅੰਮ੍ਰਿਤ ਤੇ ਗੁਰਮੰਤਰ ਦੀ ਹੱਟ ਖੋਲ ਦਿਤੀ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:–

ਪਾਇ ਇਹ ਹੁਕਮ ਪ੍ਰਮੇਸ਼ ਕਾ ਵਿਸ਼ੇਸ਼ ਫਿਰ,
ਰਾਮ ਮ੍ਰਗੇਸ਼ ਉਪਦੇਸ਼ ਦੈਨ ਲਾਗਿਓ।
ਹੁੱਕੇ ਛਡਵਾਏ ਰਖਵਾਏ ਕੇਸ ਮੋਨਿਓਂ ਕੇ,
ਸੁਧਾ ਛਕ ਬਾਏ ਸਿੱਖ ਭਾਗ ਜਿਨੈ ਜਾਗਿਓ।
ਫੈਲਿਓ ਜਸ ਭਾਰੀ ਸਿਖ ਥੀਏ ਤਾਹਿ ਕੇ ਅਪਾਰੀ,
ਸਿਖ ਪੰਥ ਬਿਰਧਾਯੋ ਨਾਮ ਰਸ ਪਾਗਿਓ।
ਫੀਮ, ਭੰਗ, ਪੋਸਤ, ਸ਼ਰਾਬ,ਮਾਸ, ਚੋਰੀ, ਯਾਰੀ,
ਠਗੀ ਤਜ ਥੀਏ ਸੰਤ ਸਤਿਜੁਗ ਆਗਿਓ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜਿਥੇ ਗੁਰੂ ਗੋਬਿੰਦ ਸਿੰਘ ਦੀ ਸਿਖੀ ਦੁਬਾਰਾ ਸੁਰਜੀਤ ਕੀਤੀ ਓਥੇ ਆਪਣੇ ਕੋਲੋਂ ਵਾਧਾ ਵੀ ਕੀਤਾ। ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਈਆਂ ਨੂੰ ਅੰਮ੍ਰਿਤ ਨਹੀਂ ਸੀ ਛਕਾਇਆ ਤੇ ਨਾਂ ਹੀ ਕਛਹਿਰੇ ਪਵਾਏ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜੇਠ ਸੁਦੀ ਪੂਰਨ-ਮਾਸ਼ੀ ਸੰਮਤ ੧੯੨੦ ਨੂੰ ਪਿੰਡ ਸਿਆੜ੍ਹ ਜ਼ਿਲਾ ਲੁਧਿਆਣਾ ਵਿਚ ਇਕ ਵਡਾ ਭਾਰੀ ਮੇਲਾ ਕਰਕੇ ਮਾਈਆਂ ਨੂੰ ਕਛਹਿਰੇ ਪੁਵਾਕੇ ਅੰਮ੍ਰਿਤ ਛਕਾ ਕੇ ਸਿੰਘਾਂ ਦੇ ਬਰਾਬਰ ਕੀਤਾ। ਇਸ ਸਮੇਂ ੨੫ ਮਾਈਆਂ ਦੇ ਜਥੇ ਨੇ ਅੰਮ੍ਰਿਤ ਛਕਿਆ ਸੀ।

ਇਸ ਤੋਂ ਬਾਦ ਪਿੰਡ ਖੋਟੇ ਜ਼ਿਲਾ ਫਿਰੋਜ਼ਪੁਰ ਵਿਚ ੩ ਜੂਨ ੧੮੬੩ ਈ: ਨੂੰ ਸਾਧਾਰਨ ਅਨੰਦ ਕਾਰਜ ਮਰਜਾਦਾ ਚਾਲੂਕੀਤੀ ਜੋ ਮਰਯਾਦਾ ਬ੍ਰਾਹ-ਮਣਾਂ ਨੇ ਬਹੁਤ ਮਹਿੰਗੀ ਕਰ ਛਡੀ ਸੀ। ਜਦੋਂ ਪਿੰਡ

ਖੋਟੇ ਵਿਚ ੬ ਅੰਤਰ ਜਾਤੀ ਜੋੜਿਆਂ ਦੇ ਅਨੰਦ ਕਾਰਜ ਕਰਕੇ ਮਰਯਾਦਾ ਬੰਨੀ ਗਈ ਤਾਂ ਬ੍ਰਾਹਮਣਾਂ ਨੇ ਆਪਣੀ ਰੋਜ਼ੀ ਤੇ ਲੱਤ ਵਜਦੀ ਵੇਖਕੇ ਗੁਰੂ ਜੀ ਦੇ ਖਿਲਾਫ ਕੇਸ ਕਰ ਦਿਤਾ ਪਰ ਗੁਰੂ ਜੀ ਨੂੰ ਥਾਨਿਓਂ ਥਾਣੀ ਸ੍ਰੀ ਭੈਣੀ ਸਾਹਿਬ ਭੇਜ ਦਿਤਾ ਗਿਆ। ਇਸ ਮਰਯਾਦਾ ਤੋਂ ਪਹਿਲਾਂ ਸਾਰੇ ਗੁਰੂ ਪੀਰਾਂ ਦੇ ਵਿਆਹ ਬ੍ਰਾਹਮਣ ਰੀਤੀ ਅਨੁਸਾਰ ਕੀਤੇ ਜਾਂਦੇ ਸਨ। ਇਸ ਮਰਯਾਦਾ ਤੋਂ ਬਾਦ ਗੁਰੂ ਜੀ ਨੇ ਸਾਰਿਆਂ ਨੂੰ ਇਸ ਮਰਯਾਦਾ ਅਨੁਸਾਰ ਅਨੰਦ ਪੜ੍ਹਾਉਣ ਵਾਸਤੇ ਕਿਹਾ। ਕਈ ਜੋ ਵਿਆਹੇ ਵਰ੍ਹੇ ਸਨ ਉਹਨਾ ਨੇ ਵੀ ਇਸ ਰੀਤੀ ਅਨੁਸਾਰ ਆਪਣੇ ਅਨੰਦ ਕਾਰਜ ਦੁਬਾਰਾ ਕਰਵਾਏ । ਏਥੋਂ ਤਕ ਕਿ ਪਿਉ ਤੇ ਮਾਂ ਦੀਆਂ ਲਾਵਾਂ ਪੁਤਰਾਂ ਨੇ ਵੀ ਪੜ੍ਹੀਆਂ। ਇਸ ਮਰਯਾਦਾ ਬਾਰੇ ਗਿਆਨੀ ਗਿਆਨ ਸਿੰਘ ਜੀ (ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮਕਾਲੀ) ਇੰਞ ਲਿਖਦੇ ਹਨ:–

ਸ੍ਰੀ ਰਾਮ ਸਿੰਘ ਕੂਕੇ ਪਹਿਲੇ।
ਅਨੰਦ ਸੁ ਛੰਦ ਪੜ੍ਹਾਏ ਸਹਿਲੇ।
ਉਨਕੋ ਦੇਖ ਔਰ ਸਿਖ ਘਨੇ।
ਲਗੇ ਅਨੰਦ ਪੜ੍ਹਾਵਨ ਤਨੇ ।

ਇਸ ਮਰਯਾਦਾ ਨੂੰ ਕਾਇਮ ਕਰਨ ਲਈ ਕਈ ਬ੍ਰਾਹਮਣਾਂ ਦੀਆਂ ਰਿਪੋਰਟਾਂ ਤੇ ਸ੍ਰੀ ਸਤਿਗੁਰੂ ਜੀ ਨੂੰ ੨੮ ਦਿਨ ਲਗਾਤਾਰ ਲੁਧਿਆਣੇ ਕਚਹਿਰੀ ਵਿਚ ਪੇਸ਼ ਹੋਣਾ ਪੈਂਦਾ ਰਿਹਾ ਸੀ। ਇਸ ਦੇ ਨਾਲ ਹੀ ਲੜਕੇ ਲੜਕੀਆਂ ਨੂੰ ਗੁਰਮੁਖੀ ਅੱਖਰ ਪੜ੍ਹਾਉਣ ਬਾਰੇ ਜਿਥੇ ਹੁਕਮ ਕੀਤਾ ਉਥੇ ਕੁੜੀਆਂ ਮਾਰਨਾਂ, ਸਤੀ ਪ੍ਰਥਾ, ਬਾਲ ਵਿਆਹ ਆਦਿ ਸਮਾਜਿਕ ਕੁਰੀ–ਤੀਆਂ ਵਿਚੋਂ ਸਮਾਜ ਨੂੰ ਕਢਕੇ ਸੁਰਖਰੂ ਕਰਨ ਵਲ ਸਭ ਤੋਂ ਪਹਿਲਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕਦਮ ਚੁਕੇ ਸਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜਿਥੇ ਅਜਿਹੇ ਹੋਰ ਕੰਮ ਕੀਤੇ ਓਥੇ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਜੋ ਸਿਊਂਕ ਲਗ ਚੁਕੀ ਸੀ ਤੇ ਚੂਹੇ ਖਾ ਰਹੇ ਸਨ ਉਨ੍ਹਾਂ ਨੂੰ ਆਪਣੀ ਦਸਤਾਰ ਨਾਲ ਸਾਫ ਕਰ ਕਰ ਕੇ ਉਨ੍ਹਾਂ ਦਾ ਪ੍ਰਕਾਸ਼ ਕਰਕੇ ਪਾਠ ਸ਼ੁਰੂ ਕਰਵਾਏ ਅਤੇ ਘਰ ਘਰ ਧਰਮਸ਼ਾਲਾ ਬਣਾਉਣ ਦਾ ਸਿਖਾਂ ਨੂੰ ਹੁਕਮ ਕੀਤਾ ਜਿਸ ਬਾਰੇ ਇਸ ਤੋਂ ਪਹਿਲਾਂ ਖਾਸ ਕਰਕੇ ਮਹਾਰਾਜਾ ਰਣਜੀਤ ਸਿੰਘ ਕਾਲ ਦੀ ਹਾਲਤ ਬਾਰੇ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:-

ਜਾਗ ਜਿਨ ਕੇ ਬਡੇਰੇ ਬਾਣੀ ਪੜ੍ਹਤੇ ਸਵੇਰੇ,
ਗੁਰੂ ਗ੍ਰੰਥ ਬਿਨ ਹੇਰੇ ਅੰਨ ਜਲ ਪਾਨ ਨ ਕਰੈਂ।
ਤਿਨਹੀ ਕੇ ਨਾਤੀ, ਧੂਪ ਦੀਪ ਕੀ ਕਹਾਂ ਬਖਯਾਤੀ।
ਪਾਇ ਹੈਂ ਨ ਝਾਤੀ ਮੂਸ ਖਾਤ ਗ੍ਰੰਥ ਜੇ ਪਰੈਂ।
ਜਪੁਜੀ ਨ ਰਹਿਰਾਸ, ਪਢੈਂ ਸੁਨੈ ਕਬੀ ਖਾਸ,
ਔਰ ਜੋ ਪਢਤ ਪਾਸ, ਹਾਸ ਤਿਨ ਸੋਂ ਠਰੈਂ।
ਕਹਾਂ ਰਬ ਬਹਿਰਾ ਹੈ ਗਹਿਰਾ ਪੁਕਾਰੈ ਜੋ ਤੂੰ,
ਸ਼ਹਿਰਾਂ ਮੈਂ ਜਾਇ ਲੁਕਮੇ ਰਿਝਾਇ ਲੈ ਤਰੈਂ।
ਅਤੇ"ਜਾਗੈ ਬਡੀ ਰਾਤ ਹੈ ਨ ਗੁਰਬਾਣੀ ਗਾਤ ਹੈ ਨ,
ਪਿੰਡੇ ਕਬੀ ਨਾਤ ਹੈ ਨ ਖਿਰਿ ਧਯਾਨ ਕੋ ਕਏ।"

ਇਸ ਪ੍ਰਕਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਰ ਚੁਕੀ ਸਿਖੀ ਨੂੰ ਫਿਰ ਤੋਂ ਸੁਰਜੀਤ ਕੀਤਾ ਜੋ ਅਜ ਕੇਵਲ ਨਾਮਧਾ–ਰੀਆਂ ਵਿਚ ਹੀ ਵੇਖਣ ਨੂੰ ਰਹਿ ਗਈ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਦੇਸ਼ ਜਾਣ ਮਗਰੋਂ ਵੀ ਰਹਿਤ ਨਾਮੇਂ ਰਾਹੀਂ ਮਰਯਾਦਾ ਵਿਚ ਰਹਿਣ ਬਾਰੇ ਲਿਖਿਆ ਜਿਵੇਂ ਕੁਝ ਲਾਈਨਾਂ ਇਸ ਪ੍ਰਕਾਰ ਹਨ-

"ਪਿਛਲੀ ਰਾਤ ਉਠਕੇ ਗੜਵਾ ਲਜਾਇ
ਕਰ ਮਦਾਨੇ ਹੋਇ, ਔਣਾ ਦੋ ਵਾਰੀ ਗੜਵਾ
ਮਾਂਜਣਾ, ਮਦਾਨ ਬਸਤ੍ਰ ਲਾਹਿ ਕੇ ਜਾਣਾ,
ਦਾਤਨ ਕਰਨੀ ਫੇਰ ਇਸ਼ਨਾਨ ਕਰਨਾ
ਬਾਣੀ ਪੜ੍ਹਨੀ ਜੋ ਕੰਠ ਨਾ ਹੋਵੇ ਤਾਂ ਕੰਠ ਕਰ
ਲੈਣੀ। ਸਰਬ ਮਾਈ ਬੀਬੀ ਸਰਬਨੇ।......
ਜੋ ਕੋਈ ਭਜਨ ਪੁਛਕੇ ਨਾ ਕਰੂਗਾ ਉਸਦਾ
ਮੂੰਹ ਦੂਹੀਂ ਜਹਾਨੀ ਕਾਲਾ ਹੋਊਗਾ। .....
ਜਲ ਪਾਣੀ ਸੁਚ ਸੋਧ ਦਾ ਵਰਤਨਾ:-......

ਇਸ ਤੋਂ ਬਾਦ ਵਿਚ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਅਖੰਡ ਪਾਠਾਂ ਦੀ ਮਰਯਾਦਾ ਸ਼ੁਰੂ ਕੀਤੀ ਅਤੇ ਉਸਤੋਂ ਬਾਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੋਧ ਮਰਯਾਦਾ ਵਿਚ ਹੋਰ ਵਾਧਾ ਕੀਤਾ ਤੇ ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਉਸੇ ਗੁਰਮਰਯਾਦਾ

ਦਾ ਵਰਤਾਰਾ ਵਰਤਾ ਰਹੇ ਹਨ। ਪਰ ਅਜ ਦੀ ਨੌ-ਜਵਾਨ ਪੀੜ੍ਹੀ ਅਤੇ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਦੇ ਸਿੰਘ ਅਖਵਾਉਣ ਵਾਲਿਆਂ ਬਾਰੇ ਪੁਸਤਕ ਅਜ ਦੇ ਵਿਸ਼ੇ ਵਿਚ ਨਿਰਾਲਾ ਜੀ ਲਿਖਦੇ ਹਨ:-

ਦੇਖਨੇ ਮੇਂ ਆਏ ਕਈ ਧੌਲ ਦਾਹੜੇ ਰੰਡ ਮੁੰਡੇ, ਪੀਵਤੇ ਸ਼ਰਾਬ ਅਤੇ ਮਾਸ ਆਦਿ ਖਾਤੇ ਹੈਂ।
ਸੂਟ ਬੂਟ ਪਾਵਤੇ ਹੈਂ ਹੋਟਲੋਂ ਮੇਂ ਜਾਵਤੇ ਹੈ, ਅੰਡੇ ਆਦਿ ਖਾਕੇ ਹੱਥ ਪੇਖੀਓਂ ਕੋ ਪਾਤੇ ਹੈਂ।
ਪੁਛੀਏ ਕਿ ਭਾਈ ਕੌਣ ਤੁਸੀਂ ਲੋਕ ਹੋਤੇ, ਸ੍ਰੀ ਗੁਰੂ ਗ੍ਰੰਥ ਜੀ ਕੇ ਸਿਖ ਬਤਲਾਤੇਂ ਹੈਂ।

ਇਸ ਪ੍ਰਕਾਰ ਨਾਮਧਾਰੀਆਂ ਤੋਂ ਬਿਨਾਂ ਸਿਖਾਂ ਦੀ ਅਜਿਹੀ ਹਾਲਤ ਹੈ ਜੋ ਪਾਠਕ ਸਜਨੋਂ ਆਓ ਨਾਮਧਾਰੀਆਂ ਤੋਂ ਉਸ ਗੁਰੂ ਗੋਬਿੰਦ ਸਿੰਘ ਦੀ ਰਹਿਤ ਮਰਯਾਦਾ ਦੀ ਸਿਖਿਆ ਲਈਏ ਅਤੇ ਉਸ ਮਰਯਾਦਾ ਤੇ ਚਲਕੇ ਸ੍ਰੀ ਗੁਰੂ ਜੀ ਦੇ ਸਿਖ ਅਖਵਾਉਣ ਦੇ ਲਾਇਕ ਹੋ ਸਕੀਏ।

(੧੬ ਸਫ਼ੇ ਦੀ ਬਾਕੀ)

ਜਿਸਦੇ ਫਲ ਸਰੂਪ ੧੫ ਸਤੰਬਰ ੧੮੭੧ ਨੂੰ ਚਾਰ ਸਿੰਘ ਅੰਮ੍ਰਿਤਸਰ ਦੇ ਰਾਮਬਾਗ ਦੇ ਬੋਹੜ ਨਾਲ ਫਾਂਸੀ ਲਾਏ ਗਏ ਸਨ। ਇਸ ਅਸਲੀਅਤ ਨੂੰ ਉਘਾੜਨ ਨਾਲ ਅੰਗਰੇਜ਼ ਸ਼ਾਸਕਾਂ ਦੀ ਮਿਟੀ ਪਲੀਤ ਹੁੰਦੀ ਸੀ ਤੇ ਗੁਰੂ ਰਾਮ ਸਿੰਘ ਦਾ ਨਾਂ ਉਚਾ ਹੁੰਦਾ ਸੀ। ਇਸ ਲਈ ਡਾਕਟਰ ਸਾਹਿਬ ਨੇ ਇਤਿਹਾਸ ਦੀ ਭੰਨ ਤੋੜ ਕਰਨ ਦਾ ਕੋਝਾ ਹਥਿਆਰ ਅਪਣਾ ਲਿਆ। ਉਨ੍ਹਾਂ ਦਾ ਕਹਿਣਾ ਹੈ ਕਿ ਕੂਕਿਆਂ ਨੇ ਹਮਲਾ ੧੮੭੦ ਈ: ਵਿਚ ਕੀਤਾ ਸੀ, ਪੁਲਸ ਦੋਸ਼ੀਆਂ ਦੀ ਭਾਲ ਵਿਚ ਸਾਲ ਭਰ ਸਰਗਰਮ ਰਹੀ। ਅੰਤ ੧੮੭੧ ਵਿਚ ਦੋਸ਼ੀ ਲਭ ਪਏ ਤੇ ਉਨ੍ਹਾਂ ਨੂੰ ਸਜ਼ਾਵਾਂ ਦੇ ਦਿਤੀਆਂ ਗਈਆਂ। ਇਨ੍ਹਾਂ ਵਲ ਦੇਖਕੇ ਇਨ੍ਹਾਂ ਦੇ ਅਨੁਆਈ, ਪ੍ਰੋਫੈਸਰ ਕਰਤਾਰ ਸਿੰਘ ਵਰਗਿਆਂ ਨੇ ਵੀ ਇਹੋ ਤਾਰੀਖਾਂ ਲਿਖਕੇ ਮਖੀ ਤੇ ਮਖੀ ਮਾਰਨ ਦੀ ਕਹਾਵਤ ਨੂੰ ਸਚਿਆਂ ਸਿਧ ਕੀਤਾ ਹੈ। ਇਸ ਸਬੰਧ ਵਿਚ ਦਿਲਚਸਪ ਗਲ ਇਹ ਹੈ ਕਿ ਡਾਕਟਰ ਗੰਡਾ ਸਿੰਘ ਹੋਰਾਂ ਨੇ ਆਪਣੀ ਉਕਤ ਪੁਸਤਕ ਵਿਚ ਇਹ ਭਰੋਸਾ ਵੀ ਦਵਾਇਆ ਹੈ ਕਿ ਇਤਿਹਾਸਕ ਤੱਥਾਂ ਨੂੰ ਜਿਉਂ ਦਾ ਤਿਉਂ ਹੀ ਪੇਸ਼ ਕੀਤਾ ਜਾਏਗਾ ਪਰ ਉਕਤ ਉਦਾਹਰਣ ਵਿਚ ਤਾਰੀਖਾਂ ਦਾ ਫਰਕ ਪੂਰੇ ਸਾਲ ਦਾ ਪਾ ਦਿਤਾ ਹੈ ਜਦ ਕਿ ਸਰਕਾਰੀ ਰਿਕਾਰਡ ਵਿਚ ਇਹ ਹਮਲਾ ੧੮੭੧ ਵਿਚ ਹੋਇਆ ਹੀ ਮੰਨਿਆ ਗਿਆ ਹੈ।

ਚੁਸਤ ਗਵਾਹ ਵਾਂਗ ਡਾਕਟਰ ਗੰਡਾ ਸਿੰਘ ਜੀ ਕਈ ਗਲਾਂ ਅਜਿਹੀਆਂ ਕਰ ਜਾਂਦੇ ਹਨ ਜੋ ਅਸਲ ਮੁਦਈ (ਅੰਗਰੇਜ਼) ਮੰਨਣ ਨੂੰ ਤਿਆਰ ਨਹੀਂ। ਉਦਾਹਰਣ ਵਜੋਂ ਅੰਮ੍ਰਿਤਸਰ ਹਮਲਾ ਕਰਨ ਪਿਛੋਂ ਤੇ ਕਚਹਿਰੀ ਵਿਚ ਪੇਸ਼ ਹੋਕੇ ਦੋਸ਼ ਕਬੂਲ ਕਰਨ ਤੋਂ ਪਹਿਲਾਂ, ਨਾਮਧਾਰੀ ਸਿੰਘਾਂ ਦੀ ਗੁਰੂ ਰਾਮ ਸਿੰਘ ਕੋਲ ਜਾਕੇ ਸਾਰੀ ਵਿਥਿਆ ਸੁਣਾਉਣ ਦੀ ਸਚਿਆਈ ਨੂੰ, ੯ ਫਰਵਰੀ ੧੮੭੨ ਦੇ ਲੰਡਨ ਟਾਈਮਜ਼ ਦੇ ਪਰਚੇ ਵਿਚ ਛਪੀ ਆਪਣੀ ਚਿਠੀ ਵਿਚ, ਅੰਬਾਲੇ ਦੇ ਰਹਿ ਚੁਕੇ ਕਮਿਸ਼ਰ ਮੈਕਨਬ ਨੇ ਵੀ ਸਵੀਕਾਰ ਕੀਤਾ ਹੈ। ਇਸ ਹਾਲਤ ਵਿਚ ਗਵਾਹ ਦੀ ਚੁਸਤੀ ਕੀ ਕਰੇਗੀ।

ਵਿਸ਼ਵ ਦੇ ਪ੍ਰਸਿਧ ਵਿਚਾਰਕ ਬੇਕਨ ਅਨੁਸਾਰ 'ਇਤਿਹਾਸ ਲੋਕਾਂ ਨੂੰ ਸੂਝਵਾਨ ਬਣਾਉਂਦਾ ਹੈ' ਪਰ ਇਹ ਗਲ ਤਾਂ ਹੀ ਸੰਭਵ ਹੋ ਸਕਦੀ ਹੈ ਜਾਂ ਇਤਿਹਾਸ ਆਪ ਸਹੀ ਹੋਵੇ ਤੇ ਲਿਖਿਆ ਸਹੀ ਢੰਗ ਨਾਲ ਗਿਆ ਹੋਵੇ। ਪਖਪਾਤ ਦੀ ਐਨਕ ਲਾਕੇ ਲਿਖਿਆ ਇਤਿਹਾਸ ਨਾ ਸਹੀ ਇਤਿਹਾਸ ਕਿਹਾ ਜਾ ਸਕਦਾ ਹੈ ਤੇ ਨਾ ਹੀ ਸੂਝ ਦਾਤਾ। ਉਹ ਵਿਨਾਸ਼ਕਾਰੀ ਸਿਧ ਹੋ ਸਕਦਾ ਹੈ ਤੇ ਪ੍ਰਸਿਧ ਅੰਗਰੇਜ਼ ਇਤਿਹਾਸਕਾਰ ਐਚ. ਜੀ. ਵੈਲਜ਼ ਦੇ ਸ਼ਬਦ ਕਿ 'ਮਨੁਖੀ ਇਤਿਹਾਸ ਵਿਦਿਆ ਅਤੇ ਵਿਨਾਸ਼ ਦੇ ਵਿਚਕਾਰ ਵਧੋ ਵਧ ਦੌੜ ਬਣੀ ਹੋਈ ਹੈ। ਇਨਤਰ੍ਹਾਂ ਦੇ ਇਤਿਹਾਸ ਉਪਰ ਠੀਕ ਢੁਕ ਸਕਦੇ ਸਨ। ਜੇ ਅਗਸਤਨ ਬਾਇਰਲ ਇਤਿਹਾਸ ਨੂੰ ਗਰਦੇ ਦਾ

ਵਡਾ ਫੇਰ ਕਹਿੰਦਾ ਹੈ ਤਾਂ ਉਹ ਨਿਰਸੰਦੇਹ ਅਜੇਹਾ ਇਤਿਹਾਸ ਹੀ ਹੋ ਸਕਦਾ ਹੈ। ਜੇ ਪਖਪਾਤੀ ਦ੍ਰਿਸ਼ਟੀ ਕੋਣ ਨਾਲ ਲਿਖੀ ਲਿਖਤ ਨੂੰ ਇਤਿਹਾਸ ਕਿਹਾ ਜਾ ਸਕਦਾ ਹੁੰਦਾ ਤਦ ਦੀਵਾਨ ਬੂਟੇ ਸ਼ਾਹ ਵਲੋਂ ਲਿਖੀ ਤਵਾਰੀਖ ਤੋਂ ਪਿਛੋਂ ਰਤਨ ਸਿੰਘ ਭੰਗੂ ਨੂੰ 'ਪ੍ਰਾਚੀਨ ਪੰਥ ਪ੍ਰਕਾਸ਼' ਅਤੇ ਗਿਆਨੀ ਗਿਆਨ ਸਿੰਘ ਨੂੰ 'ਗੁਰ ਪੰਥ ਪ੍ਰਕਾਸ਼' ਨਾ ਲਿਖਣੇ ਪੈਂਦੇ। ਬੂਟੇ ਸ਼ਾਹ ਦੀ ਤਵਾਰੀਖ ਤੇ ਕਿੰਤੂ ਕਰਦਾ ਹੋਇਆ ਭੰਗੂ ਲਿਖਦਾ ਹੈ– ਦੋਹਰਾ

ਐਸੀ ਐਸ ਤਗੀਦ ਕਰ ਬੂਟੇ ਸ਼ਾਹ ਸਮਝਾਇ।
ਲਿਖਯੋ ਹਕੀਕਤ ਖਾਲਸੇ,
ਜਿਮ ਸਿੰਘਨ ਭਯੋ ਵਧਾਇ। ੨੫

ਚੌਪਈ– ਉਸੀ ਕਚਿਹਿਰੀ ਹਮ ਥੇ ਗਏ।
ਸੁਨ ਯਹ ਬਾਤ ਸੁ ਚਿੰਤਤ ਭਏ।
ਯਹਿ ਮੌਲਵੀ ਹੈ ਮੁਸਲਮਾਨ।
ਕਬ ਸਿੱਖਨ ਜਸ ਕਰੈ ਬਖਾਨ।...
ਤੌ ਮੈਂ ਕਹੀ 'ਸੁਨ ਮਰੀ ਕਪਤਾਨ।
ਤੁਮ ਪਤੀਜਤ ਹੋਹਿ ਮੁਸਲਮਾਨ।
ਤੁਰਕਨ ਹਿੰਦੂਅਨ ਬੈਰ ਹੈ ਆਦਿ।
ਖਹਾ ਖਹੀ ਕਰ ਰਖੈਂ ਬਾਦ।
ਹਿੰਦੂਅਨ ਕੀ ਤੁਰਕ ਖੋਟੀ ਕਰੈਂ।
ਹਿੰਦੂ ਤੁਰਕਨ ਨਿੰਦਤ ਰਹੈਂ।'...ਪੰਨਾ ੨੦

ਤੇ ਇਹ ਗਿਆਨੀ ਗਿਆਨ ਸਿੰਘ ਦੇ ਵਿਚਾਰ ਰਤਨ ਸਿੰਘ ਭੰਗੂ ਦੀ ਪਹੁੰਚ ਸਬੰਧੀ–

ਚੌਪਈ ਯਦਯਪਿ ਰਤਨ ਸਿੰਘ ਕਿਛੁ ਗਾਥਾ।
ਲਿਖੀ ਪੰਥ ਕੀ ਅਤਿ ਹਿਤ ਸਾਥਾ।
ਪੱਖ ਨ ਕਿਸਹੀ ਕਾ ਪੁਨ ਚਹੀਏ।
ਸਾਚ ਸਾਚ ਸਭ ਹੀ ਕਹਿ ਦਏ ਏ।
ਰਤਨ ਸਿੰਘ ਜੋ ਗਾਥ ਬਨਾਈ।
ਤਿਸ ਮੈ ਕਰਾਯੋ ਪੱਖ ਅਧਿਕਾਈ।
ਕੇਵਲ ਅਪਨੇ ਘਰ ਕੀ ਗਾਥਾ।
ਦਿਖਰਾਈ ਤਿਸਨੇ ਹਿਤ ਸਾਥਾ।
ਪੁਨ ਉਨ ਪੱਖ ਰੱਖ ਬਹੁ ਲਿਖਯੋ।
ਰੰਜ ਲਹਿਯੋ ਜਿਨਿ ਜਿਨਿ ਪਹਿ ਪਿਖਯੋ।
ਮਹਿਮਾ ਅਧਿਕ ਮਝੈਲਨ ਕੇਰੀ।
ਨਿੰਦਯਾ ਮਲਵਈਅਨ ਕੀ ਟੇਰੀ।
ਰਤਨ ਸਿੰਘ ਭੀ ਹੁਤੇ ਮੰਝੈਲ।
ਗਹਯੋ ਜਾਹਿ ਤੈ ਉਨ ਯਹਿ ਗੈਲ।

ਨਾਮਧਾਰੀ ਇਤਿਹਾਸ ਦਾ ਇਹ ਦੁਖਾਂਤ ਰਿਹਾ ਹੈ ਕਿ ਇਸਨੂੰ ਲਿਖਣ ਵਾਲੇ ਬਹੁਤੇ ਲੇਖਕ ਇਤਿਹਾਸਕਾਰਾਂ ਦੀ ਸਹੀ ਪਰਿਭਾਸ਼ਾ ਤੋਂ ਦੂਰ ਰਹੇ ਹਨ। ਇਉਂ ਬੇਮਿਸਾਲ ਕੁਰਬਾਨੀਆਂ ਦੇ ਇਤਿਹਾਸ ਦੇ ਮੁਲ ਨੂੰ ਘਟਾਉਣ ਦਾ ਜਤਨ ਕੀਤਾ ਗਿਆ ਹੈ,ਪਰ ਇਹ ਲੋਕ ਇਤਿਹਾਸਕਾਰ ਅਖਵਾਉਣ ਵਾਲੇ ਉਨ੍ਹਾ ਲੇਖਕਾਂ ਨੂੰ ਵੀ ਕਲੰਕਤ ਕਰਦਾ ਹੈ ਜਿਹੜੇ ਆਪਣੇ ਧਰਮ ਤੇ ਕਾਇਮ ਨਹੀਂ ਰਹਿ ਸਕੇ। ਇਸ ਸਬੰਧ ਵਿਚ ਇਕ ਗਲ ਸਮਝ ਲੈਣੀ ਚਾਹੀਦੀ ਹੈ ਕਿ ਜਿਸ ਤਰਾਂ ਹਰ ਚਮਕਦੀ ਚੀਜ਼ ਸੋਨਾ ਨਹੀਂ ਹੁੰਦੀ ਤਿਵੇ ਹੀ ਅਜਿਹੇ ਲੇਖਕਾਂ ਦੀ ਲਿਖੀ ਹਰ ਚੀਜ਼ ਹੀ ਇਤਿਹਾਸ ਨਹੀਂ ਹੋ ਸਕਦੀ। ਇਹ ਗੱਲ ਵਖਰੀ ਹੈ ਕਿ ਉਨ੍ਹਾਂ ਦਾ ਪਾਜ ਉਘੜਨ ਨੂੰ ਵਕਤ ਕਿੰਨਾ ਕੁ ਲਗਦਾ ਹੈ?

ਸਤਿਗੁਰੂ ਰਾਮ ਸਿੰਘ ਦੀਨ ਦੁਨੀਆਂ ਦੇ ਵਾਲੀ,
ਤੇਰੇ ਦਰ ਦੇ ਸਵਾਲੀ ਕੂਕੇ ਕੂਕਾਂ ਮਾਰ ਕੂਕੇ ਸੀ।
ਚਾਲ ਤੇਰੀ ਸੀ ਨਿਰਾਲੀ ਕਾਰ ਜਦੋਂ ਤੂੰ ਸੰਭਾਲੀ
ਸੁਣ ਕੰਨਾਂ ਵਿਚ ਨਾਮ ਕੂਕੇ ਕੂਕਾਂ ਮਾਰ ਕੂਕੇ ਸੀ।
ਜਿਹੜਾ ਝੂਠ ਦਾ ਪਸਾਰਾ ਕੀਤਾ ਉਹਦਾ ਸੀ ਨਿਤਾਰਾ,
ਮੰਨ ਗਿਆ ਅੰਗਰੇਜ਼ ਕੂਕੇ ਕੂਕਾਂ ਮਾਰ ਕੂਕੇ ਸੀ।
ਪੰਥ ਹੋਇਆ ਮਸ਼ਹੂਰ ਮੰਨ ਗਏ ਦੂਰ ਦੂਰ,
ਆ ਜਾਂਵਦਾ ਸਰੂਰ ਕੂਕੇ ਕੂਕਾਂ ਮਾਰ ਕੂਕੇ ਸੀ।

ਧਰਮ—ਰਖਿਅਕ

ਸੰਤੋਖ ਸਿੰਘ

ਨਾਮਧਾਰੀ **ਸ੍ਰੀ ਸਤਿਗੁਰੂ ਰਾਮ ਸਿੰਘ ਜੀ** ਯਮੁਨਾਨਗਰ

ਦੁਨੀਆਂ ਉਤੇ ਜਦੋਂ ਜਦੋਂ ਵੀ ਧਰਮ ਦਾ ਨਾਸ਼ ਹੁੰਦਾ ਹੈ, ਅਧਰਮ ਵਧਦਾ ਹੈ, ਗ੍ਰੀਬਾਂ ਉਤੇ ਜ਼ੁਲਮ ਵਧਦੇ ਅਤੇ ਉਹ ਸਤਾਏ ਜਾਂਦੇ ਹਨ,ਪਾਪ ਦਾ ਪਸਾਰਾ ਫੈਲਦਾ ਹੈ ਤਾਂ ਪ੍ਰਮਾਤਮਾ ਅਕਾਲ ਪੁਰਖ ਦੇ ਅਗੇ ਪ੍ਰਾਰਥਨਾਵਾਂ ਹੁੰਦੀਆਂ ਹਨ ਕਿ ਕ੍ਰਿਪਾ ਕਰੋ ਅਤੇ ਦਇਆ ਸਚ ਆਦਿ ਧਰਮ ਦੇ ਚਿੰਨ੍ਹਾਂ ਨੂੰ ਮੁੜ ਮੂਰਤੀ-ਮਾਨ ਕਰੋ। ਜਦੋਂ ਵੀ ਇਸ ਸੰਸਾਰ ਤੇ ਅਧਰਮ ਦਾ ਪਲੜਾ ਭਾਰੀ ਹੋਇਆ, ਉਦੋਂ ਉਦੋਂ ਹੀ ਕੋਈ ਨਾ ਕੋਈ ਅਵਤਾਰ, ਮਹਾਨ ਪੁਰਸ਼ ਦਾ ਅਵਤਰਨ ਹੋਇਆ ਜਿਸਨੇ ਧਰਮ ਦੇ ਆਸਰੇ ਇਸ ਗ੍ਰੀਬ ਲੋਕ ਆਵਾਜ਼ ਨੂੰ ਆਤਮਿਕ ਬਲ ਰਾਹੀਂ ਉਚੇਰਾ ਕੀਤਾ ਅਤੇ ਆਮ ਜਨਤਾ ਨੂੰ ਸਿਧੇ ਰਾਹ ਪਾਇਆ। ਧਰਮ ਦੀ ਵਿਆਖਿਆ ਸਾਡੇ ਧਰਮ ਗ੍ਰੰਥਾਂ, ਵਿਦਵਾਨਾਂ ਅਨੁਸਾਰ ਬਹੁਤ ਕੀਤੀ ਗਈ ਹੈ, ਜਿਸ ਦਾ ਕੁਝ ਸਾਰ ਇਵੇਂ ਹੈ। ਧਰਮ ਸੰਸਕ੍ਰਿਤ ਦਾ ਸ਼ਬਦ ਹੈ, ਉਹ ਵਸਤੂ ਜਿਸ ਦੇ ਆਸਰੇ ਇਹ ਸਾਰਾ ਵਿਸ਼ਵ ਹੈ। ਧਰਮ ਉਹ ਪਵਿਤ੍ਰ ਨਿਯਮ ਹੈ ਜਿਸ ਦੇ ਆਸਰੇ "ਸਭ ਕੁਲਿ ਉਧਰੀ ਇਕਨਾਮਧਰਮ।' ਮਹਾਂ ਪੁਰਖਾਂ ਨੇ ਜੀਵਨ ਦੇ ਹਰ ਪਹਿਲੂ'ਚ ਧਰਮ ਨੂੰ ਦਾਖਲ ਕੀਤਾ ਹੈ। ਧਾਰਮਿਕ ਮੁਖੀਆਂ ਅਨੁਸਾਰ ੧ ਧਰਮ ਇਕ ਨਿਤ ਰਹਿਣ ਵਾਲੀ ਚੀਜ਼ ਹੈ, ਇਹ ਈਸ਼ਵਰੀ ਹੈ। ੨, ਜੋ ਕਰਮ ਸਾਡੇ ਮੋਖਸ਼ ਤੇ ਆਤਮਿਕ ਉਨਤੀ ਦਾ ਸਾਧਨ ਹਨ, ਉਹ ਧਰਮ ਜਾਂ ਪੁੰਨ ਹਨ, ਇਸ ਦੇ ਵਿਰੁੱਧ ਜੋ ਹਨ ਸੋ ਅਧਰਮ।

ਆਚਾਰ ਪਰਮੋ ਧਰਮਾਂ ਸ਼ਰੇਸਟ ਆਚਾਰ ਹੀ ਪਰਮ ਧਰਮ ਹੈ ਸ਼ੁਭ ਆਚਰਣ, ਸ਼ੁਭ ਕਰਮ ਹੀ ਧਰਮ ਹੈ।

੩. ਮਨੂੰ ਸਿਮਰਤੀ ਅਨੁਸਾਰ ਧਰਮ ਦੇ ਦਸ ਅੰਗ ਇਹ ਹਨ।

ਧੀਰਜ, ਖਿਮਾ, ਮਨ ਦਾ ਵੱਸ ਕਰਨਾ, ਚੋਰੀ ਦਾ ਤਿਆਗ, ਪਵਿਤ੍ਰਤਾ, ਇੰਦਰੀਆਂ ਨੂੰ ਕੁਕਰਮਾਂ ਤੋਂ ਰੋਕਣਾ, ਨਿਰਮਲ ਬੁਧੀ, ਵਿਦਿਆ ਦਾ ਅਭਿਆਸ, ਸਤਯ, ਕਰੋਧ ਦਾ ਤਿਆਗ।

੪. ਜੈਨ ਅਤੇ ਬੁੱਧ ਮਤ ਨੇ ਅਹਿੰਸਾ ਪਰਮੋ ਧਰਮਾਂ ਨੂੰ ਅਪਣਾਇਆ।

੫. ਸਾਰਕੁਤਾਵਲੀ ਦਾ ਕਰਤਾ ਲਿਖਦਾ ਹੈ।

"ਖਿਮਾ, ਅਹਿੰਸਾ, ਦਇਆ, ਮ੍ਰਿਦ, ਸਤਬਚਨ, ਤਪ, ਦਾਨ ।

ਸੀਲ ਸੌਚ, ਤ੍ਰਿਸ਼ਨਾਂ ਬਿਨਾਂ ਧਰਮ ਅੰਗ ਦਸ ਜਾਨ ॥

੬. ਕਈ ਧਾਰਮਿਕ ਆਗੂਆਂ ਦਾ ਕਥਨ ਹੈ ਕਿ।

ਅਰਥਾਤ ਹਕੀਕਤ ਤੇ ਇਖਲਾਕੀ ਭਰੋਸੇ ਦਾ ਨਾਮ ਧਰਮ ਹੈ।

੭. ਕਈਆਂ ਨੇ ਸਰਬ ਸਾਂਝੀਆਂ ਸਚਾਈਆਂ ਨੂੰ ਧਰਮ ਕਿਹਾ ਹੈ।

ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ–

'ਸਰਬ ਧਰਮ ਮਹਿ ਸ੍ਰੇਸਟ ਧਰਮੁ ।
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ।' ਅਤੇ
"ਨਹ ਬਿਲੰਬ ਧਰਮੰ, ਬਿਲੰਬ ਪਾਪੰ।
ਦ੍ਰਿੜੰਤ ਨਾਮੰ ਤਜੰਤ ਲੋਭੰ ।
ਸਰਣਿ ਸੰਤ ਕਿਲਬਿਖ ਨਾਸੰ ।
ਪ੍ਰਾਪਤੰ ਧਰਮ ਲਖ੍ਯਣ।" (ਸਲੋਕ ਸਹਸਕ੍ਰਿਤੀ)

ਸਿਖੀ ਅਸੂਲਾਂ ਅਨੁਸਾਰ ਧਰਮ ਅਕਾਲ ਪੁਰਖ ਦੀ ਭਗਤੀ, ਹੁਕਮ ਮੰਨਣਾ ਅਤੇ ਭਾਣੇ 'ਚ ਰਹਿਣਾ ਹੈ। ਦੇਹਧਾਰੀ ਗੁਰੂ ਦਾ ਮੰਨਣਾ ਅਤੇ ਉਸਦੇ ਹੁਕਮ ਅਨੁਸਾਰ ਚਲਣਾ। ਗ੍ਰਿਹਸਤ 'ਚ ਰਹਿਕੇ ਕ੍ਰਿਤ ਕਰਨੀ, ਵੰਡ ਛਕਣਾ, ਪਰ ਉਪਕਾਰ ਕਰਨਾ ਆਦਿ ਹੈ। ਅਤੇ

"ਬੋਲੀਐ ਸਚੁ ਧਰਮੁ ਝੂਠੁ ਨਾ ਬੋਲੀਐ।" ਸੋ ਧਰਮ ਇਕ ਪਰਮ ਸ਼ਕਤੀ ਹੈ। ਮਨੁੱਖੀ ਜਿੰਦਗੀ ਦਾ ਮੂਲ ਹੀ ਧਰਮ ਹੈ, ਇਸ ਰਾਹੀਂ ਹੀ ਆਂਤ੍ਰਿਕ ਪ੍ਰਸਨੰਤਾ ਪ੍ਰਾਪਤ ਹੁੰਦੀ ਹੈ। ਜੀਵਨ ਨੂੰ ਇਕ ਮਰਜਾਦਾ ਬੰਧਨ 'ਚ ਚਲਾਉਣ ਦਾ ਨਾਮ ਕਿ ਕਿਸਤਰ੍ਹਾਂ ਜੀਵਨ ਨੂੰ ਸਹੀ ਸਹੀ ਰਸਤੇ ਤੇ ਚਲਾਉਣਾ ਕਿਸੇ ਨੂੰ ਦੁਖ ਨਾ ਦੇਣਾ ਅਤੇ ਝੂਠ ਆਦਿ ਕੁਰੀਤੀਆਂ ਤੋਂ ਬਚਕੇ ਰਹਿਣਾ ਹੀ ਧਰਮ ਹੈ।

"ਧੌਲੁ ਧਰਮੁ ਦਇਆ ਕਾ ਪੂਤੁ ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥"

'ਦਯਾ ਧਰਮ ਕਾ ਮੂਲ ਹੈ ਪਾਪ ਮੂਲ ਅਭਿਮਾਨ,
ਤੁਲਸੀ ਦਯਾ ਨਾ ਛੋਡੀਏ ਜਬ ਲਗ ਘਟ ਮੇਂ ਪ੍ਰਾਨ।

ਦਇਆ ਵਿਚੋਂ ਧਰਮ ਅਤੇ ਧਰਮ ਰਾਹੀਂ ਸੰਤੋਖ ਪ੍ਰਾਪਤ ਹੁੰਦਾ ਹੈ। ਜੇਕਰ ਦਇਆ ਨਹੀਂ ਤਾਂ ਧਰਮ ਨਹੀਂ ਅਤੇ ਜੇਕਰ ਧਰਮ ਨਹੀਂ ਤਾਂ ਸੰਤੋਖ ਵੀ ਨਹੀਂ ਰਹੇਗਾ। ਅਰਥਾਤ ਜਿਥੇ ਦਇਆ ਹੈ ਉਥੇ ਧਰਮ ਵੀ ਹੈ ਅਤੇ ਸੇਵਾ ਵੀ। ਧਰਮ ਹੈ ਤਾਂ ਸੰਤੋਖ ਹੈ ਅਤੇ ਸਿਮਰਨ ਵੀ ਹੈ।

ਮਹਾਨ ਕੋਸ਼ 'ਚ ਧਰਮ ਦੀ ਵਿਆਖਿਆ ਵੀ ਕਾਫੀ ਵਿਸਤਾਰ ਨਾਲ ਦਿਤੀ ਗਈ ਹੈ ਜੋ ਕਿ ਉਪ੍ਰੋਕਤ ਭਾਵਾਂ ਨਾਲ ਹੀ ਮਿਲਦੀ ਜੁਲਦੀ ਹੈ। ਸਾਡੇ ਮਹਾਨ ਵਿਦਵਾਨ ਪੰਡਿਤ ਗੋਪਾਲ ਸਿੰਘ ਜੀ ਕਈ ਵਾਰ ਇਸ ਸ਼ਬਦ ਦੀ ਵਿਆਖਿਆ ਇੰਜ ਕਰਿਆ ਕਰਦੇ ਹਨ।

ਰੂਹਾਨੀਅਤ, ਇਨਸਾਨੀਅਤ ਸਾਦਗੀ, ਸਰਲਤਾ ਸਿਧਾਪਨ ਆਦਿ ਹੱਕ ਵਾਸਤੇ ਲੜਨਾ ਤੇ ਇਖਲਾਕ।

ਇਸ ਧਰਮ ਦੇ ਪ੍ਰਚਾਰ ਅਤੇ ਪਾਸਾਰ ਲਈ ਗੁਰੂ ਨਾਨਕ ਦੇਵ ਜੀ ਨੇ ਦੇਹਧਾਰੀ ਗੁਰੂ ਪ੍ਰੰਪਰਾ ਸ਼ੁਰੂ ਕੀਤੀ, ਜਿਨ੍ਹਾਂ ਨੇ ਆਪੋ ਆਪਣੇ ਸਮੇਂ ਸਾਰਾ ਜੀਵਨ ਹੀ ਇਸ ਪਾਸੇ ਲਗਾ ਦਿਤਾ। ਇਵੇਂ ਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਧਰਮ ਨੂੰ ਬਚਾਉਣ ਹਿਤ ਜ਼ਾਲਮਾਂ ਨਾਲ ਕਈ ਲੜਾਈਆਂ ਲੜੀਆਂ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦਿਲੀ ਸ਼ਹੀਦ ਹੋਏ ਤਾਂ ਮੁਗਲਾਂ ਦੇ ਅਸਹਿ ਅਤੇ ਅਕਹਿ ਜ਼ੁਲਮਾਂ ਸਦਕਾ ਕਿਸੇ ਦੀ ਹਿੰਮਤ ਨਾ ਪਈ ਕਿ ਉਨ੍ਹਾਂ ਦੇ ਪਵਿਤ੍ਰ ਸਰੀਰ ਦਾ ਸਸਕਾਰ ਕਰ ਸਕੇ। ਫਿਰ ਗ੍ਰੀਬ ਨਿਵਾਜ਼ ਜੀ ਨੇ ਆਪ ਹੀ ਇਹੋ ਜਿਹਾ ਸਮਾਂ ਬਣਾਇਆ ਅਤੇ ਦੋ ਸਿਖ ਨਿਤਰੇ ਜਿਨ੍ਹਾਂ ਨੇ ਸੀਸ ਅਤੇ ਧੜ ਨੂੰ ਲੈ ਜਾਕੇ ਸਸਕਾਰ ਕੀਤਾ। ਭਾਈ ਟੱਘੜੇ ਟਾ ਸੀਸ ਲੈਕੇ ਆਪ ਜੀ ਦੇ ਚਰਨ ਕੰਵਲਾਂ 'ਚ ਹਾਜ਼ਰ ਹੋਇਆ ਅਤੇ ਸਭ ਵਿਥਿਆ ਦਸੀ ਤਾਂ ਆਪ ਜੀ ਕਾਫ਼ੀ ਰੋਹ 'ਚ ਆ ਗਏ। ਉਸ ਤੋਂ ਬਾਅਦ ਹੀ ਸਿਖ ਪੰਥ ਦੀ ਸਿਰਜਣਾ ਕੀਤੀ ਅਤੇ ਜ਼ੁਲਮ ਵਿਰੁੱਧ ਲੜਣ ਵਾਸਤੇ ਹਜ਼ਾਰਾਂ ਲੱਖਾਂ ਦੀ ਗਿਣਤੀ 'ਚ ਸਿਖ ਸਜੇ। ਇਸੇ ਧਰਮ ਹਿਤ ਆਪ ਜੀ ਦਾ ਸਰਬੰਸ ਸ਼ਹੀਦ ਹੋਇਆ, ਅਨੇਕਾਂ ਕਸ਼ਟ ਸਹੇ ਲੱਖਾਂ ਕਰੋੜਾਂ ਦਾ ਮਾਲੀ ਜਾਨੀ ਅਤੇ ਇਤਿਹਾਸਕ ਸਮਗਰੀ ਦਾ ਨੁਕਸਾਨ ਹੋਇਆ। ਕਰੀਬ ੧੦੪ ਸਾਲ ਤੀਕ ਗੁਪਤ ਜੀਵਨ ਬਿਤਾਕੇ ਨਦੇੜ ਤੋਂ ਅਲੋਪ ਹੋਣ ਤੋਂ ਬਾਅਦ, ਆਪ ਜੀ ਨੇ ਗੁਰਗੱਦੀ ਸ੍ਰੀ ਗੁਰੂ ਬਾਲਕ ਸਿੰਘ ਜੀ ਨੂੰ ਅਰਪਣ ਕੀਤੀ ਜਿਸ ਬਾਰੇ ਅਨੇਕਾਂ ਹੀ ਇਤਿਹਾਸਕ ਪ੍ਰਮਾਣ ਮਿਲਦੇ ਹਨ ਅਤੇ ਨਾਲ ਹੀ ਹੁਕਮ ਕੀਤਾ ਕਿ ਮੈਂ ਇਹੋ ਗੁਰਿਆਈ ਬਾਹੁੜੇਂ

ਜਾਮੇ 'ਚ ਆਕੇ ਲਵਾਂਗਾ, ਜਿਸ ਦਾ ਵਿਵਰਨ ਗਿ: ਗਿਆਨ ਸਿੰਘ ਜੀ ਨੇ ਇਵੇਂ ਕੀਤਾ ਹੈ।

"ਬਾਲਕ ਮ੍ਰਿਗੇਸ਼ ਤੇ ਵਿਸ਼ੇਸ਼ ਉਪਦੇਸ਼ ਨਾਮ,
ਯਦੀ ਨਰ ਨਾਰੀ ਲੈ ਅਪਾਰੀ ਭਵ ਤੇ ਤਰੇ।
ਔਰ ਇਲਹਾਮ ਕਰਤਾਰ ਕਈ ਬਾਰ ਦਇਓ,
ਨਾਮ ਦੈ ਉਧਾਰ ਕਰ ਜੀਵਨ ਕਾ ਤੂ ਖਰੇ।
ਐਪੇ ਗੁਰ ਦਸਮ ਦਰਸ ਦੈ ਕੇ ਕਹਿਓ ਤਾਹਿ,
ਮੇਰੋ ਅਵਤਾਰ ਅੰਸ ਰਾਮ ਸਿੰਘ ਹ੍ਵੈ ਭਰੇ।
ਯਾਹਿ ਹੇਤ ਤਾਂਹਿ ਨਾਹਿ ਔਰ ਕਾਹਿ ਮਾਹਿ ਨਿਜ਼
ਸ਼ਕਤ ਰਖਾਈ ਗੁਰਵਾਕ ਦਿਢ ਬੇ ਧਰੇ।'

ਸਤਿਗੁਰੂ ਬਾਲਕ ਸਿੰਘ ਜੀ ਦੇ ਪ੍ਰਚਾਰ ਸਦਕਾ ਸਿਖੀ ਰੂਪ ਧਰਮ ਦਾ ਅਸਰ ਸਭ ਤਰਫ ਹੋਇਆ ਜਿਵੇਂ ਕਿ:-

"ਤਾਹਿ ਕੇ ਪ੍ਰਤਾਪ ਕਰ ਹਜਰੋਂ ਅਮਾਪ ਵਰ,
ਭਇਓ ਸਮ ਅਉਧ ਤਰ ਮੰਦਤਾ ਬਿਲੈ ਗਈ।
ਭਏ ਲੋਕ ਵਡਭਾਗੀ ਭਗਤੀ ਮੈਂ ਮਤ ਪਾਗੀ,
ਸੰਤ ਸੰਗ ਮਾਹਿ ਜਾਗੀ ਸੰਤ ਸੇਵ ਹੂੰ ਠਈ॥"

ਸਮਾਂ ਪਾਕੇ ਮਾਘ ਸੁਦੀ ਪੰਚਮੀ, ਬਸੰਤ ਵਾਲੇ ਦਿਨ ਸੰਮਤ ੧੮੭੨ ਨੂੰ ਜ਼ਿਲਾ ਲੁਧਿਆਣਾ ਦੇ ਇਕ ਨਾ ਮਾਲੂਮ ਛੋਟ ਜਿਹੇ ਪਿੰਡ ਰਾਈਆਂ ਵਿਖੇ ਰਾਮਗੜ੍ਹੀਆ ਮਠਾੜੂ ਗੋਤ ਦੇ ਬਾਬਾ ਜੱਸਾ ਸਿੰਘ ਅਤੇ ਮਾਤਾ ਸਦਾ ਕੌਰ ਦੇ ਘਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਹੋਇਆ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਵੇਂ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੂੰ ਬਾਰ੍ਹਵੇਂ ਜਾਮੇ 'ਚ ਆਉਣ ਬਾਰੇ ਦਸਿਆ ਉਸ ਬਾਰੇ ਸੰਤ ਧਿਆਨ ਸਿੰਘ ਜੀ ਕਾਦਰਾ ਬਾਦੀ ਨੇ ਲਿਖਿਆ ਹੈ।

"ਕੋਈ ਜਾਨੈ ਏਕ ਜਾਂਕੇ ਰਿਦੇ ਮੈ ਬਿਬੇਕ ਹੋਇ
ਬੇਖ ਤਾਂਹਿ ਦੇਖ ਸਿਖ ਸੰਤ ਨ ਭੁਲਾਨੀਏ।
ਥੋਰੇ ਸਮੇਂ ਪਾਇ ਬਾਢੀ ਬੰਸ ਬੀਚ ਐਹੈਂ,
ਰਾਮਨਾਮ ਕੌ ਜਪੈਹੈਂ ਰਾਮ ਸਿੰਘ ਸੋ ਪਛਾਨੀਏ।"

ਆਪ ਜੀ ਦਾ ਬਚਪਨ ਆਮ ਪੰਜਾਬ ਦੇ ਪੇਂਡੂ ਮਾਹੌਲ 'ਚ ਗੁਜ਼ਰਿਆ। ਕੁਝ ਵੱਡੇ ਹੋਏ ਤਾਂ ਪਿੰਡ ਨਾਲ ਬਾਹਰ ਚਲੇ ਜਾਣਾ ਅਤੇ ਡੰਗਰ ਆਦਿ ਚਾਰਨੇ। ਜਿਥੇ ਦੂਜੇ ਬੱਚਿਆਂ ਨੇ ਆਮ ਗੀਤ, ਬੋਲੀਆਂ ਆਦਿ ਬੋਲਣੇ ਆਪ ਜੀ ਦਾ ਰੁਝਾਣ ਅਕਾਲ ਪੁਰਖ ਦੇ ਚਰਣਾ 'ਚ ਜੁੜ ਜਾਣਾ ਅਤੇ ਕਦੇ ਨ ਕਦੇ ਖੂੰਡੀ ਅਤੇ ਰੰਬੇ ਦੇ ਨਾਲ ਤਾਲ ਬਣਾਕੇ ਸ਼ਬਦ ਪੜ੍ਹਣੇ। ਘਰ 'ਚ ਗੁਰਮੁਖੀ ਵਾਤਾਵਰਨ ਸੀ ਅਤੇ ਆਪ ਜੀ ਨੂੰ ਗੁਰਬਾਣੀ ਪੜ੍ਹਣ ਦਾ ਸ਼ੌਕ ਸ਼ੁਰੂ ਤੋਂ ਹੀ ਸੀ। ਪੁਰਾਣੇ ਰਿਵਾਜ਼ ਅਨੁਸਾਰ ਆਪ ਜੀ ਦੀ ਮੰਗਣੀ ਪੰਜ ਸਾਲ ਦੀ ਉਮਰੇ ਪਿੰਡ ਧਰੌੜ ਦੇ ਤਰਖਾਣ ਸਾਹਬੂ ਦੀ ਪੁਤ੍ਰੀ ਬੀਬੀ ਜਸਾਂ ਨਾਲ ਹੋਈ ਅਤੇ ਸੱਤ ਸਾਲ ਦੀ ਉਮਰ 'ਚ ਵਿਆਹ ਹੋ ਗਿਆ। ੮ ਸਾਲ ਦੀ ਉਮਰ ਤੀਕ ਆਪ ਜੀ ਨੂੰ ਕਈ ਬਾਣੀਆਂ ਕੰਠੋਂ ਯਾਦ ਸਨ। ਬਚਪਨ 'ਚ ਕੁਝ ਨ ਕੁਝ ਚੋਜ਼ ਕਰਦੇ ਆਪ ਜੀ ਨੇ ਜਵਾਨੀ 'ਚ ਪੈਰ ਧਰਿਆ ਸਰੀਰਕ ਤੌਰ ਤੇ ਆਪ ਜੀ ਕਾਫੀ ਜੁਆਨ ਸੁੰਦਰ ਲੰਬੇ ਅਤੇ ਸੁਨਖੇ ਦਿਸਦੇ ਸਨ। ਸੰਨ ੧੮੩੯ ਵਿਚ ਆਪ ਜੀ ਦੇ ਭਣਵਈਏ ਭਾਈ ਕਾਬਲ ਸਿੰਘ ਲਹੌਰ ਤੋਂ ਆਪਣੇ ਪਿੰਡ ਰਾਏਪੁਰ ਛੁਟੀ ਆਏ। ਆਪ ਜੀ ਲਹੌਰ ਦ੍ਰਬਾਰ 'ਚ ਤੋਪਖਾਨੇ ਦੇ ਗੋਲ ਅੰਦਾਜ਼ ਦੀ ਨੌਕਰੀ ਤੇ ਸਨ। ਜਦੋਂ ਉਨ੍ਹਾਂ ਆਪ ਜੀ ਨੂੰ ਤੱਕਿਆ ਤਾਂ ਨਾਲ ਹੀ ਲਹੌਰ ਲਿਜਾਕੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੀ ਨੌ ਨਿਹਾਲ ਰਜਮੈਂਟ 'ਚ ਭਰਤੀ ਕਰਵਾ ਦਿਤਾ। ਫੌਜ ਵਿਚ ਰਹਿਕੇ ਆਪ ਜੀ ਨੇ ਖੂਬ ਭਜਨ ਬੰਦਗੀ ਕੀਤਾ ਜਿਸ ਕਾਰਨ ਆਪ ਜੀ ਦੀ ਪਲਟਨ ਦਾ ਨਾਮ ਹੀ ਭਗਤਾਂ ਵਾਲੀ ਪਲਟਨ ਪੈ ਗਿਆ। ਕੁਝ ਸਮਾਂ ਪਾਕੇ ਪਹਿਲੀ ਸਿਖ ਅੰਗਰੇਜ਼ ਲੜਾਈ ਜੋ ਕਿ ੧੮ ਦਸੰਬਰ ੧੮੪੫ ਈ. ਨੂੰ ਮੁਦਕੀ ਦੇ ਮੁਕਾਮ ਤੇ ਹੋਈ, ਸਮੇਂ ਆਪ ਜੀ ਸਿਖ ਲੀਡਰਾਂ ਦੀ ਗੱਦਾਰੀ, ਬੁਰਛਾ ਗਰਦੀ ਅਤੇ ਹੋਰ ਅਨੇਕਾ ਹੀ ਕੁਰੀਤੀਆਂ ਨੂੰ ਮੁਖ ਰਖ ਫੌਜ ਚੋਂ ਨਿਕਲ ਸ੍ਰੀ ਭੈਣੀ ਸਾਹਿਬ ਆ ਗਏ ਸੀ। ਫੌਜ 'ਚ ਨੌਕਰੀ ਸਮੇਂ ਜਦੋਂ ਕਿਸੇ ਸਰਕਾਰੀ ਕੰਮ ਸੰਨ ੧੮੪੧ ਈ. ਨੂੰ ਆਪ ਜੀ ਦੀ ਰਜਮੈਂਟ ਪਸ਼ੌਰ ਵਲ ਜਾ ਰਹੀ ਸੀ ਤਾਂ ਰਸਤੇ 'ਚ ਹਜ਼ਰੋਂ ਸ਼ਹਿਰ ਠਹਿਰੀ। ਇਥੇ ਹੀ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੀ ਮਹਿਮਾ ਸੁਣ ਆਪ ਜੀ ਆਪਣੇ ਸਾਥੀਆਂ ਨਾਲ ਦਰਸ਼ਨ ਕਰਨ

ਗਏ ਤਾਂ ਜਦੋਂ ਸੰਗਤ 'ਚ ਗਏ ਤਾਂ ਗੁਰੂ ਜੀ ਕਥਾ ਕਰ ਰਹੇ ਸਨ। ਆਪ ਜੀ ਨੂੰ ਆਉਂਦੇ ਵੇਖ ਗੁਰੂ ਬਾਲਕ ਸਿੰਘ ਜੀ ਅੰਤਰਜਾਮੀ ਜਾਣ ਗਏ ਕਿ ਇਹੋ ਹੀ ਗੁਰਗੱਦੀ ਦੇ ਵਾਰਸ ਹਨ, ਜਿਨ੍ਹਾਂ ਬਾਰੇ ਦਸਮ ਗੁਰੂ ਦਸ ਗਏ ਸਨ । ਸੋ ਸਤਿਕਾਰ ਸਹਿਤ ਉਠ ਆਪ ਜੀ ਦਾ ਆਦਰ ਕੀਤਾ। ਅਤੇ ਆਪ ਜੀ ਨੂੰ ਗੁਰਮੰਤ੍ਰ ਦਿਤਾ। ਗਿ: ਗਿਆਨ ਸਿੰਘ ਜੀ ਇਸ ਬਾਰੇ ਲਿਖਿਆ ਹੈ:-

"ਪੇਖ ਅਧਿਕਾਰੀ ਈਸ ਅੰਸ ਅਵਤਾਰੀ,
ਤਹ ਬਾਲਕ ਮ੍ਰਿਗਾਰੀ ਦੀਓ ਨਾਮ ਮੁਦਬਾਇਕੈ।
ਸਾਰ ਚਾਰ ਵੇਦਨ ਕੋ, ਭਰਮ ਭੇਦ ਛੇਦਨ ਕੋ,
ਦਾਇ ਨਿਰਵੇਦਨ ਕੋ ਦੁਖ ਦੋਖ ਘਾਇਕੈ।"

ਇਸ ਦੇ ਨਾਲ ਹੀ ਆਪ ਜੀ ਨੂੰ ਪੰਜ ਪੈਸੇ ਤੇ ਨਲੀਏਰ ਰਖਕੇ ਗੁਰਿਆਈ ਅਰਪਨ ਕੀਤੀ।

ਨੌਕਰੀ ਤਿਆਗਣ ਤੋਂ ਬਾਦ ਜਦ ਸ੍ਰੀ ਭੈਣੀ ਸਾਹਿਬ ਆਏ ਤਾਂ ਆਪ ਜੀ ਨੇ ਭਾਰੀ ਤਪਸਿਆ ਕੀਤੀ। ਇਸ ਬਾਰੇ ਸੰਤ ਧਿਆਨ ਸਿੰਘ ਜੀ ਲਿਖਿਆ ਹੈ।

"ਰਹੇ ਨੌਕਰੀ ਮਹਿ ਕੁਝ ਕਾਲ ।
(ਪੁਨ) ਲੀਨੋ ਤਹਾਂ ਤੇ ਨਾਮ ਨਿਕਾਲ।
ਲਾਇਓ ਭੈਣੀ ਸਾਹਿਬ ਡੇਰਾ ।
ਦਿਨ ਦਿਨ ਵਧਯੋ ਪ੍ਰਤਾਪ ਵਧੇਰਾ।
ਲਾਗੇ ਗੁਰ ਉਪਦੇਸ ਬਤਾਵਨ ।
ਚਾਰ ਅੱਖਰ ਮੁਖ ਮੰਤਰ ਪਾਵਨ ।
ਸ੍ਰੀ ਗੁਰ ਕਲਗੀਧਰ ਕੀ ਰੀਤੀ ।
ਅਛੀ ਤਰਹ ਸੰਭਾਰਨ ਕੀਤੀ।"

ਇਸ ਬਾਰੇ ਗਿ: ਗਿਆਨ ਸਿੰਘ ਜੀ ਨੇ 'ਪੰਥ ਪ੍ਰਕਾਸ਼' 'ਚ ਇਉਂ ਵਰਨਣ ਕੀਤਾ ਹੈ:-

"ਕਾਰ ਬਾਰ ਜਗਕੇ ਅਸਾਰ ਲਖ ਜਾਰ ਸਭ,
ਧਾਰ ਸੋ ਆਚਾਰ, ਔ ਵਿਚਾਰ ਬੀਚ ਰਹਿ ਹੈ।
ਮਸਤ ਸ਼ਰਾਬੀ, ਜਿਉਂ ਰਹਾਬੀ ਬਿਰਤ ਏਕ ਰਸ
ਦਾਈ ਦਲਗੀਰੀ, ਫਾਬੀ ਖੁਸ਼ੀ ਤੇ ਅਚਹਿ ਹੈ।
ਰੋਧ ਕਰ ਇੰਦ੍ਰੀ ਨਿਰੋਧ ਮਨਕੋ ਪ੍ਰਬੋਧ,
ਸੋਧ ਸੁਧ ਠਉਰ, ਨਦੀ, ਸਰ ਤਟ ਬਹੈ ਹੈ।
ਜੀਹ ਨਾਮ ਜਬ ਆਹਿ, ਤਨ ਤਾਇਓ ਤਪ ਮਾਹਿ
ਮਨ ਮਹਿਬੂਬ ਅਹਿ ਖੂਬ ਰਾਖਿਓ ਗਹੇ ਹੈਂ।

ਆਪ ਜੀ ਨੇ ਇਹ ਕਰੜੀ ਤਪਸਿਆ ਕਿਤਨਾ ਸਮਾਂ ਕੀਤੀ ਅਤੇ ਆਪ ਜੀ ਨੂੰ ਅਕਾਲ ਪੁਰਖ ਨੇ ਕੀ ਹੁਕਮ ਕੀਤਾ ਇਸ ਬਾਰੇ ਗਿ: ਗਿਆਨ ਸਿੰਘ ਜੀ ਲਿਖਿਆ ਹੈ:-

"ਬੀਸਕ ਬਰਸ ਜਬ ਸਰਸ ਬਿਤਾਏ ਐਸ,
ਬੰਦਗੀ ਜ਼ੁਹਦ, ਜਾਪ, ਕੀਨੋ, ਮਨ ਲਾਇਕੈ।
ਦਾਸੀ ਜੋਊ ਨਾਮ ਕੀ, ਪ੍ਰਕਾਸੀ ਰਿਧ ਸਿਧ ਸੋਊ
ਭਾਸੀ ਬਾਣੀ ਮੈਂ ਤਾਸੀਰ, ਭਜਨ ਪ੍ਰਭਾਇ ਕੈ।
ਭਈ ਤੋ ਅਕਾਸ਼ਬਾਣੀ, ਖਾਸ ਯੌ ਮਹਾਨੀ ਤਾਹਿ
ਦੇਹੁ ਨਾਮ ਜੀਵਨ ਕੋ ਸੀਖ, ਭੇਗ, ਦਾਇਕੈ।
ਪੰਥ ਗੁਰੂ ਦਸਮ ਕੀ ਰਸਮ ਬਢਾਵੇ ਜਗ,
ਖਸਮ ਕਾ ਖਾਲਸਾ ਹੈ, ਖਾਸ ਯੌ ਲਖਾਇ ਕੈ।

ਆਪ ਜੀ ਨੇ ਕੋਈ ੧੧-੧੨ ਸਾਲ ਸ੍ਰੀ ਭੈਣੀ ਸਾਹਿਬ ਤਪ ਕੀਤਾ। ਸੋ ਇਸ ਤਪ ਤੋਂ ਬਾਅਦ ਆਪ ਨੇ ਸਾਰੇ ਪੰਜਾਬ ਦੀ ਸਿਖੀ ਵਲ ਨਜ਼ਰ ਮਾਰੀ । ਸ੍ਰੀ ਦਸਮ ਪਿਤਾ ਦੇ ਲਗਾਏ ਇਸ ਸਿਖੀ ਰੂਪ ਬਾਗ ਵਿਚੋਂ ਆਪ ਜੀ ਨੂੰ ਸਿਰਫ ਢਾਈ ਸਿਖ ਹੀ ਮਿਲੇ ਸਨ। ਸਰਦਾਰਾਂ ਦੀ ਆਪਸੀ ਲੜਾਈ—ਫੁੱਟ ਕਾਰਨ, ਗਦਾਰਾਂ-ਡੋਗਰਿਆਂ ਦੀ ਮਿਹਰਬਾਨੀ ਸਦਕਾ ਪੰਜਾਬ ਅੰਗਰੇਜ਼ ਦੇ ਹੱਥ ਆ ਗਿਆ ਸੀ ਅਤੇ ਸਿਖਾਂ ਦੀ ਆਜ਼ਾਦੀ ਨੂੰ ਕਲੰਕ ਲੱਗ ਗਿਆ ਸੀ। ਇਸ ਬਾਰੇ ਗਿ: ਕਰਤਾਰ ਸਿੰਘ ਕਲਾਸਵਾਲੀਏ ਨੇ ਲਿਖਿਆ ਹੈ—

"ਸਮੇਂ ਦੀ ਕੁਚਾਲ ਨੇ ਭੁਚਾਲ ਆਂਦਾ ਦੇਸ਼ ਵਿਚ
ਸਿੰਘ ਨਾ ਸੰਭਾਲ ਸਕੇ ਰਾਜ ਭਾਗ ਭਾਰਾ ਸੀ।
ਭਾਰਾ ਹੈਸੀ ਰੋਗ ਸੋਗ ਫੁਟ ਮਾਰੇ ਕੁਟ ਕੁਟ,
ਪੁਟ ਪੁਟ ਬਾਗ ਸਤਲੁਜ ਬੀਚ ਡਾਰਾ ਸੀ।
ਡਾਰਾ ਸੀ ਗਵਾਂਢੀਆਂ ਨੇ ਜਾਲ ਆ ਬਸਾਲ ਸਾਰੇ,

ਘਰ ਘਰ ਪੈਰ ਆ ਪਖੰਡ ਨੇ ਪਸਾਰਾ ਸੀ।
ਸਾਰਾ ਸੀ ਕਰਤਾਰ ਸਿੰਘਾ ਕਿਸੇ ਵੀ ਨਾ ਕਾਜ ਕੋਈ,
ਚਲਕੇ ਕੁਪੰਥ ਪੰਥ ਰਾਜ ਭਾਗ ਹਾਰਾ ਸੀ।"

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਉਨ੍ਹਾਂ ਇਉਂ ਵਰਨਣ ਕੀਤਾ ਹੈ—

"ਕਲਾ ਵਰਤਾਈ ਮਹਾਰਾਜ ਨੇ ਜਗਾਈ ਜੋਤ,
ਭੈਣੀ ਪਿੰਡ ਵਿਚ ਭਯੋ ਭਾਨ ਉਜਿਆਰਾ ਸੀ।
ਪੂਰਨ ਪ੍ਰਤਾਪੀ ਨਾਮ ਜਾਪੀ ਥਾਪੀ ਸਿਖੀ ਸਾਖ,
ਸਿਦਕ ਭਰੋਸੇ ਤੱਸੇ ਬੋਲ ਤੋਲ ਭਾਰਾ ਸੀ।
ਭਾਰਾ ਸੀ ਜਮਾਲ ਤੇ ਕਮਾਲ ਦੀ ਤਾਸੀਰ ਭਾਰੀ,
ਨਾਮ ਦਾ ਵਜਾਇਆ ਸਾਰੇ ਜਗ ਤੇ ਨਗਾਰਾ ਸੀ॥
ਗਾਰਾ ਸੀ ਕਰਤਾਰ ਸਿੰਘ ਬਾਬੇ ਰਾਮ ਸਿੰਘ ਜੀ ਨੇ,
ਕਾਮ ਕਰੋਧ ਲੋਭ ਮੋਹ ਦੁਸ਼ਟ ਹੰਕਾਰਾ ਸੀ।

ਇਸ ਸਮੇਂ ਦੀ ਸਿਖੀ ਬਾਰੇ ਗਿ: ਗਿਆਨ ਸਿੰਘ ਜੀ ਲਿਖਿਆ ਹੈ—

"ਜਾਗ ਜਿਨ ਕੇ ਬਡੇਰੇ ਬਾਣੀ ਪੜ੍ਹਤੇ ਸਵੇਰੇ
ਗੁਰੂ ਗ੍ਰੰਥ ਬਿਨ ਹੇਰੇ ਅੰਨ ਜਲ ਪਾਨ ਨ ਕਰੈਂ।
ਤਿਨ ਹੀ ਕੇ ਨਾਤੀ, ਧੂਪ ਦੀਪ ਕੀ ਕਹਾਂ ਬਖਯਾਤੀ,
ਪਾਇ ਹੈਂ ਨ ਭਾਤੀ ਮੂਸ ਖਾਤ ਗ੍ਰੰਥ ਜੇ ਪਰੈਂ।
ਜਪੁਜੀ ਨ ਰਹਿਰਾਸ, ਪਢੈਂ ਸੁਨੈ ਕਬੀ ਖਾਸ,
ਔਰ ਜੋ ਪਢਤ ਪਾਸ, ਹਾਸ ਤਿਨ ਯੌਂ ਰਹੈਂ।
ਕਹਾਂ ਰਬ ਬਹਿਰਾ ਹੈ ਗਹਿਰਾ ਪੁਕਾਰੈ ਜੋ ਤੂੰ,
ਸ਼ਹਿਰਾਂ ਮੈਂ ਜਾਇ ਲੁਕਮੇਂ ਰਿਝਾਇ ਲੈ ਤਰੈਂ।

ਅਤੇ

ਜਾਗੈਂ ਬਡੀ ਰਾਤ ਹੈ ਨ, ਗੁਰਬਾਣੀ ਗਾਤ ਹੈ ਨ,
ਨੑਤੇ ਕਭੀ ਨ੍ਹਾਤ ਹੈ ਨ, ਥਿਰਿ ਧਯਾਨ ਕੋ ਕਏ।"

ਅਤੇ ਸਿਖਾਂ ਦੇ ਖਾਨ—ਪਾਨ, ਰੀਤੀ—ਰਿਵਾਜ, ਪਹਿਰਾਵੇ ਬਾਰੇ ਲਿਖਿਆ ਹੈ—

"ਔਰੈਂ ਰੀਤ ਔਰੈਂ ਮੀਤ ਔਰੈਂ ਪ੍ਰਤੀਤ ਪ੍ਰੀਤ,
ਖਾਨ, ਪਹਿਰਾਨ, ਗਯਾਨ, ਮਾਨ ਔਰੈਂ ਜਨ ਕੈ।
ਡਾਰੇ ਦਸਤਾਰੇ, ਸਾਫੇ ਧਾਰੇ ਹੈਂ ਸੰਭਾਰੇ ਅੱਛੇ,
ਕੱਛੇ ਤਜ ਗਏ ਧੋਤੀ ਸੁਬੂ ਤੰਗ ਤਨਕੈ।
ਧਾਰੇ ਹੈਂ ਗਰਾਰੇ, ਤੰਬੇ, ਤਹਿਮਤ, ਅਧਿਕ ਲੰਬੇ,
ਜਿਨੈ ਦੇਖ ਸਿਖੀ ਗਊ ਕੰਬੈ ਤੁਰਕ ਗਨ ਕੈ।
ਸਿਖੀ ਦਸਮੇਸ਼ ਕੀ ਸੁ ਕੀ ਅਪਰ ਦੇਸ ਕੀ,
ਅਸਿਖੀ ਪਰੀ ਪੇਸ਼ਗੀ ਛਿਨਾਰ ਬਣ-ਠਣ ਕੈ।"

ਇਤਿਆਦਿਕ ਕੁਰੀਤੀਆਂ ਸਦਕਾ ਆਮ ਸਿੱਖਾਂ ਵਿਚੋਂ ਧਰਮ ਦੇ ਅੰਸ਼ ਖੱਤਮ ਹੋ ਚੁਕੇ ਸਨ ਅਤੇ ਹੋ ਰਹੇ ਸਨ। ਸੋ ਇਸ ਦਯਨੀਯ ਹਾਲਤ ਨੂੰ ਦੇਖਦੇ ਹੋਏ ਆਪ ਜੀ ਨੇ ਮੁੜ ਸਿਖੀ ਰੂਪ ਫੁਲਵਾੜੀ ਨੂੰ ਸੁਰਜੀਤ ਕਰਨ ਦਾ ਮਨ ਬਣਾਇਆ ਅਤੇ ੧੩ ਅਪ੍ਰੈਲ ੧੮੫੭ ਈ: ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪੰਜਾਂ ਸਿੰਘਾਂ ਨੂੰ ਅੰਮ੍ਰਿਤ ਦੀ ਦਾਤ ਦੇਕੇ ਸਿਖੀ ਰਹਿਤ ਮਰਯਾਦਾ ਮੁੜ ਪ੍ਰਚਲਿਤ ਕੀਤੀ।

ਇਸ ਬਾਰੇ ਗਿ: ਗਿਆਨ ਸਿੰਘ ਜੀ ਲਿਖਿਆ ਹੈ:—

"ਪਾਇ ਇਹ ਹੁਕਮ ਪ੍ਰਮੇਸ਼ ਕਾ ਵਿਸ਼ੇਸ਼ ਫਿਰ,
ਰਾਮ ਮ੍ਰਿਗੇਸ਼ ਉਪਦੇਸ਼ ਦੈਨ ਲਾਗਿਓ।
ਹੁਕੇ ਛਡਵਾਏ ਰਖਵਾਏ ਕੇਸ ਮੋਨਿਓ ਕੇ,
ਸੁਧਾ ਛਕ ਥਾਏ ਸਿੰਘ ਭਾਗ ਜਿਨੈ ਜਾਗਿਓ।
ਫੈਲਯੋ ਜਸ ਭਾਰੀ ਸਿਖ ਥੀਏ ਤਾਂਹਿ ਕੇ ਅਪਾਰੀ,
ਸਿਖ ਪੰਥ ਬਿਰਧਾਨੋ ਨਾਮ ਰਸ ਪਾਗਿਓ।
ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ ਯਾਰੀ,
ਠੱਗੀ ਤਜ ਥੀਏ ਸੰਤ ਸਤਿਜੁਗ ਆਗਿਓ।"

ਸੋ ਗਰੀਬ ਨਿਵਾਜ ਜੀ ਨੇ ਨਾਮਧਾਰੀ ਅਸੂਲਾਂ ਦਾ ਪ੍ਰਚਾਰ ਕੀਤਾ ਅਤੇ ਪਿੰਡ ਪਿੰਡ ਸ਼ਹਿਰ ੨ ਆਪ ਜਾ-ਜਾ ਕੇ ਸਿਖੀ ਦੀਆਂ ਰਹੁ-ਰੀਤਾਂ ਦਸਕੇ ਲੋਕਾਂ ਨੂੰ ਧਰਮ—ਕਰਮ ਵੱਨੇ ਲਾਇਆ। ਨਾਮਧਾਰੀਆਂ ਦਾ ਸੁੰਦਰ ਚਿੱਟਾ ਪਹਿਰਾਵਾ, ਗਲ 'ਚ ਉੱਨ ਦੀ ਮਾਲਾ, ਸਿਰ ਤੇ ਸਿੱਧੀ ਦਸਤਾਰ ਦੂਰੋਂ ਹੀ ਆਕਰਸ਼ਨ ਦਾ ਕਾਰਨ ਬਣੀ ਅਤੇ ਕੁਝ ਸਮੇਂ 'ਚ ਹੀ ਹਜ਼ਾਰਾਂ—ਲੱਖਾਂ ਨਾਮਧਾਰੀ ਸੱਜ ਗਏ।

ਸੰਤ ਧਿਆਨ ਸਿੰਘ ਜੀ ਕਾਦਰਾ ਬਾਦੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਜਿਹੇ ਸਰੂਪ ਨੂੰ ਮੁਖ ਰਖ ਕੁਝ ਉਸਤਤੀ ਕਰਦੇ ਹਨ, ਜੋ ਸ੍ਰੀ ਸਤਿਗੁਰੂ ਬਿਲਾਸ 'ਚ ਇਉਂ ਦਰਜ਼ ਹੈ-

"ਕੀਮਤ ਕੌਨ ਕਹੈ ਕਰਣਾਨਿਧ ਕੀ,
ਮਤਿ ਕੀਰ ਕਮੀਨ ਕਵੀ ਕੇ।
ਕੂਕ ਕਹੀ ਕਵਿਤਾ ਕਈ ਕੋਟਿਕ,

ਕਾਲ ਕਮਾਲ ਕਰਯੋ ਰਮਣੀਕੋ।
ਕੇਸਰ ਸੀ ਕਥਨੀਕ ਸੁਭਾਵ,
ਕੁਸੰਭਵਤੀ ਕੁਸਮੇ ਛਬ ਫੀਕੋ।
ਕੇਵਲ ਕੰਤ ਕੇ ਦੇਖ ਚਰਿਤ੍ਰ,
ਬੋਲ ਉਠੀ ਸੁਧ ਆਹਿ ਨ ਜੀਕੋ।

ਅਤੇ

"ਪਤਲੀ ਸੀ ਮੂਰਤ ਵਾ ਲਾਂਬੀ ਸੁਭ ਸੂਰਤ ਸੋ।
ਕਾਮਨਾ ਕੇ ਪੂਰਤ ਜਪਾਇ ਰਾਮ ਹਰਿ ਹੈਂ।
ਸੁੰਦਰ ਪਿਆਰੇ ਨੈਨ ਕਰਤ ਰਸਾਲ ਬੈਨ,
ਇਛ ਫਲ ਦੈਨ ਕਾਮ ਧੇਨ ਸੁਰ ਤਰ ਹੈਂ।
ਲਾਂਬੀ ਭੁਜਾ ਜਾਹਿ ਫਲੀ ਅਗੂੰਰੀ ਰਵਾਂਹਿ ਪਗ,
ਪੰਕਜ ਪਰਾਹਿ ਤੇ ਮਿਟਾਹਿ ਜਮ ਡਰ ਹੈ।
ਗਲੇ ਊਨ—ਮਾਲਾ ਸ੍ਵੇਤ ਬਾਨਾ ਹੈ ਨਿਰਾਲਾ,
ਮਾਨੋ ਹੰਸ ਹੂੰ ਕੀ ਚਾਲਾ ਸਿੰਘ ਜਾਕੇ ਏਕ ਸਰਹੈ।"

ਸਿਖੀ ਦੇ ਪ੍ਰਚਾਰ ਦਾ ਜੋ ਅਸਰ ਹਰ ਪਾਸੇ ਹੋਇਆ ਉਸ ਬਾਰੇ ਗਿ: ਗਿਆਨ ਸਿੰਘ ਪੰਥ ਪ੍ਰਕਾਸ਼ 'ਚ ਲਿਖਿਆ ਹੈ—

"ਦੇਸਨ ਮੈ ਧੂਮ ਮਾਚੀ ਸਾਚੀ ਇਮਤਾਹ ਤਬ,
ਆਵੈ ਲੋਗ ਸਿਖ ਥਾਂਵੈ ਅਜਮਾਵੈ ਤੈਸ ਹੀ।
ਮਾਲਵੇ ਦੁਆਬੇ ਮਾਝੇ ਪੋਠੋਹਾਰ ਤੇ ਅਪਾਰ,
ਸਿਖ ਕੀਏ ਬੇਸ਼ੁਮਾਰ ਤੀਨ ਲਾਖ ਐਸ ਹੀ।
ਸੂਬੇ ਕੀਨੇ ਬਾਈ ਤਿਨ ਅਕਬਰ ਸ਼ਾਹ ਨਿਆਈ,
ਉਨਕੀ ਜਬਾਨ ਮੈਂ ਤਾਸੀਰ ਥਾਈ ਵੈਸ ਹੀ।
ਨਰ ਨਾਰੀ ਸ਼ਬਦ ਅਪਾਰ ਪੜ੍ਹੈ ਗੁਰੂ ਕੇਰ,
ਢੋਲਕੀ ਬਜਾਇ ਬਾਂਧ ਜੋਟੀਆ ਅਛੈਸ ਹੀ।

ਉਸ ਸਮੇਂ ਦੀਆਂ ਕੁਰੀਤੀਆਂ ਨੂੰ ਸਿੱਖਾਂ ਚੋਂ ਦੂਰ ਕਰਨ ਬਾਰੇ 'ਗੁਰਮਤਿ ਦਰਸ਼ਨ' ਦੇ ਕਰਤਾ ਡਾ: ਸ਼ੇਰ ਸਿੰਘ ਲਿਖਦੇ ਹਨ- "ਇਨ੍ਹਾਂ ਯਤਨਾਂ (ਕੁਰੀਤੀਆਂ) ਨੂੰ ਬਦਲਣ ਲਈ ਇਕ ਹੋਰ ਪ੍ਰਸਿੱਧ ਵਿਅਕਤੀ ਅਤੇ ਮਹਾਨ ਭਜਨੀਕ ਬਾਬਾ ਰਾਮ ਸਿੰਘ ਜੀ ਸੰਸਾਰ ਰੂਪੀ ਰੰਗਮੰਚ ਤੇ ਆਏ। ਉਨ੍ਹਾਂ ਨੇ ਨਾਮਧਾਰੀ ਅਥਵਾ ਕੂਕਿਆਂ ਦਾ ਅੰਦੋਲਨ ਚਲਾਇਆ। ਸਾਦਗੀ, ਸੁਹਿਰਦਤਾ, ਵੀਚਾਰ, ਸ਼ਬਦ-ਬਾਣੀ ਤਥਾ ਸਤਿਗੁਰੂ ਦੀਕਸ਼ਾ ਤੇ ਬਹੁਤ ਜੋਰ ਦਿਤਾ। ਦਿਖਾਵਾ (ਪ੍ਰਦਰਸ਼ਨ) ਪੱਕੇ ਮੰਦਰਾਂ ਦੇ ਸ਼ਾਹੀ ਠਾਠ ਬਾਠ ਆਦਿ ਨੂੰ ਭਜਨਬਾਣੀ ਲਈ ਵਿਘਨ ਸਮਝਿਆ ਗਿਆ। ਈਸ਼ਵਰ-ਚਿੰਤਨ ਅਤੇ ਈਸ਼ਵਰ ਪ੍ਰਾਪਤੀ ਦੇ ਲਈ ਨਾਮ ਰੂਪੀ ਬਾਣੀ ਦਾ ਜਾਪ ਅਤੇ ਗੁਰਬਾਣੀ ਕੀਰਤਨ ਅਤੇ ਪਾਠ ਹੀ ਸਭ ਤੋਂ ਉਤਮ ਸਾਧਨ ਗਿਣਿਆ ਗਿਆ.........

ਬਾਬਾ ਰਾਮ ਸਿੰਘ ਜੀ ਦੇ ਵਿਚਾਰਾਂ ਨੂੰ ਇਕ ਸੰਗਠਨ (ਜਥੇਬੰਦੀ) ਦੇ ਰੂਪ 'ਚ ਨਾਮਧਾਰੀ ਸੰਪਰਦਾਇ ਦੇ ਨਾਮ ਤੇ ਅਪਨੇ ਵੀਚਾਰਾਂ ਦੇ ਅਨੁਸਾਰ ਚਲਾ ਰਹੇ ਹਨ। ਸਿਖ ਧਰਮ ਸਬੰਧੀ ਇਹ ਸੰਪਰਦਾ ਦੀ ਸਾਹਿਤਕ ਸੇਵਾ ਕਰੇਗਾ ਜਾਂ ਨਾਮਰੂਪੀ ਸਿਧਾਂਤ ਦੀ ਦਾਰਸ਼ਨਿਕ ਖੋਜ ਅਤੇ ਵਿਗਿਆਨਕ ਖੋਜ ਕੁਝ ਕਰੇਗਾ ਜਾਂ ਨਹੀਂ, ਇਹ ਸਭ ਭਵਿਖ ਦੀਆਂ ਗੱਲਾਂ ਹਨ।" (ਲੇਖਕ ਡਾ: ਸ਼ੇਰ ਸਿੰਘ ਨੂੰ ਨਾਮਧਾਰੀ ਸਾਹਿਤ ਜਾਂ ਤਾਂ ਉਦੋਂ ਪੜ੍ਹਣ ਨੂੰ ਨਹੀਂ ਮਿਲਿਆ ਜਾਂ ਫਿਰ ਉਦੋਂ ਬਹੁਤ ਘੱਟ ਛਪਿਆ ਹੋਵੇਗਾ) (ਗੁਰਮਤਿ ਦਰਸ਼ਨ ਪੰਨਾ ੨੩)

ਉਸ ਸਮੇਂ ਸਿਖੀ ਰਹਿਤ ਮਰਯਾਦਾ ਸਿਖ ਤਖਤਾਂ ਚੋਂ ਵੀ ਅਲੋਪ ਹੋ ਚੁਕੀ ਸੀ। ਅਕਾਲ ਤਖ਼ਤ (ਅੰਮ੍ਰਿਤਸਰ) ਤਖ਼ਤ ਸ੍ਰੀ ਕੇਸਗੜ੍ਹ (ਅਨੰਦਪੁਰ) ਤਖ਼ਤ ਸ੍ਰੀ ਪਟਨਾ ਸਾਹਿਬ (ਬਿਹਾਰ) ਅਤੇ ਹੋਰ ਸਿਖ-ਇਤਿਹਾਸਿਕ ਗੁਰਦੁਆਰਿਆਂ ਦੀ ਰਹਿਤ ਮਰਯਾਦਾ ਉਦੋਂ ਦੇ ਮਹੰਤਾਂ ਅਤੇ ਪੁਜਾਰੀਆਂ ਨੇ ਖ਼ਤਮ ਕਰ ਦਿਤੀ ਸੀ ਅਤੇ ਆਪਣੀ ਮਨ-ਮੱਤ ਅਨੁਸਾਰ ਸਿੱਖੀ ਨੂੰ ਚਲਾਉਣ ਲਗ ਪਏ ਸਨ। ਸਿਰਫ ਸ੍ਰੀ ਹਜ਼ੂਰ ਸਾਹਿਬ (ਦੱਖਣ) ਹੀ ਇਕ ਅਜਿਹਾ ਇਤਿਹਾਸਿਕ ਗੁਰਦੁਆਰਾ ਸੀ ਜਿਥੇ ਦਸਮ ਗੁਰੂ ਦੀ ਚਲਾਈ ਹੋਈ ਮਰਯਾਦਾ ਅਜੇ ਜੀਵਿਤ ਸੀ। ਇਸ ਬਾਰੇ ਸ੍ਰੀ ਸ਼ਮਸ਼ੇਰ ਸਿੰਘ 'ਅਸ਼ੋਕ' ਨੇ ਲਿਖਿਆ ਹੈ "ਕਿਉਂਕਿ ਹਜ਼ੂਰ ਸਾਹਿਬ ਵਲ ਅਜੇ ਸਿਖੀ ਤੇ ਏਨਾਂ ਮਾਰੂ ਪ੍ਰਭਾਵ ਨਹੀਂ ਸੀ ਪਿਆ। ਦਸਮੇਸ਼ ਜੀ ਦੀ ਦਸੀ ਹੋਈ ਤੇ ਪ੍ਰਚਲਤ ਕੀਤੀ ਰਹਿਤ ਮਰਯਾਦਾ ਦਾ ਅਜੇ ਉਥੇ ਬੀਜ ਸਥਿਰ ਸੀ। ਇਸ ਲਈ ਸੁਧਰੇ ਹੋਏ ਖਾਲਸੇ ਨੂੰ ਰਹਿਤ ਮਰਯਾਦਾ ਦੱਸਨ ਲਈ ਭਾਈ ਰਾਇ ਸਿੰਘ

Namdhari Elibrary NamdhariElibrary@gmail.com

ਗੁਰਪੁਰਵਾਸੀ ਸ੍ਰਦਾਰ ਦਇਆ ਸਿੰਘ ਜੀ ਕਕੜ ਆਪ ਫੌਜ ਤੋਂ ਰੀਟਾਇਰ ਹੋਕੇ ਬਹੁਤਾ ਚਿਰ ਲਾਹੌਰ ਰਹੇ ਹਨ। ਸਾਧ ਸੰਗਤ ਦਾ ਏਨਾਂ ਦੇ ਘਰ ਆਮ ਔਣ ਜਾਣ ਸੀ। ਏਹ ਅਤੇ ਇਨ੍ਹਾਂ ਦੇ ਘਰੋਂ ਬੀਬੀ ਤੇਜ ਕੌਰ ਸਾਧ ਸੰਗਤ ਦੀ ਸੇਵਾ ਕਰ ਕਰਕੇ ਬਹੁਤ ਪ੍ਰਸੰਨ ਹੁੰਦੇ ਸਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇ ਆਪ ਦੀਵਾਨ ਵਿਚ ਪਹਿਰਾ ਦੇਣ ਦੀ ਸੇਵਾ ਕਰਦੇ ਸਨ।

Namdhari Elibrary NamdhariElibrary@gmail.com

ਨਾਮਧਾਰੀ ਪੰਥ ਦੇ ਅਣਥਕ ਸੇਵਕ ਅਤੇ ਸੰਤ ਸਿਪਾਹੀ ਗੁਰਪੁਰ ਵਾਸੀ
ਜੋੜੀ ਸ੍ਰ. ਆਤਮਾ ਸਿੰਘ ਜੀ ਰਾਵਲਪਿੰਡੀ ਅਤੇ ਸੁਪਤਨੀ ਸੰਤ ਸਰੂਪ
ਬੀਬੀ ਲੀਲਾ ਵੰਤੀ ਜੀ।

Namdhari Elibrary NamdhariElibrary@gmail.com

ਨੂੰ ਹਜ਼ੂਰ ਸਾਹਿਬ ਭੇਜਕੇ ਉਥੋਂ ਦੀ ਮਰਯਾਦਾ ਮੰਗਵਾ ਕੇ ਉਸਦਾ ਸਿੱਖਾਂ ਵਿਚ ਪ੍ਰਚਾਰ ਸ਼ੁਰੂ ਕੀਤਾ। ਇਸ ਦਾ ਭਾਵ ਹੈ ਕਿ ਕੂਕਿਆਂ ਜਾਂ ਨਾਮਧਾਰੀਆਂ ਵਿਚ ਪਰਚਲਤ ਮਰਯਾਦਾ ਕੋਈ ਨਵੀਂ ਨਹੀਂ ਸੀ, ਸਗੋਂ ਦਸਮੇਸ਼ ਵਾਲੀ ਹੀ ਰਹੁ ਰੀਤ ਸੀ। ਭਾਈ ਰਾਇ ਸਿੰਘ ਨੂੰ ਹਜ਼ੂਰ ਸਾਹਿਬ ਭੇਜਨ ਸਬੰਧੀ ਸੰਤ ਧਿਆਨ ਸਿੰਘ ਜੀ ਲਿਖਦੇ ਹਨ-

"ਇਕ ਦਿਨ ਸਤਿਗੁਰੂ ਵਾਕ ਅਲਾਇਓ।
ਰਾਇ ਸਿੰਘ ਕੋ ਪਾਸ ਬੁਲਾਇਓ।
ਕਹਿਓ ਜਾਹੁ ਸ੍ਰੀ ਅਬਿਚਲ ਨਗਰੀ।
ਦਸਮੇਸ਼ ਕੀ ਰੀਤੀ ਸਗਰੀ।
ਕੂਛਕੁ ਰੋਜ ਰਹਿ ਕਰ ਤਹਿ ਭਾਈ।
ਲਿਖ ਕਰ ਲਿਆਵੋ ਰੀਤੋ ਸਮੁਦਾਈ।......
ਸਿੰਘਨ ਰੀਤੀ ਨਿਤ ਪ੍ਰਤਿ ਜੇਤੀ।
ਲਿਖ ਕਰ ਲਿਆਓ ਦਿਖੋ ਜੋ ਤੇਤੀ।"

ਸੋ ਗੁਰੂ ਦਸਮ ਵਾਲੀ ਰਹਿਤ ਮਰਜਾਦਾ ਹੀ ਮੁੜ ਪ੍ਰਚਲਿਤ ਕੀਤੀ।

"ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਭ ਤੋਂ ਪਹਿਲਾਂ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ ਅਤੇ ਭਾਈ ਕਾਹਨ ਸਿੰਘ ਨਿਹੰਗ ਲਾਭ ਸਿੰਘ ਰਾਗੀ, ਭਾਈ ਆਤਮਾ ਸਿੰਘ, ਭਾਈ ਨੈਣਾਂ ਸਿੰਘ ਅਤੇ ਭਾਈ ਸੁਧ ਸਿੰਘ ਹੋਰਾਂ ਨੂੰ ਜਿਥੇ ਅੰਮ੍ਰਿਤ ਛਕਾਇਆ ਉਥੇ ਹੀ ਸਿਖ ਧਰਮ ਦੇ ਨਿਯਮਕ ਸਿਧਾਂਤਾਂ ਸਿਖੀ ਰਹਿਤ ਮਰਯਾਦਾ ਅਤੇ ਸਿਖੀ ਆਚਰਨ ਤੇ ਦ੍ਰਿੜ ਰਹਿਕੇ ਜੀਵਨ ਬਤੀਤ ਕਰਨ ਦੀਆਂ ਹਦਾਇਤਾਂ ਕੀਤੀਆਂ। ਆਮ ਜਨਤਾ ਨੂੰ ਖੰਡੇ ਦਾ ਅੰਮ੍ਰਿਤ ਛਕੌਣ ਦੀ ਰੀਤੀ ਤਕਰੀਬਨ ਅਲੋਪ ਹੋ ਗਈ ਸੀ।.....

ਇਸਤਰੀਆਂ ਨੂੰ ਖੰਡੇ ਦਾ ਅੰਮ੍ਰਿਤ ਬਿਲਕੁਲ ਨਹੀਂ ਛਕਾਇਆ ਜਾਂਦਾ ਸੀ। ਪਿੰਡਾਂ ਵਿਚ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਲਈ ਪੰਜ ਪਿਆਰੇ ਹੀ ਲਭਣੇ ਮੁਸ਼ਕਲ ਸਨ।......... ਆਪ ਜੀ ਨੇ ਉਸ ਸਮੇਂ ਦੇ ਪੁਜਾਰੀਆਂ, ਮਹੰਤਾਂ, ਸੋਢੀਆਂ, ਬੇਦੀਆਂ, ਨਿਰਮਲੇ ਅਤੇ ਉਦਾਸੀਆਂ ਆਦਿ ਦੀ ਵਿਰੋਧਤਾ ਦੀ ਪ੍ਰਵਾਹ ਨ ਕਰਦੇ ਹੋਏ ਪਿੰਡਾਂ ਵਿਚ ਰਹਿੰਦੇ,ਖੇਤੀ ਆਦਿ ਦੇ ਕੰਮਾਂ 'ਚ ਲਗੇ ਹੋਏ,ਜ਼ਬਾਨੀ ਬਾਣੀਆਂ ਕੰਠ ਰਖਣ ਵਾਲੇ ਸਜਣਾਂ ਨੂੰ ਖੰਡੇ ਦਾ ਅੰਮ੍ਰਿਤ ਤਿਆਰ ਕਰਕੇ, ਬਿਨਾਂ ਦਾਨ ਦਖਸ਼ਣਾ ਲਏ ਪੇਂਡੂ ਜਨਤਾ ਨੂੰ ਅੰਮ੍ਰਿਤ ਛਕਾਉਣ ਦੀ ਰੀਤ ਨੂੰ ਚਲਾਇਆ। ਹਿੰਦੂਆਂ ਅਤੇ ਕੇਸਾਂ ਵਾਲੇ ਜੱਟਾਂ ਨੂੰ ਕੇਵਲ ਇਕ ਅਕਾਲ ਤੇ ਭਰੋਸਾ ਰਖਕੇ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿਤਾ। ਮੁਸਲਮਾਨ ਪੀਰਾਂ ਫਕੀਰਾਂ ਦੇ ਮਜ਼ਾਰਾਂ ਅਤੇ ਕਬਰਾਂ ਤੇ ਜਾਕੇ ਮੰਨਤਾਂ ਮੰਨਣ,ਬੱਕਰੇ ਚੜ੍ਹੌਣ ਅਤੇ ਚੂਰਮੇ ਵੰਡਣ ਦੇ ਭੈੜੇ ਰਿਵਾਜ਼ ਨੂੰ ਤਿਆਗਣ ਦਾ ਪ੍ਰਚਾਰ ਕੀਤਾ। ਮਾਤਾ, ਗੁੱਗਾ, ਭੈਰੋਂ ਆਦਿ ਦੇ ਥਾਨਾ ਅਤੇ ਦੇਵੀ ਦੁਆਲਿਆਂ ਵਿਚ ਜਾਕੇ ਪੱਥਰ ਪੂਜਾ ਮੂਰਤੀ ਪੂਜਣਾ ਉਕਾ ਤਿਆਗ ਕਰਨ ਦੀ ਨਸੀਹਤ ਕੀਤੀ।

(ਨਾਮਧਾਰੀ ਇਤਿਹਾਸ ਪੰਨਾ ੧੨-੩-੨੪

ਜਿਥੇ ਆਪ ਜੀ ਨੇ ਇਨ੍ਹਾਂ ਸਭ ਕੁਰੀਤੀਆਂ ਤੋਂ ਆਮ ਸਿਖਾਂ ਨੂੰ ਬਚਾਇਆ ਉਥੇ ਹੀ ਗੁਰਬਾਣੀ ਅਤੇ ਗੁਰ ਸਿਖੀ ਵਲ ਵੀ ਪ੍ਰੇਰਿਆ। ਜਿਵੇਂ ਕਿ– "ਆਪਸ ਵਿਚ ਮਿਲ ਬੈਠਣ, ਬਾਣੀ ਪੜ੍ਹਨ, ਸੁਣਨ ਅਤੇ ਧਾਰਨ ਕਰਨ ਲਈ ਜਨਤਾ ਨੂੰ ਪ੍ਰੇਰਿਆ। ਆਦਿ ਸ੍ਰੀ ਗ੍ਰੰਥ ਸਾਹਿਬ ਦੀ ਬਾਣੀ ਦੇ ਪਾਠ ਕਰਕੇ ਭੋਗ ਪਾਵਣ ਲਈ ਹਦਾਇਤਾਂ ਕੀਤੀਆਂ। ਢੋਲਕ ਛੈਣੇ, ਖੜਤਾਲਾਂ, ਪੇਂਡੂ ਜਨਤਾ ਦੇ ਸਾਜ਼ਾਂ ਨਾਲ ਆਸਾ ਦੀ ਵਾਰ ਅਤੇ ਸ਼ਬਦ ਪੜ੍ਹਨ ਦੇ ਰਿਵਾਜ ਨੂੰ ਹਦੋਂ ਵਧ ਤਰੱਕੀ ਦਿੱਤੀ। ਕੇਵਲ ਸ੍ਰੀ ਗ੍ਰੰਥ ਸਾਹਿਬ ਦੀ ਬਾਣੀ ਅਤੇ ਦਸਵੇਂ ਗੁਰੂ ਦੀ ਬਾਣੀ ਨੂੰ ਹੀ ਧੁਰ ਕੀ ਬਾਣੀ ਅਤੇ ਪ੍ਰਮਾਣੀਕ ਮੰਨਣ ਦਾ ਪ੍ਰਚਾਰ ਕੀਤਾ। ਹਰ ਇਕ ਸਿਖ ਸਿਖਣੀ ਨੂੰ ਨਿਤਨੇਮ ਦੀਆਂ ਘਟ ਤੋਂ ਘਟ ਪੰਜ ਬਾਣੀਆਂ ਜਬਾਨੀ ਯਾਦ ਕਰਨ ਅਤੇ ਪਾਠ ਕਰਨ ਲਈ ਪਰੇਰਨਾ ਕੀਤੀ। ਨਾਮ ਜਪਣ, ਭਜਨ ਬੰਦਗੀ ਕਰਨ ਤੇ ਜ਼ੋਰ ਦਿਤਾ।

ਖੰਡੇ ਦੇ ਅੰਮ੍ਰਿਤ ਨਾਲ ਪੰਜ ਕਕਾਰਾਂ, ਕੇਸ, ਕੰਘਾ, ਕੜਾ, ਕਛਹਿਰਾ, ਕ੍ਰਿਪਾਨ, ਦੀ ਰਹਿਤ ਲਈ ਕਰੜੀ ਪਾਬੰਦੀ ਲਾਈ ਅਤੇ ਇਨ੍ਹਾਂ ਦੇ ਧਾਰਨ

ਕਰਨ ਲਈ ਹਰ ਇਕ ਸਿਖ ਮਾਤਰ ਨੂੰ ਪ੍ਰੇਰਨਾ ਕੀਤੀ।"

[ਨਾਮਧਾਰੀ ਇਤਿਹਾਸ ਪੰਨਾ ੧੨੪-੨੫

ਸਭ ਸਿਖਾਂ ਨੂੰ ਪਹਿਰ ਰਾਤ ਰਹਿੰਦੀ ਸਣੇਕੇਸੀਂ ਇਸ਼ਨਾਨ ਹਰ ਰੋਜ ਕਰਨ, ਦਾਤਨ ਕਰਨ ਅਤੇ ਸਾਫ ਸਵੱਛ ਬਸਤਰ ਪਹਿਨਣ ਦੀ ਆਗਿਆ ਕੀਤੀ। ਦੰਦਾਂ ਦੀ ਸਫਾਈ ਲਈ ਭਾਈ ਅਤਰ ਸਿੰਘ ਦੀ ਡਿਊਟੀ ਲਗਾਈ, ਜੋ ਵੀ ਸਜਨ ਭਜਨ ਪੁਛਦਾ ਸੀ ਉਸਦੇ ਦੰਦ ਆਦਿ ਵੀ ਵੇਖੇ ਜਾਂਦੇ ਸਨ। ਮਾਸ, ਸ਼ਰਾਬ, ਚੋਰੀ ਯਾਰੀ, ਝੂਠ, ਨਿੰਦਿਆ, ਠੱਗੀ ਧੋਖਾ ਆਦਿ ਬੁਰਾਈਆਂ ਨੂੰ ਛਡਣ ਦਾ ਉਪਦੇਸ਼ ਦਿਤਾ।

ਜਿਥੇ ਇਸਤ੍ਰੀਆਂ ਨੂੰ ਮਰਦਾਂ ਦੇ ਬਰਾਬਰ ਦਰਜਾ ਦਿਤਾ ਓਥੇ ਘੁੰਡ ਜਾਂ ਪਰਦੇ ਦੀ ਰੀਤੀ ਨੂੰ ਵੀ ਤਿਆਗਣ ਤੇ ਜ਼ੋਰ ਦਿਤਾ। ਘਰ 'ਚ ਸਭ ਨੂੰ ਗੁਰਮੁਖੀ ਅਖਰ ਪੜ੍ਹਨ ਤੇ ਜ਼ੋਰ ਦਿਤਾ ਤਾਂ ਕਿ ਸਭ ਗੁਰਬਾਣੀ ਦਾ ਪਾਠ ਕਰ ਸਕਣ। ਇਸਤਰੀਆਂ ਨੂੰ ਗੁਰਮੁਖੀ ਪਹਿਰਾਵਾ ਪੌਣ ਦਾ ਹੁਕਮ ਕੀਤਾ। ਦੁਖ ਸੁਖ ਸਮੇਂ ਸ੍ਰੀ ਗ੍ਰੰਥ ਸਾਹਿਬ ਦੇ ਭੋਗ ਪੁਆਉਣ ਦੀ ਰੀਤ ਚਲਾਈ। ਡਾ: ਗੰਡਾ ਸਿੰਘ ਜੀ ਨੇ ਇਸ ਧਾਰਮਿਕ ਸਮਾਜ-ਸੁਧਾਰ ਬਾਰੇ ਲਿਖਿਆ ਹੈ—

"ਆਪ ਜੀ ਦੇ ਪ੍ਰਚਾਰ ਦਾ ਮੁਖ ਮੰਤਵ ਧਾਰਮਕ ਤੌਰ ਤੇ ਡਾਵਾਂ ਡੋਲ ਹੋ ਰਹੇ ਸਿਖਾਂ ਵਿਚੋਂ ਕੁਰੀਤੀਆਂ ਦੂਰ ਕਰਕੇ ਸਿਖੀ ਨੂੰ ਸੁਰਜੀਤ ਰਖਣਾ ਸੀ। ਪ੍ਰਚਾਰ ਦੇ ਦੌਰੇ ਉਤੇ ਜਿਥੇ ਕਿਤੇ ਵੀ ਆਪ ਜਾਂਦੇ, ਸਿਖੀ ਤੋਂ ਦੁਰੇਡੇ ਹੋ ਚੁਕੇ ਹੋਏ ਜਾਂ ਅਨਮਤੀਆਂ ਵਿਚੋਂ ਬਣੇ ਹੋਏ ਸ਼ਰਧਾਲੂਆਂ ਨੂੰ ਬਿਨਾਂ ਇਸਤਰੀ ਮਰਦ ਦੇ ਵਿਤਕਰੇ ਦੇ ਖੰਡੇ ਦਾ ਅੰਮ੍ਰਿਤ ਛਕਾਉਂਦੇ ਪੰਜ ਕਕਾਰ ਅਤੇ ਖਾਲਸਾ ਰਹਿਤ ਦੇ ਧਾਰਨੀ ਬਣਾਉਂਦੇ ਸਨ। ਆਪ ਸਿਖੀ ਦੇ ਅਭਿਲਾਸ਼ੀਆਂ ਵਿਚ ਉਨ੍ਹਾਂ ਦੇ ਪਹਿਲੇ ਮਤ ਜਾਂ ਜਾਤ ਦੇ ਕਾਰਨ ਭਿੰਨ ਭੇਦ ਨਹੀਂ ਸਨ ਕਰਦੇ।" ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਇਨ੍ਹਾਂ ਉਪਕਾਰਾਂ ਸਦਕਾ ਥੋੜੇ ਸਮੇਂ ਵਿਚ ਹੀ ਪਿੰਡਾਂ ਦੇ ਪਿੰਡ ਅਤੇ ਸ਼ਹਿਰਾਂ ਦੇ ਸ਼ਹਿਰ ਨਾਮਧਾਰੀ ਸਜਣੇ ਸ਼ੁਰੂ ਹੋ ਗਏ। ਡਾ. ਗੰਡਾ ਸਿੰਘ ਇਕ ਹੋਰ ਥਾਂ ਲਿਖਦੇ ਹਨ—

"ਆਪ ਜੀ ਦੇ ਪ੍ਰਚਾਰ ਦਾ ਨਤੀਜਾ ਇਹ ਹੋਯਾ ਕਿ ਅੰਮ੍ਰਿਤਧਾਰੀ ਸਿੰਘਾਂ ਦੇ ਨਾਲ ਨਾਲ ਹਿੰਦੂਆਂ ਵਿਚ ਵੀ ਸਿਖੀ ਲਈ ਸਰਧਾ ਤੇ ਪ੍ਰੇਮ ਵਧਣਾ ਸ਼ੁਰੂ ਹੋ ਗਿਆ ਅਤੇ ਬੇਸ਼ੁਮਾਰ ਹਿੰਦੂ ਗੁਰਮੁਖੀ ਲਿਖਣ, ਗੁਰਬਾਣੀ ਪੜ੍ਹਨ ਅਤੇ ਗ੍ਰੰਥ ਸਾਹਿਬ ਦਾ ਪਾਠ ਕਰਨ ਲਗ ਪਏ। ਇਸਤਰਾਂ ਜਿਥੇ ਸਿੰਘਾਂ ਦੀ ਗਿਣਤੀ ਵਧਣੀ ਸ਼ੁਰੂ ਹੋ ਗਈ ਉਥੇ ਸਹਿਜਧਾਰੀ ਸਿਖਾਂ ਦੀ ਗਿਣਤੀ ਵੀ ਚੋਖੀ ਹੋ ਗਈ। ਹਿੰਦੂਆਂ ਵਿਚ ਵੀ ਇਸਤਰਾਂ ਸਿਖੀ ਲਈ ਪ੍ਰੇਮ ਦੀ ਲਹਿਰ ਚਲਾ ਦੇਣ ਦਾ ਸਿਹਰਾ ਬਾਬਾ ਰਾਮ ਸਿੰਘ ਜੀ ਦੇ ਸਿਰ ਹੈ।" ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜਿਥੇ ਅਨੇਕਾਂ ਹੀ ਸਿਖਾਂ ਨੂੰ ਆਤਮਿਕ ਤੌਰ ਤੇ ਉਚੇਰਾ ਕੀਤਾ ਓਥੇ ਨਾਲ ਹੀ ਸੁਚ ਸੋਧ ਦੀ ਮਰਯਾਦਾ ਵੀ ਚਲਾਈ ਜੋ ਕਿ ਨਿਰੰਤਰ ਹੁਣ ਤੱਕ ਸਿਰਫ ਨਾਮਧਾਰੀਆਂ 'ਚ ਹੀ ਚਲੀ ਆ ਰਹੀ ਹੈ। ਸ੍ਰੀ ਸਤਿਗੁਰੂ ਜੀ ਆਪਣੇ ਸਿਖਾਂ ਨੂੰ ਕੀ ਉਪਦੇਸ਼ ਕਰਦੇ ਹਨ, ਇਸ ਬਾਰੇ 'ਸੰਤ ਖਾਲਸਾ' 'ਚ ਸੰਤ ਹਰਨਾਮ ਸਿੰਘ ਬਗਲੀ ਨੇ ਇਉਂ ਵਰਣਨ ਕੀਤਾ ਹੈ—

ਸੁਚ ਸੋਧ ਰਖੋ ਕਰੋ ਭਜਨ ਬਾਣੀ,
ਮਾਨਸ ਜਨਮ ਲਾਹਾ ਖਟੋ ਭਾਰ ਲੋਕੋ।
ਲੋਭ ਮੋਹ ਤਿਆਗੋ ਠੱਗੀ ਚੋਰ ਯਾਰੀ,
ਕਾਮ ਕ੍ਰੋਧ ਤੇ ਤਜੋ ਹੰਕਾਰ ਲੋਕੋ।
ਛਡੋ ਮਾਸ ਮਦਰਾ ਕਰੋ ਜੀਵ ਰਖਿਆ,
ਬਣੋ ਦੇਵਤੇ ਪੁਰਖ ਦਾਤਾਰ ਲੋਕੋ।
ਮਾਨਸ ਜਨਮ ਵਿਅਰਥ ਨ ਜਾਣ ਦੇਵੋ,
ਸਿਖਿਆ ਲਓ ਸਾਡੀ ਚਿਤ ਧਾਰ ਲੋਕੋ।
ਦੇਵੋ ਤਿਆਗ ਬਦੇਸ਼ ਦੇ ਕਪੜੇ ਨੂੰ,
ਕਰੋ ਖੱਦਰਾਂ ਨਾਲ ਪਿਆਰ ਲੋਕੋ।
ਮੰਤ੍ਰ ਭਜਨ ਲੈਕੇ ਪੀਓ ਪਾਹੁਲ ਖੰਡੇ,
ਪਾਓ ਗੁਰੂ ਘਰ ਦੇ ਫਲ ਚਾਰ ਲੋਕੋ।
ਸੁਆਸ ੨ ਪ੍ਰਮਾਤਮਾ ਜਪੋ ਵੀਰੋ,
ਮਾਨਸ ਜਨਮ ਦਾ ਇਹੀ ਉਪਕਾਰ ਲੋਕੋ।
ਰਸਤਾ ਇਹ ਪ੍ਰਮਾਤਮਾ ਮਿਲਣ ਦਾ ਹੈ,
ਫੜੋ ਰਾਹ ਸਿਧਾ ਭੁਲਣਹਾਰ ਲੋਕੋ।"

ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਾਰੇ ਸਮਾਜ ਵਿਚ ਧਾਰਮਿਕ, ਸਦਾਚਾਰਕ, ਸਮਾਜਿਕ ਅਤੇ ਰਾਜਨੀਤਕ ਆਦਿ ਸਾਰੇ ਮੁਹਾਜਾਂ ਤੇ ਪ੍ਰੀਵਰਤਨ ਲਿਆਂਦਾ ਅਤੇ ਆਮ ਲੋਕਾਂ ਦੀ ਨੁਹਾਰ ਹੀ ਬਦਲ ਕੇ ਰਖ ਦਿਤੀ। ਇਸ ਬਾਰੇ ਸ੍ਰ: ਕਪੂਰ ਸਿੰਘ ਆਈ. ਸੀ. ਐਸ. ਦੇ ਵਿਚਾਰ ਪੜ੍ਹਨ ਯੋਗ ਹਨ—

"ਸਚੀ ਗੱਲ ਤਾਂ ਇਹ ਹੈ ਕਿ ਭਾਰਤ ਵਰਸ਼ ਦੀ ਹਜ਼ਾਰਾਂ ਵਰ੍ਹਿਆਂ ਦੀ ਤਵਾਰੀਖ ਵਿਚ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕੋਈ ਵੀ ਇਤਿਹਾਸਕ ਵਿਅਕਤੀ ਅਜਿਹਾ ਨਹੀਂ ਹੋਇਆ,ਜਿਸਨੇ ਜੀਵਨ ਮਨੋਰਥ ਦਾ ਨਿਸ਼ਾਨਾ ਇਤਨਾ ਹਮਾਗੀਰ ਤੇ ਉਚਾ ਰਖਿਆ ਹੋਵੇ ਜਿਸਦਾ ਮੰਤਵ ਕਿ ਜਾਤੀ ਤੇ ਜਨਤਾ ਦੇ ਆਤਮਕ ਤੌਰ ਤੇ ਸਾਰੇ ਭਰਮਾਂ ਤੇ ਬੰਧਨਾਂ ਨੂੰ ਤੋੜਕੇ ਉਸਨੂੰ ਉੱਨਤੀ ਦੀ ਸਿਖਰ ਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਸ਼ ਭਾਰਤ ਵਿਚ ਬਾਬਾ ਰਾਮ ਸਿੰਘ ਹੀ ਹੋਇਆ ਹੈ।

ਸਿੱਖ ਗੁਰੂਆਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਤੋਂ ਪਿਛੋਂ ਬਾਬਾ ਰਾਮ ਸਿੰਘ ਇਕ ਬੜੇ ਮਹਾਨ ਸੁਧਾਰਕ ਤੇ ਰਹਿਨੁਮਾ ਹੋਏ ਹਨ ਜਿਨ੍ਹਾਂ ਨੇ ਸਮਾਜ ਵਿੱਚ ਮਰਦ ਤੇ ਇਸਤਰੀ ਦੀ ਸੰਪੂਰਨ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ ਤੇ ਆਪਣੇ ਪ੍ਰਚਾਰ ਵਿਚ ਸਫਲ ਹੋਏ। ਜੇ ਉਹਨਾਂ ਨੇ ਦੇਸ਼ ਤੇ ਜਾਤੀ ਲਈ ਜੋ ਹੋਰ ਮਹਾਨ ਕੰਮ ਕੀਤੇ ਹਨ, ਉਹ ਛਡ ਵੀ ਦੇਈਏ ਤਾਂ ਉਹਨਾਂ ਦਾ ਇਕ ਇਹ ਪ੍ਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿਚ ਬਰਾਬਰ ਦੇ ਹੱਕਦਾਰ ਹਨ, ਹੀ ਉਨ੍ਹਾਂ ਨੂੰ ਸੰਸਾਰ ਭਰ ਦੇ ਸ਼੍ਰੋਮਣੀ ਸੁਧਾਰਕਾਂ ਦੀ ਸਫ ਵਿਚ ਖੜਾ ਕਰ ਦਿੰਦਾ ਹੈ।"

ਠੀਕ ਇਸੇਤਰਾਂ ਦੇ ਵਿਚਾਰ ਸ੍ਰੀਮਾਨ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਸ੍ਰੀ ਸਤਿਗੁਰੂ ਜੀ ਬਾਰੇ ਅੰਕਿਤ ਕੀਤੇ ਹਨ ਜੋਕਿ ਪੜਣ ਯੋਗ ਹਨ—

ਵਿਸ਼ਯ ਅਗਨ ਕਰ ਤਪਤ ਰਿਦੇ ਜਿਨ
ਨਾਮਾ ਮ੍ਰਿਤ ਦੇ ਠਾਰੇ।
ਗੁਰੂ ਮਤ ਦੇ ਅਨੁਰਾਗੀ ਕੀਤੇ,
ਪਾਮਰ ਪਾਪੀ ਭਾਰੇ।
ਭੰਗ ਸ਼ਰਾਬ ਅਫੀਮ ਛੁਡਾਕੇ,
ਨਸ਼ਾ ਪ੍ਰੇਮ ਦਾ ਦਿਤਾ।
ਮੰਗ ਖਾਣ ਨੂੰ ਖੰਡਨ ਕੀਤਾ,
ਦੱਸ ਧਰਮ ਦਾ ਕਿੱਤਾ।
ਫੁਟ ਈਰਖਾ ਵੈਰ ਭਾਵ ਅਰ
ਨਫਰਤ ਮਨੋ ਹਟਾਈ।
ਮੁਦਿਤਾ ਮੈਤ੍ਰੀ ਕਰੁਣਾ ਦ੍ਰਿੜ ਕਰ,
ਸਿਖਾਂ ਚਿਤ ਵਸਾਈ।
ਭੁਖਾ ਨੰਗਾ ਰੋਗੀ ਸੋਗੀ, ਜੋ ਸ਼ਰਨੀ ਚਲ ਆਵੇ।
ਹੋਇ ਤ੍ਰਿਪਤ ਅਰ ਪਰਮ ਅਨੰਦੀ,
ਜੀਵਨ ਧਰਮ ਬਿਤਾਵੇ।
ਸਿਖੀ ਬਾਗ ਖਿਜ਼ਾਂ ਜਦ ਗ੍ਰਸਿਆ,
ਭਯੋ ਪੱਤਰ ਬਿਨ ਸਾਜਾ।
ਰੂਪ ਬਸੰਤ ਧਾਰਕੇ ਬਾਬਾ,
ਦਿਨ ਬਸੰਤ ਦੇ ਆਯਾ।
ਰੋਹੀ ਵਿਚ ਗੁਲਜ਼ਾਰ ਲਗਾਈ,
ਸਿਮਰਨ ਸਰਿਤ ਵਹਾਕੇ।
ਪ੍ਰੇਮੀ ਭੌਰ ਹੋਇ ਮਸਤਾਨੇ,
ਪਾਣ ਘੁਮੇਰੀ ਆਕੇ।
ਬਾਲ ਅਵਸਥਾ ਵਿਚ ਬ੍ਰਿਜੇਸ਼ ਨੇ,
ਅਦਭੁਤ ਮੂਰਤਿ ਚੀਨੀ।
ਸਿਰ ਤੇ ਖੰਡਾ ਹੱਥ ਸਿਮਰਨੀ,
ਚੜ੍ਹਿਆ ਬਾਂਕੀ ਚੀਨੀ।
ਜਿਸਦੀ ਮਿੱਠੀ ਬਾਣੀ ਅਗੇ,
ਫਿਕੀ ਲਗੇ ਚੀਨੀ।
ਦਰਸ਼ਨ ਕਰਕੇ ਨੇਤ੍ਰ ਵਿਗਸਦੇ,
ਜਿਉਂ ਰਵਿ ਪਿਖ ਗੁਲ ਚੀਨੀ।"

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜਿਥੇ ਇਕ ਪਾਸੇ ਨਾਮ ਜਪਣ, ਗੁਰਬਾਣੀ ਪੜ੍ਹਨ, ਸਣ ਕੇਸੀਂ ਇਸ਼ਨਾਨ ਕਰਨ, ਕਿਰਤ ਕਰਕੇ ਵੰਡ ਛਕਣ ਅਤੇ ਸੁਚ ਸੋਧ ਵਾਲਾ ਧਾਰਮਕ ਜੀਵਨ ਜਿਉਣ ਦੀ

ਲੋਕਾਂ ਨੂੰ ਪ੍ਰੇਰਨਾ ਦਿਤੀ, ਓਥੇ ਹੀ ਸਮਾਜਕ ਪੱਖ ਤੋਂ ਚੋਰੀ, ਯਾਰੀ, ਵੇਸਵਾ ਗਮਨ, ਕੁੜੀਆਂ ਦਾ ਵੱਟਾ ਕਰਨਾ, ਕੁੜੀਆਂ ਨੂੰ ਜੰਮਦਿਆਂ ਹੀ ਮਾਰ ਦੇਣਾ, ਅਫੀਮ, ਭੰਗ, ਪੋਸਤ, ਮਾਸ, ਸ਼ਰਾਬ ਆਦਿ ਬੁਰਾ-ਈਆਂ ਦੀ ਡਟਕੇ ਵਿਰੋਧਤਾ ਕੀਤੀ ਅਤੇ ਇਨ੍ਹਾਂ ਕੁਰੀਤੀਆਂ ਦਾ ਨਾਮਧਾਰੀ ਪੰਥ ਚੋਂ ਖਾਤਮਾ ਕੀਤਾ। ਸ੍ਰੀ ਸਤਿਗੁਰੂ ਜੀ ਆਪਣਾ ਕੋਈ ਅਜਿਹਾ ਸਿਖ ਹੀ ਨਹੀਂ ਸਨ ਬਣਾਉਂਦੇ ਜੋ ਇੰਨਾਂ ਬੁਰਾਈਆਂ ਚੋਂ ਕਿਸੇ ਇਕ ਦਾ ਵੀ ਧਾਰਨੀ ਹੁੰਦਾ ਸੀ ਅਤੇ ਜੋ ਉਨ੍ਹਾਂ ਦਾ ਸਿਖ ਬਣ ਜਾਂਦਾ ਸੀ, ਉਹ ਅਜਿਹੇ ਭੈੜੇ ਕੰਮ ਕਰਦਾ ਹੀ ਨਹੀਂ ਸੀ। ਇਸਦੇ ਨਾਲ ਹੀ ਵਿਧਵਾ ਵਿਆਹ ਦਾ, ਵਿਭਚਾਰ ਦਾ ਨਾਸ ਕੀਤਾ। ਬ੍ਰਾਹਮਣੀ ਰਸਮਾਂ ਵਾਲੇ, ਵਧੀਕ ਖਰਚੇ ਅਤੇ ਅਨੇਕਾਂ ਕਰਮ-ਕਾਂਡਾਂ ਵਾਲੇ ਵਿਆਹ ਨੂੰ ਰੋਕਿਆ। ਅਤੇ ਅਨੰਦ ਮਰਯਾਦਾ ਦੀ ਪੱਧਤੀ ਸਿੱਖਾਂ 'ਚ ਸ਼ੁਰੂ ਕਰਕੇ ਜਿਥੇ ਅਪਾਰ ਪਰਉਪਕਾਰ ਕੀਤਾ ਓਥੇ ਹੀ ਗੁਰਬਾਣੀ ਦਾ ਪਸਾਰ ਵੀ ਹੋਇਆ। ਸਿੱਧਾ ਸਟਲ ਅਤੇ ਸਾਦੇ ਢੰਗ ਨਾਲ ਜਿਉਣ ਦਾ ਅਨੰਦ ਜੋ ਆਉਂਦਾ ਹੈ ਉਹ ਸਾਰੇ ਸਮਾਜ ਵਿਚ ਪ੍ਰਚਲਿਤ ਕੀਤਾ। ਇਨ੍ਹਾਂ ਸਭ ਗੱਲਾਂ ਬਾਰੇ ਸਰਕਾਰੀ ਰਿਪੋ-ਰਟ ਜੋ ਕਿ ਨਾਮਧਾਰੀ ਪੰਥ ਦੇ ਹਰ ਇਕ ਪਹਿਲੂ ਤੇ ਅੰਗਰੇਜ਼ ਗਵਰਨਮੈਂਟ ਵਲੋਂ ਜਸੂਸੀ ਕਰਕੇ ਲਿਖੀ ਗਈ, ਵੀ ਪੜ੍ਹਨ ਯੋਗ ਹੈ—

੧, ਪੁਜਾਰੀ, ਬ੍ਰਾਹਮਣ ਅਤੇ ਧਾਰਮਿਕ ਆਗੂ ਜੋ ਸਨਾਤਨੀ ਹਿੰਦੂਆਂ ਦੇ ਚੜ੍ਹਾਵੇ ਦੀਆਂ ਰਕਮਾਂ ਤੇ ਪਲਦੇ ਤੇ ਜੀਉਂਦੇ ਹਨ, ਕੁਦਰਤੀ ਤੌਰ ਤੇ ਇਸ ਨਵੇਂ ਫਿਰਕੇ ਦੇ ਵੈਰੀ ਹਨ, ਕਿਉਂਕਿ ਇਸ ਸੰਪ੍ਰਦਾ ਦੇ ਨਿਯਮਾਂ ਅਤੇ ਮੰਤਵਾਂ ਦੇ ਵਧਣ ਫੁਲਣ ਨਾਲ ਉਨਾਂ ਨੂੰ ਜਨਮ, ਵਿਆਹ ਅਤੇ ਮਰਨ ਦੀਆਂ ਰਸਮਾਂ ਕਰਨ ਸਮੇਂ ਦੇ ਲਾਗਾਂ, ਬਿਰਤਾਂ ਅਤੇ ਦਾਨ ਦਛਨਾ ਆਦਿ ਦੀ ਇਕ ਕੌਡੀ ਨਹੀਂ ਮਿਲਦੀ।

੨. ਕੂਕੇ ਮੜ੍ਹੀਆਂ, ਮਸਾਣੀਆਂ, ਮੰਦਰਾਂ, ਦੇਵਲਾਂ ਮਜ਼ਾਰਾਂ, ਕਬਰਾਂ ਨੂੰ ਬਿਲਕੁਲ ਨਹੀਂ ਮੰਨਦੇ ਅਤੇ ਉਨ੍ਹਾਂ ਦਾ ਮਤ ਹੈ ਕਿ ਇੰਨਾਂ ਨੂੰ ਢਾਹਕੇ ਬੁਤ ਪੂਜਾ ਪੱਥਰ ਪੂਜਾ, ਇਟ ਪੂਜਾ, ਅਸਥੀ ਪੂਜਾ, ਅਤੇ ਰਾਖ ਪੂਜਾ ਦੇ ਇਹ ਅਡੇ ਉਡਾ ਦੇਣੇ ਚਾਹੀਦੇ ਹਨ।

੩. ਕੂਕਿਆਂ ਦੀ ਪਛਾਣ ਸਿਰ ਤੇ ਸਿਧੀ ਪੱਗ ਗਲ ਵਿਚ ਉਨ ਦੀ ਮਾਲਾ ਅਤੇ ਮਿਲਣ ਜਾਂ ਵਿਛੜਨ ਸਮੇਂ ਦੇ ਨੀਯਤ ਬੋਲਿਆਂ ਤੋਂ ਹੁੰਦੀ ਹੈ।

੪. ਇਹ ਫਿਰਕਾ ਯੋਰਪ ਦੇ ਫਰੀਮੇਸ਼ਨਾਂ ਜੈਸੀ ਸੰਸਥਾ ਹੈ, ਇਸ ਵਿਚ ਪਰਵੇਸ਼ ਕਰਨ ਵੇਲੇ ਦਾ ਸ਼ਬਦ ਇਉਂ ਹੈ—

ਪਹਿਲਾਂ ਮਰਨ ਕਬੂਲਿ ਕਰ,
ਜੀਵਣ ਕੀ ਛਡਿ ਆਸ।
ਹੋਹੁ ਸਭਨਾ ਕੀ ਰੇਣੁਕਾ,
ਤਉ ਆਉ ਹਮਾਰੈ ਪਾਸਿ।

੫. ਮੇਜਰ ਪਰਕਿਨਜ਼ ਨੇ ੧੮੬੬ ਵਿਚ ਲਿਖਿਆ ਕਿ ਨਾਮਧਾਰੀ ਫਿਰਕੇ ਵਿਚ ਪਰਵੇਸ਼ ਕਰਨ ਲਈ, ਝੂਠ, ਚੋਰੀ, ਸ਼ਰਾਬ ਪੀਣ, ਪਰ ਇਸਤਰੀ ਗਮਤਾ ਆਦਿ ਸਭ ਕੁਕਰਮ ਤਿਆਗ ਦੇਣੇ ਪੈਂਦੇ ਹਨ ਅਤੇ ਇਨ੍ਹਾਂ ਦੇ ਕਰਨ ਦੀ ਸਖਤ ਮਨਾਹੀ ਹੈ। ਜੇਹੜੇ ਕੂਕੇ ਅਵਗਯਾ ਕਰਨ ਉਨ੍ਹਾਂ ਨੂੰ ਕੂਕਿਆਂ ਦੀ ਪੰਚੈਤ ਤੋਂ ਸਜ਼ਾ ਮਿਲਦੀ ਹੈ।

੬. ਕੂਕਿਆਂ ਨੂੰ ਹਰ ਰੋਜ਼ ਸਵੇਰੇ ੩ ਵਜੇ ਉਠਕੇ ਸਣਕੇਸੀਂ ਇਸ਼ਨਾਨ ਕਰਨ ਦਾ ਹੁਕਮ ਹੈ। ਇਸ ਉਪ੍ਰੰਤ ਉਹ ਭਜਨ ਬੰਦਗੀ ਕਰਦੇ ਅਤੇ ਬਾਣੀਆਂ ਪੜ੍ਹਦੇ ਹਨ।

[ਨਾਮਧਾਰੀ ਇਤਿਹਾਸ ਪੰਨਾ ੧੯੨-੯੩

ਗ੍ਰੀਬ ਨਿਵਾਜ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸਿੱਖਾਂ ਚੋਂ ਹਰੇਕ ਬੁਰਾਈ ਅਤੇ ਕੁਰੀਤੀਆਂ ਦਾ ਸਫਾਇਆ ਕੀਤਾ। ਇਸ ਬਾਰੇ ਸਮੇਂ ੨ ਆਪ ਜੀ ਦੇਸ ਅਤੇ ਪ੍ਰਦੇਸ ਚੋਂ ਅਨੇਕਾਂ ਹੀ ਹੁਕਮਨਾਮੇ ਲਿਖਕੇ ਨਾਮਧਾਰੀ ਪੰਥ ਅਤੇ ਸਿਖ ਸਮਾਜ ਤੇ ਜੋ ਕਿਰਪਾ ਕੀਤੀ ਅਤੇ ਹਦਾਇਤਾਂ ਕੀਤੀਆਂ, ਉਹ ਪੜ੍ਹਨ ਲਾਇਕ ਤੇ ਅਮਲ ਲਾਇਕ ਹਨ। ਮੈਂ ਗ੍ਰੀਬ ਨਿਵਾਜ ਜੀ ਦੇ ਧਾਰਮਿਕ ਪਹਿਲੂ ਤੇ ਸਮੁੰਦਰ ਚੋਂ ਬੂੰਦ ਬਰਾਬਰ ਵੀ ਨਹੀਂ ਲਿਖ ਸਕਿਆ ਅਤੇ ਜੋ ਉਨ੍ਹਾਂ ਸਾਡੇ ਤੇ ਪਰਉਪਕਾਰ ਕੀਤੇ ਉਹ ਲਿਖਣ ਲਗਿਆਂ ਕਈ ਗ੍ਰੰਥ ਛਪ ਸਕਦੇ ਹਨ।

ਬਸੰਤ ਪੰਚਮੀ ਦਾ ਅਵਤਾਰ

[ਨਿਰੰਜਨ ਸਿੰਘ "ਤਾਂਘੀ" ਟਰੇਨਿੰਗ ਅਫਸਰ (ਰੀਟਾਇਰਡ) ਇੰਗਲੈਂਡ

ਹਿੰਦੁਸਤਾਨ ਦੀ ਧਰਤੀ, ਖਾਸ ਕਰਕੇ ਪੰਜਾਬ ਨੂੰ ਇਹ ਮਾਣ ਪ੍ਰਾਪਤ ਹੈ, ਕਿ ਜਦੋਂ ਭੀ ਇਸਦਾ ਕਿਸੇ ਜ਼ਾਲਮ ਹੁਕਮਰਾਨ ਨਾਲ ਵਾਹ ਪਿਆ, ਤਾਂ ਕੋਈ ਨ ਕੋਈ ਯੋਧਾ ਅਤੇ ਮਹਾਂ ਪੁਰਸ਼ ਜ਼ੁਲਮ ਦੀਆਂ ਜੜ੍ਹਾਂ ਪੁੱਟਣ ਲਈ ਮੈਦਾਨ ਵਿਚ ਕੁੱਦ ਪਿਆ। ਕੌਣ ਨਹੀਂ ਜਾਣਦਾ, ਕਿ ਜਦ ਮੁਸਲਮਾਨ ਬਾਦਸ਼ਾਹ ਔਰੰਗਜ਼ੇਬ ਦੇ ਦਿਮਾਗ ਵਿਚ ਸਾਰੇ ਹਿੰਦੁਸਤਾਨ ਨੂੰ ਜਬਰ ਦਸਤੀ ਮੁਸਲਮਾਨ ਬਨੌਣ ਦਾ ਭੂਤ ਸਵਾਰ ਹੋਇਆ ਹੋਇਆ ਸੀ, ਤਾਂ ਪੰਜਾਬ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹੱਥ ਵਿਚ ਨੰਗੀ ਤਲਵਾਰ ਲੈਕੇ ਆਪਣੇ ਮੁੱਠੀ ਭਰ ਸਾਥੀਆਂ ਨੂੰ ਨਾਲ ਲੈਕੇ ਮੁਕਾਬਲੇ ਲਈ ਡਟ ਗਏ ਅਤੇ ਸਦੀਆਂ ਦੀ ਜੰਮੀ ਹੋਈ ਮੁਗਲ ਹਕੂਮਤ ਦੀਆਂ ਜੜ੍ਹਾਂ ਝੰਜੋੜ ਦਿਤੀਆਂ। ਕਲਗੀਧਰ ਪਾਤਸ਼ਾਹ ਦਾ ਥਾਪੜਾ ਲੈਕੇ ਬੀਰ ਬੰਦਾ ਬਹਾਦਰ ਦੱਖਣ ਨੰਦੇੜ ਵਿਚੋਂ ਉਠਿਆ ਅਤੇ ਜ਼ਾਲਮ ਹਕੂਮਤ ਨੂੰ ਲਤਾੜਦਾ ਹੋਇਆ ਸਾਰੇ ਪੰਜਾਬ ਉਤੇ ਛਾ ਗਿਆ। ਦੇਸ਼ ਭਗਤਾਂ ਦੇ ਸਾਹਮਣੇ ਆਪਣੀ ਕੋਈ ਗਰਜ ਨਹੀਂ ਹੁੰਦੀ, ਉਹ ਹਮੇਸ਼ਾਂ ਦੇਸ਼ ਲਈ ਪੈਦਾ ਹੁੰਦੇ ਹਨ ਅਤੇ ਦੇਸ਼ ਲਈ ਹੀ ਆਪਣਾ ਆਖਰੀ ਸਵਾਸ ਤਕ ਕੁਰਬਾਨ ਕਰ ਜਾਂਦੇ ਹਨ।

ਇਸੇਤਰ੍ਹਾਂ ਜਦ ਅੰਗਰੇਜ਼ੀ ਰਾਜ ਸਮੇਂ, ਕਈ ਤਰ੍ਹਾਂ ਦੀਆਂ ਕੁਚਾਲਾਂ ਨਾਲ, ਹਿੰਦੂ, ਸਿਖਾਂ ਦੇ ਧਾਰਮਿਕ ਜਜ਼ਬਾਤਾਂ ਨੂੰ ਕੁਚਲਿਆ ਜਾ ਰਿਹਾ ਸੀ, ਤਾਂ ਲੁਧਿਆਣੇ ਜ਼ਿਲੇ, ਦੇ ਇਕ ਛੋਟੇ ਜਹੇ ਪਿੰਡ ਭੈਣੀ ਵਿਖੇ ਜੋ ਕਿ ਪਿਛੋਂ ਜਾਕੇ ਭੈਣੀ ਸਾਹਿਬ ਕਰਕੇ ਪ੍ਰਸਿਧ ਹੋਇਆ, ਭਾਈ ਜੱਸਾ ਸਿੰਘ ਰਾਮਗੜ੍ਹੀਏ ਦੇ ਘਰ, ਸੰਨ ੧੮੭੨ ਬਿਕ੍ਰਮੀ ਮਹੀਨਾ ਮਾਘ ਦੀ ਬਸੰਤ ਪੰਚਮੀ ਦੀ ਰਾਤ ਨੂੰ, ਕੂਕਾ ਸੰਪ੍ਰਦਾ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਹੋਇਆ।

ਅੰਗਰੇਜ਼ ਹਕੂਮਤ ਦਾ ਬਾਈਕਾਟ ਅਤੇ ਨਾ–ਮਿਲਵਰਤਨ

ਜਿਉਂ ਜਿਉਂ ਸਤਿਗੁਰੂ ਰਾਮ ਸਿੰਘ ਜੀ ਸਿਆਣੇ ਹੁੰਦੇ ਗਏ, ਆਪਣੀ ਪ੍ਰੇਮਾ ਭਗਤੀ ਸਚਿਆਈ ਅਤੇ ਦੇਸ਼ ਪਿਆਰ ਦੀ ਚਰਚਾ ਚੁਫੇਰੇ ਫੈਲਦੀ ਗਈ ਅਤੇ ਬਹੁਤ ਸਾਰੇ ਸਿਖ ਆਪ ਜੀ ਦੇ ਝੰਡੇ ਥਲੇ ਔਂਦੇ ਗਏ ਆਪ ਪਹਿਲੇ ਅਜਿਹੇ ਦੇਸ਼ ਭਗਤ ਸਨ, ਜਿਨ੍ਹਾਂ ਨੇ ਅੰਗਰੇਜ਼ ਹਕੂਮਤ ਨੂੰ ਮੰਨਣੇ ਇਨਕਾਰ ਕਰ ਦਿਤਾ ਅਤੇ ਬਰਤਾਨੀਆਂ ਦੇ ਖਿਲਾਫ ਨਾਮਿਲਵਰਣ ਦਾ ਨਾਹਰਾ ਲਾਇਆ। ਮਹਾਤਮਾਂ ਗਾਂਧੀ ਨੇ ਪਿਛੋਂ ਆਕੇ ਜਿਹੜਾ ਅੰਗਰੇਜ਼ ਹਕੂਮਤ ਦੇ ਖਿਲਾਫ ਨਾ-ਮਿਲਵਰਤਨ ਦਾ ਨਾਹਰਾ ਲਾਇਆ ਅਤੇ ਦੇਸੀ ਪਹਿਰਾਵੇ ਦੀ ਲਹਿਰ ਸ਼ੁਰੂ ਕੀਤੀ, ਉਹ ਸਤਿਗੁਰੂ ਰਾਮ ਸਿੰਘ ਜੀ ਨੇ ਇਸਤੋਂ ਤਕ੍ਰੀਬਨ ਸੱਠ ਪੈਂਹਟ ਸਾਲ ਪਹਿਲਾਂ, ਅੰਗਰੇਜ਼ੀ ਤਾਲੀਮ, ਅੰਗਰੇਜ਼ੀ ਅਦਾ-ਲਤਾਂ, ਅੰਗਰੇਜ਼ ਦੇ ਮੁਲਕ ਦੇ ਬਣੇ ਹੋਏ ਕਪੜੇ ਅਤੇ ਹੋਰ ਚੀਜ਼ਾਂ ਦਾ ਬਾਈਕਾਟ ਕਰਕੇ, ਮੁਲਕ ਨੂੰ ਅਗਵਾਈ ਦਿਤੀ ਸੀ। ਇਹ ਬਾਈਕਾਟ ਵਿਚ ਰੇਲ, ਡਾਕ ਅਤੇ ਬਦੇਸ਼ੀ ਹਕੂਮਤ ਦੀ ਨੌਕਰੀ ਭੀ ਸ਼ਾਮਲ ਸੀ।

ਇਹ ਬਦੇਸ਼ੀ ਹਕੂਮਤ ਨਾਲ ਨਾਮਿਲਵਰਤਨ ਦੀ ਲਹਿਰ ਬਿਲਕੁਲ ਖਾਮੋਸ਼ ਅਤੇ ਪੁਰਅਮਨ ਲਹਿਰ ਸੀ, ਨਾ ਕਿਸੇ ਲੀਡਰਾਂ ਦੇ ਜਲੂਸ ਨਿਕਲਦੇ ਸਨ, ਨਾ ਕਿਸੇ ਦੀਆਂ ਤਸਵੀਰਾਂ ਛਪਦੀਆਂ ਸਨ। ਨਾ ਕਿਸੇ ਦੇ ਨਾਮ ਦੇ ਜ਼ਿੰਦਾਬਾਦ ਦੇ ਨਾਹਰੇ ਲਗਦੇ ਸਨ। ਇਸ ਲਹਿਰ ਦੇ ਫੈਲਾਣ ਲਈ ਨਾ ਕੋਈ ਇਸ਼-ਤਿਹਾਰ ਅਤੇ ਨਾ ਹੀ ਅਖਬਾਰਾਂ ਰਾਹੀਂ ਕਿਸੇ

ਕਿਸਮ ਦਾ ਕੋਈ ਪ੍ਰਾਪੇਗੰਡਾ ਕੀਤਾ ਗਿਆ, ਸਗੋਂ ਕੰਨੋਂ ਕੰਨੀ ਹੀ ਇਹ ਲਹਿਰ ਸਾਰੇ ਪੰਜਾਬ ਵਿਚ ਭੜਕ ਪਈ। ਕੂਕੇ ਸਿੰਘਾਂ ਦੇ ਹਰ ਇਕ ਇਲਾਕੇ ਵਿਚ ਆਪਣਾ ਸੂਬਾ, ਅਤੇ ਇਨਸਾਫ ਲਈ ਅਦਾ-ਲਤਾਂ ਸਨ ਆਪਣੀਆਂ ਹੀ। ਇਹ ਸਭ ਕੁਛ ਵੇਖ ਅੰਗਰੇਜ਼ ਦੀ ਨੀਂਦ ਹਰਾਮ ਹੋ ਗਈ। ਇਸ ਲਹਿਰ ਨੇ ਜਿਥੇ ਵਤਨ ਦੀ ਅਜ਼ਾਦੀ ਰੂਪੀ ਸ਼ਮ੍ਹਾਂ ਤੋਂ ਆਪਣਾ ਆਪ ਕੁਰਬਾਨ ਕਰਨ ਵਾਲੇ ਪ੍ਰਵਾਨਿਆਂ ਨੂੰ ਜਨਮ ਦਿਤਾ, ਓਥੇ ਨਾਲ ਹੀ ਇਸ ਲਹਿਰ ਨੂੰ ਖਤਮ ਕਰਕੇ "ਅੰਗਰੇਜ਼ੀ ਹਕੂਮਤ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਵਾਲੇ ਕਈ "ਜੈ ਚੰਦ" ਭੀ ਪੈਦਾ ਹੋ ਗਏ।

ਅੰਗਰੇਜ਼ਾਂ ਦੇ ਝੋਲੀ ਚੁੱਕਾਂ ਨੇ, ਆਪਣੇ ਇਹਨਾਂ ਮਾਲਕਾਂ ਨੂੰ ਖੁਸ਼ ਕਰਨ ਲਈ ਸਤਿਗੁਰੂ ਰਾਮ ਸਿੰਘ ਅਤੇ ਇਨ੍ਹਾਂ ਦੇ ਸਿੰਘਾਂ ਦੇ ਖਿਲਾਫ, ਝੂਠੀਆਂ ਤੇ ਬੇਬੁਨਿਆਦ, ਬਹੁਤ ਵਧਾ ਚੜ੍ਹਾਕੇ ਗੱਲਾਂ ਕੀਤੀਆਂ। ਏਥੋਂ ਤਕ ਮੁਖਬਰਾਂ ਨੇ ਰਿਪੋਰਟ ਕੀਤੀ, ਕਿ ਪਿੰਡ ਭੈਣੀ ਸਾਹਿਬ, ਕੂਕਿਆਂ ਦੇ ਗੁਰੂ ਦੀ ਨਿਗਰਾਨੀ ਵਿਚ, ਬਹੁਤ ਸਾਰੀਆਂ ਤੋਪਾਂ, ਗੋਲਾ ਬਰੂਦ ਅਤੇ ਬੰਦੂਕਾਂ ਬਣਾਈਆਂ ਜਾਂਦੀਆਂ ਹਨ ਅਤੇ ਇਹ ਸਭ ਕੁਛ ਅੰਗਰੇਜ਼ਾਂ ਦੇ ਖਿਲਾਫ ਜੰਗ ਲੜਨ ਲਈ ਤਿਆਰ ਕੀਤਾ ਜਾ ਰਿਹਾ ਹੈ। ਹਕੂਮਤ ਨੇ ਬਹੁਤ ਸਾਰੇ ਆਪਣੇ ਜਸੂਸ ਭੈਣੀ ਸਾਹਿਬ ਭੇਜ ਦਿਤੇ ਅਤੇ ਸਤਿਗੁਰੂ ਰਾਮ ਸਿੰਘ ਜੀ ਉਤੇ ਸਖਤ ਨਿਗਰਾਨੀ ਰਖਣੀ ਸ਼ੁਰੂ ਕਰ ਦਿਤੀ। ਇਕ ਦਿਨ ਪੰਜਾਬ ਦਾ ਅੰਗਰੇਜ਼ ਗਵਰਨਰ ਅਚਾਨਕ ਭੈਣੀ ਸਾਹਿਬ ਆ ਗਿਆ, ਤਾਂ ਕਿ ਜਾਸੂਸਾਂ ਦੀ ਇਤਲਾਹ ਮੁਤਾਬਕ ਏਥੇ ਗੋਲਾ ਬਾਰੂਦ ਬਨੌਣ ਵਾਲੀਆਂ ਫੈਕਟ੍ਰੀਆਂ ਵੇਖ ਸਕੇ, ਪਰ ਜਦ ਉਸਨੂੰ ਥੋਹੜੇ ਜਹੇ ਕੱਚੇ ਕੋਠਿਆਂ ਅਤੇ ਕੁਝ ਸਫੈਦ ਕਪੜੇ ਪਹਿਨੀ, ਹੱਥਾਂ ਵਿਚ ਅਠੋ-ਤਰੀਆਂ ਮਾਲਾ ਫੇਰਦੇ ਸੰਤਾਂ ਤੋਂ ਸਿਵਾਇ, ਏਥੇ ਹੋਰ ਕੁਛ ਨਾ ਦਿਸਿਆ, ਤਾਂ ਉਹ ਹੈਰਾਨ ਜਿਹਾ ਹੋਕੇ ਏਧਰ ਓਧਰ ਵੇਖਣ ਲੱਗ ਪਿਆ। ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਦੇ ਗਵਰਨਰ ਨੂੰ ਹੈਰਾਨੀ ਦੀ ਹਾਲਤ ਵਿਚ ਵੇਖਕੇ ਪੁਛਿਆ, "ਤੁਸੀਂ ਕਿਸ ਚੀਜ਼ ਦੀ ਤਲਾਸ਼ ਕਰ ਰਹੇ ਹੋ" ? ਅੰਗਰੇਜ਼ ਗਵਰਨਰ ਨੇ ਉਤਰ ਦਿਤਾ "ਸਾਨੂੰ ਦਸਿਆ ਗਿਆ ਹੈ, ਕਿ ਤੁਸੀਂ ਏਥੇ ਤੋਪਾਂ ਅਤੇ ਗੋਲਾ ਬਾਰੂਦ ਤਿਆਰ ਕਰਦੇ ਹੋ ਅਤੇ ਨਾਲ ਹੀ ਇਹ ਭੀ ਪਤਾ ਲਗਾ ਹੈ, ਕਿ ਤੁਸੀਂ ਲੋਕ ਝੂਠ ਨਹੀਂ ਬੋਲਦੇ, ਕੀ ਤੁਸੀਂ ਜੰਗੀ ਸਾਮਾਨ ਤਿਆਰ ਕਰਨ ਵਾਲੀਆਂ ਫੈਕਟਰੀਆਂ ਸਾਨੂੰ ਦਿਖਾ ਸਕਦੇ ਹੋ" ?

ਇਕ ਸੌ ਅੱਠ ਗੋਲਿਆਂ ਵਾਲੀ ਤੋਪ

"ਸਾਡੇ ਪਾਸ ਇਹੋ ਜਹੀਆਂ ਤੋਪਾਂ ਹਨ, ਜਿਸ ਵਿਚ ਇਕ ਸੌ ਅੱਠ ਗੋਲੇ ਪੈਂਦੇ ਹਨ ਅਤੇ ਜਿਸਦਾ ਕੋਈ ਭੀ ਵਾਰ ਖਾਲੀ ਨਹੀਂ ਜਾਂਦਾ" ਸਤਿਗੁਰੂ ਰਾਮ ਸਿੰਘ ਜੀ ਨੇ, ਮੁਸਕ੍ਰਾਂਦਿਆਂ ਹੋਇਆਂ ਅੰਗਰੇਜ਼ ਗਵਰਨਰ ਨੂੰ ਜਵਾਬ ਦਿਤਾ।

ਅੰਗਰੇਜ਼ ਗਵਰਨਰ ਨੇ ਇਕ ਗੋਲੇ ਵਾਲੀਆਂ ਤੋਪਾਂ ਤਾਂ ਵੇਖੀਆਂ ਸਨ, ਪਰ ਇਕੱਠੇ ਇਕ ਸੌ ਅੱਠ (੧੦੮) ਗੋਲਿਆਂ ਵਾਲੀ ਤੋਪ ਵੇਖਣੀ ਤਾਂ ਕੀ, ਕਦੇ ਸੁਣੀ ਭੀ ਨਹੀਂ ਸੀ। ਇਸ ਲਈ ਹੈਰਾਨੀ ਜਿਹੀ ਦੀ ਦਸ਼ਾ ਵਿਚ ਉਸਨੇ, ਇਸ ਤੋਪ ਨੂੰ ਵੇਖਣ ਦੀ ਇੱਛਾ ਪ੍ਰਗਟ ਕੀਤੀ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਗੱਲ ਵਿਚੋਂ ਇਕ ਸੌ ਅੱਠ ਮਣਕਿਆਂ ਵਾਲੀ ਉਨ ਦੀ ਬਣੀ ਹੋਈ ਸਫੈਦ ਮਾਲਾ ਲਾਹਕੇ, ਗਵਰ-ਨਰ ਨੂੰ ਦਿਖਾਕੇ ਕਿਹਾ, "ਇਹ ਹੈ ਇਕ ਸੌ ਅੱਠ ਗੋਲਿਆਂ ਵਾਲੀ ਤੋਪ, ਜਿਸਦਾ ਵਾਰ ਕਦੀ ਭੀ ਖਾਲੀ ਨਹੀਂ ਜਾਂਦਾ, ਅਤੇ ਜਿਸਦੇ ਭਗਤੀ ਰੂਪੀ ਗੋਲਿਆਂ ਨਾਲ ਤਾਂ ਭਗਵਾਨ ਦਾ ਆਸਣ ਤਕ ਭੀ ਹਿੱਲ ਜਾਂਦਾ ਹੈ" ? ਗਵਰਨਰ ਇਹ ਸੁਣਕੇ ਕੱਚਾ ਜਿਹਾ ਹੋਕੇ ਵਾਪਿਸ ਚਲਾ ਗਿਆ, ਪਰ ਬਜਾਇ ਇਸਦੇ ਕਿ ਉਸਨੂੰ ਕੂਕਿਆਂ ਬਾਰੇ ਪਾਏ ਹੋਏ ਸਭ ਭੁਲੇਖੇ ਦੂਰ ਹੋ ਜਾਂਦੇ, ਸਰਕਾਰ ਨੇ ਸਗੋਂ ਇਨ੍ਹਾਂ ਉਪਰ ਹੋਰ ਭੀ ਸਖਤ ਪਾਬੰਦੀਆਂ ਲਗਾ ਦਿਤੀਆਂ।

ਪੰਜਾਬ ਵਿਚ ਪੰਜਾਬੀਆਂ ਦਾ ਆਪਣਾ ਰਾਜ ਭਾਗ ਖੁਸ ਜਾਣ ਅਤੇ ਸੰਨ ੧੮੫੭ ਈਸਵੀ ਦੇ ਭਾਰਤ ਵਿਚ ਅੰਗਰੇਜ਼ਾਂ ਦੇ ਖਿਲਾਫ ਹੋਏ ਗਦਰ

ਦੇ ਬੁਰੀਤਰ੍ਹਾਂ ਫੇਹਲ ਹੋ ਜਾਣ ਪਿਛੋਂ ਇਸੇ ਸਾਲ ਭਾਵ ੧੩ ਅਪ੍ਰੈਲ ਸੰਨ ੧੮੫੭ ਈਸਵੀ ਵੈਸਾਖੀ ਵਾਲੇ ਦਿਨ, ਸਤਿਗੁਰੂ ਰਾਮ ਸਿੰਘ ਜੀ ਨੇ, ਭਾਰਤ-ਵਾਸੀਆਂ ਖਾਸ ਕਰਕੇ ਪੰਜਾਬੀਆਂ ਦੀ ਡਿਗਦੀ ਰੂਹ ਨੂੰ ਸੁਰਜੀਤ ਕਰਨ ਲਈ, ਪੰਜਾਬ ਵਿਚ ਅੰਗਰੇਜ਼ੀ ਹਕੂਮਤ ਦੇ ਟਾਕਰੇ ਲਈ, ਬਦੇਸ਼ੀ ਰਾਜ ਨਾਲ ਨਾ-ਮਿਲਵਰਤਨ ਦੀ ਲਹਿਰ ਅਰੰਭ ਕਰਕੇ ਦੇਸ਼ ਪਿਆਰੇ ਦੇ ਜਜ਼ਬੇ ਨੂੰ ਉਤੇਜ਼ਤ ਕਰਨ ਦਾ ਮਹਾਨ ਉਪਰਾਲਾ ਕੀਤਾ। ਹਾਲਾਤ ਦੇ ਨਾਮੁਆਫਕ ਹੁੰਦਿਆਂ ਹੋਇਆਂ ਭੀ, ਪੰਜਾਬ ਵਿਚ ਅੰਗਰੇਜ਼ਾਂ ਦੇ ਟਾਕਰੇ ਤੇ ਇਕ ਖੁਫੀਆ ਹਕੂਮਤ ਕਾਇਮ ਕਰਨੀ, ਮਹਾਰਾਜ ਰਾਮ ਸਿੰਘ ਜੀ ਦਾ ਇਕ ਬਹੁਤ ਵੱਡਾ ਕਾਰਨਾਮਾ ਸੀ। ਗਊ ਗ੍ਰੀਬ ਦੀ ਰਖਸ਼ਾ ਦੀ ਖਾਤਰ ਕਿਸਤਰ੍ਹਾਂ ਇਨ੍ਹਾਂ ਦੇ ਅਨੁਆਈ ਖੁਸ਼ੀ ਖੁਸ਼ੀ ਤੋਪਾਂ ਮੋਹਰੇ ਖੜੇ ਹੋਕੇ ਤੂੰਬਾ ਤੂੰਬਾ ਹੋ ਗਏ ਅਤੇ ਫਾਂਸੀ ਦੇ ਰਸਿਆਂ ਨਾਲ ਝੂਲ ਗਏ, ਇਸਦਾ ਪੂਰੇ ਤੌਰ ਤੇ ਵਿਸਥਾਰ ਸਹਿਤ ਵੇਰਵਾ 'ਤਾਂਘਾਂ ਦੇਸ਼ ਪਿਆਰ ਦੀਆਂ' ਦੇ ਨਾਮ ਹੇਠ ਇਸੇ ਲੇਖਕ ਦੀ ਲੇਖਣੀ ਨਾਲ ਲਿਖਿਆ ਹੋਇਆ ਸੰਪੂਰਨ ਰੂਪ ਵਿਚ ਪੁਸਤਕ ਦਾ ਖਰੜਾ ਛਪਣ ਲਈ ਤਿਆਰ ਪਿਆ ਹੈ। ਸਚੇ ਪਾਤਸ਼ਾਹ ਦੇ ਸ਼ਰਧਾਲੂ ਅਤੇ ਦਾਨੀ ਸਜਣਾਂ ਪਾਸ ਲੇਖਕ ਇਸ ਸ਼ੁਭ ਕਾਰਜ ਭਾਵ ਉਪ੍ਰੋਕਤ ਪੁਸਤਕ ਦੀ ਛਪਾਈ ਦੇ ਖਰਚੇ ਲਈ ਆਪਣੀ ਮਾਇਆ ਸਫਲ ਕਰਨ ਦੀ ਅਪੀਲ ਕਰਦਾ ਹੈ। ਇਹ ਪੁਸਤਕ ਆਪਣੀ ਮਿਸਾਲ ਆਪ ਹੀ ਹੋਵੇਗੀ।

ਨਾਮਧਾਰੀ ਸੰਪ੍ਰਦਾ ਦੇ ਚਿੱਟੇ ਬਸਤਰਧਾਰੀ, ਬੱਗੇ ਸ਼ੇਰਾਂ ਨੇ ਦੇਸ਼ ਦੀ ਅਜ਼ਾਦੀ ਦੀ ਖਾਤਰ ਜਿਸਤਰ੍ਹਾਂ ਆਪਣੀਆਂ ਜਿੰਦੜੀਆਂ ਹੱਸ ਹੱਸਕੇ ਆਪਣੇ ਦੇਸ਼ ਪਿਆਰੇ ਬਦਲੇ ਘੋਲ-ਘੁਮਾ ਦਿਤੀਆਂ, ਉਸਦਾ ਵਰਨਣ ਭਾਰਤ ਵਰਸ਼ ਦੀ ਆਜ਼ਾਦੀ ਦੇ ਇਤਿਹਾਸ ਵਿਚ ਵਿਸ਼ੇਸ਼ ਰੂਪ ਵਿਚ ਕੀਤਾ ਜਾਂਦਾ ਰਹੇਗਾ। ਅਜ ਬਸੰਤ ਪੰਚਮੀ ਦੇ ਦਿਨ ਪ੍ਰਗਟੇ ਅਵਤਾਰ ਅਤੇ ਉਨ੍ਹਾਂ ਵਲੋਂ ਬਣਾਈ ਸੰਪ੍ਰਦਾ ਵਿਚੋਂ ਹੋਇ, ਦੇਸ਼ ਲਈ ਕੁਰਬਾਨ ਹੋਣ ਵਾਲੇ ਹੋਰ ਭੀ ਸਭ ਮਹਾਨ ਸ਼ਹੀਦਾਂ ਨੂੰ ਅਸੀਂ ਨਿੰਮ੍ਰਤਾ ਅਤੇ ਸਤਿਕਾਰ ਸਹਿਤ ਆਪਣਾ ਸਿਰ ਝੁਕੋਂਦੇ ਹਾਂ।

ਸਤਿਗੁਰੂ ਰਾਮ ਸਿੰਘ

[ਆਤਮਾ ਸਿੰਘ ਜੌਹਲ

ਸ਼ਕਤਿ ਅਨੰਤ ਲੈ ਬਸੰਤ ਦੀ ਬਹਾਰ ਵਿਚ, ਭੈਣੀ ਸਾਹਿਬ ਆਉਣ ਵਾਲੇ ਸਤਿਗੁਰੂ ਰਾਮ ਸਿੰਘ।
ਨੀਂਦਰ ਗੁਲਾਮੀ ਦੀ ਚ ਸੁਤੇ ਹੋਏ ਭਾਰਤ ਨੂੰ, ਜਾਗ੍ਰਤਿ ਦਿਵਾਉਣ ਵਾਲੇ ਸਤਿਗੁਰੂ ਰਾਮ ਸਿੰਘ।
ਸਿਖੀ ਦਸਮੇਸ਼ ਦੀ ਅਸਿਖੀ ਵਿਚ ਰੁੜਦੀ ਨੂੰ, ਫਿਰ ਤੋਂ ਬਚਾਉਣ ਵਾਲੇ ਸਤਿਗੁਰੂ ਰਾਮ ਸਿੰਘ।
ਘੋਰ ਕਲੂ ਕਾਲ ਦੀ ਕੁਰਾਲਤਾ ਕੁਚਾਲਤਾ ਚ, ਸਤਿਜੁਗ ਲਾਉਣ ਵਾਲੇ ਸਤਿਗੁਰੂ ਰਾਮ ਸਿੰਘ।
ਸਮਾਜਿਕ ਕੁਰੀਤੀਆਂ ਅਨੀਤੀਆਂ ਪਲੀਤੀਆਂ ਚੋਂ, ਲੋਕਾਂ ਨੂੰ ਹਟਾਉਣ ਵਾਲੇ ਸਤਿਗੁਰੂ ਰਾਮ ਸਿੰਘ।
ਗਊਆਂ ਤੇ ਗ੍ਰੀਬਾਂ ਦੀ ਸਹਾਇਤਾ ਲਈ ਨਾਮਧਾਰੀ, ਪੰਥ ਪ੍ਰਗਟਾਉਣ ਵਾਲੇ ਸਤਿਗੁਰੂ ਰਾਮ ਸਿੰਘ।
ਪਵਾ ਕੇ ਕਛਹਿਰੇ ਮਾਈਆਂ ਬੀਬੀਆਂ ਨੂੰ ਸਿਖਾਂ ਵਾਂਗ, ਅੰਮ੍ਰਿਤਛਕਾਉਣਵਾਲੇ ਸਤਿਗੁਰੂ ਰਾਮ ਸਿੰਘ।
ਚੋਰਾਂ ਯਾਰਾਂ ਡਾਕੂਆਂ ਨੂੰ ਨਾਮ ਉਪਦੇਸ਼ ਦੇਕੇ, ਦੇਵਤੇ ਬਣਾਉਣ ਵਾਲੇ ਸਤਿਗੁਰੂ ਰਾਮ ਸਿੰਘ।
ਰਾਏ ਸਿੰਘ ਤਾਈਂ ਜਾ ਭੁਪਾਲ ਦੇ ਜੰਗਲ ਚੋਂ, ਸ਼ੇਰ ਤੋਂ ਬਚਾਉਣ ਵਾਲੇ ਸਤਿਗੁਰੂ ਰਾਮ ਸਿੰਘ।
ਮਾਨਾਂਵਾਲੇ ਵਿਚ ਮੋਏ ਪੁਤਰ ਕੁਮ੍ਹਿਆਰੀ ਦੇ ਨੂੰ, ਚਰਨ ਲਾ ਜਿਵਾਉਣ ਵਾਲੇ ਸਤਿਗੁਰੂ ਰਾਮ ਸਿੰਘ।
ਗੁਰੂ ਜਗਜੀਤ ਜੀ ਦੇ ਮਨ, ਬਚ, ਕ੍ਰਮ, ਵਿਚੋਂ, ਸ਼ਕਤੀ ਦਰਸਾਉਣ ਵਾਲੇ ਸਤਿਗੁਰੂ ਰਾਮ ਸਿੰਘ।
ਹਰ ਇਕ ਇੰਨਕਲਾਬੀ 'ਆਤਮਾ' ਹੀ ਆਖਦਾ, ਇਹ ਜੁਗ ਪਲਟਾਉਣ ਵਾਲੇ ਸਤਿਗੁਰੂ ਰਾਮ ਸਿੰਘ।

Namdhari Elibrary NamdhariElibrary@gmail.com

ਫਿਰ ਮੈਂ ਕੀ ਆਖਾਂ

[ਬੀਬੀ ਜਸਬੀਰ ਕੌਰ ਸ਼ਿਮਲਾ

ਹੈਂ ! ਬਾਰ੍ਹਵੇਂ ਗੁਰੂ ਦਾ ਅਵਤਾਰ ਪੁਰਬ ? ਇਹ ਤੁਸੀਂ ਕੀ ਕਹਿ ਰਹੇ ਹੋ ? ਅਸੀਂ ਤੇ ਅਜ ਤੱਕ ਦਸਾਂ ਗੁਰੂਆਂ ਤੋਂ ਬਾਅਦ ਤੇ ਕਿਸੇ ਗੁਰੂ ਦਾ ਨਾਂ ਹੀਂ ਨਹੀਂ ਸੁਣਿਆਂ।

ਹਾਂ ਵੀਰ ਜੀ ਅੱਜ ਬਾਰ੍ਹਵੇਂ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਪੁਰਬ ਹੈ। ਇਹ ਉਹੋ ਹੀ ਗੁਰੂ ਨੇ ਜਿਨ੍ਹਾਂ ਬਾਰੇ ਦਸਮ ਪਾਤਸ਼ਾਹ ਜੀ ਨੇ ਭਵਿਖ ਬਾਣੀ ਕਰਦਿਆਂ ਫੁਰਮਾਇਆ ਸੀ—

"ਦੁਆਦਸ ਪੁਰਖ ਹੈ ਆਦਿ ਸੇ ਸਭਹਿਨ ਕੇ ਸਿਰਮੌਰ ।" ਆਪਣੇ ਉਸ ਬਾਰ੍ਹਵੇਂ ਸਰੂਪ ਨੂੰ ਉਹਨਾਂ ਨੇ "ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ" ਲਿਖਕੇ ਨਮਸ਼ਕਾਰ ਕੀਤੀ ਹੈ। ਵੇਖਦੇ ਨਹੀਂ ਕਿਵੇਂ ਕੁਦਰਤ ਰਾਣੀ ਨੇ ਵੀ ਸ਼ਿੰਗਾਰ ਕੀਤਾ ਹੋਇਆ ਹੈ। ਅੱਜ ਦੇ ਦਿਨ ਪਿਤਾ ਜਸਾ ਸਿੰਘ ਅਤੇ ਮਾਤਾ ਸਦਾ ਕੌਰ ਜੀ ਦੇ ਘਰ ਅਕਾਲ ਪੁਰਖ ਦੀ ਜੋਤ ਬਾਲਕ ਰੂਪ ਵਿਚ ਪ੍ਰਗਟ ਹੋਈ ਸੀ। ਪਤਾ ਜੇ ਬਚੇ ਦੇ ਜਨਮ ਵੇਲੇ ਇਕ ਮਸ਼ਕ ਜਿਹੀ ਨੇ ਜਨਮ ਲਿਆ। ਫਿਰ ਅਚਾਨਕ ਇਕ ਅਲੌਕਿਕ ਜਿਹੀ ਰੌਸ਼ਨੀ ਹੋਈ ਅਤੇ ਇਕ ਰੱਬੀ ਰੂਪ ਵਾਲੇ ਬਾਲਕ ਨੇ ਮਾਂ ਪਿਉ ਦੀ ਨਿਰਾਸ਼ਾ ਨੂੰ ਅਗੰਮੀ ਖੁਸ਼ੀ ਵਿੱਚ ਬਦਲ ਦਿਤਾ।

ਪਰ ਇਹ ਤੇ ਬੜੀ ਅਨੋਖੀ ਜਿਹੀ ਤੇ ਅਨਹੋਣੀ ਵਾਰਤਾ ਸੁਣਾ ਰਹੇ ਹੋ। ਮੈਨੂੰ ਤੇ ਵਿਸ਼ਵਾਸ ਹੀ ਨਹੀਂ ਆ ਰਿਹਾ।

ਜੀ ਇਹ ਵਾਰਤਾ ਅਨਹੋਣੀ ਨਹੀਂ ਸਗੋਂ ਸੌ ਪ੍ਰਤੀਸ਼ਤ ਸੱਚ ਹੈ। ਪਰ ਜੇ ਤੁਸੀਂ ਨਾ ਮੰਨੋ ਤੇ ਫਿਰ ਮੈਂ ਕੀ ਆਖਾਂ ?

ਇਸੇ ਅਲੌਕਿਕ ਸ਼ਕਤੀਆਂ ਦੇ ਮਾਲਕ ਨੇ ਅਨੋਖੇ ਚੋਜ ਕਰਦਿਆਂ ਆਪਣਾ ਬਚਪਨ ਬਿਤਾਇਆ। ਫਿਰ ਜਵਾਨੀ ਵਿੱਚ ਇਸੇ ਰਾਜਾਨ ਰਾਜੇ ਨੇ ਇਕ ਦੁਨਿਆਵੀ ਰਾਜੇ ਰਣਜੀਤ ਸਿੰਘ ਦੀ ਫੌਜ ਵਿੱਚ ਨੌਕਰੀ ਕਰ ਲਈ। ਪਰ ਜਿੰਨਾਂ ਨੇ ਅਵਤਾਰ ਹੀ ਸਰਬੱਤ ਦਾ ਭਲਾ ਕਰਨ ਲਈ ਧਾਰਿਆ ਹੋਵੇ ਉਹ ਕਿਸਤਰਾਂ ਚੁਪ ਧਾਰਕੇ ਬੈਠੇ ਰਹਿੰਦੇ। ਫੌਜ ਦੇ ਨਾਲ ਹਜਰੋਂ ਜਾਕੇ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕੀਤੇ। ਗੁਰੂ ਬਾਲਕ ਸਿੰਘ ਜੀ ਨੇ ਬਾਰ੍ਹਵੇਂ ਗੁਰੂ ਨਾਨਕ ਦੇ ਦਰਸ਼ਨ ਕਰਕੇ ਕਿਹਾ ਕਿ ਆਓ ਠਾਕਰ ਜੀ ਅਸੀਂ ਤੁਹਾਡੀ ਹੀ ਇੰਤਜ਼ਾਰ ਕਰ ਰਹੇ ਸਾਂ। ਓਥੋਂ ਗੁਰਿਆਈ ਪ੍ਰਾਪਤ ਕਰਕੇ ਫੌਜ ਦੇ ਨਾਲ ਵਾਪਸ ਲਾਹੌਰ ਪਰਤ ਆਏ। ਇਥੇ ਆਕੇ ਕਈ ਅਲੌਕਿਕ ਚੋਜ਼ ਕੀਤੇ। ਕਦੀ ਪ੍ਰਸ਼ਾਦੇ ਪਕਾਣ ਵਾਲੀ ਲੋਹੇ ਦੀ ਲੋਹ ਨੂੰ ਸੋਨੇ ਦੀ ਬਣਾ ਦੇਣ। ਕਦੀ ਬਲਦੀ ਚਿਖਾ ਵਿਚੋਂ ਮੁਰਦੇ ਨੂੰ ਖਿਚਕੇ ਬਾਹਰ ਲਿਆਕੇ ਜਿਉਂ ਦਿਆਂ ਕਰਨਾ, ਕਿਧਰੇ ਫੌਜ ਦੇ ਅਫਸਰ ਤੇ ਕਿਰਪਾ ਕਰਦਿਆਂ ਹਾਜ਼ਰੀ ਲਾਣ ਵੇਲੇ ਉਹਨੂੰ ਦੂਰ ਲਿਜਾਕੇ ਉਹਦੀ ਜਗ੍ਹਾ ਤੇ ਉਹਦਾ ਰੂਪ ਧਾਰਕੇ ਜਵਾਨਾਂ ਦੀ ਹਾਜਰੀ ਲਗਾਣੀ ਤੇ ਕਿਧਰੇ ਮਹਾਰਾਜਾ ਰਣਜੀਤ ਸਿੰਘ ਨੂੰ ਸੱਚੀਆਂ ਭਵਿਖ ਬਾਣੀਆਂ ਦਸਕੇ ਕੈਦੀਆਂ ਦਾ ਭਲਾ ਕਰਨ ਲਈ ਜਿਹਲ ਵਿੱਚ ਜਾ ਡੇਰਾ ਲਾਉਣਾ। ਪਰ ਫਿਰ ਮਹਾਰਾਜਾ ਨੂੰ ਆਪਣੇ ਖਾਣੇ ਵਿਚੋਂ ਕਚੇ ਮਸਾਣ ਦੀ ਬੋ ਦਾ ਆਉਣਾ ਅਤੇ ਉਹਨੇ ਸਨਮਾਨ ਸਹਿਤ ਉਸ ਬੰਦੀ ਛੋੜ ਨੂੰ ਜਿਹਲ ਵਿਚੋਂ ਵਾਪਸ ਆਉਣ ਲਈ ਅਰਜ ਕਰਨੀ।

ਇਹ ਤੁਸੀਂ ਕੀ ਅਜੀਬ ਵਾਰਤਾ ਸੁਣਾ ਰਹੇ ਹੋ ? ਇਹ ਤੇ ਵਿਸ਼ਵਾਸ਼ ਕਰਨ ਯੋਗ ਗੱਲਾਂ ਨਹੀਂ ਹਨ।

ਵੀਰ ਜੀ ਇਹ ਬਿਲਕੁਲ ਸੱਚੀ ਵਾਰਤਾ ਹੈ ਪਰ ਜੇ ਤੁਸੀਂ ਨਾਂ ਮੰਨੋ ਤੇ ਫਿਰ ਮੈਂ ਕੀ ਆਖਾਂ ?

Namdhari Elibrary NamdhariElibrary@gmail.com

ਕੀ ਤੁਸੀਂ ਮੰਨੋਗੇ ਕਿ ਮਹਾਤਮਾ ਗਾਂਧੀ ਨੇ ਜਿਸ ਅਸਹਿਯੋਗ ਅੰਦੋਲਨ ਦਾ ਸਹਾਰਾ ਲੈਕੇ ਦੇਸ਼ ਨੂੰ ਅਜ਼ਾਦ ਕਰਾਣ ਦਾ ਸਿਹਰਾ ਲਿਆ ਉਸ ਨਾਮਿਲਵਰਤਨ ਦਾ ਮੁਢ ਉਸ ਤੋਂ ਅਧੀ ਸਦੀ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਬੰਨ੍ਹ ਦਿਤਾ ਸੀ।

ਜਵਾਹਰ ਲਾਲ ਨਹਿਰੂ ਨੇ ਆਪਣੇ ਇਕ ਸੰਦੇਸ਼ ਵਿਚ ਕਿਹਾ ਸੀ ਸਤਿਗੁਰੂ ਰਾਮ ਸਿੰਘਜੀ ਨੇ ਆਪਣੀ ਮਾਤ ਭੂਮੀ ਦੀ ਸੁਤੰਤਰਤਾ ਲਈ ਅਜ ਤੋਂ ੭੫ ਵਰ੍ਹੇ ਪਹਿਲਾਂ ਜੋ ਮਹਾਨ ਗੌਰਵਸ਼ਾਲੀ ਕਾਰਜ ਕੀਤਾ ਸੀ ਉਸ ਦੀ ਮਹਾਨਤਾ ਤੋਂ ਕੋਈ ਵੀ ਹਿੰਦੁਸਤਾਨੀ ਇਨਕਾਰ ਨਹੀਂ ਕਰ ਸਕਦਾ। ਕਾਂਗਰਸ ਨੇ ਆਪਦੇ ਦਿਖਾਏ ਹੋਏ ਰਸਤੇ ਤੇ ਚਲਕੇ ਸਫਲਤਾਵਾਂ ਪ੍ਰਾਪਤ ਕੀਤੀਆਂ ਹਨ। ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ: ਰਾਜਿੰਦਰ ਪ੍ਰਸ਼ਾਦ ਨੇ ਵੀ ਆਪਣੇ ਇਕ ਲੇਖ ਰਾਹੀਂ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਸੀ ਕਿ ਬਾਈਕਾਟ ਤੇ ਅਸਹਿਯੋਗ ਅੰਦੋਲਨ ਦਾ ਜਿਸਨੂੰ ਮਹਾਤਮਾਂ ਗਾਂਧੀ ਨੇ ਜ਼ੋਰਾਂ ਤੇ ਚਲਾਇਆ, ਗੁਰੂ ਰਾਮ ਸਿੰਘ ਤੇ ਉਹਨਾਂ ਦੇ ਪ੍ਰਚਾਰ ਤੋਂ ਅੰਗਰੇਜ਼ ਸਰਕਾਰ ਬੋਖਲਾ ਉਠੀ। ਲੋਕਾਂ ਨੂੰ ਆਪਣੇ ਮੁਕਤੀ ਦਾਤਾ ਦੇ ਦਰਸ਼ਨ ਹੋਏ ਤੇ ਉਹ ਲੱਖਾਂ ਦੀ ਗਿਣਤੀ ਵਿਚ ਉਨ੍ਹਾਂ ਦੇ ਦਵਾਰੇ ਤੇ ਆ ਡਿਗੇ। ਇਕ ਇਕ ਸਿਖ ਆਪਣੇ ਗੁਰੂ ਦੇ ਚਰਨਾਂ ਤੋਂ ਬਲੀਦਾਨ ਹੋਣ ਲਈ ਤਿਆਰ ਰਹਿੰਦਾ।

ਜਦੋਂ ਅੰਗਰੇਜ਼ ਸਰਕਾਰ ਨੇ ਅੰਮ੍ਰਿਤਸਰ ਸਵਰਨ ਮੰਦਰ ਦੇ ਨੇੜੇ ਹੀ ਬੁਚੜਖਾਨਾਂ ਖੁਲ੍ਹਵਾ ਦਿਤਾ ਅਤੇ ਇੱਲਾਂ, ਕਾਂ, ਗਊਆਂ ਦੀਆਂ ਹਡੀਆਂ ਅਤੇ ਮਾਸ ਦੇ ਟੁਕੜੇ ਪਵਿਤ੍ਰ ਸਰੋਵਰ ਵਿਚ ਲਿਆ ਲਿਆਕੇ ਸੁਟਣ ਲਗੇ ਤਾਂ ਨਾਮਧਾਰੀ ਇਹ ਵੇਖਕੇ ਜਰ ਨਾ ਸਕੇ। ਉਹਨਾਂ ਨੇ ਗਊਘਾਤ ਦਾ ਦੁੱਖ ਨਾ ਸਹਾਰਦੇ ਹੋਏ ਬੁਚੜਾਂ ਨੂੰ ਵੱਢ ਦਿਤਾ ਅਤੇ ਗਊਆਂ ਦੀਆਂ ਰੱਸੀਆਂ ਖੋਹਲਕੇ ਉਹਨਾਂ ਨੂੰ ਅਜ਼ਾਦ ਕਰ ਦਿਤਾ। ਇਕ ਈਸਾ ਉਤੇ ਸਾਰਾ ਯੂਰਪ ਨਾਜ਼ ਕਰਦਾ ਹੈ ਪਰ ਲੋਕਾਂ ਨੇ ਆਪਣੀਆਂ ਅੱਖਾਂ ਨਾਲ ਵੇਖਿਆ ਕਿ ਗਊ ਗਰੀਬ ਦੀ ਰਖਿਆ ਬਦਲੇ ੮੦ ਈਸਾ ਖੁਸ਼ੀ ਖੁਸ਼ੀ ਆਪਣੇ ਹਥੀਂ ਫਾਂਸੀ ਦਾ ਰੇਸ਼ਮੀ ਰੱਸਾ ਆਪਣੇ ਗੱਲ ਵਿਚ ਪਾਕੇ ਅਤੇ ਤੋਪਾਂ ਅਗੇ ਛਾਤੀਆਂ ਤਾਣ ਕੇ ਹੱਸਦੇ "ਸਤਿਗੁਰੂ ਰਾਮ ਸਿੰਘ ਜੀ ਦੀ ਜੈ" ਦੇ ਨਾਹਰੇ ਲਾਂਦੇ ਸ਼ਹੀਦ ਹੋ ਗਏ।

ਹੈਂ! ਇਹ ਕੀ ਕਹਿ ਰਹੇ ਹੋ? ੮੦ ਈਸਾ ਸ਼ਹੀਦ ਹੋ ਗਏ? ਅੱਜ ਤਕ ਦੁਨੀਆਂ ਇਕ ਈਸਾ ਨੂੰ ਯਾਦ ਕਰਦੀ ਹੈ ਤੁਸੀਂ ਤੇ ਨਵੀਂ ਹੀ ਗੱਲ ਕਰ ਦਿਤੀ ਹੈ।

ਹਾਂ ਵੀਰ ਜੀ ਇਹ ਬਿਲਕੁਲ ਠੀਕ ਹੈ ਪਰ ਜੇ ਤੁਸੀਂ ਮੰਨਣ ਤੋਂ ਇਨਕਾਰ ਕਰ ਰਹੇ ਹੋ ਤਾਂ ਫਿਰ ਮੈਂ ਕੀ ਆਖਾਂ।

ਅਗੋਂ ਸੁਣੋ। ਜਦੋਂ ਅੰਗਰੇਜ਼ ਸਰਕਾਰ ਦਾ ਕੋਈ ਵੱਸ ਨਾ ਚਲਿਆ ਤਾਂ ਉਸ ਅਕਲ ਦੀ ਦੁਸ਼ਮਨ ਸਰਕਾਰ ਨੇ ਤ੍ਰਿਲੋਕੀ ਦੇ ਮਾਲਕ ਨੂੰ ਦੇਸ਼ ਨਿਕਾਲਾ ਦੇਣ ਦੀਆਂ ਸਕੀਮਾਂ ਬਣਾਈਆਂ। ਜਿਸਦੇ ਹੁਕਮ ਵਿਚ ਕੁਲ ਸ੍ਰਿਸ਼ਟੀ ਹੈ ਅਤੇ ਜਿਸਦੇ ਹੁਕਮ ਤੋਂ ਬਗੈਰ ਪੱਤਾ ਵੀ ਨਹੀਂ ਹਿਲ ਸਕਦਾ ਉਸ ਨੂੰ ਦੇਸ਼ ਛਡਣ ਦਾ ਹੁਕਮ ਹੋ ਗਿਆ। ਸ੍ਰੀ ਸਤਿਗੁਰੂ ਜੀ ਸੰਗਤ ਨੂੰ ਰੋਂਦੀ ਛਡਕੇ ਕਾਲੀ ਕੰਬਲੀ ਦੀ ਬੁੱਕਲ ਮਾਰ ਗੱਡੇ ਤੇ ਬਹਿਕੇ ਸਿਪਾਹੀਆਂ ਨਾਲ ਲੁਧਿਆਣੇ ਪਹੁੰਚ ਗਏ। ਅੰਗਰੇਜ਼ ਆਪਣੀ ਬੜੀ ਵਡਿਆਈ ਸਮਝ ਰਹੇ ਸਨ। ਪਰ ਇਹ ਕੀ! ਉਹਨਾਂ ਨੂੰ ਸ੍ਰੀ ਸਤਿਗੁਰੂ ਜੀ ਦਿਖਾਈ ਹੀ ਨਹੀਂ ਦੇ ਰਹੇ। ਉਹ ਲਗੇ ਹੱਥ ਮਲਣ ਕਿ "ਕੂਕਾ" ਕਿਧੇ ਗਿਆ। ਇੰਨੇ ਨੂੰ ਸਚੇ ਪਾਤਸ਼ਾਹ ਜੀ ਅੰਦਰ ਆਉਂਦੇ ਦਿਸ ਪਏ ਤਾਂ ਉਨ੍ਹਾਂ ਦਾ ਸਾਹ ਵਿਚ ਸਾਹ ਆਇਆ। ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਕੀ ਤੁਸੀਂ ਸਮਝਦੇ ਹੋ ਕਿ ਮੈਂ ਤੁਹਾਡਾ ਕੈਦੀ ਹਾਂ। ਪਰ ਇਹ ਗਲਤ ਹੈ। ਮੈਂ ਤਾਂ ਆਪਣੀ ਮਰਜੀ ਨਾਲ ਹੀ ਤੁਹਾਡੇ ਨਾਲ ਜਾ ਰਿਹਾ ਹਾਂ।

ਸ੍ਰੀ ਸਤਿਗੁਰੂ ਜੀ ਨੂੰ ਪਹਿਲਾਂ ਗਡੀ ਰਾਹੀਂ ਇਲਾਹਾਬਾਦ ਲਿਜਾਕੇ ਇਕ ਕਿਲੇ ਵਿਚ ਰਖਿਆ ਗਿਆ। ਦੋ ਕੁ ਮਹੀਨਿਆਂ ਬਾਦ ਉਥੋਂ ਬਰਮਾ ਭੇਜ ਦਿਤਾ ਗਿਆ ਅਤੇ ਅਖੀਰ ਤੇ ਮਰਗੋਈ ਭੇਜ ਦਿਤਾ

ਗਿਆ। ਬਾਵਜੂਦ ਸਖਤ ਪਹਿਰਿਆਂ ਦੇ ਉਨ੍ਹਾਂ ਦੇ ਸਿਖ ਉਹਨਾਂ ਦੇ ਦਰਸ਼ਨਾਂ ਲਈ ਉਥੇ ਪਹੁੰਚ ਜਾਂਦੇ।

ਸ੍ਰੀ ਸਤਿਗੁਰੂ ਜੀ ਬੰਦੂਕਾਂ ਦੇ ਸਖਤ ਪਹਿਰੇ ਦੇ ਹੁੰਦਿਆਂ ਵੀ ਜਦੋਂ ਚਾਹੁੰਦੇ ਕਿਲੇ ਦੇ ਬਾਹਰ ਪਹੁੰਚ ਜਾਂਦੇ। ਪਹਿਰੇਦਾਰਾਂ ਨੂੰ ਪਤਾ ਹੀ ਨਾ ਲਗਦਾ। ਕਦੀ ਉਹਨਾਂ ਦੇ ਦਰਸਨ ਅੰਦਰ ਹੁੰਦੇ ਤੇ ਕਦੀ ਬਾਹਰ। ਜਦੋਂ ਦਿਲ ਕਰਦਾ ਕਿਧਰੇ ਚਲੇ ਜਾਂਦੇ ਜਦੋਂ ਦਿਲ ਕਰਦਾ ਫਿਰ ਅੰਦਰ ਆ ਜਾਂਦੇ। ਇਕ ਦਿਨ ੨੯ ਦਸੰਬਰ ਸੰਨ ੧੮੮੫ ਨੂੰ ਉਹ ਬਾਹਰ ਚਲੇ ਗਏ ਅਤੇ ਫਿਰ ਵਾਪਸ ਨਹੀਂ ਆਏ। ਅੰਗ੍ਰੇਜ਼ ਵਿਚਾਰਿਆਂ ਨੂੰ ਜਦੋਂ ਹੋਰ ਕੁਝ ਨਾ ਸੁਝਿਆ ਤਾਂ ਉਹਨਾਂ ਨੇ ਐਲਾਨ ਕਰ ਦਿਤਾ ਕਿ ਗੁਰੂ ਰਾਮ ਸਿੰਘ ਜੀ ਸਰੀਰ ਛਡ ਗਏ ਹਨ। ਜਦ ਕਿ ਉਹਨਾਂ ਦਾ ਇਹ ਹੁਕਮ ਸੀ ਕਿ ਭਾਵੇਂ ਸੂਰਜ ਪੂਰਬ ਦੀ ਜਗ੍ਹਾ ਪੱਛਮ ਤੋਂ ਚੜ੍ਹੇ ਪਰ ਅਸੀਂ ਇਸੇ ਜਾਮੇ ਵਿਚ ਵਾਪਸ ਆਵਾਂਗੇ। ਭਾਵੇਂ ਤੁਹਾਨੂੰ ਕੋਈ ਇਹ ਆਖੇ ਕਿ ਮੈਂ ਆਪਣੇ ਹਥੀਂ ਉਹਨਾਂ ਨੂੰ ਲਾਂਬੂ ਲਾਕੇ ਆਇਆ ਹਾਂ ਪਰ ਤੁਸੀਂ ਨਾ ਮੰਨਿਆਂ ਜੇ। ਉਥੋਂ ਅਲੋਪ ਹੋਣ ਤੋਂ ਪਿਛੋਂ ਕਈਆਂ ਨੂੰ ਕਈ ਥਾਵਾਂ ਤੇ ਉਹਨਾਂ ਦੇ ਦਰਸ਼ਨ ਹੁੰਦੇ ਰਹੇ ਹਨ ਅਤੇ ਅਜੇ ਵੀ ਹੁੰਦੇ ਹਨ। ਉਨ੍ਹਾਂ ਨੇ ਆਪਣੀ ਹਥੀਂ ਲਾਈ ਹੋਈ ਨਾਮਧਾਰੀ ਪੰਥ ਦੀ ਫੁਲਵਾੜੀ ਵਿਚ ਜ਼ਰੂਰ ਹੀ ਉਸੇ ਜਾਮੇ ਵਿਚ ਵਾਪਸ ਪਰਤਨਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਦੀ ਇਸੇ ਸਰੀਰ ਵਿਚ ੨੫੦ ਸਾਲ ਉਮਰ ਲਿਖੀ ਹੈ। ਉਸ ਹਿਸਾਬ ਨਾਲ ਉਹਨਾਂ ਦੀ ਉਮਰ ਅਜੇ ੧੭੧ ਸਾਲ ਹੈ। ਉਹ ਆਉਣਗੇ ਅਤੇ ਜ਼ਰੂਰ ਆਉਣਗੇ।

ਪਰ ਮੈਂ ਤੇ ਇਹ ਨਹੀਂ ਮੰਨਦਾ ਕਿ ਕਿਸੇ ਵੀ ਮਨੁੱਖ ਦੀ ਇੰਨੀ ਲੰਮੀ ਉਮਰ ਹੋ ਸਕਦੀ ਹੈ।

ਪਰ ਵੀਰ ਜੀ ਤੁਸੀਂ ਅਕਾਲ ਪੁਰਖ ਨੂੰ ਮਨੁੱਖ ਕਹਿਕੇ ਬੜੀ ਵੱਡੀ ਗਲਤੀ ਕਰ ਰਹੇ ਹੋ। ਜੇ ਤੁਸੀਂ ਮੇਰੀਆਂ ਇਹਨਾਂ ਸੱਚੀਆਂ ਗੱਲਾਂ ਨਾਲ ਸਹਿਮਤ ਨਹੀਂ ਹੁੰਦੇ ਤੇ ਫਿਰ ਮੈਂ ਕੀ ਆਖਾਂ।

—o—

ਦੇਹ ਦੀਦਾਰ ਆਕੇ

ਗੁਰੂ ਰਾਮ ਸਿੰਘ ਚੀਨੀ ਵਾਲੇ ਆਕੇ ਦਿਉ ਦੀਦਾਰ ਪੀਆ।
ਜਾਣ ਵੇਲੇ ਸੀ ਜਿਹੜੇ ਕੀਤੇ ਪੂਰੇ ਕਰੋ ਇਕਰਾਰ ਪੀਆ।
ਕੂਕੇ ਤੇਰੇ ਹਿਜ਼ਰ ਦੇ ਅੰਦਰ ਜੀਵਨ ਰਹੇ ਗੁਜ਼ਾਰ ਪੀਆ।
ਤੁਮ ਘਰ ਆਵੋ ਮੀਤ ਆਖ ਕੇ ਪੜ੍ਹਦੇ ਆਸਾ ਵਾਰ ਪੀਆ।
ਵਿਚ ਉਡੀਕਾਂ ਲਖਾਂ ਤੁਰ ਗਏ ਪ੍ਰੇਮੀ ਨਰ ਤੇ ਨਾਰ ਪੀਆ।
ਮਥਰਾ ਜਾਕੇ ਕਾਨ੍ਹ ਦੇ ਵਾਂਗੂ ਗੋਕਲ ਦਿਤੀ ਵਿਸਾਰ ਪੀਆ।
ਜਿਵੇਂ ਬਨਬਾਸੋਂ ਰਾਮ ਆਏ ਸੀ ਕਰ ਸਮੁੰਦ੍ਰ ਪਾਰ ਪੀਆ।
ਆਵੋ ਤਿਵੇਂ ਰਾਮ ਹਰਿ ਭਾਰਤ, ਸੰਗਤ ਰਹੀ ਪੁਕਾਰ ਪੀਆ।
ਭਾਰਤ ਹੋਇਆ ਆਜਾਦ ਪ੍ਰੀਤਮ ਤੇਰੀ ਨੀਤੀ ਧਾਰ ਪੀਆ।
ਐਪਰ ਅਜੇ ਹੋਵਣਾ ਬਾਕੀ ਲੋਕਾਂ ਦਾ ਸੁਧਾਰ ਪੀਆ।
ਹਰ ਪਾਸੇ ਹੀ ਬਦ ਅਮਨੀ ਦੀ ਮਚੀ ਹਾ ਹਾ ਕਾਰ ਪੀਆ।
ਪਲ ਵਿਚ ਦੁਨੀਆਂ ਖਤਮ ਕਰਨ ਲਈ ਬਣ ਰਹੇ ਨੇ ਹਥਿਆਰ ਪੀਆ।
ਸਤਿਗੁਰੂ ਜਗਜੀਤ ਹਰੀ ਜੀ ਸੰਗਤ ਰਹੇ ਸੰਭਾਰ ਪੀਆ।
ਦੇਸ਼ਾਂ ਪ੍ਰਦੇਸ਼ਾਂ ਵਿਚ ਜਾਕੇ ਸੰਗਤਾਂ ਨੂੰ ਰਹੇ ਤਾਰ ਪੀਆ।
ਹਰਦਮ ਤੇਰੇ ਦਰਸ਼ਨਾਂ ਦਾ ਹੀ ਕਰ ਰਹੇ ਨੇ ਇੰਤਜ਼ਾਰ ਪੀਆ।
ਦੇਹ ਦਰਸ਼ਨ ਸਿਕ ਲਾਹੋ ਅਸਾਡੀ ਚੀਨੀ ਦੇ ਅਸਵਾਰ ਪੀਆ।

ਹਰਬੰਸ ਸਿੰਘ ਮੈਨੇਜਰ “ਸਤਿਜੁਗ”

—o—

Namdhari Elibrary NamdhariElibrary@gmail.com

(੮ ਸਵੇ ਦੀ ਬਾਕੀ)

ਮੈਂ ਰਾਗੀਨ ਸੰਗ ਬਹੁ ਕਹਿਓ ।
ਪਾਠ ਕਰਨ ਥੋਰੇ ਅਬ ਰਹਿਓ।
ਭੋਗ ਸੁਖਮਨੀ ਲੇਵੇ ਪਾਇ।
ਪੀਛੇ ਕੀਰਤਨ ਕਰਹੁ ਬਨਾ ਇ।
ਬਹੁ ਕਹਿ ਰਹਿਓ ਨ ਕੈਸੇ ਮਾਨਿਓ।
ਨਹੀਂ ਸੁਖਮਨੀ ਭੋਗ ਬਖਾਨਿਓ ।
ਸਾਜ਼ ਵਜਾਇ ਸੁ ਰਾਗ ਉਚਾਰਾ।
ਕਰਿਓ ਕੀਰਤਨ ਸਭਾ ਮਝਾਰਾ ।
ਤਬ ਮੈਂ ਕਹਯੋ ਤੁਮੈ ਤਨਖ ਹ।
ਲਗਵਾਵੇ ਕਹਿ ਸ੍ਰੀ ਗੁਰ ਪਾਹ।

ਸਿਖ ਨੇ ਰਾਗੀਆਂ ਨੂੰ ਦਬਕਾ ਮਾਰਿਆ ਕਿ ਗੁਰੂ ਜੀ ਪਾਸੋਂ ਤੁਹਾਨੂੰ ਡੰਨ(ਤਨਖਾਹ) ਲਗਵਾਵਾਂਗਾ

ਸਾਚੇ ਪਾਤਸ਼ਾਹ ਪ੍ਰਭ ਪੂਰੇ,
ਕਰੀਐ ਮੇਰੋ ਨਿਯਾਉ ਹਦੂਰੇ।

ਅਗੋਂ ਸ੍ਰੀ ਗੁਰੂ ਜੀ ਨੇ ਮੁਸਕ੍ਰਾਕੇ ਫੁਰਮਾਇਆ ਕਿ ਹੇ ਭਾਈ ਸਿਖਾ ! ਸੁਣ। ਤੂੰ ਰਾਗੀਆਂ ਨੂੰ ਤਨਖਾਹੀਏ ਨਾ ਸਮਝ ਵੱਡਾ ਤਨਖਾਹੀਆ ਤਾਂ ਓਹ ਹੈ ਜੋ ਹਰਿ ਕੀਰਤਨ ਸੁਣਨ ਵਲੇ ਗੱਲਾਂ ਕਰਦਾ ਹੋਵੇ। ਤੂੰ ਬਾਣੀ ਪੜ੍ਹਦਾ ਹੈਂ ਅਤੇ ਸੰਗਤ ਨੂੰ ਚਬੋਣੀ ਦਿੰਦਾ ਹੈਂ ਜਿਸਤੋਂ ਥੋੜੀ ਹੀ ਤ੍ਰਿਪਤੀ ਹੁੰਦੀ ਹੈ। ਅਤੇ ਰਾਗੀ ਆਕੇ ਪ੍ਰਸਾਦ ਛਕਾਉਂਦੇ ਹਨ ਅਤੇ ਵੱਡੇ ਭਾਗਾਂ ਵਾਲੇ ਹਨ ਓਹ ਪੁਰਸ਼ ਜਿਨ੍ਹਾਂ ਨੂੰ ਕੀਰਤਨ ਸੁਣਕੇ ਤ੍ਰਿਪਤੀ ਹੁੰਦੀ ਹੈ। ਇਨ੍ਹਾਂ ਰਾਗੀਆਂ ਤੇ ਗੁਰੂ ਜੀ ਦੀ ਪ੍ਰਸੰਨਤਾ ਹੈ ਕਿਉਂਕਿ ਕਲਿਜੁਗ ਵਿਚ ਕੀਰਤਨ ਅਤੇ ਨਾਮ ਆਸਰਾ ਰੂਪ ਹਨ। ਜੋ ਸਰਧਾ ਭਾਵਨਾ ਨਾਲ ਕੀਰਤਨ ਕਰਦਾ ਹੈ । ਉਸਦੇ ਸਤਿਗੁਰੂ ਅੰਗ ਸੰਗ ਰਹਿੰਦੇ ਹਨ ਅਤੇ ਉਸ ਨੂੰ ਇਸ ਸੰਸਾਰ ਵਿਚ ਸੁਖ ਦੀ ਪ੍ਰਾਪਤੀ ਹੁੰਦੀ ਹੈ। ਇਸ ਕਥਾ ਨੂੰ ਭਾਈ ਸੰਤੋਖ ਸਿੰਘ ਜੀ ਨੇ ਗੁਰ ਪ੍ਰਤਾਪ ਸੂਰਜ ਵਿਚ ਇਓਂ ਲਿਖਿਆ ਹੈ:—

ਸ੍ਰੀ ਮੁਖ ਤੇ ਮੁਸਕਾਇ ਬਖਾਨਾ।
ਭਾਈ ਸਿਖਾ ! ਸੁਨਹੁ ਸੁਜਾਨਾ।
ਨਹਿ ਜਾਨਉ ਰਾਗੀ ਤਨਖਾਹੀ।
ਗੁਰਬਾਣੀ ਮਹਿ ਗਾਵਨ ਜਾਹੀ।
ਹਰਿ ਜਸ ਸੁਨਤੇ ਬਾਤ ਚਲਾਵੈ।
ਵਹ ਤਨਖਾਹੀ ਬਡਾ ਕਹਾਵੈ ।
ਤੂੰ ਸੰਗਤਿ ਕੋ ਦੇਤਿ ਚਬੀਣੀ ।
ਜਿਸਤੇ ਤ੍ਰਿਪਤਿ ਹੋਤ ਹੈ ਝੀਣੀ।
ਰਾਗੀ ਆਨਿ ਪ੍ਰਸਾਦਿ ਛਕਾਇਓ।
ਵੱਡ ਭਾਗਨ ਕੇ ਬਹੁ ਤ੍ਰਿਪਤਾਇਓ।
ਇਸ਼ ਪਰ ਗੁਰ ਕੀ ਖੁਸ਼ੀ ਉਦਾਰਾ।
ਕਲਿਜੁਗ ਕੀਰਤਨ ਨਾਮ ਅਧਾਰਾ
ਗੁਰੂ ਭਾਵਨੀ ਧਰ ਕੇ ਜੋਉ।
ਸ਼ਬਦ ਕੀਰਤਨ ਕਰਹੈ ਕੋਊ,
ਗੁਰੂ ਸੰਗ ਬਜਿ ਆਵੈ ਤਾਹੀ।
ਪ੍ਰਾਪਤਿ ਹੋਵੈ ਸੁਖ ਭਵ ਮਾਹੀ।
ਤਜਿ ਬਿਕਾਰ ਕੇ ਗਾਵਹਿ ਨਾਦ।......

ਸ੍ਰੀ ਗੁਰੂ ਬਾਲਕ ਸਿੰਘ ਜੀ ਦੇ ਸਮੇਂ ਓਨਾਂ ਦੇ ਹਜ਼ੂਰ ਰਾਗੀ ਕੀਰਤਨ ਕਰਦੇ ਰਹੇ ਹਨ। ਓਨਾਂ ਦੇ ਨਾਮ ਅਤੇ ਹੋਰ ਵੇਰਵਾ ਅਪ੍ਰਾਪਤ ਹੈ। ਪਰ ਇਤਿਹਾਸ ਵਿਚ ਇਹ ਲਿਖਿਆ ਮਿਲਦਾ ਹੈ ਕਿ ਗੁਰੂ ਜੀ ਕਥਾ ਆਪ ਕਰਦੇ ਹੁੰਦੇ ਸਨ ਅਤੇ ਆਪ ਜੀ ਦੇ ਸਨਮੁਖ ਕੀਰਤਨ ਭੀ ਹੋਇਆ ਕਰਦਾ ਸੀ।

ਸਿਖ ਰਾਜ ਦੇ ਪਹਿਲੇ ਦਿਨਾਂ ਵਿਚ ਸਿਖਾਂ ਵਿਚ ਕੀਰਤਨ ਕਥਾ ਕਰਨ ਦੀ ਰੀਤੀ ਚਲਦੀ ਰਹੀ। ਇਸਦਾ ਪ੍ਰਮਾਣ ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪ੍ਰਕਾਸ਼ ਵਿਚੋਂ ਮਿਲਦਾ ਹੈ—

ਕੀਰਤਨ ਕਥਾ ਪਾਠ ਗੁਰੂ ਗ੍ਰੰਥ ਕੇ ਬਾਟ
ਜੋੜ ਮੇਲ ਬਾਟ ਰਾਠ ਕਾਠ ਮੇਲ ਠਾਨੀ ਥੇ।
ਹੋਮ ਜਗ ਕਰਵਾਤੇ ਪ੍ਰਸ਼ਾਦ ਬਟਵਾਤੇ
ਰੌਣਕ ਰਖਾਤੇ ਗਾਤੇ ਸ਼ਬਦ ਜ਼ਬਾਨੀ ਥੇ।
(ਪੰਥ ਪ੍ਰਕਾਸ਼ ਉਤ੍ਰਾਰਧ ਬਿਸ੍ਰਾਮ ੬੦)

ਰਾਜ ਮਦ ਵਿਚ ਪੈ ਕੇ ਸਿਖੀ ਆਚਰਣ ਛੁਟ ਗਿਆ। ਐਸਾ ਛੁਟਿਆ ਕਿ ਰਾਜ ਭਾਗ ਭੀ ਹਥੋਂ ਜਾਂਦਾ ਰਿਹਾ। ਇਸ਼ਨਾਨ, ਪਾਣੀ ਭਜਨ ਬਾਣੀ, ਕਥਾ ਕੀਰਤਨ ਇਓਂ ਹੋ ਗਿਆ ਕਿ ਜਿਵੇਂ ਏਹ ਸਿਖੀ ਰਹੁ ਰੀਤਾਂ ਵਿਚ ਹੈ ਹੀ ਨਹੀਂ ਸੀ। ਐਸੀ

Namdhari Elibrary NamdhariElibrary@gmail.com

ਦਸ਼ਾ ਵੇਖਕੇ ਹੀ ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ—

ਸਿਖੀ ਦਸਮੇਸ਼ ਕੀ ਸੁ ਕੀ ਅਪਰ ਦੇਸ ਕੀ
ਅਸਿਖੀ ਪਰੀ ਪੇਸ਼ਗੀ ਛਿਨਾਰ ਬਨ ਠਨਕੇ ।

ਸਿਖੀ ਪਰਦੇਸਣ ਬਣ ਗਈ ਅਤੇ ਅਸਿਖੀ ਚੰਮੜ ਗਈ, ਛਿਨਾਰ (ਵੇਸ਼ਵਾ) ਇਸਤ੍ਰੀ ਦੀ ਤਰਾਂ। ਸਿਖ ਰਾਜ ਦੇ ਖਤਮ ਹੋਣ ਤੇ ਅੰਗ੍ਰੇਜ਼ੀ ਰਾਜ ਨਾਲ ਪੰਜਾਬ ਨੂੰ ਭੀ ਸ਼ਾਮਲ ਕੀਤਾ ਗਿਆ ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਹਿਲਾਂ ਸਿਖ ਫੌਜ ਵਿਚ ਸਨ ਪਰ ਸਿਖਾਂ ਦੇ ਆਚਰਣ ਤੋਂ ਵਾਲ ਵਾਲ ਦੁਖੀ ਹੋਕੇ ਇਨਾਂ ਦਾ ਨਾਮ ਮਲੇਸ਼ ਖਾਲਸਾ ਰਖ ਦਿਤਾ ਸੀ। ਫੌਜ ਵਿਚ ਹੁੰਦੇ ਹੋਇਆਂ, ਇਕ ਵਾਰੀ ਕਿਸੇ ਕੰਮ ਫੌਜ ਪੇਸ਼ਾਵਰ ਨੂੰ ਗਈ ਤਦ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਭੀ ਓਸ ਪਲਟਨ ਵਿਚ ਸਨ। ਹਜਰੋਂ ਜਾਕੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਜਸ ਸੁਣਕੇ ਦਰਸ਼ਨ ਕਰਨ ਗਏ। ਅਗੋਂ ਸਤਿਗੁਰੂ ਬਾਲਕ ਸਿੰਘ ਜੀ ਨੇ ਉਠਕੇ ਸ੍ਵਾਗਤ ਕੀਤਾ। ਦਸ-ਮੇਸ਼ ਵਲੋਂ ਸੰਭਾਲੀ ਹੋਈ ਗੁਰਿਆਈ ਦੀ ਅਮਾਨਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਅਰਪਿਤ ਕੀਤੀ ਅਤੇ ਨਾਲ ਦੇ ਫੌਜੀਆਂ ਨੂੰ ਆਖਿਆ ਕਿ ਇਨਾਂ ਨੂੰ ਆਪਣੇ ਵਰਗਾ ਨਾ ਸਮਝਣਾਂ। ਇਨਾਂ ਦਾ ਪੂਜਨ ਸਤਿਕਾਰ ਕਰਨਾ।

ਮੁਦਕੀ ਦੀ ਲੜਾਈ ਵੇਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਫੌਜ ਛੱਡ ਆਏ ਸਨ। ਛੋਟੇ ਹੁੰਦਿਆਂ ਤੋਂ ਹੀ ਆਪ ਜੀ ਨੂੰ ਕੀਰਤਨ ਦਾ ਸ਼ੋਕ ਸੀ। ਪਰ ਸੰਮਤ ੧੯੧੪ ਵੈਸਾਖੀ ਤੋਂ ਪੂਰਨ ਰੀਤੀ ਅਨੁਸਾਰ ਭਜਨ ਬਾਣੀ, ਕੀਰਤਨ ਕਰਨਾ ਆਪ ਜੀ ਦੀ ਹਜ਼ੂਰੀ ਵਿਚ ਆਰੰਭ ਹੋਇਆ। ਆਸਾ ਦੀ ਵਾਰ ਅਤੇ ਸੰਝਦੇ ਦੀਵਾਨਾਂ ਵਿਚ ਆਮ ਕਰਕੇ ਰਾਗੀ ਕੀਰਤਨ ਕਰਦੇ ਅਗੇ ਪਿਛੇ ਹਲੇ ਦੇ ਦੀਵਾਨ ਸਿੰਘ ਆਪ ਹੀ ਲਾ ਲੈਂਦੇ। ਆਪ ਜੀ ਨੇ ੧੦ ਸਾਲਾਂ ਵਿਚ ੭ ਲੱਖ ਸਿੰਘ ਸਜਾਏ। ਆਪ ਜੀ ਦੇ ਸਮੇਂ ਦੇ ਕੀਰਤਨ ਕਰਨ ਵਾਲੇ ਰਬਾਬੀਆਂ ਦੇ ਨਾਮ ਸਾਰੇ ਪ੍ਰਾਪਤ ਨਹੀਂ ਹੋ ਸਕੇ। ਰਬਾਬੀਆਂ ਵਿਚੋਂ ਭਾਈ ਤਾਰਾ ਅਤੇ ਭਾਈ ਮਾਲੀ ਆਪ ਜੀ ਦੇ ਹਜ਼ੂਰ ਕੀਰਤਨ ਕਰਦੇ ਰਹੇ। ਸਿਖਾਂ ਵਿਚੋਂ ਭਾਈ ਕ੍ਰਿਪਾਲ ਸਿੰਘ ਜੀ ਇਨਾਂ ਦੇ ਭਰਾ ਨਿਹਾਲ ਸਿੰਘ ਅਤੇ ਹਰਨਾਮ ਸਿੰਘ ਆਪ ਜੀ ਦੇ ਹਜ਼ੂਰੀ ਕੀਰਤਨ ਕਰਨ ਵਾਲਿਆਂ ਵਿਚੋਂ ਸਨ। ਇਹ ਭਦੌੜ(ਰਿਆਸਤ ਪਟਿਆਲਾ) ਦੇ ਰਵਿਦਾਸੀਏ ਪ੍ਰੇਮੀ ਸਿਖ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਐਸੇ ਆਸ਼ਕ ਸਨ ਕਿ ਸਤਿਗੁਰੂ ਜੀ ਦੇ ਪ੍ਰਦੇਸ ਗਵਨ ਤੋਂ ਪਿਛੋਂ ਦਰਸ਼ਨਾਂ ਲਈ ਵਿਆਕੁਲ ਹੋਕੇ ਭਾਈ ਕ੍ਰਿਪਾਲ ਸਿੰਘ ਜੀ ਘਰ ਦਾ ਗਹਿਣਾ ਗੱਟਾ ਵੇਚਕੇ ਰੰਗੂਨ ਜਾਕੇ ਦਰਸ਼ਨ ਕਰਕੇ ਆਏ ਸਨ। ਇਨਾਂ ਦੇ ਸਪੁਤ੍ਰ ਸੰਤ ਹਜ਼ੂਰ ਸਿੰਘ ਜੀ ਰਾਗੀ ਜੀਵਨ ਪ੍ਰਯੰਤ ਨਾਮਧਾਰੀ ਪੰਥ ਵਿਚ ਕੀਰਤਨ ਕਰਦੇ ਰਹੇ।

ਸਤਿਗੁਰੂ ਰਾਮ ਸਿੰਘ ਜੀ ਦੇ ਵਕਤ ਰਾਗੀਆਂ ਦਾ ਕੀਰਤਨ ਆਮ ਕਰਕੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੁੰਦਾ ਪਰ ਜਿਥੇ ਜਿਥੇ ਸਿਘ ਰਹਿੰਦੇ ਸਨ ਓਥੇ ਹਲੇ ਦੇ ਦੀਵਾਨ ਦਾ ਕੀਰਤਨ ਜ਼ਰੂਰ ਹੁੰਦਾ।

ਨਾਮਧਾਰੀ ਪੰਥ ਦੇ ਇਤਿਹਾਸ ਦਾ ਇਕ ਪੁਸਤਕ ਜੋ ਸੰਤ ਧਿਆਨ ਸਿੰਘ ਜੀ ਕਾਦਰਾ ਬਾਦ ਵਾਲਿਆਂ ਨੇ ਲਿਖਿਆ ਹੈ, ਓਸ ਇਤਿਹਾਸ ਦੇ ਲਿਖਾਉਣ ਵਾਲੇ ਭਾਈ ਹਰਮੀਤ ਸਿੰਘ ਜੀ ਸਨ, ਜਿਨ੍ਹਾਂ ਨੂੰ ਸਿਖੀ ਦੀ ਜਾਗ ਕੀਰਤਨ ਸੁਣਕੇ ਅਤੇ ਕੀਰਤਨ ਵਿਚ ਇਕ ਬਾਲਕ ਨੂੰ ਮਸਤਾਨਾ ਹੁੰਦਾ ਵੇਖਕੇ ਹੀ ਲਗੀ ਸੀ। ਇਹ ਪੁਸਤਕ "ਸਤਿਗੁਰੂ ਬਿਲਾਸ" ਮਨੋਹਰ ਕਵਿਤਾ ਵਿਚ ਹੈ।

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਚਾਰ ਦੌਰਿਆਂ ਦੇ ਅਰੰਭਿਕ ਦਿਨਾਂ ਵਿਚ ਭੂਤ ਪ੍ਰੇਤ ਆਦਿ ਦਾ ਬਹੁਤ ਰਿਵਾਜ ਸੀ। ਸਤਿਗੁਰੂ ਜੀ ਨੇ ਹੁਕਮ ਦਿਤਾ ਕਿ ਹਰ ਰੋਜ਼ ਢੋਲਕ ਛੈਣਿਆਂ ਨਾਲ ਕੀਰਤਨ ਕਰਿਆ ਕਰੋ ਜਿਥੋਂ ਤਕ ਕੀਰਤਨ ਦੀ ਆਵਾਜ਼ ਸੁਣੀ ਜਾਏਗੀ ਸਭ ਦੀ ਮੁਕਤੀ ਹੋ ਜਾਇਗੀ। ਸਤਿਗੁਰੂ ਜੀ ਦੇ ਵਕਤ ਰਾਗੀਆਂ ਦੇ ਕੀਰਤਨ ਅਤੇ ਢੋਲਕ ਛੈਣਿਆਂ ਦੇ ਕੀਰਤਨ ਵਿਚ ਐਸਾ ਰਸ ਹੁੰਦਾ ਸੀ ਕਿ ਦੀਵਾਨ ਵਿਚ ਅਨਗਿਣਤ ਸਿੰਘ ਮਸਤਾਨੇ ਹੁੰਦੇ ਸਨ।

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜੂਰ ਸ੍ਰੀ ਭੈਣੀ ਸਾਹਿਬ ਮੇਲੇ ਵਿਚ
ਕੀਰਤਨ ਕਰਦੇ ਹੋਏ ।

ਭਾਈ ਕਾਲੂ, ਭਾਈ ਸੋਹਣਾ, ਭਾਈ ਹਜ਼ਾਰੀ, ਭਾਈ ਸੁੰਦਰ,
ਭਾਈ ਸੰਦਲ, ਸ੍ਰ. ਦਲੀਪ ਸਿੰਘ, ਸ੍ਰ. ਸ਼ੰਗਾਰਾ ਸਿੰਘ ਲਖਨਊ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜੂਰੀ ਰਾਗੀ ਭਾਈ ਕਾਲੂ, ਸੁੰਦਰ, ਸੰਦਲ ਤੇ ਮਤੂ ।
ਸੰਤ ਲਾਲ ਸਿੰਘ ਜੀ ਭੂਰੇ ਗਿਲਾਂ ਵਾਲਿਆਂ ਸਮੇਤ ਕੀਰਤਨ ਕਰਦੇ ਹੋਏ ।

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ।

ਨਿਜੀ ਸਵਾਰੀ ਵਾਲੇ "ਹੰਸ" ਘੋੜੇ ਤੇ ਸਵਾਰ

ਕੀਰਤਨ ਕਰਨ ਵਾਲੇ ਰਾਗੀਆਂ ਵਿਚ ਇਕ ਦਿਤੂ ਨਾਮ ਦਾ ਰਾਗੀ ਸੀ। ਇਸ ਦਾ ਅਸਲ ਨਾਮ ਗੁਰਦਿਤ ਸਿੰਘ ਸੀ। ਜਿਸਦਾ ਪਿੰਡ ਧੁਲੇਤਾ(ਦੁਆਬਾ) ਸੀ। ਜਦੋਂ ਸਤਿਗੁਰੂ ਜੀ ਅਪਣੇ ਸ਼ੁਰੂ ਦੇ ਪ੍ਰਚਾਰ ਦੌਰਿਆਂ ਵਿਚ ਗਏ ਤਾਂ ਧੁਲੇਤੇ ਜਾਕੇ ਪੁਛਿਆ ਕਿ ਐਥੇ ਕੋਈ ਮਰਾਸੀਆਂ ਦਾ ਮੁੰਡਾ ਭੀ ਹੈ? ਪਤਾ ਲਗਾ ਕਿ ਬਾਹਰ ਬਕਰੀਆਂ ਚਾਰਨ ਗਿਆ ਹੋਇਆ ਹੈ। ਸਤਿਗੁਰੂ ਜੀ ਓਥੇ ਗਏ। ਜਾਕੇ ਪੁਛਿਆ ਕਿ ਤੈਨੂੰ ਕੁਛ ਆਉਂਦਾ ਹੈ ? ਉਹ ਕਹਿਣ ਲਗਾ ਜੀ ਕੁਛ ਨਹੀਂ ਆਉਂਦਾ। ਫੇਰ ਦੋ ਤਿੰਨ ਵਾਰੀ ਪੁਛਿਆ ਤਾਂ ਉਸਨੇ ਕਿਹਾ ਜੀ ਕਿ ਮੈਨੂੰ ਇਤਨਾਂ ਹੀ ਆਉਂਦਾ ਹੈ:-

ਜਾਂ ਕੋ ਰਾਮ ਧਨੀ। ਤਾਂ ਕੋ ਕਾਹੇ ਕੀ ਕਮੀ।

ਸਤਿਗੁਰੂ ਜੀ ਬਚਨ ਕੀਤਾ ਕਿ ਹਾਂ ਭਾਈ"ਜਾਂਕੋ ਰਾਮ ਧਨੀ ਤਾਂ ਕੋ ਕਾਹੇ ਕੀ ਕਮੀ" । ਇਹ ਇਕ ਐਸਾ ਸੰਕੇਤ ਸੀ ਜਿਸਦਾ ਬਹੁਤਿਆਂ ਨੂੰ ਪਤਾ ਨਹੀਂ ਸੀ। ਇਹ ਸੰਕੇਤ ਏਹ ਸੀ ਕਿ ਅਵਤਾਰ ਹੋਣ ਤੋਂ ਬਾਦ ਛੋਟੀ ਅਵਸਥਾ ਵਿਚ ਪਿਤਾ ਜੀ, ਬਾਬਾ ਜਸਾ ਸਿੰਘ ਜੀ ਨੇ ਸਤਿਗੁਰੂ ਜੀ ਦਾ ਨਾਮ"ਰਾਮ ਧਨ" ਰਖਿਆ ਸੀ।

ਇਸ ਦਿਤੂ ਨੂੰ ਸ੍ਰੀ ਭੈਣੀ ਸਾਹਿਬ ਔਣ ਦਾ ਹੁਕਮ ਦੇ ਆਏ। ਗੰਗਾ ਦੀ ਅਧ ਕੁੰਭੀ ਤੇ ਜਦੋਂ ਸ੍ਰੀ ਸਤਿਗੁਰੂ ਜੀ ਗਏ ਤਾਂ ਏਹ ਨਾਲ ਸੀ। ਉਦੋਂ ਮਸਤਾਨੀ ਬਿਰਤੀ ਵਿਚ ਇਕ ਜਗਾ ਬਾਏ ਵਿਚ ਅੰਬਾਂ ਦੇ ਪਤਰ ਪਾਕੇ ਉਸ ਵਿਚ ਚਕਰ ਫੇਰਦੇ ਰਹੇ ਅਤੇ ਨਾਲ ਕੁਛ ਪੜ੍ਹਦੇ ਰਹੇ। ਦਿਤੂ ਨੂੰ ਬੁਲਾਕੇ ਆਖਿਆ ਕਿ ਆ ਤੈਨੂੰ ਰਾਗ ਪਿਲਾਈਏ। ਉਸ ਨੇ ਬੁਕ ਅਗੇ ਕਰ ਦਿਤਾ,ਪੀ ਲਿਆ ਤਾਂ ਬਚਨ ਕੀਤਾ ਜਾਹ ਤੇਰਾ ਸੁਰ ਕਦੇ ਨਹੀਂ ਬੈਠੇਗਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਸੁਣਿਆ ਹੈ ਕਿ ਇਸ ਦਾ ਸੁਰ ਔਰਤਾਂ ਜਿਨਾਂ ਉਚਾ ਲਗ ਜਾਂਦਾ ਸੀ ਬਿਨਾਂ ਕਿਸੇ ਤਰਾਂ ਦੇ ਵਿਸ਼ੇਸ਼ ਜਤਨ ਕਰਨ ਤੋਂ ॥

ਇਸ ਦਾ ਨਾਮ ਗੁਰਦਿਤ ਸਿੰਘ ਰਖਿਆ ਗਿਆ ਸੀ। ਸਤਿਗੁਰੂ ਹਰੀ ਸਿੰਘ ਜੀ ਪਾਸ ਇਸ ਨੇ ਅਰਜ ਕੀਤੀ ਕਿ ਸਚੇ ਪਾਤਸ਼ਾਹ ਜੀ ਆਪ ਨੇ ਮੈਨੂੰ ਅੰਮ੍ਰਿਤ ਛਕਾਇਆ ਹੈ ਇਸ ਦੀ ਲਾਜ ਭੀ ਆਪ ਜੀ ਨੇ ਹੀ ਰਖਣੀ ਹੈ, ਮੇਰਾ ਸਰੀਰ ਸ੍ਰੀ ਭੈਣੀ ਸਾਹਿਬ ਛੁਟੇ ਜਾਂ ਸ੍ਰੀ ਅੰਮ੍ਰਿਤਸਰ ਛੁਟੇ। ਨਹੀਂ ਤਾਂ ਮੈਨੂੰ ਦਫਨਾ ਦੇਣਗੇ ਇਨਾਂ ਗੁਰਮੁਖ ਪਿਆਰਿਆਂ ਦਾ ਸਰੀਰ ਸ੍ਰੀ ਅੰਮ੍ਰਿਤਸਰ ਛੁਟਿਆਂ ਅਤੇ ਸਾਧਸੰਗਤ ਨੇ ਬੜੇ ਅਦਬ ਨਾਲ ਬਿਬਾਨ ਬਣਾਕੇ ਸੱਜ ਧੱਜ ਨਾਲ ਸਸਕਾਰ ਕੀਤਾ। ਇਸ ਨੂੰ ਸਤਿਗੁਰੂ ਰਾਮ ਸਿੰਘ ਜੀ ਕਦੀ ਕਦੀ ਮਰਦਾਨਾ ਆਖਕੇ ਬੁਲਾਉਂਦੇ ਹੁੰਦੇ ਸੀ। ਮਰਦਾਨੇ ਦੀ ਇਛਾ ਅਨੁਸਾਰ ਉਸਦਾ ਸਰੀਰ ਸਤਿਗੁਰੂ ਨਾਨਕ ਦੇਵ ਜੀ ਦੀ ਹਜ਼ੂਰੀ ਵਿਚ ਛੁਟਿਆ ਅਤੇ ਦਾਹ ਸੰਸਕਾਰ ਕੀਤਾ ਗਿਆ ਸੀ। ਇਸੇ ਤਰ੍ਹਾਂ ਭਾਈ ਗੁਰਦਿਤ ਸਿੰਘ ਦਾ ਵੀ ਕੀਤਾ ਗਿਆ।

ਸਤਿਗੁਰੂ ਰਾਮ ਸਿੰਘ ਜੀ ਵੇਲੇ ਦੇ ਢੋਲਕੀ ਛੈਣਿਆਂ ਦੇ ਦੀਵਾਨਾਂ ਦਾ ਐਸਾ ਪ੍ਰਭਾਵ ਸੀ ਕਿ ਬਹੁਤ ਸਿੰਘ ਅਤੇ ਸਿੰਘਣੀਆਂ ਦੀਵਾਨ ਵਿਚ ਮਸਤਾਨੇ ਹੋ ਜਾਂਦੇ। ਨਾਮਧਾਰੀ ਸਿੰਘਾਂ ਵਿਚ ਸਭ ਤੋਂ ਪਹਿਲੇ ਕਵੀ, ਭਾਈ ਚੰਦਾ ਸਿੰਘ ਜੀ ਨੇ ਸਤਿ-ਗੁਰੂ ਰਾਮ ਸਿੰਘ ਜੀ ਦਾ ਬਾਰਹ ਮਾਂਹ ਲਿਖਿਆ ਹੈ, ਦੀਵਾਨ ਵਿਚ ਮਸਤ ਹੋਣ ਵਾਲਿਆਂ ਦੀ ਵਿਆਖਿਆ ਉਨ੍ਹਾਂ ਨੇ ਇਨ੍ਹਾਂ ਸ਼ਬਦਾਂ ਵਿਚ ਕੀਤੀ ਹੈ:

ਵਜੇ ਢੋਲਕ ਛੈਣੇ ਖੜਕਣ,
ਹੱਲੇ ਦੇ ਸ਼ਬਦ ਕਲੇਜੇ ਰੜਕਣ
ਬੀਬੀਆਂ ਵਾਂਗ ਕਬੂਤਰ ਫਟਕਣ,
ਕਰਦੀਆਂ ਨਿਰਤ ਪੈਰ ਨਹੀਂ ਅਟਕਣ,
ਖੁਲੇ ਕੇਸ ਗਲੇ ਵਿਚ ਲਟਕਣ ਸੋਭਾ ਪਾਂਵਦੇ।

ਭਾਈ ਗੁਰਦਿਤ ਸਿੰਘ ਦਾ ਪੁਤ੍ਰ ਭਾਈ ਮੌਲੀ ਅਤੇ ਮੌਲੀ ਦਾ ਛੋਟਾ ਭਾਈ ਛਿੰਦਾ ਸੀ,"ਮੌਲੀ" ਸ੍ਰੀ ਸਤਿਗੁਰੂ ਹਰੀ ਸਿੰਘ ਜੀ ਪਾਸ ਕੀਰਤਨ ਕਰਦਾ ਰਿਹਾ ਹੈ। ਸਤਿਗੁਰੂ ਹਰੀ ਸਿੰਘ ਜੀ ਨੇ ਇਸ ਦਾ ਨਾਮ"ਜੈ ਸਿੰਘ" ਰਖਿਆ ਸੀ। ਛਿੰਦਾ ਨਹੀਂ ਵੇਖਿਆ ਪਰ ਭਾਈ ਜੈ ਸਿੰਘ ਦੇ ਦਰਸ਼ਨ ਮੈਂ ਚੰਗੀਤਰ੍ਹਾਂ ਕੀਤੇ ਹਨ ਅਤੇ ਕੀਰਤਨ ਭੀ ਸੁਣਿਆ ਹੈ, ਪਿਛਲੇ ਪਹਿਰ ਦੇ ਕੀਰਤਨ ਵਿਚ ਰਾਗ ਮਧੁਮਾਦ

ਸਾਰੰਗ ਵਿਚ ਏਹ ਸਾਰੰਗ ਦਾ ਸ਼ਬਦ "ਗਾਇਓ ਰੀ ਮੈਂ ਗੁਣਨਿਧਿ ਮੰਗਲ ਗਾਇਓ" ਪੜ੍ਹਦੇ ਹੁੰਦੇ ਸਨ ਜਿਸ ਦੀ ਧੁਨਿ ਮਹਾਂ ਅਨੰਦਿਤ ਕਰਨ ਵਾਲੀ ਸੀ। ਪੰਜਾਬੀ ਠੇਕੇ ਵਿਚ ਇਸਨੂੰ ਗਾਇਨ ਕਰਦੇ ਕਈ ਵਾਰੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਭੀ ਬਹੁਤ ਅਨੰਦ ਵਿਚ ਮਗਨ ਹੁੰਦੇ, ਇਨ੍ਹਾਂ ਦੇ ਨਾਲ ਜੋੜੀ ਵਾਲਾ ਭਾਈ ਸਾਂਈ ਦਾਸ ਹੁੰਦਾ ਸੀ।

ਸਤਿਗੁਰੂ ਹਰੀ ਸਿੰਘ ਜੀ ਦੇ ਹਜ਼ੂਰ ਕੀਰਤਨ ਵਾਲੇ ਰਾਗੀਆਂ ਦੇ ਨਾਮ ਜੋ ਪ੍ਰਾਪਤ ਹੋਏ ਹਨ ਓਹ ਏਹ ਹਨ:—

੧. ਭਾਈ ਨਥਾ ਸਿੰਘ
ਭਾਈ ਕਥਾ ਸਿੰਘ
" ਮੇਲਾ ਸਿੰਘ
" ਖਜਾਨ ਸਿੰਘ
" ਜੈਮਲ ਸਿੰਘ ਜੋੜੀ ਵਾਲਾ
" ਰਤਨ ਸਿੰਘ
" ਹਰਨਾਮ ਸਿੰਘ
" ਸੁਜਾਨ ਸਿੰਘ

ਇਕ ਜੋੜੀ ਰਾਗੀਆਂ ਦੀ ਬਾਬੇ ਛੈਣਿਆਂ ਵਾਲੇ ਦੀ ਹੁੰਦੀ ਸੀ।

ਇਸ ਤੋਂ ਬਿਨਾਂ ਭਾਈ ਕਾਲੂ ਜੀ ਨਾਰੋਵਾਲ ਵਾਲੇ ਭੀ ਕੁਝ ਚਿਰ ਸਤਿਗੁਰੂ ਹਰੀ ਸਿੰਘ ਜੀ ਦੇ ਸਨਮੁਖ ਕੀਰਤਨ ਕਰਦੇ ਰਹੇ ਹਨ। ਇਨਾਂ ਦੇ ਸਾਥੀ ਭਾਈ ਮਤੂ ਭਾਈ ਫਤੂ ਜੀ ਸਨ। ਭਾਈ ਫਤੂ ਜੀ ਦੀ ਇਕ ਸਾਖੀ ਬਹੁਤ ਸਿਖਿਆ ਦਾਇਕ ਹੈ ਜੋ ਏਥੇ ਦੇਣੀ ਪਾਠਕਾਂ ਲਈ ਲਾਭਦਾਇਕ ਹੋਵੇਗੀ।

ਸਤਿਗੁਰੂ ਹਰੀ ਸਿੰਘ ਜੀ ਦੇ ਵੇਲੇ ਇਕ ਵਾਰੀ ਐਸੀ ਦਸ਼ਾ ਬਣੀ ਕਿ ਹਰ ਮੇਲੇ ਤੇ ਰਾਗੀ ਰਬਾਬੀ ਬਹੁਤ ਜਿਆਦਾ ਆਉਣ ਲਗ ਪਏ ਕਿ ਸਾਡਾ ਕੀਰਤਨ ਸੁਣੋ। ਔਣ ਵਾਲਿਆਂ ਵਿਚ ਸਿਗਰਟਾਂ ਸ਼ਰਾਬ ਮਾਸ ਵਾਲੇ ਭੀ ਸ਼ਾਮਿਲ ਹੋ ਗਏ। ਇਸ ਤੋਂ ਨਾਮਧਾਰੀ ਸਾਧ ਸੰਗਤ ਵਿਚ ਬਹੁਤ ਚਿੰਤਾ ਹੋਈ। ਆਖਿਰ ਇਹ ਫੈਸਲਾ ਹੋਇਆ ਕਿ ਕੀਰਤਨ ਓਹ ਕਰਨ ਜੋ ਇਹ ਲਿਖਕੇ ਦੇਣ ਕਿ ਮੇਰੇ ਸਰੀਰ ਦਾ ਜਦੋਂ ਅੰਤ ਹੋਵੇ ਤਾਂ ਮੇਰਾ ਸਸਕਾਰ ਕੀਤਾ ਜਾਵੇ। ਭਾਈ ਨੱਥਾ ਸਿੰਘ ਕੱਥਾ ਸਿੰਘ ਆਦਿ ਨੇ ਲਿਖ ਦਿਤਾ ਪਰ ਬਹੁਤੇ ਰਾਗੀ ਛਡ ਆਏ। ਜਿਨਾਂ ਵਿਚ ਭਾਈ ਫਤੂ ਭੀ ਸੀ ਸਿਆਲਕੋਟ ਦੇ ਜ਼ਿਲੇ ਵਿਚ ਗੁਲਸ਼ਾਹ ਦੇ ਮੇਲੇ ਤੇ ਕਈ ਰਾਗੀ ਰਬਾਬੀ ਆ ਜਾਂਦੇ ਹੁੰਦੇ ਸਨ। ਇਕ ਵਾਰੀ ਉਸ ਮੇਲੇ ਤੇ ਹੈਜ਼ੇ ਦੀ ਬੀਮਾਰੀ ਪਈ। ਭਾਈ ਫਤੂ ਹੈਜ਼ੇ ਦੀ ਬੀਮਾਰੀ ਨਾਲ ਜਦੋਂ ਅੰਤਲੇ ਸੁਆਸ ਲੈ ਰਿਹਾ ਸੀ। ਕਿਸੇ ਨੇ ਆਖਿਆ ਕਿ ਇਸ ਨੂੰ ਵਰਾਂਡੀ ਦਿਓ ਬਚ ਜਾਇਗਾ। ਏਹ ਅਵਾਜ਼ ਭਾਈ ਫਤੂ ਦੇ ਕੰਨੀ ਜਿਸ ਵੇਲੇ ਪਈ ਉਸਨੂੰ ਥੋੜੀ ਹੋਸ਼ ਸੀ। ਉਸ ਨੇ ਝਟ ਆਖਿਆ ਕਿ ਮੈਂ ਸਾਧ ਸੰਗਤ ਵਿਚ ਬਚਨ ਕੀਤਾ ਹੋਇਆ ਹੈ ਕਿ ਮੈਂ ਸ਼ਰਾਬ ਨਹੀਂ ਪੀਆਂਗਾ। ਮੈਂ ਮਰ ਜਾਵਾਂ ਬੇਸ਼ਕ ਪਰ ਸ਼ਰਾਬ ਮੇਰੇ ਮੂੰਹ ਵਿਚ ਨਾਂ ਪਇਓ। ਭਾਈ ਫਤੂ ਨੇ ਸ਼ਰਾਬ ਮੂੰਹ ਵਿਚ ਨਹੀਂ ਪੌਣ ਦਿਤੀ। ਕੀਤੇ ਹੋਏ ਬਚਣ ਦੀ ਪਾਲਣਾ ਕੀਤੀ ਸਰੀਰ ਭਾਵੇਂ ਛੁਟ ਗਿਆ।

ਏਨਾਂ ਕਢਿਆਂ ਹੋਇਆਂ ਰਾਗੀਆਂ ਵਿਚ ਭਾਈ ਜੈ ਸਿੰਘ (ਮੌਲੀ) ਭੀ ਸੀ। ਬਹੁਤ ਗਰੀਬੀ ਦੀ ਹਾਲਤ ਵਿਚ ਰਹਿੰਦਾ ਰਿਹਾ ਪਰ ਏਹ ਪ੍ਰਣ ਤੋੜ ਨਿਭਾਇਆ। ਕਹਿੰਦਾ ਕਿ ਮੇਰਾ ਸਾਜ਼ ਸਤਿਗੁਰੂ ਰਾਮ ਸਿੰਘ ਜੀ ਦੀ ਸਾਧ ਸੰਗਤ ਅਗੇ ਹੀ ਖੁਲ੍ਹੇਗਾ। ਪਿੰਡ ਧੁਲੇਤਾ ਵਿਚ ਸੰਤਾਂ ਦਾ ਡੇਰਾ ਸੀ ਬੜੇ ਤਕੜੇ ਸਨ। ਭਾਈ ਜੈ ਸਿੰਘ ਕਿਤਨਾ ਹੀ ਚਿਰ ਬਾਹਰ ਰਿਹਾ ਹੈ ਪਰ ਨਾਮਧਾਰੀ ਸਾਧ ਸੰਗਤ ਤੋਂ ਬਿਨਾਂ ਕਿਸੇ ਅਗੇ ਕੀਰਤਨ ਨਹੀਂ ਕੀਤਾ। ਆਖਰੀ ਸਮੇਂ ਤਕ ਅਪਣਾ ਸੁਹਾਗ ਕਾਇਮ ਰਖਿਆ। ਸਤਿਗੁਰੂ ਹਰੀ ਸਿੰਘ ਜੀ ਢਾਡੀਆਂ ਦੀ ਵਾਰ ਭੀ ਸੁਣਦੇ। ਆਪ ਜੀ ਦੇ ਸੰਮੁਖ ਸੰਤਾ ਸਿੰਘ ਢਾਡੀ ਜਿਸਦਾ ਪੁਤ੍ਰ ਮਾਧੋ ਅਤੇ ਲਾਭ ਸਿੰਘ ਢਾਡੀ ਵਾਰ ਲਾਉਣ ਦੀ ਸੇਵਾ ਕਰਦੇ ਰਹੇ। ਇਕ ਹੋਰ ਢਾਡੀ ਕਲਾਸ ਵਾਲੇ ਦਾ ਸੀ ਜਿਸਦੇ ਨਾਮ ਦਾ ਪਤਾ ਨਹੀਂ ਲਗ ਰਿਹਾ। ਇਨਾਂ ਤੋਂ ਬਿਨਾਂ ਭਾਈ ਹੀਰਾ ਮੁਹਾਵਾ (ਜ਼ਿ: ਅੰਮ੍ਰਿਤਸਰ) ਦਾ ਸੀ। ਇਸ ਦਾ ਸੁਰ ਬਹੁਤ

ਉਚਾ ਲਗਦਾ ਸੀ। ਇਸੇ ਦੇ ਸਪੁਤ੍ਰ ਭਾਈ ਗੁਰਮੁਖ ਸਿੰਘ ਅਤੇ ਸਰਮੁਖ ਸਿੰਘ (ਕਦ ਦੇ ਬਹੁਤ ਭਾਰੇ ਸਨ) ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰ ਕੀਰਤਨ ਕਰਦੇ ਰਹੇ ਹਨ।

ਭਾਈ ਕਾਲੂ ਜੀ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਹੁਤ ਸਨੇਹ ਸੀ। ਇਨਾਂ ਦਾ ਜਨਮ ਭਾਵੇਂ ਸਿੰਘਾਂ ਵਰ ਨਹੀਂ ਸੀ ਹੋਇਆ, ਪਰ ਇਨਾਂ ਦੇ ਅੰਦਰ ਸਿਖੀ ਦੀ ਭਾਵਨਾ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੀ ਲਗਨ, ਨਾਮ ਅਤੇ ਕੀਰਤਨ ਦਾ ਰਸ ਕੂਟ ਕੂਟਕੇ ਭਰਿਆ ਹੋਇਆ ਸੀ। ਇਹ ਕੀਰਤਨ ਤੋਂ ਪਹਿਲਾਂ ਆਸਣ ਅਤੇ ਗੜਵਾ ਲੈ ਜਾਂਦੇ ਬਾਹਰ ਇਕਾਂਤ ਬੈਠਕੇ ਭਜਨ ਕਰਦੇ ਫੇਰ ਆਕੇ ਕੀਰਤਨ ਕਰਦੇ। ਕਈ ਵਾਰੀ ਕਈ ਸਿਖਾਂ ਨੇ ਇਨਾਂ ਦੀ ਬਿਰਤੀ ਦੀ ਪ੍ਰੀਖਿਆ ਕਰਨ ਵਾਸਤੇ ਇਨਾਂ ਮਗਰ ਚੋਰੀ ਚੋਰੀ ਤੁਰੇ ਜਾਣਾ। ਓਨਾਂ ਨੇ ਸੁਣਨਾ ਥੋੜੇ ਥੋੜੇ ਚਿਰ ਬਾਦ ਭਾਈ ਕਾਲੂ ਜੀ ਨੇ ਕਹਿੰਦੇ ਜਾਣਾ "ਧੰਨ ਸਤਿਗੁਰੂ ਰਾਮ ਸਿੰਘ"

ਇਨਾਂ ਦੇ ਭਤੀਜੇ ਭਾਈ ਸੋਹਣਾ, ਭਾਈ ਸੁੰਦਰ, ਵਾਜੇ ਵਾਲੇ ਅਤੇ ਭਾਈ ਸੰਦਲ(ਜਿਨਾਂ ਦੀ ਤਸਵੀਰ ਸਾਮਣੇ ਹੈ) ਜੋੜੀ ਵਾਲੇ ਆਪਣੇ ਤਾਇਆ ਜੀ ਨਾਲ ਮਿਲਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਕਈ ਸਾਲ ਕੀਰਤਨ ਕਰਦੇ ਰਹੇ ਹਨ। ਤਸਵੀਰ ਵਿਚ ਸੰਤ ਲਾਲ ਸਿੰਘ ਜੀ ਭੂਰੇ ਗਿਲਾਂ ਵਾਲੇ ਰਾਗੀਆਂ ਦੇ ਪਾਸ ਕੀਰਤਨ ਦੇ ਰੰਗ ਵਿਚ ਰੰਗੇ ਹੋਏ ਖੜੋਤੇ ਹਨ। ਇਨਾਂ ਦਾ ਭਾਈ ਕਾਲੂ ਜੀ ਦੇ ਜਥੇ ਨਾਲ ਬਹੁਤ ਪਿਆਰ ਸੀ ਅਤੇ ਜਦੋਂ ਕਦੀ ਦੀਵਾਨ ਵਿਚ ਔਂਦੇ ਰਾਗੀਆਂ ਦੇ ਪਾਸ ਬੈਠਕੇ ਰੰਗ ਵਿਚ ਹੋਕੇ ਨਾਲ ਸ਼ਬਦ ਪੜ੍ਹਦੇ। ਇਨਾਂ ਸੰਤ ਜੀ ਨੇ ਲੇਖਕ ਨੂੰ ਭਜਨ ਦਸਿਆ ਸੀ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਵਕਤ ਢੋਲਕ ਛੈਣਿਆਂ ਦੇ ਦੀਵਾਨ ਬੜੇ ਆਕਰਸ਼ਕ ਲਗਦੇ ਰਹੇ ਹਨ। ਨਾਮਧਾਰੀ ਜਥੇਦਾਰਾਂ ਵਿਚ ਸਭ ਤੋਂ ਪਹਿਲੇ ਸੰਤ ਜਵਾਹਰ ਸਿੰਘ ਜੀ ਸਨ, ਜਿਨਾਂ ਨੇ ਸ਼ਬਦ ਪੜ੍ਹਨ ਦੇ ਨਾਲ ਨਾਲ ਵਿਆਖਯਾ ਕਰਨ ਦੀ ਰੀਤੀ ਤੋਰੀ। ਸੰਤ ਭਗਤ ਸਿੰਘ ਜੀ ਦਾਤੇ ਵਾਲੀਏ (ਸੂਬਾ ਜੀ) ਸਨ ਜਿਨਾਂ ਨੇ ਖੜੇ ਹੋਕੇ ਸ਼ਬਦ ਪੜ੍ਹਨ ਦੀ ਰੀਤ ਤੋਰੀ। ਇਨਾਂ ਸੰਤ ਜੀ ਦੇ ਦਰਸ਼ਨ ਮੈਂ ਬਹੁਤ ਚਿਰ ਕੀਤੇ ਹਨ। ਇਹ ਸਤਿਗੁਰੂ ਹਰੀ ਸਿੰਘ ਜੀ ਦੇ ਆਸ਼ਕ ਸਨ। ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਸਮੇਂ, ਸ੍ਰੀ ਸਤਿਗੁਰੂ ਜੀ ਦੀ ਦੇਹ ਦੇ ਸਸਕਾਰ ਵਾਲੀ ਜਗਾ (ਜਿਥੇ ਹੁਣ ਹਰੀ ਮੰਦਰ ਹੈ) ਤੋਂ ਲੈਕੇ ਅਕਾਲ ਬੁੰਗੇ ਤਕ ਅਤੇ ਓਥੋਂ ਵਾਪਸ ਇਸੇ ਜਗਾ ਤਕ ਅਠ ਦਿਨ ਸੰਤ ਜੀ ਨੇ ਵੈਰਾਗ ਵਿਚ ਨਿਰੰਤਰ ਕੀਰਤਨ ਕੀਤਾ। ਇਹ ਬੜੇ ਕਰਨੀ ਵਾਲੇ ਸਨ। ਉਸ ਵਕਤ ਸ੍ਰੀ ਭੈਣੀ ਸਾਹਿਬ ਵਿਚ ਪੋਲੀਸ ਚੌਂਕੀ ਸੀ। ਇਕ ਹਵਾਲਦਾਰ ਨੇ ਸੰਤਾਂ ਦੇ ਦੀਵਾਨ ਵਿਚ ਸਿੰਘ ਅਤੇ ਸਿੰਘਣੀਆਂ ਮਸਤਾਨੀਆਂ ਹੋਈਆਂ ਦੇਖਕੇ ਆਖਿਆ "ਕੂਕੇ ਕੰਜਰ ਹਨ ਅਤੇ ਕੰਜਰੀਆਂ ਨਚੌਂਦੇ ਹਨ।" ਸੰਤਾਂ ਪਾਸ ਇਹ ਗੱਲ ਪਹੁੰਚ ਗਈ। ਸੰਤਾਂ ਨੇ ਆਖਿਆ ਕਿ– ਦਿਨਾਂ ਦੇ ਅੰਦਰ ਅੰਦਰ ਜੇ ਤੇਰਾ ਭੀ ਇਹੋ ਹਾਲ ਨਾ ਹੋਇਆ ਤਦ ਸਮਝ ਛਡੀਂ ਕਿ ਜੋ ਤੂੰ ਆਖਿਆ ਹੈ ਇਹੋ ਠੀਕ ਹੈ। ਜਿਤਨੇ ਦਿਨ ਸੰਤਾਂ ਨੇ ਆਖੇ ਸਨ ਉਨਾਂ ਤੋਂ ਅੰਦਰ ਅੰਦਰ ਇਕ ਦਿਨ ਓਹ ਫਿਰ ਸੰਤਾਂ ਦਾ ਦੀਵਾਨ ਸੁਣਨ ਆਇਆ ਤਦ ਉਸਨੇ ਸਭ ਵਰਦੀ ਪਾੜ ਦਿਤੀ। ਉਚੀ ਨੋਕ ਵਾਲੀ ਜੁਤੀ ਅਡੀ ਵਾਲੇ ਪਾਸੇ ਤੋਂ ਮੂੰਹ ਵਿਚ ਫੜਕੇ ਬੇਹੋਸ਼ੀ ਵਿਚ ਤੁਰਿਆ ਫਿਰਦਾ ਵੇਖਿਆ ਗਿਆ ਸੀ।

ਸੰਤ ਭਗਤ ਸਿੰਘ ਜੀ ਹਾਜ਼ਰ ਜਵਾਬ ਬੜੇ ਸਨ। ਨਾਮਧਾਰੀਆਂ ਵਿਚ ਹਵਨ ਕਰਨ ਦੀ ਪ੍ਰੰਪਰਾ ਚਲੀ ਆ ਰਹੀ ਹੈ। ਇਕ ਵਾਰੀ ਸੰਤ ਜੀ ਹਵਨ ਕੁੰਡ ਬਣਾ ਰਹੇ ਸਨ ਤਦ ਇਕ ਸਿੰਘਸਭੀਏ ਮਖੌਲ ਨਾਲ ਪੁਛਿਆ ਕਿ ਸੰਤ ਜੀ ਇਹ ਟੋਆ ਕਿਸ ਲਈ ਕਰਦੇ ਹੋ? ਸੰਤਾਂ ਨੇ ਉਤ੍ਰ ਦਿਤਾ ਇਥੇ ਨਿੰਦਕ ਦਬਣੇ ਹਨ। ਉਸ ਨੇ ਪੁਛਿਆ ਕਿ ਨਿੰਦਕ ਕੌਣ ਹਨ? ਸੰਤਾਂ ਕਿਹਾ, ਜੇੜੇ ਇਸਨੂੰ ਟੋਇਆ ਕਹਿੰਦੇ ਹਨ।

ਇਹ ਸੰਤ ਜੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੰਮੁਖ ਕਈ ਸਾਲ ਕੀਰਤਨ ਕਰਦੇ ਰਹੇ ਹਨ।

Namdhari Elibrary NamdhariElibrary@gmail.com

ਦੇਸ਼ ਵੰਡਾਰੇ ਤੋਂ ਕੁਛ ਸਾਲ ਪਹਿਲਾਂ ਸੰਤਾਂ ਨੇ ਚੜ੍ਹਾਈ ਕੀਤੀ ਸੀ।

ਸੰਤ ਦੰਤਾ ਸਿੰਘ ਜੀ ਜਥੇਦਾਰ ਅਤੇ ਇਨਾਂ ਤੋਂ ਵਟੋਸਾਏ ਸੰਤ ਅਤਰ ਸਿੰਘ ਜੀ ਜਥੇਦਾਰ ਸੰਭੜਿਆਲ ਵਾਲੇ ਆਪਣੇ ਆਪਣੇ ਸਮੇਂ ਕੀਰਤਨ ਵਿਚ ਅਦੁਤੀ ਰਹੇ ਹਨ। ਸੰਤ ਅਤਰ ਸਿੰਘ ਜੀ ਆਪਣੀ ਹਥੀਂ ਖੜਤਾਲਾਂ (ਇਹਨਾਂ ਦਾ ਨਾਮ ਇੰਦਰ ਮੋਹਣੀਆਂ ਰਖਿਆ ਸੀ) ਵਜਾਉਂਦੇ ਹੁੰਦੇ ਸਨ। ਕੀਰਤਨ ਕਰਨ ਵੇਲੇ ਏਨਾਂ ਵਿਚ ਅਥਾਹ ਸ਼ਕਤੀ ਆ ਜਾਂਦੀ ਸੀ। ਕੋਠੇ ਉਪਰੋਂ ਛਾਲ ਮਾਰ ਦਿੰਦੇ ਅਤੇ ਕੀਰਤਨ ਕਰਦੇ ਕਰਦੇ ਕੋਠੇ ਤੇ ਚੜ੍ਹ ਭੀ ਜਾਂਦੇ ਚਾਹੇ ਕੀਰਤਨ ਕਰਦਿਆਂ ਸਾਰੀ ਰਾਤ ਬਿਤੀਤ ਹੋ ਜਾਏ, ਇਸਨਾਨ ਕਰਕੇ ਆਪਣਾ ਨਿਤਨੇਮ ਕਰਕੇ ਫੇਰ ਪ੍ਰਸ਼ਾਦ ਪਾਣੀ ਛਕਦੇ। ਸੰਤ ਆਲਾ ਸਿੰਘ ਜੀ ਵਰਨਾਂ ਵਾਲੇ ਆਪਣੇ ਸਮੇਂ ਵਿਚ ਅਲੌਕਿਕ ਕੀਰਤਨ ਕਰਦੇ ਰਹੇ ਹਨ। ਇਕ ਵਾਰੀ ਇਕ ਸਿੰਘ ਦੇ ਘਰ ਗਏ ਕੀਰਤਨ ਹੋ ਰਿਹਾ ਸੀ, ਉਸਦੇ ਲੜਕੇ ਨੂੰ ਹਲਕੇ ਕੁਤੇ ਨੇ ਵਢਿਆ ਹੋਇਆ ਸੀ। ਉਸਨੂੰ ਲੋਕਾਂ ਆਖਿਆ ਕਿ ਕੀਰਤਨ ਸੁਣਕੇ ਤੇਰੇ ਮੁੰਡੇ ਨੂੰ ਹਲਕ ਹੋ ਜਾਇਗਾ। ਉਸਨੂੰ ਸ਼ਰਧਾ ਸੀ। ਉਸਨੇ ਆਖਿਆ ਕਿ ਚਾਹੇ ਕੁਛ ਹੋ ਜਾਏ। ਏਨੇ ਨੂੰ ਕੀਰਤਨ ਦੀ ਅਵਾਜ ਮੁੰਡੇ ਦੇ ਕੰਨ ਵਿਚ ਪਈ ਉਸਨੂੰ ਹਲਕ ਕੁਦ ਪਿਆ। ਹਲਕ ਕੁਦੇ ਮੁੰਡੇ ਨੂੰ ਚੁਕਕੇ ਪਿਓ ਨੇ ਲਿਆਕੇ ਦੀਵਾਨ ਵਿਚ ਰਖ ਦਿਤਾ। ਕੀਰਤਨ ਸੁਣਦੇ ਸੁਣਦੇ ਓਥੇ ਹੀ ਓਸਦਾ ਹਲਕ ਹਟ ਗਿਆ ਅਤੇ ਮੁੰਡਾ ਰਾਜੀ ਹੋ ਗਿਆ।

ਸੰਤ ਨਿਧਾਨ ਸਿੰਘ ਜੀ ਆਲਿਮ ਨਾਮਧਾਰੀ ਪੰਥ ਦੇ ਪ੍ਰਸਿਧ ਵਿਦਵਾਨ ਹੋਏ ਹਨ। ਆਪ ਕੀਰਤਨ ਭੀ ਕਰਦੇ ਹੁੰਦੇ ਸਨ ਅਤੇ ਕਰਦੇ ੨ ਵੈਰਾਗੀ ਹੋ ਜਾਂਦੇ ਸਨ। ਇਕ ਵਾਰੀ "ਮੰਡੀ" (ਮੰਡੀ ਸਕੇਤ) ਆਪ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਰਾਜੇ ਦੇ ਮਹੱਲਾਂ ਵਿਚ ਕੀਰਤਨ ਕੀਤਾ। ਰਾਜਾ ਜੋਗਿੰਦਰ ਸੈਨ ਭੀ ਵਿਚੇ ਬੈਠੇ ਹੋਏ ਸੀ। ਆਲਿਮ ਜੀ ਰੰਗ ਵਿਚ ਹੋਏ ਸ਼ਬਦ ਪੜ੍ਹਦੇ ਸਨ "ਮੁਰਲੀ ਮਨੋਹਰ ਹਰਿ ਰੰਗਾ।" ੨-੩ ਘੰਟੇ ਕੀਰਤਨ ਹੋਇਆ। ਰਾਜਾ ਜੋਗਿੰਦਰ ਸੈਨ ਨੇ ਗੋਡਾ ਤਕ ਨਹੀਂ ਹਿਲਾਇਆ। ਸੰਤ ਤੇਜਾ ਸਿੰਘ ਜੀ ਸਮਸੋ ਵਾਲੇ ਨਾਮਧਾਰੀ ਪੰਥ ਵਿਚ ਪ੍ਰਸਿਧ ਜਥੇਦਾਰ ਹੋ ਚੁਕੇ ਹਨ। ਸ਼ਬਦ ਬਹੁਤ ਸਾਧਾਰਣ ਸੁਰ ਨਾਲ ਪੜ੍ਹਦੇ ਸੀ। ਬਿਰਤੀ ਬਹੁਤ ਉਚੀ ਸੀ। ਇਨਾਂ ਸੰਤਾਂ ਨੂੰ ਨਵੇਂ ਮਹੱਲ ਵਿਚ ਬੁਲਾਕੇ ਰਾਜਾ ਜੋਗਿੰਦਰ ਸੈਨ ਨੇ ਦੀਵਾਨ ਲਗਵਾਇਆ ਅਤੇ ਮਗਨ ਹੋਕੇ ਕੀਰਤਨ ਸੁਣਦੇ ਰਹੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਸੰਗੀਤ ਵਾਲਾ ਕੀਰਤਨ ਕਰਨ ਵਾਲੇ ਰਾਗੀ ਉਸਤਾਦ ਹਰਨਾਮ ਸਿੰਘ ਜੀ ਆਪਣੇ ਸਮੇਂ ਦੇ ਸਰਵੋਤਮ ਪ੍ਰਸਿਧ ਹੋ ਚੁਕੇ ਹਨ। ਭਾਈ ਕਾਲੂ ਜੀ ਨੇ ਭੀ ਕਈ ਸਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰ ਕੀਰਤਨ ਕੀਤਾ ਹੈ। ਇਨਾਂ ਤੋਂ ਬਿਨਾ ਭਾਈ ਨੈਮਲ, ਜਿਨਾਂ ਦੇ ਪੁਤ੍ਰਾਂ ਦੇ ਨਾਮ ਲਾਲ, ਨਾਭਾ ਅਤੇ ਬਨਾਰਸੀ ਸਨ। ਇਹ ਭੀ ਕਈ ਸਾਲ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕੀਰਤਨ ਕਰਦੇ ਰਹੇ ਹਨ।

ਭਾਈ ਗੁਰਬਖਸ਼ ਸਿੰਘ ਜੀ ਘੜੀਸਾਜ਼ ਲੁਦਿਹਾਣੇ ਵਾਲੇ ਭੀ ਕੀਰਤਨ ਦੇ ਧਨੀ ਸਨ। ਆਪ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਦੋਹਤਰੇ ਸੰਤ ਹਰਨਾਮ ਸਿੰਘ ਜੀ ਦੇ ਸਪੁਤ੍ਰ (ਪਿੰਡ ਖਟੜਾਂ ਰਹਾਰਮ ਜਿਲਾ ਲੁਦਿਹਾਣਾ) ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਆਸ਼ਕ ਸਨ। ਕੀਰਤਨ ਕਰਦੇ ਹੋਏ ਆਪ ਰੰਗ ਵਿਚ ਹੀ ਰਹਿੰਦੇ। ਆਪਦੇ ਨਾਲ ਭਾਈ ਨਿਰਮਲ ਸਿੰਘ ਜੀ ਇਨਾਂ ਦੇ ਭਾਈ ਤਾਰਾ ਸਿੰਘ ਜੀ ਘੜੀਆਂ ਵਾਲੇ ਅਤੇ ਅਮਰ ਸਿੰਘ ਜੀ ਰੋੜੀ ਵਾਲੇ ਲਾਲਾ ਮੂਸਾ ਵਾਲੇ ਸਤਿਗੁਰੂ ਜੀ ਦੇ ਹਜ਼ੂਰ ਕੀਰਤਨ ਕਰਦੇ।

ਸੰਤ ਦਰਸ਼ਨ ਸਿੰਘ ਜੀ ਅਤੇ ਸੰਤ ਖਜ਼ਾਨ ਸਿੰਘ ਜੀ ਰਾਗੀ ਚੀਚਾ ਭਕਨਾ (ਜਿਲਾ ਅੰਮ੍ਰਿਤਸਰ) ਵਾਲੇ ਬਾਲ ਅਵਸਥਾ ਤੋਂ ਲੈਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰ ਕੀਰਤਨ ਕਰਦੇ ਰਹੇ ਹਨ। ਇਨਾਂ ਦੇ ਕੀਰਤਨ ਵਿਚ ਅਲੌਕਿਕ ਰਸ ਸੀ ਅਤੇ

(ਬਾਕੀ ਦੇਖੋ ਸਫਾ ੮੧)

ਦੋਨੋ ਭਈਆ ਏਕ ਸਰੂਪ ਕਰ ਭਾਸੇ । ਸਤਿਗੁਰ ਆਪ ਮੁਖੇ ਪ੍ਰਗਾਸੇ ॥

(ਸੋਸਾਖੀ ਸ੍ਰੀ ਮੁਖਵਾਕ ਪਾਤਸ਼ਾਹੀ ੧੦ਵੀਂ)



ਸਤਿਗੁਰੂ ਹਰੀ ਸਿੰਘ ਜੀ ਆਪਨੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਬਾਦ ਅੰਗ੍ਰੇਜ਼ ਦੀ ਸਖਤੀਆਂ ਦੇ ਬਾਵਜੂਦ ੩੪ ਸਾਲ ਤੱਕ ਸਿਖੀ ਹਰੀ ਰਖੀ।

Namdhari Elibrary NamdhariElibrary@gmail.com

ਸ੍ਰੀ ਮਹਾਰਾਜ ਬੁਧ ਸਿੰਘ ਜੀ ਸਤਿਗੁਰੂ ਹਰੀ ਸਿੰਘ ਜੀ ਦੇ ਰੂਪ ਵਿਚ

ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)

੧੮੭੨ ਈਸਵੀ ਦਾ ਸਾਲ ਨਾਮਧਾਰੀ ਜਗਤ ਲਈ ਅਤਿ ਮੁਸੀਬਤਾਂ ਭਰਿਆ ਤੇ ਤਸ਼ੱਦਦ ਬਰ-ਦਾਸ਼ਤ ਕਰਨ ਵਾਲਾ ਵਰ੍ਹਾ ਸੀ। ਇਸ ਸਾਲ ਨਾਮਧਾਰੀ ਫੁਲਵਾੜੀ ਨੂੰ ਅੰਗਰੇਜ ਹਕੂਮਤ ਰੂਪੀ ਬਰਸਾਤੀ ਗੜਿਆਂ ਨੇ ਤਹਿਸ਼ ਨਹਿਸ਼ ਤੇ ਨੇਸਤੋ ਨਾਬੂਦ ਕਰਨਾ ਚਾਹਿਆ ਪ੍ਰੰਤੂ ਇਹ ਪੰਥ ਸਤਿਗੁਰੂ ਹਰੀ ਸਿੰਘ ਜੀ ਦੀ ਅਗਵਾਈ ਹੇਠ ਕਿਵੇਂ ਦਿਨ ਦੂਣੀ ਤੇ ਰਾਤ ਚੌਗਣੀ ਸਫਲਤਾ ਪ੍ਰਾਪਤ ਕਰਦਾ ਰਿਹਾ, ਇਸਦਾ ਜ਼ਿਕਰ ਇਸ ਲੇਖ ਵਿਚ ਆਵੇਗਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜਲਾਵਤਨ ਹੋਣ ਤੋਂ ਬਾਅਦ ਹਰ ਕੋਈ ਨਾਮਧਾਰੀਆਂ ਦਾ ਦੁਸ਼ਮਣ ਬਣ ਬੈਠਾ ਸੀ। ਹਰ ਕੋਈ ਅੰਗਰੇਜ਼ ਸਰਕਾਰ ਤੋਂ ਇਨਾਮ ਲੈਣ ਖਾਤਰ ਨਾਮਧਾਰੀਆਂ ਦੀ ਮੁਖਬਰੀ ਕਰਦਾ। ਨਾਮਧਾਰੀਆਂ ਨੂੰ ਆਪਣੇ ਇਲਾਕਿਆਂ ਵਿਚ ਖੁਲੇ ਘੁੰਮਣ ਦੀ ਆਜ਼ਾਦੀ ਨਹੀਂ ਸੀ। ਉਨਾਂ ਨੂੰ ਰੋਜਾਨਾ ਆਪਣੇ ਹਲਕੇ ਦੇ ਥਾਣੇ ਵਿਚ ਹਾਜਰੀ ਦੇਣੀ ਪੈਂਦੀ ਅਤੇ ਜੇ ਕਿਸੇ ਨੇ ਆਪਣੇ ਰਿਸ਼ਤੇਦਾਰ ਕੋਲ ਜਾਣਾਂ ਹੁੰਦਾ ਤਾਂ ਇਸਦੀ ਸਰਕਾਰ ਤੋਂ ਆਗਯਾ ਲੈਣੀ ਪੈਂਦੀ ਸੀ ਅਤੇ ਨੀਯਤ ਸਮੇਂ ਵਿਚ ਉਹਨਾਂ ਨੂੰ ਵਾਪਸ ਆਉਣਾਂ ਪੈਂਦਾ ਸੀ।

ਸਤਿਗੁਰੂ ਹਰੀ ਸਿੰਘ ਜੀ ਦਾ ਜਨਮ ੧੮੭੬ ਬਿਕ੍ਰਮੀ (੧੮੧੯ ਈਸਵੀ) ਅਸੂ ਦੇ ਤੀਜੇ ਨਰਾਤੇ ਦਿਨ ਬੁਧਵਾਰ ਨੂੰ ਬਾਬਾ ਜਸਾ ਜੀ ਦੇ ਘਰ ਮਾਤਾ ਸਦਾ ਕੌਰ ਜੀ ਦੇ ਉਦਰ ਤੋਂ ਹੋਇਆ ਤੇ ਨਾਮ ਬੁਧ ਸਿੰਘ ਰਖਿਆ। ਆਪ ਜੀ ਦੇ ਮੁਢਲੇ ਜੀਵਨ ਬਾਰੇ ਬਹੁਤ ਘਟ ਹੀ ਇਤਿਹਾਸਕ ਗਿਆਨ ਹਾਸਲ ਹੁੰਦਾ ਹੈ। ਲੇਖਕ ਤਰਨ ਸਿੰਘ ਜੀ ਵਹਿਮੀ ਅਨੁ-ਸਾਰ ਆਪ ਜੀ ਦੇ ਭਰਾਤਾ ਗੁਰੂ ਰਾਮ ਸਿੰਘ ਜੀ ਤੋਂ ਬਿਨਾਂ ਦੋ ਭੈਣਾਂ ਮਾਨੋ ਤੇ ਰੂਪਾਂ ਵੀ ਸਨ। ਆਪ ਜੀ ਦਾ ਵਿਆਹ ਪਿੰਡ ਮਾਦਪੁਰ ਵਿਖੇ ਸਾਹਿਬੋ ਜੀ ਨਾਲ ਹੋਇਆ।

ਆਪ ਜੀ ਦਾ ਗੁਰਗੱਦੀ ਪ੍ਰਾਪਤ ਕਰਨ ਤੋਂ ਪਹਿਲਾਂ ਸੰਗਤ ਵਿਚ ਇੰਨਾਂ ਗੂੜਾ ਸੰਬੰਧ ਨਹੀਂ ਸੀ ਪਰ ਫੇਰ ਵੀ ਕਈ ਵਾਰ ਸਤਿਗੁਰੂ ਰਾਮ ਸਿੰਘ ਜੀ ਵਲੋਂ ਅਜਿਹੇ ਕੌਤਕ ਰਚਾਏ ਜਾਂਦੇ ਜੋ ਕਿ ਮਹਾਰਾਜ ਬੁਧ ਸਿੰਘ (ਗੁਰੂ ਹਰੀ ਸਿੰਘ) ਜੀ ਨੂੰ ਸਮਰਥਾਵਾਨ ਦਰਸਾ ਜਾਂਦੇ। ਮਿਸਾਲ ਵਜੋਂ ੧੯੧੮ ਸੰਮਤ ਵਿਚ ਸਤਿਗੁਰੂ ਰਾਮ ਸਿੰਘ ਸਮੇਤ ਅਰਧ ਕੁੰਭੀ ਦੇ ਮੇਲੇ ਹਰਦੁਆਰ ਦੀ ਧਰਤੀ ਨੂੰ ਚਰਨ ਛੁਹ ਬਖਸ਼ਣ ਗਏ ਤਾਂ ਆਪ ਜੀ ਨਾਲ ਆਪਦੇ ਛੋਟੇ ਭਾਈ ਮਹਾ-ਰਾਜ ਬੁਧ ਸਿੰਘ ਜੀ ਵੀ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਗੰਗਾ ਦੇ ਕਿਨਾਰੇ ਇਕ ਅਜੀਬ ਕੌਤਕ ਵਰਤਾਇਆ। ਇਕ ਸੁਕੀ ਬਿਆਰ ਦੀ ਗੇਲੀ ਨੂੰ ਅੱਗ ਲਗਾਕੇ ਇਕ ਪਾਸਾ ਆਪ ਚੁੱਕ ਲਿਆ ਅਤੇ ਦੂਜਾ ਪਾਸਾ ਸੰਗਤ ਨੂੰ ਚੁਕਣ ਲਈ ਕਿਹਾ। ਸੰਗਤ ਅੱਡੀ ਚੋਟੀ ਦਾ ਤਾਣ ਲਗਾ ਥਕੀ ਪਰ ਉਹ ਗੇਲੀ ਨਾ ਉਠਾਈ ਗਈ। ਅਖੀਰ ਸਤਿ-ਗੁਰੂ ਰਾਮ ਸਿੰਘ ਜੀ ਨੇ ਸੰਗਤ ਨੂੰ ਹਟ ਜਾਣ ਲਈ ਕਿਹਾ ਤੇ ਮਹਾਰਾਜ ਬੁਧ ਸਿੰਘ ਜੀ ਨੂੰ ਹੁਕਮ ਕੀਤਾ ਕਿ ਉਹ ਬਿਆਰ ਦੀ ਗੇਲੀ ਦਾ ਪਾਸਾ ਉਤਾਂਹ ਚੁਕਣ। ਏਨਾਂ ਕਹਿਣ ਦੀ ਦੇਰੀ ਸੀ ਕਿ ਮਹਾਰਾਜ ਬੁਧ ਸਿੰਘ ਜੀ ਨੇ ਬੜੀ ਆਸਾਨੀ ਨਾਲ ਉਹ ਗੇਲੀ ਉਠਾ ਲਈ ਅਤੇ ਦੋਹਾਂ ਵੀਰਾਂ ਨੇ ਚੁਕਕੇ ਗੰਗਾ ਵਿਚ ਵਗਾਹ ਮਾਰੀ ਅਤੇ ਸਤਿਗੁਰੂ ਰਾਮ ਸਿੰਘ ਜੀ ਨੇ ਕਿਹਾ ਕਿ ਇਹ ਕੰਮ ਤੇਰਾ ਤੇ ਮੇਰਾ ਹੀ ਹੈ।

੧੯੨੫ ਬਿਕ੍ਰਮੀ ਵਿਚ ਇਕ ਦਿਨ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਆਪਣੇ ਜੇਹੇ ਹੀ ਬਸਤਰ ਸਜਵਾ ਕੇ ਮਹਾਰਾਜ ਬੁਧ ਸਿੰਘ ਜੀ ਨੂੰ ਆਪਣੇ ਆਸਣ ਤੇ ਸਾਥ ਬਹਾਕੇ ਸੰਗਤ ਨੂੰ ਕਿਹਾ ਵੇਖੋ ਮੇਰੇ ਤੇ ਇਹਦੇ ਵਿਚ ਕੁਝ ਫਰਕ ਏ ? (ਅਰਥਾਤ "ਦੋਨੋ ਭਈਆ ਏਕ ਸਰੂਪ ਕਰ ਭਾਸੇ। ਸਤਿਗੁਰੂ ਆਪ ਮੁਖਹੁ ਪ੍ਰਗਾਸੇ) ਦਸਮੇਸ਼ ਗੁਰੂ ਜੀ ਦਾ ਵਾਕ ਵਡ ਤੀਰਥ ਵਾਲੀ ਸਾਖੀ ਵਾਲਾ ਪਰਤੱਖ ਮੂਰਤੀਮਾਨ ਹੋਇਆ ਸੰਗਤ ਨੂੰ ਜਾਪਿਆ। ਇਸ ਕੌਤਕ ਤੋਂ ਸੰਗਤ ਨੂੰ ਸੰਕੇਤ ਮਿਲ ਗਿਆ ਕਿ ਸੰਗਤ ਦੇ ਰਹਿਬਰ ਅਰਥਾਤ ਗੁਰੂ ਮਹਾਰਾਜ ਬੁਧ ਸਿੰਘ ਜੀ ਹੀ ਹੋਣਗੇ।

੧੮੭੨ ਈਸਵੀ ਦੇ ਜਨਵਰੀ ਮਹੀਨੇ ਵਿਚ ਮਲੇਰਕੋਟਲੇ ਦਾ ਦਰਦਨਾਕ ਸਾਕਾ ਵਾਪਰਿਆ ਜਿਸਨੇ ਅੰਗਰੇਜ਼ ਹਕੂਮਤ ਦੀਆਂ ਜੜ੍ਹਾਂ ਹਿਲਾ ਦਿਤੀਆਂ। ਅੰਗਰੇਜ਼ ਹਕੂਮਤ ਨੇ ਨਾਮਧਾਰੀ ਪੰਥ ਦਾ ਲੱਕ ਤੋੜਨ ਲਈ ਹਰ ਮੁਮਕਿਨ ਕੋਸ਼ਿਸ਼ ਕੀਤੀ ਅਤੇ ਕੂਕਿਆਂ ਨੂੰ ਨਿਤਾਣੇ ਕਰਨ ਲਈ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਦਿਤਾ। ਉਹਨਾਂ ਦੇ ਜਲਾਵਤਨ ਹੋਣ ਤੋਂ ਬਾਅਦ ਸਰਕਾਰ ਨੇ ਸ੍ਰੀ ਭੈਣੀ ਸਾਹਿਬ ਵਿਖੇ ਬਾਹਰ ਗੇਟ ਤੇ ਪੋਲੀਸ ਚੌਂਕੀ ਬਿਠਾ ਦਿਤੀ ਅਤੇ ਕੋਈ ਵੀ ਵਿਅਕਤੀ ਪੋਲੀਸ ਦੇ ਹੁਕਮ ਤੋਂ ਬਿਨਾ ਸਤਿਗੁਰੂ ਹਰੀ ਸਿੰਘ ਜੀ ਕੋਲ ਨਹੀਂ ਸੀ ਜਾ ਸਕਦਾ ਅਤੇ ਨਾਂ ਹੀ ਦਰਸ਼ਨ ਕਰ ਸਕਦਾ ਸੀ। ਹਕੂਮਤ ਨੇ ਸ੍ਰੀ ਭੈਣੀ ਸਾਹਿਬ ਦੀ ਭੂਮੀ ਪਾਣੀ ਹਾਂਡੇ ਤੱਕ ਪੁਟੀ ਤਾਂ ਕਿ ਜੇ ਕਿਤੇ ਸਤਿਗੁਰੂ ਰਾਮ ਸਿੰਘ ਜੀ ਨੇ ਧਨ ਦੌਲਤ ਨੂੰ ਦਬਾਇਆ ਹੋਵੇ ਤਾਂ ਸਰਕਾਰ ਇਸਨੂੰ ਪ੍ਰਾਪਤ ਕਰ ਲਵੇ।

ਸਤਿਗੁਰੂ ਰਾਮ ਸਿੰਘ ਜੀ ਦੇ ਜਲਾਵਤਨ ਹੋਣ ਤੋਂ ਬਾਅਦ ਤਿੰਨ ਸਾਲ ਤਕ ਉਹਨਾਂ ਦੀ ਕੋਈ ਉਘ ਸੁਘ ਨਾ ਨਿਕਲੀ। ਇਕ ਵਾਰ ਸੰਤ ਦਰਬਾਰਾ ਸਿੰਘ ਜੀ ਗਰੇਵਾਲ ਰਾਇਪੁਰ ਵਾਲੇ ਲੁਧਿਆਣਾ ਪੁਲਿਸ ਦੇ ਵਡੇ ਅਫਸਰ ਬਾਰਬਟਨ ਸਾਹਿਬ ਕੋਲ ਕਿਸੇ ਕੰਮ ਗਏ ਤਾਂ ਉਥੇ ਉਸਦੀ ਮੇਮ ਨੇ ਉਹਨਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਬਾਰੇ ਦਸਿਆ ਕਿ ਉਹ ਅੱਜ ਕੱਲ ਰੰਗੂਨ ਵਿਚ ਹਨ।

ਸੰਤ ਦਰਬਾਰਾ ਸਿੰਘ ਜੀ ਬੜੀ ਹੁਸ਼ਿਆਰੀ ਤੇ ਚਲਾਕੀ ਨਾਲ ਰੰਗੂਨ ਪਹੁੰਚੇ ਅਤੇ ਦਰਸ਼ਨ ਕੀਤੇ। ਹੁਕਮਨਾਮਾ ਪ੍ਰਾਪਤ ਕੀਤਾ, ਜਿਸ ਵਿਚ ਬੁਧ ਸਿੰਘ (ਸਤਿਗੁਰੂ ਹਰੀ ਸਿੰਘ) ਜੀ ਬਾਰੇ ਇਸ ਪ੍ਰਕਾਰ ਲਿਖਿਆ ਸੀ ਅਜ ਤੋਂ ਇਸਨੂੰ ਬੁਧ ਸਿੰਘ ਕੋਈ ਨਾ ਕਹੇ। ਅੱਜ ਤੋਂ ਇਸਦਾ ਨਾਮ ਹਰੀ ਸਿੰਘ ਹੋ ਗਇਆ। ਇਹ ਸਿਖੀ ਨੂੰ ਹਰੀ ਰਖੇਗਾ। ਇਸਦੇ ਆਸਰੇ ਸਿਖੀ ਹਰੀ ਰਹੇਗੀ। ਅਜ ਤੋਂ ਇਸਨੂੰ ਸਿਰ ਕਰਤਾ ਕਰਕੇ ਜਾਨਣਾ। ਮੇਰੇ ਧਕੇ ਨੂੰ ਇਹ ਬਖਸ਼ ਲਵੇਗਾ, ਇਸਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ।

ਇਹ ਹੁਕਮਨਾਮਾ ਮਿਲਣ ਤੋਂ ਬਾਅਦ ਮਹਾਰਾਜ ਬੁਧ ਸਿੰਘ ਜੀ ਦਾ ਨਾਮ ਸਤਿਗੁਰੂ ਹਰੀ ਸਿੰਘ ਜੀ ਕਰਕੇ ਸਦਣਾ ਸ਼ੁਰੂ ਹੋਇਆ। ਆਪ ਜੀ ਨੇ ਵੱਡੇ ਭਰਾਤਾ ਦੇ ਦਰਸ਼ਨ ਨਮਿਤ ਅਨੇਕਾਂ ਅਖੰਡ ਪਾਠ ਸ੍ਰੀ ਭੈਣੀ ਸਾਹਿਬ ਬੜੇ ਸਖਤ ਪਹਿਰੇ ਹੋਣ ਦੇ ਬਾਵਜੂਦ ਕਰਵਾਏ ਅਤੇ ਅਨੇਕ ਪ੍ਰਕਾਰ ਦੇ ਸਰਕਾਰ ਵਲੋਂ ਦਿਤੇ ਕਸ਼ਟ ਸਬਰ ਨਾਲ ਸਹਿਣ ਕੀਤੇ।

ਸਰਕਾਰ ਨੇ ਸਤਿਗੁਰੂ ਹਰੀ ਸਿੰਘ ਜੀ ਨੂੰ ਤੰਗ ਕਰਨ ਲਈ ਹਰ ਮੁਮਕਿਨ ਕੋਸ਼ਿਸ਼ ਕੀਤੀ ਅਤੇ ਉਹਨਾ ਨੂੰ ਅੱਤ ਦੀ ਸਖਤੀ ਸਹਿਣੀ ਪਈ। ਸਰਕਾਰ ਵਲੋਂ ਲੰਗਰ ਵਿਚ ਰਸਦਾਂ ਆਉਣ ਵਿਚ ਰੁਕਾਵਟ ਪਾਈ ਜਾਂਦੀ। ਅਖੀਰ ਕੋਈ ਚਾਰਾ ਨਾ ਵੇਖਦੇ ਹੋਏ ਸਤਿਗੁਰੂ ਹਰੀ ਸਿੰਘ ਜੀ ਨੇ ਸਤਿਗੁਰੂ ਰਾਮਸਿੰਘ ਜੀ ਦੀ ਤਬੇਲੇ'ਚ ਦਬਾਈ ਹੋਈ ਮੋਹਰਾਂ ਦੀ ਗਾਗਰ ਖਰਚ ਪੂਰਾ ਕਰਨ ਲਈ ਬਾਹਰ ਕੱਢ ਲਈ ਪਰ ਇਹ ਵੀ ਕੁਝ ਜ਼ਿਆਦਾ ਦਿਨ ਨਾ ਚਲ ਸਕੀ। ਇਸ ਤੋਂ ਬਿਨਾਂ ਇਕ ਦਿਨ ਸਤਿਗੁਰੂ ਰਾਮ ਸਿੰਘ ਜੀ ਦਾ ਇਸ਼ਾਰਾ ਮਿਲ ਜਾਣ ਨਾਲ ਸਤਿਗੁਰੂ ਹਰੀ ਸਿੰਘ ਜੀ ਨੇ ਲੋੜਾਂ ਦੇ ਪਸ਼ੂ ਰਖਕੇ ਬਾਕੀ ਘੋੜੇ ਘੋੜੀਆਂ ਅਤੇ ਹੋਰ ਵਾਧੂ ਪਸ਼ੂ ਵੇਚ ਦਿਤੇ ਅਤੇ ਉਹ ਮਾਇਆ ਲੰਗਰ ਵਿਚ ਲਗਾ ਦਿਤੀ।

ਛੇਤੀ ਹੀ ਕੁਝ ਸਮੇਂ ਬਾਅਦ ਇਹ ਸਖਤੀਆਂ ਦਾ ਦੌਰ ਖਤਮ ਹੋ ਗਿਆ ਤਾਂ ਆਪ ਜੀ ਸੰਗਤ ਦੇ ਕਹਿਣ ਅਨੁਸਾਰ ਇਲਾਕਿਆਂ ਦਾ ਦੌਰਾ ਰਖਦੇ ਅਤੇ ਹਰ ਦੌਰੇ ਦੀ ਭੇਟਾ ੧੦੦) ਰੁਪਯਾ ਮੁਕਰਰ ਕੀਤੀ ਅਤੇ ਉਹ ਮਾਇਆ ਆਪ ਜੀ ਲੰਗਰ ਵਿਚ ਪਾਉਂਦੇ। ਆਪ ਜੀ ਸੰਗਤ ਨੂੰ ਸਦਾ ਹਕੂਮਤ ਦਾ ਤਸ਼ਦਦ ਸਬਰ ਤੇ ਸ਼ਾਂਤੀ ਨਾਲ ਸਹਿਣ ਕਰਨ ਦਾ ਉਪਦੇਸ਼ ਦੇਂਦੇ। ਆਪ ਜੀ ਦੇ ਕੁਝ ਬਚਨ ਇਸ ਪ੍ਰਕਾਰ ਹਨ–

ਰਾਮਸਰ ਬਾਰੇ:–

(ੳ) ਰਾਮਸਰ ਤੋਂ ਦੂਰ ਜਾਕੇ ਮਦਾਨ ਹੋਵੇ।

(ਅ) ਸਣੇ ਕੇਸੀ ਅਦਬ ਨਾਲ ਇਸ਼ਨਾਨ ਕਰੋ,

(ੲ) ਹੁਣ ਤਾਂ ਲੋਕ ਜਗ੍ਹਾ ਰੋਕਦੇ ਹਨ, ਸਮਾਂ ਆਵੇਗਾ ਤਾਂ ਸਭ ਛਡਾਈਆਂ ਜਾਣਗੀਆਂ।

(ਸ) ਜੋ ਬੇ-ਅਦਬੀ ਕਰੇਗਾ ਉਸਨੂੰ ਇਸ਼ਨਾਨ ਦਾ ਕੋਈ ਫਲ ਨਹੀਂ।

ਗਰੀਬੀ–

(ੳ) ਅਸੀਂ ਤਾਂ ਗਰੀਬ ਹਾਂ। ਮਾਲਾ ਹੀ ਫੜਾਵਾਂਗੇ। ਜੁਧ ਨਹੀਂ ਕਰਵਾਵਾਂਗੇ। ਸਾਡੇ ਕੋਲ ਵੀ ਗਰੀਬ(ਹੀ) ਰਹਿੰਦੇ ਹਨ।

ਭਜਨ ਬਾਣੀ:–

(ੳ) ਮੌਤ ਤਾਂ ਸਭ ਦੇ ਸਿਰ ਪਰ ਖੜੀ ਹੈ। ਕੋਈ ਦਿਨ ਦਾ ਹੀ ਚਮਤਕਾਰ ਹੈ। ਧੰਨ ਜਨਮ ਹੈ ਜਿਹੜੇ ਨਾਮ ਜਪਦੇ ਹੈਂ ਤੇ ਬਾਣੀ ਪੜਦੇ ਹੈਂ।

(ਅ) ਮਨੁੱਖ ਸਰੀਰ ਬਡੇ ਪੁੰਨਾਂ ਕਰਕੇ ਪ੍ਰਾਪਤ ਹੁੰਦਾ ਹੈ। ਅਮੋਲਕ ਸਰੀਰ ਮੈਂ ਅਮੋਲਕ ਨਾਮ ਮਿਲਿਆ ਹੈ। ਰੀਤੀ ਗੁਰੂ ਜੀ ਕੀ ਮੈਂ ਤਕੜੇ ਹੋਵੇ। ਢਿਲੇ ਨਾ ਹੋਵੇ।

ਇਸ ਪ੍ਰਕਾਰ ਆਪ ਜੀ ਨਾਮਧਾਰੀ ਸੰਗਤ ਨੂੰ ਉਪਦੇਸ਼ ਦੇਂਦੇ ਅਤੇ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਤਰਸਦੇ ਹੀ ਜੇਠ ਵਦੀ ਦਸਮੀ ੧੯੯੩ ਬਿਕ੍ਰਮੀ ਵਿਚ ਜੋਤੀਜੋਤ ਸਮਾ ਗਏ।

ਚੀਨੀ ਵਾਲਿਆ ਦੇ ਦੀਦਾਰ ਆ ਕੇ

ਦੇਵਿੰਦਰ ਸਿੰਘ ਗਿਲ (ਜੀਆ ਨੱਥਾ)

ਚੀਨ ਵਾਲਿਆ ਦੇ ਦੀਦਾਰ ਆਕੇ, ਤੇਰੇ ਬਾਝ ਬਸੰਤ ਨਾ ਭਾਂਵਦੀ ਏ।
ਜਿਹੜੀ ਚੰਦਰੀ ਘੜੀ ਪ੍ਰਦੇਸ ਗਇਓਂ,ਉਹ ਘੜੀ ਹਰ ਘੜੀ ਸਤਾਂਵਦੀ ਏ।
ਜਾ ਪ੍ਰਦੇਸ ਵਿਚ ਦੇਸ਼ ਭੁਲਾ ਦਿਤਾ, ਸਾਨੂੰ ਬ੍ਰਿਹੋਂ ਦੀ ਅੱਗ ਜਲਾਂਵਦੀ ਏ।
ਭੁਲ ਜਾਂਵਦਾ ਏ ਖਾਣ ਪੀਣ ਸਾਰਾ, ਯਾਦ ਪ੍ਰੀਤਮਾ ਤੇਰੀ ਜਦ ਆਂਵਦੀ ਏ।
ਹਰ ਸਾਲ ਜੋ ਬਸੰਤ ਬਹਾਰ ਆਉਂਦੀ, ਮੇਰੇ ਸੀਨੇ ਨੂੰ ਉਹ ਤੜਫਾਂਵਦੀ ਏ।
ਅਜ ਫਿਰ ਹੈ ਉਹ ਬਸੰਤ ਆਈ, ਸਾਰੀ ਦੁਨੀਆਂ ਪਈ ਖੁਸ਼ੀ ਮਨਾਂਵਦੀ ਏ।
ਖੇਤਾਂ ਵਿਚ ਮੋਰ ਪਏ ਪਉਣ ਪੈਲਾਂ, ਬਾਗਾਂ ਵਿਚ ਕੋਇਲ ਪਈ ਗਾਂਵਦੀ ਏ।
ਤੇਰੇ ਬਿਨਾਂ ਪਰ ਮੇਰਾ ਨਾ ਜੀਅ ਲਗੇ, ਕੋਈ ਗਲ ਨਾਂ ਮਨ ਨੂੰ ਭਾਂਵਦੀ ਏ।
ਦੇ ਦਰਸ਼ਨ 'ਦਵਿੰਦਰ' ਨੂੰ ਆ ਛੇਤੀ, ਰੁਤ ਬਸੰਤ ਨਾ ਐਵੇਂ ਸੁਹਾਂਵਦੀ ਏ।

ਕੂਕਾ ਇਤਿਹਾਸ ਦਾ ਵਿਸਰਿਆ ਵਰਕਾ

ਸੂਬਾ ਪਹਾੜਾ ਸਿੰਘ

ਸਵਰਨ ਸਿੰਘ ਸਨੇਹੀ, ਐਮ. ਏ.

ਆਮ ਲੋਕਾਂ ਦੀ ਤਾਂ ਗਲ ਹੀ ਛਡੋ, ਦੇਸ਼ ਸੁਤੰਤਰਤਾ ਦੀ ਵੇਦੀ ਤੇ ਆਤਮ ਬਲੀਦਾਨ ਦੇਣ ਵਾਲੇ ਸ਼ਹੀਦ ਸੂਬਾ ਪਹਾੜਾ ਸਿੰਘ ਬਾਰੇ ਤਾਂ ਨਾਮਧਾਰੀਆਂ ਵਿਚੋਂ ਵੀ ਕੁਝ ਗਿਣਵੇਂ ਚੁਣਵੇਂ ਬੰਦੇ ਹੀ ਭਾਵੇਂ ਕੁਝ ਗਿਆਨ ਰਖਦੇ ਹੋਣ। ੧੭ ਜਨਵਰੀ ੧੮੭੨ ਈਸਵੀ ਨੂੰ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਕਾਵਨ ਨੇ ਮਲੇਰ ਕੋਟਲੇ ਵਿਚ ੫੦ ਕੂਕੇ ਸ਼ਹੀਦ ਕੀਤੇ ਸਨ। ਬਾਕੀ ਦੇ ੧੬ ਸਿੰਘਾਂ ਨੂੰ ਤੋਪਾਂ ਨਾਲ ਉਡਾਉਣ ਵਾਸਤੇ ਲੁਧਿਆਣੇ ਤੋਂ ਰਵਾਨਾ ਹੋਣ ਤੋਂ ਪਹਿਲਾਂ ਕਮਿਸ਼ਨਰ ਫੋਰਸਿਥ ਨੇ ਗੁਰੂ ਰਾਮ ਸਿੰਘ ਤੇ ਉਹਨਾਂ ਦੇ ਮੁਖੀ ਦਸ ਸੂਬਿਆਂ ਨੂੰ ਬੰਗਾਲ ਐਕਟ ੧੮੧੮ ਦੀ ਧਾਰਾ ਤਿੰਨ ਦੇ ਅਧੀਨ ਗ੍ਰਿਫਤਾਰ ਕਰਕੇ ਜਲਾਵਤਨ ਕਰ ਦਿਤਾ ਸੀ। ਇਸ ਜਥੇ ਵਿਚ ਹੀ ਪਹਾੜਾ ਸਿੰਘ ਸ਼ਾਮਲ ਤਾਂ ਸੀ ਪਰ ਵਾਇਸਰਾਇ ਨੂੰ ਗ੍ਰਿਫਤਾਰੀ ਵਾਰੰਟ ਜਾਰੀ ਕਰਨ ਲਈ ਪੰਜਾਬ ਸੂਕਾਰ ਵਲੋਂ ਲਿਖੀ ਪਹਿਲੀ ਚਿਠੀ ਵਿਚ ਇਸ ਸੁਤੰਤਰਤਾ ਸੰਗਰਾਮੀ ਦਾ ਨਾਂ ਸ਼ਾਮਲ ਹੋਣੋਂ ਰਹਿ ਗਿਆ ਸੀ ਜਿਸ ਦਾ ਸਬੂਤ ਪੰਜਾਬ ਸੂਕਾਰ ਦੇ ਕਾਇਮ ਮੁਕਾਮ ਸਕੱਤਰ ਲੇਪਿਲ ਗ੍ਰਿਫਨ ਦੀ ਹਿੰਦ ਸੂਕਾਰ ਦੇ ਸਕਤਰ ਬੇਲੀ ਦੇ ਨਾਂ ੧੭ ਜਨਵਰੀ ਨੂੰ ਲਿਖੀ ਚਿਠੀ ਵਿਚੋਂ ਬੜਾ ਸਪਸ਼ਟ ਮਿਲ ਜਾਂਦਾ ਹੈ।

ਸੂਬਾ ਪਹਾੜਾ ਸਿੰਘ ਕੌਣ ਸੀ? ਅੰਬਾਲਾ ਦੇ ਕਮਿਸ਼ਨਰ ਮੈਕਨਬ ਸਾਹਮਣੇ, ਅਲਾਹਾਬਾਦ ਦੇ ਕਿਲੇ ਵਿਚ ਦਿਤੇ ਆਪਣੇ ਬਿਆਨ ਅਨੁਸਾਰ ਉਹ ਜਿਲਾ ਲੁਧਿਆਣਾ ਦੇ ਪਿੰਡ ਮਲੌਦ ਦੇ ਵਸਨੀਕ ਹੀਮੇ ਜੱਟ ਦੇ ਘਰ ਲਗਭਗ ੧੮੩੦ ਈ: ਵਿਚ ਪੈਦਾ ਹੋਇਆ ਸੀ। ਛੋਟੀ ਉਮਰੇ ਉਹ ਆਪਣੇ ਹੀ ਪਿੰਡ ਦੇ ਸੂਦਾਰ ਮਿੱਤ ਸਿੰਘ ਦੇ ਘਰ ਨੌਕਰੀ ਕਰਨ ਲਗ ਪਿਆ ਪਰ ੧੮੫੭ ਦੇ ਵਿਦਰੋਹ ਸਮੇਂ ਇਥੋਂ ਨੌਕਰੀ ਛਡਕੇ ਉਹ ਨਿਰਮਲਾ ਸਾਧ ਬਣ ਗਿਆ। ੧੮੬੦ ਵਿਚ ਉਹ ਨਾਮਧਾਰੀ ਪੰਥ ਵਿਚ ਜਾ ਸ਼ਾਮਲ ਹੋਇਆ। ਨਾਮਧਾਰੀ ਲਹਿਰ ਉਦੋਂ ਜ਼ੋਰਾਂ ਤੇ ਸੀ। ਕਈ ਲੋਕ ਹੋਰਨਾਂ ਧਾਰਮਿਕ ਫਿਰਕਿਆਂ ਨੂੰ ਛਡਕੇ ਕੂਕੇ ਬਣ ਰਹੇ ਸਨ, ਕਿਉਂਕਿ ਇਥੇ ਧਾਰਮਿਕ ਸੁਧਾਰ ਦੇ ਨਾਲੋਂ ਨਾਲ ਰਾਜਨੀਤਕ ਸੁਤੰਤਰਤਾ ਦਾ ਟੀਚਾ ਵੀ ਕੂਕਾ ਪ੍ਰਚਾਰ ਦਾ ਇਕ ਵਿਸ਼ੇਸ਼ ਅੰਗ ਸੀ।

੧੮੫੭ ਵਿਚ ਸੂਦਾਰ ਦੀ ਨੌਕਰੀ ਨੂੰ ਲੱਤ ਮਾਰਨ ਪਿਛੋਂ ਪਹਾੜਾ ਸਿੰਘ ਦੇ ਅੰਦਰ ਬਗਾਵਤ ਦੀ ਅੱਗ ਧੁਖਣ ਦਾ ਸੰਕੇਤ ਲੁਕਿਆ ਜਾਪਦਾ ਹੈ। ਨਾਮਧਾਰੀ ਸਜਣ ਤੋਂ ਕੇਵਲ ਛੇ ਸਾਲ ਬਾਦ ਹੀ ਉਸ ਨੂੰ ਸੂਬਾ ਥਾਪਿਆ ਜਾਣਾ ਵੀ ਉਸ ਦੀ ਤੇਜ਼ ਬੁੱਧੀ ਤੇ ਵਿਦੇਸ਼ੀ ਰਾਜ ਪ੍ਰਤੀ ਕਟੜ ਵਿਰੋਧਤਾ ਨੂੰ ਨਿਖਾਰਕੇ ਸਾਹਮਣੇ ਲਿਆਉਂਦਾ ਹੈ। ਹੈਰਾਨੀ ਦੀ ਗੱਲ ਹੈ ਕਿ ਬਰਤਾਨਵੀ ਅਧਿਕਾਰੀਆਂ ਵਲੋਂ ਸਾਧਾਰਨ ਕੂਕਿਆਂ ਤੇ ਸੂਬਿਆਂ ਦੀ ੧੮੬੬ ਵਿਚ ਤਿਆਰ ਕੀਤੀ ਸੂਚੀ ਵਿਚ ਪਹਾੜਾ ਸਿੰਘ ਦਾ ਨਾਂ ਕਿਤੇ ਨਹੀਂ ਮਿਲਦਾ। ਡਿਪਟੀ ਇਨਸਪੈਕਟਰ ਜਨਰਲ ਪੁਲਿਸ, ਅੰਬਾਲਾ, ਉਸ ਨੂੰ ਇਕ ਫਕੀਰ ਹੀ ਸਮਝਦਾ ਸੀ ਪਰ ਇਸੇ ਅਹੁਦੇ ਦੇ ਲਹੌਰ ਸਥਿਤ ਪੁਲਿਸ ਅਫਸਰ ਦਾ ਵਿਚਾਰ ਸੀ ਕਿ ਅੰਮ੍ਰਿਤਸਰ ਦੇ ਬੁਚੜ-ਬਧ ਦੀ ਯੋਜਨਾ ਲੈਕੇ ਗੁਰੂ ਰਾਮ ਸਿੰਘ ਕੋਲ ਜਾਨ ਵਾਲਾ ਵਿਅਕਤੀ ਇਹੋ ਹੀ ਸੀ ਜੋ ਉਕਤ ਘਟਨਾ ਤੋਂ ਪਹਿਲਾਂ ਲੋਪੋਕੀ ਵਿਚ ਹੋਈ ਇਕਤਰਤਾ ਵਿਚ ਆਪਣੀ ਸ਼ਮੂਲੀਅਤ ਦਾ ਇਕਬਾਲ ਇਸ

ਅਵਸਰ ਕੋਲ ਕਰ ਚੁਕਾ ਸੀ। ਫਿਰੋਜ਼ਪੁਰ ਦਾ ਉਪ ਪੁਲਸ ਕਪਤਾਨ ਉਸ ਨੂੰ ਪ੍ਰਸਿਧ ਅਤੇ ਸੂਚਨਾ ਇਕਤਰ ਕਰਨ ਵਾਲਾ ਕੂਕਾ ਦਸਦਾ ਸੀ। ਲਾਹੌਰ ਅਤੇ ਹੁਸ਼ਿਆਰਪੁਰ ਦੇ ਉਪ ਪੁਲਿਸ ਕਪਤਾਨ ਉਸ ਨੂੰ ਸੂਬਾ ਮੰਨਦੇ ਸਨ। ੧੮੬੭ ਵਾਲੀ ਸਰਕਾਰੀ ਸੂਚੀ ਵਿਚ ਪਹਾੜਾ ਸਿੰਘ ਦਾ ਨਾਂ ਸੂਬਿਆਂ ਵਿਚ ਸ਼ਾਮਲ ਹੈ ਵੀ।

ਹੋਰਨਾਂ ਨਾਮਧਾਰੀ ਸੂਬਿਆਂ ਵਾਂਗ, ਸਰਕਾਰੀ ਰਿਪੋਰਟਾਂ ਅਨੁਸਾਰ ਪਹਾੜਾ ਸਿੰਘ ਦਾ ਕਾਰਜ ਖੇਤਰ ਲੁਧਿਆਣਾ ਅਤੇ ਗੁਜਰਾਂਵਾਲਾ ਸੀ, ਜਿਸ ਦੀ ਪ੍ਰੋੜਤਾ ਪੰਜਾਬ ਪੁਲਿਸ ਦੇ ਇਨਸਪੈਕਟਰ ਜਨਰਲ ਦੀ ਪੰਜਾਬ ਸਰਕਾਰ ਵਲ ੨੦ ਜਨਵਰੀ ੧੮੬੮ ਦੀ ਲਿਖੀ ਹੋਈ ਚਿਠੀ ਵਿਚੋਂ ਵੀ ਹੁੰਦੀ ਹੈ, ਪਰ ਕੁਝ ਰਿਪੋਰਟਾਂ ਵਿਚ ਉਸ ਨੂੰ ਗੁਰੂ ਰਾਮ ਸਿੰਘ ਦੇ ਸੂਚਨਾ ਅਧਿਕਾਰੀ ਵਜੋਂ ਵੀ ਪੇਸ਼ ਕੀਤਾ ਗਿਆ ਹੈ।

ਨਾਮਧਾਰੀ ਅੰਦੋਲਨ ਦੇ ਸਮੇਂ ਗ੍ਰਿਫਤਾਰ ਕੀਤੇ ਹੋਰਨਾਂ ਸ਼ਾਹੀ ਕੈਦੀਆਂ ਉਤੇ ਥਾਪੇ ਗਏ ਦੋਸ਼ਾਂ ਦਾ ਭਾਗੀ ਹੀ ਪਹਾੜਾ ਸਿੰਘ ਨੂੰ ਬਣਾਇਆ ਗਿਆ ਸੀ। ਮਲਕਾ ਵਿਰੁਧ ਜੰਗ ਛੇੜਨੀ, ਜੰਗ ਛੇੜਨ ਦੇ ਜਤਨ ਕਰਨੇ, ਅਜੇਹੀ ਲੜਾਈ ਵਾਸਤੇ ਉਕਸਾਹਟ ਪੈਦਾ ਕਰਨੀ, ਮਲਕਾ ਦੀ ਪ੍ਰਭੂ ਸੱਤਾ ਨੂੰ ਖਤਮ ਕਰਨਾ ਤੇ ਸ਼ਕਤੀ ਰਾਹੀਂ ਸਰਕਾਰ ਹਥਿਆਉਣਾ ਆਦਿ ਗੰਭੀਰ ਦੋਸ਼ ਇਨ੍ਹਾਂ ਦੇਸ਼ ਭਗਤਾਂ ਉਤੇ ਲਾਏ ਗਏ ਸਨ।

ਆਪਣੇ ਬਿਆਨਾਂ ਵਿਚ ਸੂਬਾ ਪਹਾੜਾ ਸਿੰਘ ਕੇਵਲ ਇੰਨਾਂ ਕੁ ਮੰਨਦਾ ਹੈ ਕਿ ਉਹ ਗੁਰੂ ਰਾਮ ਸਿੰਘ ਨਾਲ ਅੰਮ੍ਰਿਤਸਰ, ਅਨੰਦਪੁਰ ਤੇ ਕੋਠੇ ਆਦਿ ਦੇ ਮੇਲਿਆਂ ਤੇ ਹਰ ਥਾਂ ਜਾਂਦਾ ਰਿਹਾ ਸੀ ਪਰ ਦਮਦਮੇ ਦੇ ਮੇਲੇ ਤੇ ਉਹ ਨਹੀਂ ਸੀ ਗਿਆ। ਭੈਣੀ ਸਾਹਿਬ ਉਹ ਮਾਘੀ ਦੇ ਮੇਲੇ ਤੋਂ ੨੦ ਦਿਨ ਪਹਿਲਾਂ ਹੀ ਪੁਜ ਗਿਆ ਸੀ, ਪਰ ਉਸ ਨੂੰ ਮਸਤਾਨਿਆਂ ਦੀ ਕਿਸੇ ਗੱਲ ਦਾ ਕੋਈ ਗਿਆਨ ਨਹੀਂ ਸੀ, ਕਿਉਂਕਿ ਉਹ ਬਾਹਰ ਕਿਸੇ ਖੂਹ ਤੇ ਡੇਰਾ ਕਰਕੇ, ਸਾਰਾ ਸਮਾਂ ਭਜਨ ਬੰਦਗੀ ਵਿਚ ਹੀ ਗੁਜ਼ਾਰਦਾ ਰਿਹਾ ਸੀ, ਹਾਂ,ਇੰਨੀ ਕੁ ਸੂਚਨਾਂ ਉਸ ਨੂੰ ਹੈ ਸੀ ਕਿ ਮਸਤਾਨਿਆਂ ਨੇ ਸੂਬਾ ਸਾਹਿਬ ਸਿੰਘ, ਲੱਖਾ ਸਿੰਘ ਤੇ ਇਸ (ਪਹਾੜਾ ਸਿੰਘ) ਨੂੰ ਮਾਰ ਦੇਣ ਦੀ ਧਮਕੀ ਦਿਤੀ ਸੀ ਤਦ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸ਼ਾਂਤ ਹੋਣ ਲਈ ਕਿਹਾ ਸੀ ਤੇ ਉਨ੍ਹਾਂ ਦੇ ਨਾਂ ਥਾਣੇਦਾਰ ਨੂੰ ਦੇ ਦਿਤੇ ਸਨ। ਇਨ੍ਹਾਂ ਜੋਸ਼ੀਲੇ ਕੂਕਿਆਂ ਤੋਂ ਖਤਰੇ ਦੀ ਸੰਭਾਵਨਾ ਹੋਣ ਕਰਕੇ ਉਨ੍ਹਾਂ(ਗੁਰੂ ਰਾਮ ਸਿੰਘ ਜੀ) ਨੇ ਸੂਬਾ ਲੱਖਾ ਸਿੰਘ ਰਾਹੀਂ ਲੁਧਿਆਣੇ ਦੇ ਸਰਕਾਰੀ ਅਧਿਕਾਰੀਆਂ ਨੂੰ ਵੀ ਸੂਚਨਾਂ ਭੇਜ ਦਿਤੀ ਸੀ।

ਦੂਜੇ ਬੰਨੇ ਭੈਣੀ ਸਾਹਿਬ ਦੇ ਨੰਬਰਦਾਰ ਦੌਲਤ· ਰਾਮ ਬ੍ਰਾਹਮਣ ਨੇ ਜ਼ਿਲਾ ਮੈਜਿਸਟਰੇਟ(ਲੁਧਿਆਣਾ) ਸ੍ਰੀਸਲ ਬੀਡਨ ਅਗੇ ੧੯ ਅਪ੍ਰੈਲ ੧੮੭੨ ਨੂੰ ਦਿਤੀ ਉਗਾਹੀ ਵਿਚ ਦਸਿਆ ਸੀ ਕਿ ਭੈਣੀ ਸਾਹਿਬ ਦੇ ਮੇਲੇ ਵਿਚ ਜਿਨ੍ਹਾਂ ਅੱਠ ਸੂਬਿਆਂ ਨੇ ਵਿਦਰੋਹ ਦਾ ਪ੍ਰਚਾਰ ਕੀਤਾ ਸੀ ਉਨ੍ਹਾਂ ਵਿਚ ਸੂਬਾ ਪਹਾੜਾ ਸਿੰਘ ਵੀ ਸ਼ਾਮਲ ਸੀ। ਵਿਸਾਖਾ ਸਿੰਘ ਕੂਕੇ ਨੇ ਉਸ ਨੂੰ ਸੂਬਾ ਸਾਹਿਬ ਸਿੰਘ ਤੇ ਸੂਬਾ ਲੱਖਾ ਸਿੰਘ ਵਰਗੇ ਪ੍ਰਭਾਵਸ਼ਾਲੀ ਸੂਬਿਆਂ ਦੇ ਬਰਾਬਰ ਵਿਸ਼ੇਸ਼ ਅਧਿਕਾਰ ਪ੍ਰਾਪਤ ਆਗੂ ਦਸਿਆ ਸੀ। ਇਸੇ ਹੀ ਅਦਾਲਤ ਵਿਚ ੧੦ ਅਪ੍ਰੈਲ ਨੂੰ ਦਿਤੀ ਉਗਾਹੀ ਵਿਚ ਕਟਾਣੀ ਕਲਾਂ ਦੇ ਭੋਲਾ ਸਿੰਘ ਨੇ ਇਹ ਸਿਧ ਕਰਨ ਦਾ ਜਤਨ ਕੀਤਾ ਸੀ ਕਿ ਜਲਾਵਤਨ ਕੀਤੇ ਗਏ ਸੂਬਿਆਂ ਵਿਚੋਂ ਸਾਹਿਬ ਸਿੰਘ ਲੱਖਾ ਸਿੰਘ ਤੇ ਪਹਾੜਾ ਸਿੰਘ ਹੀ ਮਲੌਦ ਤੇ ਹਮਲਾ ਕਰਵਾਉਣ ਵਿਚ ਪੂਰੀ ਤਰ੍ਹਾਂ ਸਰਗਰਮ ਰਹੇ ਸਨ।

ਪੜਤਾਲੀਆ ਕਮਿਸ਼ਨਰ ਮੈਕਲਬ, ਪਹਾੜਾ ਸਿੰਘ ਨੂੰ ਵਧੇਰੇ ਖਤਰਨਾਕ, ਪ੍ਰਸਿਧੀ ਪ੍ਰਾਪਤ ਤੇ ਦ੍ਰਿੜ ਇਰਾਦੇ ਵਾਲਾ ਕੂਕਾ ਕਿਆਸਦਾ ਹੈ। ਉਸਨੂੰ-ਪ੍ਰਭਾਵਸ਼ਾਲੀ ਸੂਬਾ ਦਸਦਾ ਹੋਇਆ ਉਹ ਲਿਖਦਾ ਹੈ, "ਭਾਵੇਂ ਉਹ ਆਪਣੀ ਜਾਨ ਜੋਖੋਂ ਵਿਚ ਪਾਉਣ ਨੂੰ ਇੰਨਾਂ ਉਤਸੁਕ ਨਹੀਂ ਵੀ ਜਾਪਦਾ ਫਿਰ ਵੀ ਸਪਸ਼ਟ ਤੌਰ ਤੇ ਉਹ ਅੰਮ੍ਰਿਤਸਰ ਦੇ ਬੁਚੜਬਧ ਵਿਚ ਰਹਸਪੂਰਨ ਸਹਾਇਕ ਸੀ। ਮੈਕਨਬ ਉਸ ਨੂੰ ਸੂਬਾ ਬ੍ਰਹਮਾ ਸਿੰਘ ਨਾਲੋਂ ਵੀ ਵਧੇਰੇ ਖਤਰਨਾਕ ਸਮਝਕੇ

ਦਸ ਵਰ੍ਹੇ ਦੀ ਜਲਾਵਤਨ ਦੀ ਸਜ਼ਾ ਦੀ ਸਿਫਾਰਸ਼ ਕਰਦਾ ਹੈ। ਪਰ ਇਸ ਦੇ ਨਾਲ ਹੀ ਉਸਨੇ ਇਹ ਸ਼ਰਤ ਵੀ ਜੋੜ ਦਿਤੀ ਕਿ ਸਮੇਂ ਅਤੇ ਸਥਿਤੀ ਨੂੰ ਧਿਆਨ ਵਿਚ ਰਖਕੇ ਇਸ ਕੈਦੀ ਦਾ ਜਾਇਜ਼ਾ ਲਿਆ ਜਾਇਆ ਕਰੇ ਅਤੇ ਜਦੋਂ ਕਿਤੇ ਇਸ ਨੂੰ ਰਿਹਾ ਕੀਤਾ ਵੀ ਜਾਵੇ ਤਦ ਵੀ ਇਸ ਨੂੰ ਪੁਲਿਸ ਦੀ ਨਿਗਰਾਨੀ ਹੇਠ ਰਖਿਆ ਜਾਣਾ ਚਾਹੀਦਾ ਹੈ।

ਦੂਜੇ ਬੰਨੇ, ਹਿੰਦ ਸੁਕਾਰ ਦਾ ਸਕੱਤਰ ਬੇਲੀ, ਮਾਰਚ ੧੮੭੨ ਵਿਚ ਸਾਰ ਦਸ ਸੂਬਿਆਂ ਨੂੰ ਇੰਨੇ ਖਤਰਨਾਕ ਨਹੀਂ ਸੀ ਮੰਨਦਾ, ਕਿਉਂਕਿ ਉਨ੍ਹਾਂ ਵਿਰੁੱਧ ਦੋਸ਼ਾਂ ਦੀ ਅਣਹੋਂਦ ਸੀ। ਪਿਛੋਂ ਜਾਕੇ ਬੇਲੀ ਵੀ ਪਹਾੜਾ ਸਿੰਘ ਦੇ ਵਧੇਰੇ ਖਤਰਨਾਕ ਹੋਣ ਸਬੰਧੀ ਆਪਣੀ ਸੰਮਤੀ ਪ੍ਰਗਟਾਉਂਦਾ ਹੋਇਆ ਲਿਖਦਾ ਹੈ,"ਜਾਪਦਾ ਹੈ ਕਿ ਉਹਨੇ ਅੰਮ੍ਰਿਤਸਰ ਬੁਚੜ ਬੱਧ ਦੀ ਯੋਜਨਾ ਉਲੀਕਣ ਵਿਚ ਸਿਰਕਢਵਾਂ ਹਿੱਸਾ ਲਿਆ ਹੈ... ਭਾਵੇਂ ਇਹ ਬ੍ਰਹਮਾ ਸਿੰਘ ਦੇ ਅਧੀਨ ਹੀ ਹੋਵੇ ਜੋ ਆਪ ਪਿਛੇ ਰਿਹਾ। ਅਤੇ ਜੇ ਉਗਾਹੀਆਂ ਨੂੰ ਵਿਸ਼ਵਾਸਯੋਗ ਮੰਨਿਆ ਜਾਵੇ ਤਦ ਅਸਲ ਵਿਚ ਭੈਣੀ(ਸਾਹਿਬ) ਵਿਚ ਲੋਹੜੀ ਦੇ ਮੇਲੇ ਤੋਂ ਮਲੋਦ ਉਤੇ ਧਾਵਾ ਬੋਲਣ ਦੀ ਰਾਇ ਦੇਣ ਵਿਚ ਵੀ ਉਹ ਸਰਗਰਮ ਰਿਹਾ ਹੈ।" ਹਲਕਾ ਫਿਲੌਰ ਦੇ ਜ਼ੈਲ-ਦਾਰਾਂ ਤੇ ਸੂਦਾਰਾਂ ਦੇ ਬਿਆਨਾਂ ਵਿਚ ਵੀ ਪਹਾੜਾ ਸਿੰਘ ਨੂੰ ਵਿਦਰੋਹ ਦਾ ਪ੍ਰਚਾਰਕ ਦਸਿਆ ਗਿਆ ਸੀ, ਮੁਕਦੀ ਗਲ, ਹਿੰਦ ਸੁਕਾਰ ਨੇ ੨ ਫਰਵਰੀ ੧੮੭੨ ਨੂੰ ਹੋਰਨਾਂ ਸਾਥੀਆਂ ਦੇ ਨਾਲ ਹੀ ਪਹਾੜਾ ਸਿੰਘ ਦੇ ਜਲਾਵਤਨੀ ਵਾਰੰਟ ਵੀ ਬੰਗਾਲ ਐਕਟ ੧੮੧੮ ਦੀ ਧਾਰਾ ਤਿੰਨ ਦੇ ਅਧੀਨ ਜਾਰੀ ਕਰ ਦਿਤੇ।

ਲਗਭਗ ਦਸ ਮਹੀਨੇ ਇਲਾਹਾਬਾਦ ਦੇ ਕਿਲੇ ਵਿਚ ਰਖਣ ਪਿਛੋਂ ਪਹਾੜਾ ਸਿੰਘ ਨੂੰ ਰੂੜ ਸਿੰਘ ਤੇ ਮਲੂਕ ਸਿੰਘ ਦੇ ਨਾਲ ਬੰਬਈ ਦੇ ਇਲਾਕੇ ਵਿਚ ਅਸੀਰਗੜ੍ਹ,ਦੇ ਕਿਲੇ ਵਿਚ ਭੇਜ ਦਿਤਾ ਗਿਆ। ਇਨ੍ਹਾਂ ਸ਼ਾਹੀ ਕੈਦੀਆਂ ਦੀ ਰਿਹਾਈ ਦੀ ਸੰਭਾਵਨਾਂ ਬਾਰੇ ਅਗਸਤ ੧੮੭੨ ਵਿਚ ਪੰਜਾਬ ਸੁਕਾਰ ਤੋਂ ਪੁਛੇ ਜਾਣ ਤੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਇਸ ਕਦਮ ਦੀ ਵਿਰੋਧਤਾ ਕੀਤੀ। ਦੁਬਾਰਾ, ਮਾਰਚ ੧੮੭੬ ਵਿਚ ਇਹੋ ਸੁਆਲ ਦੁਹਰਾਇਆ ਗਿਆ ਤਾਂ ਪੰਜਾਬ ਸੁਕਾਰ ਨੇ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ ਦੀਆਂ ਰਾਵਾਂ ਮੰਗੀਆਂ। ਲਾਹੌਰ ਦਾ ਕਮਿਸ਼ਨਰ ਤੇ ਫਿਰੋਜ਼ਪੁਰ ਦਾ ਡਿਪਟੀ ਕਮਿਸ਼ਨਰ ਕੈਦੀਆਂ ਦੀ ਰਿਹਾਈ ਦੇ ਹੱਕ ਵਿਚ ਸਨ ਪਰ ਲੈਫਟੀਨੈਂਟ ਗਵਰਨਰ ਫਿਰ ਵੀ ਪਹਿਲੀ ਗੱਲ ਤੇ ਅੜਿਆ ਰਿਹਾ ਜਿਸ ਦੇ ਫਲਸਰੂਪ ਨਾ ਪਹਾੜਾ ਸਿੰਘ ਤੇ ਨਾ ਹੀ ਉਸ ਦਾ ਕੋਈ ਹੋਰ ਸਾਥੀ ਰਿਹਾ ਹੋ ਸਕਿਆ, ਕਿਉਂਕਿ ਸੁਕਾਰ ਇਨ੍ਹਾਂ ਸਾਰਿਆਂ ਨੂੰ ਹੀ ਬਰਤਾਨਵੀ ਰਾਜ ਦੇ ਦੁਸ਼ਮਣ ਨੰਬਰ ਇਕ ਸਮਝਦੀ ਸੀ। ਇਨ੍ਹਾਂ ਵਿਚੋਂ ਬਹੁਤੇ, ਜੇਲ੍ਹਾਂ ਦੇ ਦੁਖ-ਦਾਈ ਜੀਵਨ ਦੀਆਂ ਕਠਿਨਾਈਆਂ ਦਾ ਸਾਹਮਣਾ ਕਰਦੇ ਹੋਏ ਜੇਲ੍ਹਾਂ ਵਿਚ ਹੀ ਸਰੀਰ ਤਿਆਗ ਗਏ। ਪਹਾੜਾ ਸਿੰਘ ਨੇ ਵੀ ਸੁਤੰਤਰਤਾ ਪ੍ਰਾਪਤੀ ਦੇ ਮਹਾਨ ਜੰਗ ਵਿਚ ਮੂਤਰ ਗ੍ਰੰਥੀ ਦੀ ਸੋਜ ਦੀ ਬਿਮਾਰੀ ਨਾਲ ੨ ਮਾਰਚ ੧੮੮੨ ਨੂੰ ਆਪਣੇ ਸਰੀਰ ਦੀ ਆਹੂਤੀ ਪਾ ਦਿਤੀ। ਇਸ ਹਿਸਾਬ ਅੱਜ ਤੋਂ ਲਗਭਗ ਪੰਜ ਵਰ੍ਹੇ ਪਹਿਲਾਂ ਉਸਦੀ ਸ਼ਹੀਦੀ ਸ਼ਤਾਬਦੀ ਦਾ ਦਿਨ ਵੀ ਅਣਗੌਲਿਆ ਹੀ ਬੀਤ ਗਿਆ।

ਇਸ ਦੁਨੀਆਂ ਤੋਂ ਕੂਚ ਕੀਤਿਆਂ ਉਸਨੂੰ ਇਕ ਸਦੀ ਤੋਂ ਪੰਜ ਵਰ੍ਹੇ ਉਪਰ ਬੀਤ ਗਏ ਹਨ। ਉਸ ਗੁੰਮਨਾਮ ਤੇ ਨਿਸ਼ਕਾਮ ਦੇਸ਼-ਭਗਤ ਦੀ ਕੋਈ ਯਾਦਗਾਰ ਕਾਇਮ ਹੋਣ ਦਾ ਸੁਆਲ ਉਠਣਾ ਤਾਂ ਕਿਤੇ ਰਿਹਾ, ਅਜੇ ਤਾਂ ਇਹ ਵੀ ਪਤਾ ਲਾਇਆ ਜਾਣਾ ਬਾਕੀ ਹੈ ਕਿ ਉਸ ਦਾ ਸਸਕਾਰ ਕਿਸ ਨੇ ਕਿਵੇਂ ਤੇ ਕਿਹੜੇ ਥਾਂ ਕੀਤਾ?

Namdhari Elibrary NamdhariElibrary@gmail.com

ਸਤਿਗੁਰ ਸਿਖ ਕਾ ਹਲਤ ਪਲਤ ਸਵਾਰੈ

ਵਲੋਂ ਸੰਤ ਤਰਸੇਮ ਸਿੰਘ (ਨਿਜੀ ਸਕਤ੍ਰ ਸ੍ਰੀ ਭੈਣੀ ਸਾਹਿਬ)

ਗੁਰੂ ਅਰਜਨ ਦੇਵ ਦੀ ਬਾਣੀ ਸੁਖਮਨੀ ਸਾਹਿਬ ਦੀ ੧੮ ਵੀਂ ਅਸਟਪਦੀ ਦੀ ਪਹਿਲੀ ਪਉੜੀ ਦੀਆਂ ਆਖਰੀ ਪੰਕਤੀਆਂ ਦੀਆਂ ਦੋ ਤੁਕਾਂ ਇਸਤਰ੍ਹਾਂ ਹਨ ਕਿ:—

ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ।
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ

ਸਗੋਂ ਇਸ ਪਉੜੀ ਦੇ ਆਦਿ ਵਿਚ ਆਉਂਦਾ ਹੈ ਕਿ:-

ਸਤਿਗੁਰ ਸਿਖ ਕੀ ਕਰੈ ਪ੍ਰਤਿਪਾਲ।
ਸੇਵਕ ਕਉ ਗੁਰ ਸਦਾ ਦਇਆਲ।
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ।
ਗੁਰਬਾਣੀ ਹਰਿ ਨਾਮ ਉਚਰੈ।
ਸਤਿਗੁਰੁ ਸਿਖ ਕੇ ਬੰਧਨ ਕਾਟੈ।
ਗੁਰ ਕਾ ਸਿਖੁ ਬਿਕਾਰ ਤੇ ਹਾਟੈ।
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ
ਗੁਰ ਕਾ ਸਿਖੁ ਵਡਭਾਗੀ ਹੇ।

ਅਰਥਾਤ:- ਉਪ੍ਰੋਕਤ ਪਉੜੀ ਵਿਚ ਗੁਰੂ ਜੀ ਨੇ ਸਿਖਾਂ ਪ੍ਰਤੀ ਗੁਰੂ ਭਾਵਨਾ ਦੇ ਸੰਕਲਪ ਨੂੰ ਦ੍ਰਿੜ ਕਰਵਾਉਣ ਦੇ ਸਬੰਧ ਵਿਚ ਫੁਰਮਾਇਆ ਹੋਇਆ ਹੈ, ਕਿ ਵਿਅਕਤੀ ਸਤਿਗੁਰੂ ਹੀ ਅਪਣੇ ਸਿਦਕ ਵਾਨ ਸਿਖਾਂ ਦੀ ਪ੍ਰਤਿਪਾਲਾ ਕਰਦਾ ਹੈ, ਸਤਿਗੁਰੂ ਹੀ ਸਿਖਾਂ ਦੇ ਕਈ ਤਰ੍ਹਾਂ ਦੇ ਬੰਧਨ ਕਟਦਾ ਹੈ, ਬਸ਼ਰਤੇ ਕਿ ਗੁਰੂ ਕਾ ਸਿਖ ਵੀ ਵਿਕਾਰਾਂ ਤੋਂ ਹਟ ਜਾਵੇ।

ਏਸੇ ਹੀ ਸੰਕਲਪ ਅਨੁਸਾਰ ਵਿਅਕਤੀਗਤਿ ਸਤਿਗੁਰੂ ਸਿਖ ਦਾ ਹਲਤੁ(ਸੰਸਾਰਕ ਜੀਵਨ) ਤੇ ਪਲਤੁ(ਪ੍ਰਲੋਕ) ਦਾ ਜੀਵਨ ਸਵਾਰ ਦਿੰਦਾ ਹੈ ਅਥਵਾ ਜੇਕਰ ਕੋਈ ਸਿਖ ਨਿਰੋਲ ਗੁਰੂ ਪਰਣੇ ਹੋ ਜਾਵੇ ਤਾਂ ਸਤਿਗੁਰੂ ਉਸ ਸਿਖ ਨੂੰ ਅਪਣੇ ਹਿਰਦੇ ਵਿਚ ਸਦੀਵ-ਕਾਲ ਹੀ ਯਾਦ ਰਖਦਾ ਤੇ ਉਸਦੀ ਹਰ ਵਕਤ ਸਹੈਤਾ ਕਰਦਾ ਰਹਿੰਦਾ ਹੈ।

ਉਪ੍ਰੋਕਤ ਭਾਵਾਂ ਦੀ ਪੂਰਤੀ ਵਾਸਤੇ ਗੁਰੂ ਬਾਣੀ ਤੇ ਗੁਰੂ ਇਤਿਹਾਸ ਵਿਚੋਂ ਅਨਗਿਣਤ ਪ੍ਰਮਾਣ ਮਿਲਦੇ ਹਨ, ਪਰ ਇਸ ਮਜ਼ਮੂਨ ਵਿਚ ਮੈਂ ਕੇਵਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਬਤ ਹੀ ਸੰਖਿਪਤ ਰੂਪ ਵਿਚ ਕੁਝ ਉਹ ਸ਼ਬਦ ਲਿਖਣੇ ਹਨ, ਜਿਨ੍ਹਾਂ ਤੋਂ ਸੁਭਾਵਿਕ ਤੌਰ ਤੇ ਹੀ ਇਹ ਪਤਾ ਲਗ ਸਕੇ ਕਿ ਸਤਿਗੁਰੂ ਸਿਖਾਂ ਦਾ ਹਲਤੁ ਪਲਤੁ ਕਿਵੇਂ ਸਵਾਰਿਆ ਕਰਦੇ ਹਨ।

ਇਤਿਹਾਸ ਗਵਾਹ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਰਚਨਾ ਕਰਕੇ ਸੰਸਾਰ ਵਿਚ ਸੁਖੀ ਜੀਵਨ ਬਿਤਾਉਣ ਵਾਸਤੇ ਉਹ ਸੁਨਹਿਰੀ ਅਸੂਲ ਕਾਇਮ ਕੀਤੇ, ਜਿਨ੍ਹਾਂ ਉਤੇ ਅਮਲ ਕਰਨ ਨਾਲ ਹਰ ਇਕ ਸਿਖ ਅਥਵਾ ਪ੍ਰਾਣੀ ਮਾਤ੍ਰ ਦਾ ਜੀਵਨ ਸੁਖ ਪੂਰਵਿਕ ਬਤੀਤ ਹੋ ਸਕਦਾ ਹੈ, ਫਿਰ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨ ਜਦੋਂ ਸੰਸਾਰ ਦਾ ਜੀਵਨ ਸੁਖੀ ਹੋ ਗਿਆ ਤਾਂ ਪ੍ਰਲੋਕ ਦੇ ਸੁਖਾਂ ਦੀ ਪ੍ਰਾਪਤੀ ਆਪੇ ਹੀ ਹੋ ਜਾਣੀ ਹੁੰਦੀ ਹੈ।

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਕਥਨ ਅਨੁ-ਸਾਰ ਸਿਖ ਵਾਸਤੇ ਸਭ ਤੋਂ ਪਹਿਲਾਂ ਤਤ ਵੇਤਾ ਈਸ਼ਵਰੀ ਅਵਤਾਰ ਵਿਅਕਤੀ ਗਤਿ ਸਤਿਗੁਰੂ ਤੋਂ ਅਰਜ ਕਰਕੇ ਗੁਰਮੰਤ੍ਰ ਧਾਰਨ ਕਰਨਾ ਚਾਹੀਦਾ ਹੈ ਕਿਉਂਕਿ ਗੁਰੂ ਜੀ ਨੇ ਲਿਖਿਆ ਹੈ ਕਿ:—

Namdhari Elibrary NamdhariElibrary@gmail.com

ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ।
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ।
ਆਦਿਕ

(ਪੰਨਾ) ੫੯-੫: ੧

ਇਸ ਤੋਂ ਬਾਦ ਹੁਕਮ ਹੈ।

ਉਠ ਅਸਨਾਨ ਕਰਹੁ ਪ੍ਰਭਾਤੇ

ਅਥਵਾ:

ਗੁਰ ਸਤਿਗੁਰ ਕਾ ਜੋ ਸਿਖੁ ਅਖਵਾਏ
ਸੋ ਭਲਕੇ ਉਠਿ ਹਰਿ ਨਾਮੁ ਧਿਆਵੈ।
ਉਦਮੁ ਕਰੇ ਭਲਕੇ ਪ੍ਰਭਾਤੀ ਇਸ਼ਨਾਨ ਕਰੇ,
ਅੰਮ੍ਰਿਤਸਰਿ ਨਾਵੈ।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ,
ਸਭਿ ਕਿਲ ਵਿਖ ਪਾਪ ਦੋਖ ਲਹਿ ਜਾਵੈ।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ,
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ।

ਆਦਿਕ(੩੦੫)

ਉਪ੍ਰੋਕਤ ਮਹਾਂ ਵਾਕਾਂ ਤੋਂ ਇਲਾਵਾ ਸਤਿਗੁਰੂ ਜੀ ਨੇ ਪੰਥ ਪ੍ਰਕਾਸ਼ ਗਿ: ਗਿਆਨ ਸਿੰਘ ਜੀ ਦੇ ਲਿਖਣ ਅਨੁਸਾਰ ਸਭ ਦਰਸ਼ਕਾਂ ਨੂੰ ਉਪਦੇਸ਼ ਦੇਕੇ "ਫੀਮ, ਭੰਗ, ਪੋਸਤ,ਸ਼ਰਾਬ,ਮਾਸ,ਚੋਰੀ,ਯਾਰੀ,ਠਗੀ, ਤਜ ਥੀਏ ਸੰਤ ਸਤਿਜੁਗ ਆ ਗਇਓ,,

ਅਰਥਾਤ:- ਜਿਸਨੇ ਭੀ ਸ੍ਰੀ ਸਤਿਗੁਰੂ ਦੀ ਸ਼ਰਨ ਪ੍ਰਾਪਤ ਕੀਤੀ ਉਸਨੂੰ ਸੰਤ ਬਣਾ ਦਿਤਾ ਅਤੇ ਇਸ-ਤਰ੍ਹਾਂ ਉਪਦੇਸ਼ ਮੰਨਣ ਵਾਲੇ ਸਿਖਾਂ ਦਾ ਸੰਸਾਰਿਕ ਜੀਵਨ ਸਫਲਾ ਹੋ ਗਿਆ।

ਫਿਰ ਸਤਿਗੁਰੂ ਜੀ ਨੇ ਜੋ ਰਹਿਤਨਾਮਾ ਸਿਖਾਂ ਵਾਸਤੇ ਸ੍ਰੀ ਭੈਣੀ ਸਾਹਿਬ ਤੋਂ ਲਿਖਿਆ ਜਿਸ ਵਿਚ ਉਤੇ ਦਸੇ ਗਏ ਉਪਦੇਸ਼ਾਂ ਤੋਂ ਛੁਟ ਸ੍ਰੀ ਦਸ਼ਮੇਸ਼ ਗੁਰੂ ਵਲੋਂ ਪ੍ਰਚਲਤ ਕੀਤੀ ਸਿਖੀ ਦੀ ਰਹਿਤ ਮਰ-ਜਾਦਾ ਦਾ ਪਾਲਣ ਕਰਨ ਦਾ ਸਭ ਨੂੰ ਤਾਕੀਦੀ ਹੁਕਮ ਦਿਤਾ।ਫਿਰ ਏਸੇ ਮਰਯਾਦਾ ਵਿਚ ਜਿਥੇ ਸ੍ਰੀ ਸਤਿ-ਗੁਰੂ ਪ੍ਰਤਾਪ ਸਿੰਘ ਜੀ ਨੇ ਸਭ ਸਾਧ ਸੰਗਤ ਬਾਕੀ ਨਿਤਨੇਮ ਤੋਂ ਵੱਖਰਾ ੧ ਘੰਟਾ ਨਾਮ ਸਿਮਰਨ ਦਾ ਨਿਤਨੇਮ ਰੋਜ਼ਾਨਾਂ ਕਰਨ ਦਾ ਹੁਕਮ ਦਿਤਾ ਓਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦ੍ਰਸ਼ਨਾਂ ਨਮਿਤ ਲਖਾਂ ਸਾਧਾਰਨ ਤੇ ਹਜ਼ਾਰਾਂ ਅਖੰਡ ਪਾਠ ਕਰਵਾਕੇ ਨਾਮ-ਬਾਣੀ ਦਾ ਪ੍ਰਵਾਹ ਚਲਾ ਦਿਤਾ ਤੇ ਅਨੰਦ ਕਾਰਜਾਂ ਨੂੰ ਮੇਲਿਆਂ ਵਿਚ ਕਰਨ ਦਾ ਤਾਕੀਦੀ ਹੁਕਮ ਜਾਰੀ ਕਰਕੇ ਨਾਮਧਾਰੀਆਂ ਦੇ ਸੰਸਾਰਿਕ ਜੀਵਨ ਨੂੰ ਹੋਰ ਚੰਗਾ ਬਣਾ ਦਿਤਾ। ਜਦ ਕਿ ਵਰਤਮਾਨ ਕਾਲ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਚੇ ਪਾਤਸ਼ਾਹ ਉਨ੍ਹਾ ਕਲਿਆਨ ਕਾਰੀ ਉਪਦੇਸ਼ਾਂ ਵਿਚ ਹੋਰ ਸਮੇਂ ਅਨੁਸਾਰ ਹੋਰ ਲੋੜੀਂਦੇ ਵਾਧੇ ਕਰਕੇ ਹਰ ਨਾਮਧਾਰੀ ਸਿਖ ਤੇ ਸਗੋਂ ਹਰ ਮਨੁੱਖ ਮਾਤ੍ਰ ਨੂੰ ਨਾਮ ਬਾਣੀ ਦਾ ਨਿਤਨੇਮ ੧ ਘੰਟਾ ਨਾਮ ਸਿਮਰਨ ਹਰ ਪ੍ਰਵਾਰ ਨੂੰ ਇਕ ਸਾਧਾਰਨ ਪਾਠ ਪ੍ਰਤੀ ਮਹੀਨਾ ਕਰਨ ਤੇ ਸਭ ਨਾਲ ਪ੍ਰੇਮ ਕਰਨ ਧਰਮ ਦੀ ਕਿਰਤ ਕਰਕੇ ਵੰਡ ਛਕਣ ਅਤੇ ਅਨੰਦ ਕਾਰਜਾਂ ਸਮੇਂ ਦਾਜ਼ ਦਹੇਜ ਤੇ ਪੂਰੀਤਰ੍ਹਾਂ ਪਾਬੰਦੀ ਦਾ ਹੁਕਮ ਲਾਕੇ ਸਿਖਾਂ ਦੇ ਸੰਸਾ-ਰਿਕ ਜੀਵਨ ਨੂੰ ਮਹਾਂ ਸੁਖੀ ਬਣਾ ਰਹੇ ਹਨ। ਜਿਹੜਾ ਭੀ ਗੁਰੂ ਕਾ ਸਿਖ ਸ੍ਰੀ ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ ਸੰਸਾਰ ਵਿਚ ਅਪਨਾ ਜੀਵਨ ਬਤੀਤ ਕਰੇਗਾ, ਉਸਦਾ ਪ੍ਰਲੋਕ ਨਿਰਸੰਸੇ ਹੀ ਸੁਧਰ ਜਾਵੇਗਾ। ਲੋੜ ਸਿਰਫ ਸ੍ਰੀ ਸਤਿਗੁਰੂ ਸਚੇ ਪਾਤ-ਸ਼ਾਹ ਜੀ ਦੇ ਹੁਕਮਾਂ ਦੀ ਪਾਲਣਾ ਕਰਨ ਦੀ ਹੈ।

-0-

ਜੈ ਸਿੰਘ ਹੱਟੀ ਵਾਲਾ ਸ੍ਰੀ ਜੀਵਨ ਨਗਰ

ਮੇਰੇ ਸਤਿਗੁਰੂ ਜਗਜੀਤ ਲਗੀ ਚਰਨਾਂ ਦੀ ਪ੍ਰੀਤ, ਭਾਵੇਂ ਮਾਰ ਭਾਵੇਂ ਛਡ ਆਏ ਤੇਰੇ ਦ੍ਵਾਰ ਮੇਂ।
ਮਚੀ ਸਮੇਂ ਦੀ ਦੁਹਾਈ ਪੇਸ਼ ਜਾਂਵਦੀ ਨ ਕਾਈ, ਇਕੋ ਹੋਈ ਭਲਿਆਈ ਆਏ ਤੇਰੇ ਦ੍ਵਾਰ ਮੇਂ।
ਇਹੋ ਮਨ ਵਿਚ ਮੰਗ ਚੜੇ ਨਾਮ ਵਾਲਾ ਰੰਗ, ਰਹੇ ਸੇਵਾ ਦੀ ਉਮੰਗ ਆਏ ਤੇਰੇ ਦ੍ਵਾਰ ਮੇਂ।
ਹੈ ਦਾਸ ਦੀ ਅਰਦਾਸ ਰਖੋ ਚਰਨਾਂ ਦੇ ਪਾਸ, ਕਰੋ ਵਿਘਨਾਂ ਦਾ ਨਾਸ ਆਏ ਤੇਰੇ ਦ੍ਵਾਰ ਮੇਂ।

Namdhari Elibrary NamdhariElibrary@gmail.com

ਗੁਰਪੁਰਵਾਸੀ ਉਸਤਾਦ ਮਸਤਾਨ ਸਿੰਘ ਜੀ ਪਟਿਆਲਾ

ਆਪ ਪ੍ਰਸਿਧ ਦਿਲਰੁਬਾ ਵਾਦਕ ਮਹੰਤ ਰਾਜਾ ਸਿੰਘ ਜੀ ਦੇ ਸ਼ਾਗਿਰਦ ਸਨ। ਅਪਣੇ ਸਮੇ ਦੇ ਦਿਲਰੁਬਾ (ਸਾਜ) ਵਾਦਨ ਵਿਚ ਆਪ ਅਦੁਤੀ ਰਹਿ ਚੁਕੇ ਹਨ। ਆਪ ਜੀ ਦਾ ਪਹਿਲਾ ਨਾਮ ਜੀਵਨ ਸਿੰਘ ਸੀ ਪਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸ ਆਕੇ ਬੜੇ ਪ੍ਰੇਮ ਨਾਲ ਦਿਲਰੁਬਾ ਸੁਣੌਂਦੇ ਅਤੇ ਮਸਤੀ ਵਿਚ ਆ ਜਾਂਦੇ ਜਿਸ ਕਰਕੇ ਆਪ ਜੀ ਦਾ "ਮਸਤਾਨ ਸਿੰਘ" ਨਾਮ ਪ੍ਰਸਿਧ ਹੋ ਗਿਆ।

Namdhari Elibrary NamdhariElibrary@gmail.com

ਨਾਮ ਦੇ ਰਸੀਏ ਕੀਰਤਨ ਦੇ ਧਨੀ ਨਾਮਧਾਰੀ ਪੰਥ ਦੇ ਪ੍ਰਸਿਧ ਪ੍ਰਚਾਰਕ
ਗੁਰਪੁਰਵਾਸੀ ਸੰਤ ਭਗਤ ਸਿੱਘ ਜੀ ਸੂਬਾ, ਦਾਤੇ ਵਾਲ।

Namdhari Elibrary NamdhariElibrary@gmail.com

ਹੈ। ਸੰਤ ਦਰਸ਼ਨ ਸਿੰਘ ਜੀ ਹੁਣੇ ਹੁਣੇ ਪ੍ਰਲੋਕ ਗਮਨ ਕਰ ਗਏ ਹਨ। ਸੰਤ ਖਜਾਨ ਸਿੰਘ ਜੀ ਅਜੇ ਕੀਰਤਨ ਕਰਨ ਵਿਚ ਪੂਰੇ ਸਮਰਥ ਹਨ। ਜੋੜੀ ਦੀ ਹੋਰ ਲਜ ਅਤੇ ਗਾਉਣ ਦੀ ਹੋਰ ਲਜ ਆਪੇ ਹੀ ਇਕੋ ਵਕਤ ਦੋਵਾਂ ਵਖ ਵਖ ਲਇਆਂ ਦਾ ਪ੍ਰਸਾਰ ਕਰਨ ਵਿਚ ਮਾਹਰ ਹਨ। ਸੰਤ ਦਰਸ਼ਨ ਸਿੰਘ ਜੀ ਦੇ ਸਪੁਤ੍ਰ ਹਰਬੰਸ ਸਿੰਘ ਜੀ ਨੇ ਪਿਤਾ ਪੁਰਖੀ ਸੰਭਾਲ ਲਈ ਹੈ। ਸਤਿਗੁਰੂ ਜੀ ਕਿਰਪਾ ਕਰਨ ਇਨਾਂ ਦੇ ਅੰਦਰ ਕੀਰਤਨ ਦਾ ਰਸ ਪਿਤਾ ਜੀ ਵਾਲਾ ਆਵੇ। ਏਹ ਆਪਣੇ ਪਿਤਾ ਵਾਲੀ ਸਰਧਾ ਭਾਵਨਾ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰ ਕੀਰਤਨ ਕਰਦੇ ਰਹਿਣ। ਇਹ ਸਤ੍ਰਾਂ ਇਸ ਲਈ ਲਿਖੀਆਂ ਹਨ ਕਿ ਜਿਨਾਂ ਦੇ ਅੰਦਰ ਕੀਰਤਨ ਦੀ ਲਗਨ ਹੈ ਓਹ ਪੜ੍ਹਕੇ ਓਨਾਂ ਨੂੰ ਕੀਰ- ਤਨ ਕਰਨ ਵਾਲਿਆਂ ਦੇ ਇਤਿਹਾਸ ਦੀ ਕੁਛ ਥੋੜੀ ਬਹੁਤ ਜਾਣਕਾਰੀ ਹੋਵੇਗੀ, ਜੋ ਅਤਿ ਜਰੂਰੀ ਹੈ। ਦੂਜੇ ਇਸ ਲੇਖ ਵਿਚ ਹਰਿ ਜਸ ਹਰਿ ਕੀਰਤਨ ਦੀ ਅਤੇ ਸਤਿਗੁਰੂ ਜੀ ਦੀ ਮਹਿਮਾ ਹੈ ਜੋ ਇਸ ਭਾਵਨਾ ਨਾਲ ਲਿਖੀ–

ਸੁਣਿ ਬੇਨੰਤੀ ਸੁਆਮੀ ਅਪਨੇ
ਨਾਨਕ ਇਹੁ ਸੁਖੁ ਮਾਂਗੈ।
ਜਹ ਕੀਰਤਨ ਤੇਰਾ ਸਾਧੂ ਗਾਵੈ
ਤਹ ਮੇਰਾ ਮਨੁ ਲਾਗੈ।
(ਸੋਰਠਿ ਮਹਲਾ ੫ ਪੰਨਾ ੬੧੦)

ਬਸੰਤ

ਹਰਭਜਨ ਸਿੰਘ "ਪ੍ਰਵਾਨਾ" ਸੰਤ ਨਗਰ

ਰਾਈਆਂ ਭੈਣੀ ਦੇ ਬਿਲਕੁਲ ਜਿਗਰ ਵਿਚੋਂ, ਫੁਟ ਪਿਆ ਸੀ ਸੋਮਾਂ ਕਲਿਆਨ ਵਾਲਾ।
ਜਿਥੋਂ ਧਰਮ ਦਾ ਸੂਰਜ ਉਤਪੰਨ ਹੋਇਆ, ਗਊ ਗਰੀਬ ਗਲਿਓਂ ਛੁਰੀ ਲਾਹਣ ਵਾਲਾ।
ਸ਼ਕਤ ਨਾਮ ਦੀ ਹੱਥ ਅਠੋਤਰੀ ਲੈ, ਬੂਟਾ ਪਾਲਿਆ ਜਿਸ ਗਿਆਨ ਵਾਲਾ।
ਜੀਣਾ ਲਾਅਨਤ ਗੁਲਾਮੀ ਦਾ ਸਮਝ ਜਿਸ, ਗੋਰੇ ਸ਼ਾਹੀ ਦਾ ਤਖਤ ਹਿਲਾਨ ਵਾਲਾ।
ਫਾਈ ਸਿਖ ਲਭੇ ਜਿੰਨ੍ਹੂੰ ਦਸਮ ਦੇ ਸਨ, ਇਨੇ ਲੈ ਪਿਉਂਦ ਸੀ ਲਾਈ ਅਗੋਂ।
ਕਲਗੀ ਵਾਲੇ ਨੇ ਜਿਹੜੀ ਸੀ ਲਾਈ ਹਥੀਂ, ਰਾਮ ਰੂਪ ਹੋ ਵਾੜੀ ਖਿੜਾਈ ਅਗੋਂ।
ਉਹਦੇ ਵਿਸ਼ਵ ਵਿਦਿਆਲੇ ਅਦੁਤੀ ਵਿਚੋਂ, ਮਿਲਿਆ ਸਬਕ ਬੇਗਰਜ਼ ਕੁਰਬਾਨੀਆਂ ਦਾ।
ਨਾਂ ਮਿਲਵਰਤਨ ਦੀ ਤੁਰੀ ਸੀ ਲਹਿਰ ਜਿਥੋਂ, ਬਾਈਕਾਟ ਸ਼ੁਰੂਆਤ ਸੈਲਾਨੀਆਂ ਦਾ।
ਜਿਸਦੀ ਕੂਕ ਆਜ਼ਾਦੀ ਹਲੂਣਿਆ ਦਿਲ, ਗੂੜ੍ਹੀ ਨੀਂਦ ਸੁੱਤੇ ਹਿੰਦੁਸਤਾਨੀਆਂ ਦਾ।
ਵੇਖ ਕੂਕਿਆਂ ਦੇ ਹਥੀਂ ਮੌਤ ਗਾਨੇ, ਦਿਲ ਡੋਲਿਆ ਗੋਰੇ ਅਭਿਮਾਨੀਆਂ ਦਾ।
ਬੇਸ਼ਕ ਕੂਟਨੀਤੀ ਗੋਰਾ ਆਪਣੀ ਵਿਚ, ਪਾ ਪਾ ਸਾਡੇ ਵਿਚ ਫੁਟ ਸੀ ਸਫ਼ਲ ਹੋਇਆ।
ਐਪਰ ਲਗੀ ਆਜ਼ਾਦੀ ਦੀ ਅੱਗ ਭੜਕੀ, ਜਿਦਾ ਅਸਰ ਨਾਂ ਰਤਾ ਵਿਫੱਲ ਹੋਇਆ।
ਹਰ ਸਾਲ ਆਵੇਂ ਜਮ ਜਮ ਆ ਅੜੀਏ, ਤੇਰੇ ਆਉਣ ਤੇ ਖੁਸ਼ੀ ਬਹਾਰ ਆਵੇ।
ਐਪਰ ਬਿਰਹੀ ਨੂੰ ਉਹਦੇ ਦਿਲਦਾਰ ਬਾਝੋਂ, ਖਾਣ ਪੀਣ ਨਾਂ ਪਹਿਨਣ ਸ਼ਿੰਗਾਰ ਭਾਵੇ।
ਕੂਕ ਕੋਇਲ ਦੀ ਹੂਕ ਬਣ ਜਿਗਰ ਚੱਟੇ, ਫਿਰਦੀ ਸੀਨੇ ਤੇ ਪਈ ਕਟਾਰ ਜਾਵੇ।
ਝੋਲੀ ਆਸ ਦੀ ਦੀਦ ਦਾ ਖੈਰ ਪਾ ਦੇ, ਮਤਾਂ ਜਿੰਦ ਨਾਂ ਇਹ ਹੁੱਟ ਹਾਰ ਜਾਵੇ।
ਸਾਨੂੰ ਤਦੇ ਬਸੰਤ ਬਹਾਰ ਸੋਹੇ, ਪਰਤ ਚੀਨੀ "ਪ੍ਰਵਾਨਾ" ਅਸਵਾਰ ਆਵੇ।

ਅ ਅ
ਗੂ ਗੂ
ਠੀ

ਸ੍ਰੀ ਰਾਜਿੰਦਰ ਸਿੰਘ 'ਗੁਰੂ ਰ'

ਰਾਜਿੰਦ੍ਰ ਸਿੰਘ ਜੀ ਨਾਮਧਾਰੀ ਵਿਦਯਾਲਾ ਸ੍ਰੀ ਭੈਣੀ ਸਾਹਿਬ ਦੇ ਵਿਦਯਾਰਥੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹਿਪਾਠੀ ਰਹਿ ਚੁਕੇ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਹਿਲ ਮਾਤਾ ਭੂਪਿੰਦਰ ਕੌਰ ਜੀ ਏਨਾਂ ਦੇ ਸਕੇ ਭੂਆ ਜੀ ਲਗਦੇ ਸਨ। ਛੋਟੇ ਹੁੰਦਿਆਂ ਮਾਤਾ ਨਿਕਲਣ ਤੋਂ ਕੇਸ ਝੜ ਗਏ ਸੀ ਅਤੇ ਵਿਦਯਾਲੇ ਵਿਚ ਬਹੁਤ ਯੋਗ ਵਿਦਯਾਰਥੀਆਂ ਵਿਚੋਂ ਅਤੇ ਸੰਗੀਤ ਵਿਚ ਭੀ ਬਹੁਤ ਸਿਆਣਾ ਹੋਣ ਕਰਕੇ ਇਨਾਂ ਦਾ ਛੋਟਾ ਨਾਮ ਓਥੇ "ਪੰਡਿਤ" ਪ੍ਰਸਿਧ ਸੀ। ਇਨਾਂ ਦੇ ਸਹਿਪਾਠੀ ਹੁਣ ਭੀ ਏਨਾਂ ਨੂੰ ਪੰਡਿਤ ਰਾਜਿੰਦਰ ਸਿੰਘ ਆਖਣ ਤਦ ਹੀ ਓਨਾਂ ਨੂੰ ਸ਼ਾਂਤ ਔਂਦੀ ਹੈ। ਇਨਾਂ ਨੇ ਕੁਛ ਸਾਲ "ਸਤਿਜੁਗ" ਸੰਪਾਦਤ ਭੀ ਕੀਤਾ ਹੈ। ਇਨਾਂ ਦੀ ਸਾਹਿਤਕ ਅਤੇ ਇਤਿਹਾਸਕ ਖੋਜ ਪੜਤਾਲ ਦੀ ਯੋਗਯਤਾ ਅਤੇ "ਲੇਖਕ ਕਲਾ" ਲੇਖਾਂ ਤੋਂ ਹੀ ਝਲਕ ਦੇਕੇ ਪਾਠਕਾਂ ਨੂੰ ਪ੍ਰਭਾਵਿਤ ਕਰ ਰਹੀ ਹੈ। [ਸੰਪਾਦਕ

ਸੰਤ ਮੋਹਣ ਸਿੰਘ ਜੀ(ਜੋ ਵਡਾਲੇ ਜੌਹਲਾਂ ਦੇ ਸਨ) ਇਕ ਪੂਰਨ ਮਹਾਂ ਪੁਰਸ਼ ਸਨ। ਬਿਰਤੀ ਉਹਨਾਂ ਦੀ ਬੜੀ ਉਚੀ ਸੀ। ਦੀਵਾਨ ਜਦੋਂ ਸਜੌਂਦੇ, ਕੋਈ ਸ੍ਰੋਤਾ ਹਿਲਕੇ ਨਹੀਂ ਸੀ ਜਾ ਸਕਦਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਆਪਦਾ ਅਤਿਅੰਤ ਸਨੇਹ ਸੀ। ਪਿਆਰ ਏਨਾਂ ਕਿ ਜਦੋਂ ਸੰਤਾਂ ਨੇ ਆਪਦੇ ਪਿੰਡ ਜਾਣਾ ਦੂਸਰੇ ਦਿਨ ਸਤਿਗੁਰਾਂ ਨੇ ਵੀ ਓਥੇ ਪਹੁੰਚ ਜਾਣਾ। ਓਥੇ ਹੀ ਦੀਵਾਨ ਸਜ ਜਾਣੇ ਤੇ ਫੇਰ ਇਕਠੇ ਹੀ ਦੌਰੇ ਤੇ ਚਲ ਪੈਣਾ।

"ਵਡਾਲਾ ਜੌਹਲਾਂ ਦਾ" ਬਦਮਾਸ਼ਾਂ ਦਾ ਪਿੰਡ ਸੀ। ਸੰਤਾਂ ਦੀ ਗੁਰੂ ਜੀ ਦੀ ਮਿਹਰ ਸਦਕਾ ਏਥੇ ਭਾਰੀ ਪਰਿਵਰਤਨ ਆ ਚੁਕਾ ਸੀ ਸਾਰਾ ਹੀ ਪਿੰਡ ਨਾਮਧਾਰੀ ਬਣ ਚੁੱਕਾ ਸੀ ਅਤੇ ਸਾਧਾਰਨ ਦੀਵਾਨ ਏਥੇ ਚੰਗੇ ਮੇਲੇ ਜਿੰਨੇਂ ਭਰ ਜਾਂਦਾ ਸੀ।

ਸੰਤਾਂ ਦੀ ਨਿਰਤਕਾਰੀ ਮਸ਼ਹੂਰ ਸੀ। ਜਦੋਂ ਸੰਤ ਮਸਤੀ ਵਿਚ ਹੇਕੇ ਗੌਂਦੇ ਵਗਦੇ ਪਾਣੀ ਖਲੋ ਜਾਂਦੇ। ਜ਼ਬਾਨ ਵਿਚ ਏਨੀ ਤਾਸੀਰ ਸੀ ਕਿ, ਸਤਿਗੁਰੂ ਜੀ ਤਾਊਸ ਵਜੌਂਦੇ ਵਜੌਂਦੇ ਜੋ ਸੁਰ-ਤਾਰ ਰਾਹੀਂ ਉਲੀਕ ਦੇ ਸੰਤ ਹੂਬਹੂ ਓਹੋ ਅਵਾਜ਼ ਗਲੇ ਵਿਚੋਂ ਉਚਾਰ ਦਿੰਦੇ। ਦਿਆਲੂ ਏਨੇ, ਕਿ ਕੋਈ ਵੀ ਸਿਖ ਜੋ ਤਨਖਾਹੀਆ ਹੁੰਦਾ, ਆਕੇ ਕਹਿ ਦਿੰਦਾ, ਮੇਰੇ ਤੇ ਕ੍ਰਿਪਾ ਕਰਾਓ ? ਤਾਂ ਸੰਤ ਓਸਦਾ ਸਾਰਾ ਕਸੂਰ ਆਪ ਦੇ ਜਿੰਮੇ ਲੈ ਲੈਂਦੇ, ਤੇ ਜਦੋਂ ਕਦੇ ਵੀ ਮੌਕਾ ਮਿਲਦਾ ਓਸੇ ਵੇਲੇ ਸਤਿਗੁਰੂ ਜੀ ਕੋਲ ਅਰਜ਼ ਕਰਕੇ ਸਿਖ ਦਾ ਗੁਨਾਹ ਬਖਸ਼ਾ ਦਿੰਦੇ। ਸੰਤਾਂ ਦੇ ਪ੍ਰਚਾਰ

Namdhari Elibrary NamdhariElibrary@gmail.com

ਦਾ ਨਵੇਕਲਾ ਹੀ ਢੰਗ ਸੀ। ਸਚੇ ਅਰਥਾਂ ਵਿਚ ਸੰਤ ਮਿਸ਼ਨਰੀ ਸਨ। ਜਦੋਂ ਪ੍ਰਚਾਰ ਕਰਨ ਵਾਸਤੇ ਨਿਕਲਨਾਂ, ਓਸ ਵੇਲੇ ਨਾਮਧਾਰੀਆਂ ਦੇ ਪਿੰਡ ਬਿਲ-ਕੁਲ ਨਹੀਂ ਜਾਣਾਂ। ਨਰੋਲ ਜਟਾਂ ਦੇ ਪਿੰਡ ਵਿਚ ਕੀਰਤਨ ਕਰਦੇ ਹੋਏ ਹੌਲੀ ਹੌਲੀ ਤੁਰੇ ਜਾਣਾ। ਮਿਠੀ ਅਵਾਜ਼ ਉਚੀਆਂ ਸੁਰਾਂ ਅਤੇ ਮਹੰਤ ਇੰਦ੍ਰ ਸਿੰਘ ਦੀਆਂ ਥਾਪਾਂ, ਜਦੋਂ ਢੋਲਕ ਤੇ ਪੈਂਦੀਆਂ, ਸਾਰੇ ਪਿੰਡ ਨੇ ਪਿਛੇ ਲੱਗ ਤੁਰਨਾਂ। ਪਿੰਡੋਂ ਬਾਹਰ ਨਿਕਲਕੇ ਜਦੋਂ ਸੰਤਾਂ ਨੇ ਅਰਦਾਸ ਕਰਨੀ, ਪਿੰਡ ਵਾਲਿਆਂ ਹੱਥ ਜੋੜਕੇ ਖਲੋ ਜਾਣਾ। ਮਹਾਰਾਜ! ਅਜ ਸਾਡੇ ਤੇ ਕ੍ਰਿਪਾ ਕਰੋ! ਏਥੇ ਹੀ ਕ੍ਰਿਪਾ ਕਰੋ!ਏਥੇ ਹੀ ਕ੍ਰਿਪਾ ਕਰੋ ਤੇ ਨਾਲੇ ਦੀਵਾਨ ਸਜਾਓ। ਰੰਗ ਬਝ ਜਾਣਾ। ਅਧਾ ਪਿੰਡ ਸਿਖ ਸੱਜ ਜਾਣਾ। ਅਤੇ ਕੁਝ ਕੁ ਨੇ ਭਜਨ ਪੁਛਕੇ ਹੀ ਵਕਤ ਟਪਾ ਲੈਣਾਂ। ਏਸ ਤਰ੍ਹਾਂ ਸੈਂਕੜੇ ਪਿੰਡਾਂ ਦਾ ਦੌਰਾ ਕਰਕੇ, ਹਜ਼ਾਰਾਂ ਹੀ ਸਿੰਘ ਸਤਿਗੁਰਾਂ ਦੀ ਸ਼ਰਨ ਵਿਚ ਲੈ ਔਣੇ। ਆਪ ਦੀ ਸੰਗਤ ਨਾਲ ਮਹਾਂ ਟਾਖਸ਼ਾਂ ਤੇ ਨੀਚ ਤੋਂ ਨੀਚਾਂ ਨੂੰ ਵੀ ਸੰਤਾਂ ਨੇ ਮਹਾਂ ਪੁਰਸ਼ ਬਣਾ ਦਿਤਾ ਸੀ। ਦੁਮਣ ਸਿੰਘ, ਕੁੰਦਨ ਸਿੰਘ, ਹਰਬੰਸ ਸਿੰਘ, ਸਵਰਨਾਂ ਤੇ ਕਰਤਾਰਾ ਅਜੇਹੇ ਕਹਿੰਦੇ ਕਹੌਂਦੇ ਚੋਰ ਤੇ ਬਦਮਾਸ਼ ਸਨ ਜਿੰਨਾਂ ਨੇ ਇਕ ਵਾਰ ਸਤਿਗੁਰਾਂ ਦੇ ਘੋੜੇ ਤੇ ਵੀ ਹੱਥ ਸਾਫ ਕਰ ਦਿਤਾ ਸੀ। ਤੇ ਬਦੋਬਦੀ ਕੁੰਦੂ ਨੇ ਘੋੜਾ ਸਿਖ ਤੋਂ ਖੋਹਕੇ ਅਲਾਣੇ ਨੂੰ ਹੀ ਅੱਡੀ ਲਾਕੇ ਲੈ ਗਿਆ ਸੀ। ਸੰਤਾਂ ਦੀ ਮਿਹਰ ਸਦਕਾ ਓਹੋ ਦੁਮਣ ਸਿੰਘ ਸਤਿ-ਗੁਰਾਂ ਦੇ ਘੋੜਿਆਂ ਦਾ ਦਰੋਗਾ ਬਣਿਆ ਤੇ ਸਾਰੀ ਉਮਰ ਸਤਿਗੁਰੂ ਜੀ ਦੇ ਚਰਨਾਂ ਵਿਚ ਲੰਘਾ ਦਿਤੀ ਤੇ ਕੁੰਦਨ ਤੇ ਅਜੈਬ ਸਿੰਘ ਜੋ ਪੱਕੇ ਚੋਰ ਸਨ ਪੱਕੇ ਨਾਮਧਾਰੀ ਬਣ ਗਏ।

ਸੌਣ ਭਾਦ੍ਹੋਂ ਦੇ ਦਿਨ ਸਨ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਮਾਤਾ ਭੁਪਿੰਦਰ ਕੌਰ ਜੀ ਦਾ ਡੇਰਾ ਨਹਿਰ ਤੇ ਸੀ। ਵੱਡੇ ਸਾਹਿਬਜ਼ਾਦੇ ਬੇਅੰਤ ਜੀ ਉਸ ਵੇਲੇ ਦੋ ਸਾਲ ਦੇ ਸਨ। ਸਤਿਗੁਰੂ ਜੀ ਚੁਮਾਸਾ ਆਮਤੌਰ ਤੇ ਨਹਿਰ ਤੇ ਬਿਤੌਂਦੇ ਸਨ। ਸੰਤ ਮੋਹਨ ਸਿੰਘ ਤੇ ਭਾਈ ਫਤਹਿ ਸਿੰਘ ਵੀ ਸਤਿਗੁਰੂ ਜੀ ਦੇ ਕੋਲ ਹੀ ਸਨ। ਰਾਤ ਨੂੰ ਜਦੋਂ ਸਤਿਗੁਰੂ ਜੀ ਮਸਤੀ ਵਿਚ ਤਾਊਸ ਵਜਾਉਂਦੇ, ਕਈ ਵਾਰ ਸਰਕੰਡੇ ਵਿਚੋਂ ਸੱਪ ਵੀ ਧੌਣ ਉਚੀ ਕਰਕੇ ਸੁਰ ਸਾਧਨਾ ਵਿਚ ਸ਼ਾਮਲ ਹੋਣ ਦਾ ਯਤਨ ਕਰਦੇ। ਪਰ ਸਤਿਗੁਰੂ ਜੀ ਉਚੇ ਬੈਂਚ ਤੇ ਬੈਠੇ ਹੁੰਦੇ ਤੇ ਸੱਪ ਨਮਸਕਾਰ ਕਰਕੇ ਅੱਗੋਂ ਲੰਘ ਜਾਂਦੇ। ਇੰਨਾਂ ਵਿਚ ਇਕ ਸੱਪਾਂ ਦਾ ਬਾਦਸ਼ਾਹ ਵੀ ਸੀ। ਜਿਸਨੇ ਪੱਕੇ ਤੌਰ ਉਤੇ ਸਤਿਗੁਰਾਂ ਦੇ ਡੇਰੇ ਵਿਚ ਨਿਵਾਸ ਕਰ ਰੱਖਿਆ ਸੀ। ਇਹ ਸੱਪ ਕਾਲਾ ਨਾਗ ਸ਼ਾਇਦ ਦੁਨੀ ਚੰਦ ਹੀ ਸੀ ਜੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਰਾਪ ਨਾਲ ਵਿਸ਼ਧਰ ਹੱਥੋਂ ਹੀ ਅਧੋਗਤੀ ਨੂੰ ਪ੍ਰਾਪਤ ਹੋਇਆ ਸੀ। ਇਹ ਕਦੇ ਏਸ ਭਾਂਡੇ ਉਹਲੇ ਤੇ ਕਦੇ ਉਸ ਬੋਰੀ ਪਿੱਛੇ ਹੋਇਆ। ਹਨੇਰੇ ਸਵੇਰੇ ਰੋਜ਼ ਦਰਸ਼ਨ ਕਰਦਾ ਤੇ ਦਰਸ਼ਨ ਦਿੰਦਾ ਸੀ। ਇਹ ਏਡਾ ਵੱਡਾ ਫਕਰ ਸੀ ਕਿ ਜੇ ਕਿਸੇ ਸਿਖ ਸਾਧ ਦੇ ਚਰਨ ਨਾਲ ਛੋਹ ਜਾਂਦਾ ਤਾਂ ਪਿਛਾਂਹ ਭੌਂ ਕੇ ਨਹੀਂ ਸੀ ਦੇਖਦਾ। ਤੇ ਨਾ ਹੀ ਕਿਸੇ ਨੂੰ ਡਰਾਉਂਦਾ ਧਮਕੌਂਦਾ ਸੀ। ਨਾਮਧਾਰੀ ਸੱਪ ਨੂੰ ਮਾਰਦੇ ਤਾਂ ਉਂਜ ਵੀ ਨਹੀਂ ਸਨ। ਪਰ ਏਸ ਸੱਪ ਵਾਸਤੇ ਸਤਿਗੁਰਾਂ ਦਾ ਵਿਸ਼ੇਸ਼ ਹੁਕਮ ਸੀ ਕਿ ਏਸ ਨੂੰ ਕੁਝ ਨਹੀਂ ਕਹਿਣਾ। ਮਾਤਾ ਭੁਪਿੰਦ੍ਰ ਕੌਰ ਜੀ ਏਸ ਦਾ ਉਚੇਚਾ ਧਿਆਨ ਰਖਦੇ। ਦੁੱਧ ਤੇ ਸਰਦਾਈ ਵਿਚੋਂ ਏਸ ਨੂੰ ਵੀ ਹਿਸਾ ਦਿਤਾ ਜਾਂਦਾ। ਹੋਰ ਖਾਣਾ ਏਸ ਦਾ ਆਪ ਦਾ ਹੁੰਦਾ। ਏਸੇ ਦੌਰਾਨ ਇਕ ਅਜੀਬ ਘਟਨਾ ਘਟੀ।

ਸਤਿਗੁਰੂ ਜੀ ਦੂਰ ਦੌਰੇ ਤੇ ਗਏ ਹੋਏ ਸਨ। ਤੇ ਲੰਗਰ ਹੌਲੀ ਹੌਲੀ ਮਸਤਾਨਾ ਹੁੰਦਾ ਜਾ ਰਿਹਾ ਸੀ। ਫਲ ਫੁਲ ਤੇ ਰਸਤਾਂ ਸਤਿਗੁਰੂ ਜੀ ਦੇ ਹੁੰਦਿਆਂ ਆਮ ਹੀ ਰਹਿੰਦੀਆਂ ਸਨ ਕਿਉਂਕਿ ਦਰਸ਼ਨਾਰਥੀ, ਦਰਸ਼ਨ ਵੀ ਕਰ ਜਾਂਦੇ ਤੇ ਰਸਤਾਂ ਵੀ ਭੇਟਾ ਕਰ ਜਾਂਦੇ। ਪਰ ਪਿਛੋਂ ਫਾਕਾ ਹੋਣਾ ਸੁਭਾਵਕ ਹੀ ਸੀ। ਬਾਬੇ ਜੋਤਾ ਸਿੰਘ ਹੁਰੀ ਹਰੀਆਂ ਔਗੁਰੀਆਂ ਛਕਣ ਹਿਲੇ ਹੋਏ ਸਨ। ਉਹਨਾਂ ਸੰਤ ਮੋਹਨ ਸਿੰਘ ਹੁਰਾਂ ਅੱਗੇ ਜਾ ਏਨਤੀ ਕੀਤੀ, ਮਹਾਰਾਜ ਕਈ ਦਿਨ ਹੋ ਗਏ ਹਨ ਖੁਲ੍ਹੇ ਗਫੇ ਛਕਿਆਂ ਨੂੰ ਕ੍ਰਿਪਾ ਕਰੋ ਤੇ

ਦਾਨ ਦਛਣਾ ਦਾ ਪ੍ਰਬੰਧ ਕਰਵਾ ਦਿਓ।

ਸੰਤਾਂ ਕਿਹਾ ਚਲੋ ਮਾਤਾ ਜੀ ਅਗੇ ਅਰਦਾਸ ਕਰਦੇ ਹਾਂ ਤੇ ਉਥੋਂ ਜ਼ਰੂਰ ਤੁਹਾਡੀ ਸਰਧਾ ਪੂਰਨ ਹੋ ਜਾਵੇਗੀ।

ਮਾਤਾ ਜੀ ਲੰਗਰ ਕਈ ਦਿਨਾਂ ਤੋਂ ਮਸਤ ਚਲ ਰਿਹਾ ਹੈ। ਸੰਗਤ ਦੀ ਇਛਾ ਹੈ ਕਿ ਅਜ ਖੁਲੇ ਗਫੇ ਵਰਤਣ ਤੇ ਦੇਗਾਂ ਦੇ ਰਗੜੇ ਲਗਣ। ਮਾਤਾ ਜੀ ਕੋਨੇ ਤੇ ਖਲੋਤੇ ਹੋਏ ਕੇਸ ਸੁਕਾ ਰਹੇ ਸਨ ਹੱਸਕੇ ਕਿਹਾ, ਸੰਤ ਜੀ! ਅਜ ਤਾਂ ਮੇਰੇ ਕੋਲ ਵੀ ਵਡੀ ਵਡਿਆਈ ਜਾਂ ਵਡਾ ਨਾਉ ਹੀ ਹੈ। ਕੁਝ ਸੋਚਕੇ, ਠਹਿਰੋ! ਇਕ ਮੁੰਦਰੀ ਹੀ ਹੈ ਤੇ ਏਹ ਤੁਸੀਂ ਲੈ ਜਾਓ।

ਮਾਤਾ ਜੀ! ਮੁੰਦਰੀ ਹੱਥੋਂ ਲਹੌਣੀ ਤਾਂ ਠੀਕ ਨਹੀਂ। ਉਸੇ ਤਰ੍ਹਾਂ ਕ੍ਰਿਪਾ ਕਰੋ। ਮਾਤਾ ਭੂਪਿੰਦਰ ਕੌਰ ਜੀ ਨੇ ਕਿਹਾ ਏਹ ਮੇਰੇ ਕਿਸ ਕੰਮ ਹੈ? ਜੇ ਸਾਧਾਂ ਸੰਤਾਂ ਦੇ ਲੇਖੇ ਲਗ ਜਾਵੇ ਤਾਂ ਇਸ ਤੋਂ ਹੋਰ ਚੰਗੀ ਵਰਤੋਂ ਏਸ ਦੀ ਕੀ ਹੋ ਸਕਦੀ ਹੈ? ਨਾਲੇ ਸੋਨਾ ਪਹਿਨਣਾਂ ਗੁਰ ਸਿਖਾਂ ਵਾਸਤੇ ਹੈ ਵੀ ਮਨਮਤ! ਤੁਸੀਂ ਮੁੰਦਰੀ ਲੈ ਜਾਓ ਤੇ ਕਿਸੇ ਸੁਨਿਆਰੇ ਸਿੰਘ ਨੂੰ ਭੇਜਕੇ ਦੁਰਾਹੇ ਤੋਂ ਰਸਤਾਂ ਮੰਗਵਾਂ ਲਉ। ਏਸ ਤਰਾਂ ਆਖਕੇ ਮਾਤਾ ਜੀ ਨੇ ਮੁੰਦਰੀ ਸੰਤਾਂ ਦੀ ਝੋਲੀ ਵਿਚ ਸੁਟ ਦਿਤੀ ਤੇ ਸੰਤ ਖੁਸ਼ੀਆਂ ਨਾਲ ਲਹਿਰਾਉਂਦੇ ਹੋਏ ਸੰਗਤ ਵਿਚ ਆ ਗਏ।

ਕੇਸਰ ਸਿੰਘਾ! ਅਜ ਏਨਾਂ ਖੁਸ਼ ਕਿਵੇਂ ਹੈਂ! ਤੇਰੀਆਂ ਅੱਖੀਆਂ ਵਿਚੋਂ ਵੀ ਹਾਸਾ ਨਿਕਲ ਰਿਹਾ ਹੈ! ਸੰਤ ਈਸ਼ਰ ਸਿੰਘ ਜੈਪੁਰ ਵਾਲੇ ਨੇ ਪੁਛਿਆ?

ਸੰਤ ਜੀ। ਕੀ ਦਸਾਂ! ਅਜ ਨਵਾਂ ਹੀ ਕੌਤਕ ਬਣਿਆ ਹੈ। ਸੰਤ ਮੋਹਣ ਸਿੰਘ ਹੁਰਾਂ ਨੇ ਅੱਜ ਮਾਤਾ ਜੀ ਨੂੰ ਲੁਟਿਆ ਹੈ।

ਉਹਨਾਂ ਦਾ ਕੀ ਲੁਟਣਾਂ ਹੈ ਜੋ ਜਨਮ ਤੋਂ ਹੀ ਸਾਧ ਸੰਗਤ ਦੀ ਸੇਵਾ ਕਰਦੇ ਚਲੇ ਆ ਰਹੇ ਹਨ। ਤੂੰ ਗਲ ਦਸ ਕੀ ਹੋਈ ਹੈ?

ਸੰਤ ਜੀ! ਲੰਗਰ ਕਈ ਦਿਨਾਂ ਤੋਂ ਮਸਤ ਸੀ ਤੇ ਅਜ ਮਾਤਾ ਜੀ ਦਾ ਬੋਝਾ ਖਾਲੀ ਸੀ ਤੇ ਉਹਨਾਂ ਮੁੰਦਰੀ ਹੀ ਲਾਹਕੇ ਸੰਤ ਮੋਹਣ ਸਿੰਘ ਜੀ ਦੀ ਝੋਲੀ ਵਿਚ ਸੁਟ ਦਿਤੀ।

ਸੰਤਾਂ ਦੀ ਮਹਿਮਾਂ ਅਪਰੰਪਾਰ ਹੈ, ਉਹਨਾਂ ਦੀ ਕਹੀ ਨੂੰ ਅਜ ਨਾਮਧਾਰੀ ਪੰਥ ਵਿਚ ਕੋਈ ਨਹੀਂ ਮੋੜਦਾ। ਉਹ ਪਹੁੰਚੇ ਹੋਏ ਫਕਰ ਤੇ ਪਰਮ ਸੰਤ ਹਨ। ਤੂੰ ਏਹ ਤਾਂ ਦਸਿਆ ਹੀ ਨਹੀਂ ਕਿ ਮੁੰਦਰੀ ਦਾ ਵੱਟਿਆ ਕੀ ਗਿਆ ਹੈ! ਸੰਤ ਈਸ਼ਰ ਸਿੰਘ ਹੁਰਾਂ ਆਖਿਆ।

ਮਹਾਰਾਜ ਸੋਨੇ ਦਾ ਭਾ ਅਜ ੧੮ ਰੁਪੈਏ ਤੋਲਾ ਸੀ ਤੇ ਮੁੰਦਰੀ ੧੩ ਰੁਪਏ ਦੀ ਵਿਕ ਗਈ ਹੈ।

ਚਲੋ ਰਸਤ ਵੇਲੋਂ ਬੇ ਫਿਕਰੀ ਹੋਈ। ੧੫ ਦਿਨ ਲੁਟੋ ਮੌਜਾਂ। ਅੱਛਾ ਗੱਲ ਇਹ ਹੈ ਕਿ ਕੌਂਟਾਂ ਚਲਣ ਵਾਲਾ ਹੈ। ਤੇ ਸਮਾਨ ਮਜ਼ੂਰਾਂ ਨੂੰ ਚੁਕਾਓ ਕੌਂਟੇ ਤੇ ਰਖਾਓ। ਮੈਂ ਵੀ ਅੱਜ ਤੁਹਾਡੇ ਨਾਲ ਚਲਾਂਗਾ। ਮਾਤਾ ਜੀ ਤੇ ਸਾਹਬਜਾਦਿਆਂ ਦੇ ਦਰਸ਼ਨ ਕਰ ਆਵਾਂਗਾ ਤੇ ਨਾਲੇ ਕਾਉਂਟੇ ਉਤੇ ਨਹਿਰ ਦੀ ਵੀ ਸੈਰ ਹੋ ਜਾਵੇਗੀ ਸੰਤ ਈਸ਼ਰ ਸਿੰਘ ਹੁਰਾਂ ਆਖਿਆ।

ਹਜ਼ਾਰਾਂ ਸਿੰਘਾਂ ਏਧਰ ਆ ਤੇ ਦੂਸਰੇ ਮੁੰਡਿਆਂ ਨੂੰ ਵੀ ਸਦ ਰਸਤਾਂ ਲਾਹੀਏ ਕੌਂਟੇ ਤੋਂ। ਜੰਗ ਸਿੰਘਾ ਫੜ ਖੰਡ ਦੀ ਬੋਰੀ। ਬਾਬਾ ਜੀ ਆਹ ਲਓ ਬਦਾਮ ਦਸ ਸੇਰ, ਲਾਚੀਆਂ, ਦਾਲ ਚੀਨੀ, ਲੌਂਗ ਤੇ ਸੂਦਾਈ ਨਰੈਣ ਸਿੰਘਾ ਦੇਗਾਂ ਨੂੰ ਲਾ ਰਗੜਾ ਤੇ ਪਹਿਲਾਂ ਗਲਾਸ ਮਾਤਾ ਜੀ ਤੇ ਬਿਅੰਤ ਜੀ ਨੂੰ ਛਕੌਣਾਂ ਹੈ। ਦੇਗਾਂ ਤਿਆਰ ਹੋਣ ਤੇ ਜਦੋਂ ਅਰਦਾਸਾ ਸੋਧਿਆ ਗਿਆ ਨਾਲ ਦੀ ਨਾਲ ਹੀ ਮੂਸਲਾਧਾਰ ਬਾਰਸ਼ ਸ਼ੁਰੂ ਹੋ ਗਈ। ਤੇ ਸਾਧ ਸੰਗਤ ਵਿਚ ਦੂਹਰੀਆਂ ਖੁਸ਼ੀਆਂ ਵਰਤ ਗਈਆਂ।

ਵੱਡੇ ਛੱਪਰ ਵਿਚ ਅਖੰਡ ਪਾਠ ਹੋ ਰਿਹਾ ਸੀ। ਰਾਤ ਦੇ ਗਿਆਰਾਂ ਵਜੇ ਦਾ ਟਾਈਮ ਸੀ। ਸੰਤ ਇੰਦ੍ਰ ਸਿੰਘ ਜੀ ਚਕਰਵਰਤੀ ਪਾਠ ਕਰ ਰਹੇ ਸਨ। ਧੂਪੀਏ ਸਨ ਉਹਨਾਂ ਦੇ ਸੰਤ ਹਜ਼ਾਰਾ ਸਿੰਘ ਜੀ ਮਾਫੀ। ਅਚਾਨਕ ਇਕ ਬਹੁਤ ਵੱਡਾ ਸੱਪ ਫਨ ਫੈਲਾਕੇ ਦੁਬਾਰ ਸਾਹਿਬ ਦੇ ਸਾਹਮਣੇ ਆਣ ਖਲੋਤਾ। ਚਕਰ-ਵਰਤੀ ਜੀ ਇਕ ਦਮ ਤ੍ਰਭਕ ਕੇ ਖੜੇ ਹੋ ਗਏ। ਸੰਤ

ਮਾ. ਸੁਹਾਵਾ ਸਿੰਘ ਜੀ

(ਪੰਥ ਰਤਨ) ਮਾਸਟਰ ਨਿਹਾਲ ਸਿੰਘ ਜੀ

ਬਨ ਰੁਖਾਂ ਨਾਲ ਭਰਪੂਰ ਹਨ, ਪ੍ਰੰਤੂ ਚੰਦਨ ਦਾ ਬ੍ਰਿਛ ਟਾਵਾਂ ਮਿਲਦਾ ਹੈ ਅਤੇ ਆਲੇ ਦੁਆਲੇ ਨੂੰ ਚੰਦਨ ਬਨਾ ਦਿੰਦਾ ਹੈ। ਕੁਦਰਤ ਨੇ ਬੇਅੰਤ ਪੰਛੀ ਪੈਦਾ ਕੀਤੇ ਹਨ ਜਿਹੜੇ ਅਕਾਸ਼ ਵਿਚ ਤਾਰੀਆਂ ਲਾਂਦੇ ਤੇ ਕਲੋਲਾਂ ਕਰਦੇ ਹਨ, ਪਰ ਹੰਸਾਂ ਦੀ ਕਦਰੋ ਕੀਮਤ ਵਖਰੀ ਹੈ। ਦੁਧ ਤੇ ਲੱਸੀ ਦਾ ਰੰਗ ਇਕੋ ਜਿਹਾ ਹੈ, ਪਰ ਲਸੀ ਕੇਵਲ ਲੱਸੀ, ਦੁਧ ਅੰਮ੍ਰਿਤ। ਪਥਰਾਂ ਦੇ ਢੇਰਾਂ ਦੇ ਢੇਰ ਹੁੰਦੇ ਹਨ ਪਰ ਹੀਰਾ ਬਾਦਸ਼ਾਹਾਂ ਦੇ ਤਾਜ ਵਿਚ ਸੋਭਾ ਪਾਂਦਾ ਹੈ। ਧਰਤੀ ਤੇ ਕ੍ਰੋੜਾਂ ਮਨੁਖ ਹਨ, ਪਰ ਸਾਧੂ ਦੀ ਉਪਮਾਂ ਵੇਦ ਵੀ ਨਹੀਂ ਕਰ ਸਕਦੇ। ਮਾਸਟਰ ਸੁਹਾਵਾ ਸਿੰਘ ਵੀ ਅਜੇਹੇ ਪੁਰਸ਼ਾਂ ਵਿਚੋਂ ਸਨ ਜਿਨਾਂ ਦੀ ਪ੍ਰਸਿਧੀ ਸਦਾ ਵਾਸਤੇ ਰਹੇਗੀ। ਮਾਸਟਰ ਜੀ ਦਾ ਜਨਮ ਭਾਈ ਗੁਰਦਿਤ ਸਿੰਘ ਭੁਲਰ ਦੇ ਘਰ ਮਾਤਾ ....ਕੌਰ ਦੀ ਕੁਖੋਂ ਪਿੰਡ ਜਾਮੁਨ ਜ਼ਿਲਾ ਲਾਹੌਰ ਸੰਨ ੧੮੮੨ ਵਿੱਚ ਹੋਇਆ। ਆਪ ਹਾਣੀਆਂ ਨਾਲ ਖੇਡਦੇ, ਲੁਡੀ ਪਾਂਦੇ ਤੇ ਪ੍ਰਸੰਨ ਚਿਤ ਰਹਿੰਦੇ। ਇਨਾਂ ਦੇ ਪਿਤਾ ਚਾਈਂ ਚਾਈਂ ਸਕੂਲੇ ਪੜ੍ਹਨੇ ਪਾਯਾ ਤਾਂ ਇਹ ਵੀ ਖੁਸ਼ੀ ਨਾਲ ਮਦਰਸੇ ਜਾਂਦੇ। ਇਨ੍ਹਾਂ ਨੂੰ ਡਰਾਇੰਗ ਵਿੱਚ ਬੜਾ ਸ਼ੌਕ ਸੀ। ਇਨ੍ਹਾਂ ਦੇ ਅਧਿਆਪਕ ਵੀ ਇਨ੍ਹਾਂ ਤੇ ਬੜੇ ਪ੍ਰਸੰਨ ਸਨ। ਏਨਾਂ ਮਿਡਲ ਪਾਸ ਕੀਤਾ ਤਾਂ ਲਾਹੌਰ ਡਰਾਇੰਗ ਮਾਸਟਰ ਲੱਗ ਗਏ। ਇਨਾਂ ਦੀ ਡਰਾਇੰਗ ਇਤਨੀ ਵਧੀਆ ਸੀ ਕਿ ਇਨਾਂ ਦੇ ਸਾਰੇ ਅਫਸਰ ਬੜੇ ਖੁਸ਼ ਸਨ। ਮਾਸਟਰ ਜੀ ਦੀ ਸੰਗਤ ਖੁਲਿਆਂ ਨਾਲ ਸੀ, ਉਨਾਂ ਜੇਹਾ ਖਾਣਾ ਪੀਣਾ ਹੋ ਗਿਆ। ਪੈਸੇ ਮਿਲਦੇ ਤੇ ਮਨ ਮਰਜੀ ਦਾ ਖਾਂਦੇ ਪੀਂਦੇ। ਸੂਰ ਦਾ ਮਾਸ ਇਨਾਂ ਦਾ ਮਨ ਭਾਉਂਦਾ ਖਾਜਾ ਸੀ। ਰੱਬ ਦੀ ਰਥੀਅਤ ਵੀ ਯਾਦ ਨਹੀਂ ਸੀ। ਪਰ ਜਦ ਭਾਗ ਜਾਗਦੇ ਹਨ ਤਾਂ ਸਾਧੂ ਦਾ ਮੇਲ ਹੁੰਦਾ ਹੈ।

ਇਕ ਦਿਨ ਇਹ ਸੁਤੇ ਪਏ ਸਨ ਕਿ ਇਨਾਂ ਨੂੰ ਸੁਪਨੇ ਵਿਚ ਇਕ ਸਾਧੂ ਦੇ ਦਰਸ਼ਨ ਹੋਏ। ਸਾਧੂ ਨੇ ਮਾਸਟਰ ਨੂੰ ਕਹਿਆ "ਸੁਹਾਵਾ ਸਿੰਘਾ! ਮੈਨੂੰ ਤੈਨੂੰ ਭਜਨ ਦੇਣ ਦਾ ਹੁਕਮ ਲਗਾ ਹੈ, ਲਿਆ ਕੰਨ ਕਰ।" ਪਰ ਮਾਸਟਰ ਜੀ ਕੰਨਾ ਰੇੜੇ ਮਾਰ ਛਡੀ, ਤੇ ਸੰਤਾਂ ਨੂੰ ਹੁਜਤਾਂ ਕਰਦਿਆਂ ਪਿਛਾਂਹ ਹਟ ਗਿਆ। ਮਾਸਟਰ ਜੀ ਦੀ ਹੈਰਾਨਗੀ ਦੀ ਹੱਦ ਉਸ

ਹਜ਼ਾਰਾ ਸਿੰਘ ਜੀ ਕੁਝ ਵਿਥ ਤੇ ਸਨ, ਉਹ ਜਪੁਜੀ ਸਾਹਿਬ ਦੇ ਪਾਠ ਤੇ ਡਟੇ ਰਹੇ, ਪਰ ਧਿਆਨ ਦੋਹਾਂ ਦਾ ਸੱਪ ਵਿਚ ਸੀ। ਠੀਕ ਉਸੇ ਟਾਈਮ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆ ਦਰਸ਼ਨ ਦਿਤੇ ਅਤੇ ਸੰਤਾਂ ਨੂੰ ਕਿਹਾ ਡਰੋ ਨਾ, ਬੈਠ ਜਾਓ ? ਏਹ ਕੋਈ ਸਰਾ-ਪਿਆ ਹੋਇਆ ਸਿਖ ਹੀ ਹੈ ਜੋ ਪਾਠ ਸੁਣਨ ਵਾਸਤੇ ਆ ਗਿਆ ਹੈ। ਤੁਹਾਨੂੰ ਕੁਝ ਨਹੀਂ ਆਂਹਦਾ।

ਸੱਪ ਇਕ ਮਿੰਟ ਦ੍ਰਬਾਰ ਸਾਹਿਬ ਦੇ ਅੱਗੇ ਏਧਰ ਓਧਰ ਪੇਲਦਾ ਰਿਹਾ। ਫੇਰ ਚੌਂਕੜਾ ਮਾਰਕੇ ਤੇ ਫੰਨ ਖਿਲਾਰਕੇ ਇਕ ਟੱਕ ਪਾਠ ਸੁਣਦਾ ਰਿਹਾ, ਦੋ ਮਿੰਟ ਪਿਛੋਂ ਪਤਾ ਨਹੀਂ ਕਿਸ ਪਾਸੇ ਛਪਨ ਹੋ ਗਿਆ। ਸਤਿਗੁਰੂ ਜੀ ਵੀ ਸੱਪ ਦੇ ਜਾਣ ਤਕ ਉਥੇ ਹੀ ਖਲੋਤੇ ਰਹੇ। ਸੱਪ ਦੇ ਜਾਣ ਪਿਛੋਂ ਸਤਿਗੁਰਾਂ ਫੁਰਮਾਇਆ ਏਸ ਦੀ ਵੀ ਪਾਠ ਸੁਣਨ ਕਰਕੇ ਮੁਕਤੀ ਹੋ ਗਈ ਹੈ।

ਹੁਣ ਕਹਿੰਦੇ ਨੇ ਦੂਸਰੇ ਦਿਨ ਸਿਖਾਂ ਨੇ ਉਹ ਸੱਪ ਮਰਿਆ ਹੋਇਆ ਹੀ ਵੇਖਿਆ ਜੋ ੭-੮ ਫੁਟ ਲੰਮਾਂ ਤੇ ਬੜਾ ਜਬਰ ਦਸਤ ਸੀ।

Namdhari Elibrary NamdhariElibrary@gmail.com

ਵੇਲੇ ਨ ਰਹੀ ਜਦ ਉਹ ਸੁਪਨੇ ਵਿਚ ਮਿਲਿਆ ਸਾਧੂ ਇਕ ਦਿਨ ਸਕੂਲੇ ਆ ਗਿਆ ਤੇ ਸਿਧਾ ਮਾਸਟਰਾਂ ਦੇ ਕੋਲ ਪੁਜਾ। ਇਸ ਸਾਧੂ ਨੂੰ "ਮੰਜੀ ਤੋੜ" ਕਹਿੰਦੇ ਸਨ ਜਿਸ ਕਿਸੇ ਨੂੰ ਕੰਨ ਵਿਚ ਭਜਨ ਦਸਦੇ ਸਨ ਤਾਂ ਉਹ ਮਸਤ ਹੋ ਡਿਗਦਾ ਸੀ ਤੇ ਕਈ ਘੰਟੇ ਮਸਤ ਰਹਿੰਦਾ ਸੀ। "ਮੰਜੀ ਤੋੜ" ਸਿੱਧਾ ਮਾਸਟਰਾਂ ਦੇ ਕੋਲ ਪੁਜਾ ਤੇ ਭਜਨ ਲੈਣ ਵਾਸਤੇ ਕਿਹਾ। ਮਾਸਟਰ ਕੁਝ ਨਾ ਬੋਲਿਆ ਤੇ ਚੁਪ ਵਟ ਛਡੀ। ਸੰਤ ਮਾਸਟਰ ਜੀ ਦੇ ਕੋਲ ਗਏ ਗਲ ਵਿਚ ਬਾਂਹ ਪਾਈ ਤੇ ਭਜਨ ਦਸ ਦਿਤਾ ਤੇ ਵਾਪਸ ਚਲਾ ਗਿਆ। ਮਾਸਟਰ ਜੀ ਦੀ ਹਾਲਤ ਉਸ ਸਮੇਂ ਬਿਲਕੁਲ ਬਦਲ ਗਈ, ਰੰਗ ਲਾਲ ਹੋ ਗਿਆ। ਨੇਤਰਾਂ ਵਿਚ ਖੁਮਾਰੀ ਛਾ ਗਈ। ਜਮਾਤ ਵਿਚ ਵੀ, ਚੁਪ ਹੀ ਰਹੇ। ਜਦ ਅਗਲੇ ਦਿਨ ਮਾਸਟਰ ਜੀ ਸਕੂਲੇ ਗਏ ਤਾਂ ਪਹਿਲੇ ਵਾਲੇ ਸੁਹਾਵਾ ਸਿੰਘ ਨਹੀਂ ਸਨ। ਨਵਾਂ ਰੂਪ, ਨਵਾਂ ਲਿਬਾਸ। ਨ ਰੋਜ਼ ਵਾਲੀ ਨੋਕ-ਦਾਰ ਫਿਫਟੀ ਵਾਲੀ ਪੱਗ ਨ ਪਤਲੂਨ। ਸਗੋਂ ਸਿਧੀ ਦਸਤਾਰ, ਘੁਟਵਾਂ ਪਜਾਮਾ ਸਾਰੇ ਮਾਸਟਰ ਹੈਰਾਨ ਹੋ ਗਏ। ਪਰ ਇਹ ਆਪਣੀ ਚਾਲ ਵਿਚ ਪੱਕੇ। ਹੁਣ ਇਨਾਂ ਨੂੰ ਨਾਮਧਾਰੀਆਂ ਦੇ ਦੀਵਾਨਾਂ ਵਿਚ ਜਾਣ ਦਾ ਸ਼ੌਕ ਲਗ ਗਿਆ। ਓਥੇ ਜਾਕੇ ਕੀਰਤਨ ਸੁਣਦੇ ਤੇ ਸੇਵਾ ਵੀ ਕਰਦੇ। ਪਹਿਲੇ ਜਿਨਾਂ ਕੂਕਿਆਂ ਨੂੰ ਭੁਲੜ ਕਹਿ ਕਹਿ ਨਿੰਦਿਆ ਕਰਦੇ ਸਨ, ਉਨ੍ਹਾਂ ਦੀ ਚਰਨ ਧੂੜੀ ਵਾਸਤੇ ਤਰਸਦੇ। ਹੁਣ ਸਾਧਾਂ ਸੰਤਾਂ ਦੇ ਆਸਣ ਵੀ ਇਨ੍ਹਾਂ ਦੇ ਘਰ ਖੁਲਣ ਲਗੇ। ਢੋਲਕ ਛੈਣੇ ਖੜਕਨ ਤੇ ਕੀਰਤਨ ਦੀਆਂ ਧੁੰਨਾਂ ਉਠਣ। ਜਦ ਕਦੇ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਤ ਧਿਆਨ ਸਿੰਘ ਪੱਥਰਾਂ ਵਾਲੇ ਦੇ ਘਰ ਲਾਹੌਰ ਦਰ-ਸ਼ਨ ਦੇਂਦੇ ਤਾਂ ਇਹ ਉਚੇਚੇ ਸੌ ਕੰਮ ਛਡਕੇ ਪੁਜਦੇ ਸੇਵਾ ਕਰਦੇ ਤੇ ਖੁਸ਼ੀਆਂ ਲੈਂਦੇ। ਬਿਰਤੀ ਇਤਨੀ ਉਚੀ ਹੋ ਗਈ ਕਿ ਜਿਹੜੀ ਤਨਖਾਹ ਸਕੂਲੋਂ ਮਿਲਦੀ ਉਸਦਾ ਦਸਵੰਧ ਜਰੂਰ ਕਢਦੇ ਤੇ ਸ੍ਰੀ ਭੈਣੀ ਸਾਹਿਬ ਲੰਗਰ ਵਿਚ ਪਾਂਦੇ।

ਕੂਕੇ ਸਦਾ ਦੇਸ਼ ਭਗਤ ਰਹੇ ਹਨ। ਰਾਜ ਭਗਤਾਂ ਨਾਲ ਇਨਾਂ ਦਾ ਸਦਾ ਇਟ ਖੜੱਕਾ ਰਿਹਾ ਹੈ। ਲਾਹੌਰ ਤੋਂ "ਸਤਿਜੁਗ" ਹਫਤਾ ਵਾਰੀ ਅਖਬਾਰ ਸ਼ੁਰੂ ਹੋਇਆ। ਸੰਤ ਮੰਗਲ ਸਿੰਘ ਤੇ ਨਿਰੰਕਾਰ ਸਿੰਘ "ਚੇਤਨ" ਨੇ ਇਸਨੂੰ ਚੰਗਾ ਚਮ-ਕਾਇਆ। ਮਾਸਟਰ ਜੀ ਲੱਕ ਬੰਨ ਉਸਦਾ ਪ੍ਰਚਾਰ ਸ਼ੁਰੂ ਕੀਤਾ। ਇਕ ਦਿਨ ਮਾਸਟਰ ਜੀ ਬਾਜਾਰ ਵਿਚ ਅਖਬਾਰ ਵੇਚ ਰਹੇ ਸਨ ਕਿ ਇਕ ਰਾਜ ਭਗਤ ਸਿਖ ਨੇ ਡੰਡਾ ਮਾਰ ਸਿਰ ਪਾੜ ਦਿਤਾ। ਮਾਸਟਰ ਜੀ ਧਰਤੀ ਤੇ ਡਿਗ ਬੇਹੋਸ਼ ਹੋ ਗਏ। ਲਹੂ ਵਗਣ ਲਗਾ। ਓਸੇ ਵੇਲੇ ਮਰਹਮ ਪਟੀ ਕਰਾਈ ਗਈ। ਮਾਸਟਰ ਜੀ ਥੋੜੇ ਸਮੇਂ ਵਿਚ ਤਿਆਰ ਬਰ ਤਿਆਰ ਹੋ ਗਏ ਤੇ ਪਹਿਲੇ ਨਾਲੋਂ ਵਧ ਗਰਮ-ਜੋਸ਼ੀ ਨਾਲ ਪ੍ਰਚਾਰ ਅਰੰਭਿਆ। ਸਚੇ ਪਾਤਸ਼ਾਹ ਜੀ ਇਨਾਂ ਦੀ ਸੇਵਾ ਤੋਂ ਪ੍ਰਸੰਨ ਹੋ ਇੰਨਾਂ ਨੂੰ ਲਾਹੌਰ ਦਾ ਸੂਬਾ ਥਾਪ ਦਿਤਾ। ਲਾਹੌਰ ਰਹਿੰ-ਦਿਆਂ ਇਨਾਂ ਸਾਧ ਸੰਗਤ ਦੀ ਤੇ ਸਤਿਜੁਗ ਦੀ ਚੰਗੀ ਸੇਵਾ ਕੀਤੀ। ਕੁਝ ਸਮੇਂ ਉਪ੍ਰੰਤ ਮਾਸਟਰ ਜੀ ਨੇ ਸਰਕਾਰੀ ਨੌਕਰੀ ਛਡ ਦਿਤੀ ਤੇ ਸ੍ਰੀ ਭੈਣੀ ਸਾਹਿਬ ਜਾਕੇ ਸੇਵਾ ਕਰਨ ਲਗੇ।

ਜਿਨਾਂ ਨੂੰ ਲਗੇ ਪ੍ਰੇਮ ਤਮਾਚੇ
ਘਰ ਦੇ ਕੰਮੋ ਗਈਆਂ।
ਲੈਣਾਂ ਦੇਣਾਂ ਭੁਲ ਗਿਆ ਸਭੋ
ਖੂਹ ਵਿਚ ਪੈ ਗਈਆਂ ਵਹੀਆਂ।

ਸ੍ਰੀ ਭੈਣੀ ਸਾਹਿਬ ਆਕੇ ਮਾਸਟਰ ਜੀ ਲਗਨ ਨਾਲ ਸੇਵਾ ਕਰਨ ਲਗੇ। ਬਚਿਆਂ ਨੂੰ ਪੜਾਉਣਾ ਤੇ ਡੇਰੇ ਦੀ ਪ੍ਰਬੰਧਕੀ ਤੇ ਅੰਦਰ ਬਾਹਰ ਦੀ ਸੇਵਾ ਵਿਚ ਤਤਪਰ ਰਹਿੰਦੇ। ਇਨਾਂ ਪਰ ਸਚੇ ਪਾਤਸ਼ਾਹ ਜੀ ਦੀਆਂ ਪੂਰੀਆਂ ਖੁਸੀਆਂ ਸਨ। ਹਰ ਨਾਮਧਾਰੀ ਵਾਸਤੇ ਅੰਮ੍ਰਿਤ ਵੇਲੇ ਦਾ ਜਾਗਣਾ, ਭਜਨ ਬਾਣੀ, ਸੁਚ ਸੋਧ ਦਾ ਧਾਰਨੀ ਹੋਣਾ ਜਰੂਰੀ ਹੈ। ਮਾਸਟਰ ਜੀ ਪੂਰਨ ਸਿਖ ਬਣ ਸੇਵਾ ਕਰਨ ਲਗੇ।

ਸੰਨ ੧੯੩੯ ਵਿਚ ਦੂਸਰਾ ਸੰਸਾਰ ਯੁਧ ਸ਼ੁਰੂ ਹੋਇਆ ਤਾਂ ਕੁਝ ਸਿੰਘ ਭਾਣੇ ਦੀ ਉਡੀਕ ਵਿਚ ਮੰਡੀ ਜਾਂ ਸੁਕੇਤ ਚਲੇ ਗਏ। ਸਚੇ ਪਾਤਸ਼ਾਹ ਜੀ

ਸੰਗਤਾਂ ਦੀ ਸੇਵਾ ਵਾਸਤੇ ਮਾਸਟਰ ਜੀ ਨੂੰ ਸੁਕੇਤ ਭੇਜ ਦਿਤਾ ਤਾਕਿ ਓਥੇ ਗਏ ਸਿੰਘਾਂ ਨੂੰ ਕੋਈ ਤਕ-ਲੀਫ ਨ ਹੋਵੇ। ਮਾਸਟਰ ਜੀ ਹੁਕਮੀ ਬੰਦੇ ਸਨ। ਇਹ ਸੁਕੇਤ ਚਲੇ ਗਏ। ਮਾਸਟਰ ਜੀ ਦੀ ਕਾਬਲੀ-ਅਤ ਤੇ ਸੇਵਾ ਦੀ ਖੁਸ਼ਬੋਈ ਰਾਜੇ ਲਛਮਣ ਸੈਨ ਨੂੰ ਪੁਜੀ। ਉਸਨੇ ਮਾਸਟਰ ਜੀ ਨੂੰ ਆਪਣੇ ਪੁਤ੍ਰ ਲਲਤ ਸੈਨ ਦੀ ਪ੍ਰਾਈਵੇਟ ਪੜ੍ਹਾਈ ਵਾਸਤੇ ਆਖਿਆ। ਮਾਸਟਰ ਜੀ ਪੜ੍ਹਾਉਣਾਂ ਮੰਨ ਲਿਆ ਤੇ ਮਹਿਲਾਂ ਵਿਚ ਜਾਕੇ ਰਾਜਕੁਮਾਰ ਨੂੰ ਪੜ੍ਹਾਣ ਲਗੇ। ਮਾਸਟਰ ਜੀ ਬੜੇ ਪ੍ਰੇਮ ਤੇ ਮਿਹਨਤ ਨਾਲ ਕੰਮ ਕੀਤਾ। ਮਹਾਰਾਜਾ ਬਹੁਤ ਪ੍ਰਸੰਨ ਹੋਇਆ। ਹੁਣ ਮਾਸਟਰ ਜੀ ਦਾ ਆਦਰ ਸਤਿਕਾਰ ਵਧ ਗਿਆ ਤੇ ਮਹੱਲ ਵਿਚ ਔਣਾ ਜਾਣਾ ਬਿਲਕੁਲ ਸੌਖਾ ਹੋ ਗਿਆ।

ਰਾਜੇ ਦੇ ਮਹੱਲ ਵਿਚ ਕੁਝ ਹਿੱਸਾ ਸੀ, ਜਿਸ ਵਿਚ ਬਾਹਰਲੀਆਂ ਰੂਹਾਂ ਦਾ ਵਾਸਾ ਸੁਣਿਆਂ ਜਾਂਦਾ ਸੀ। ਓਥੇ ਜਾਣ ਵਾਲਿਆਂ ਨੂੰ ਡੈ ਲਗਦਾ ਸੀ। ਰਾਜੇ ਨੇ ਇਕ ਦਿਨ ਮਾ: ਜੀ ਨਾਲ ਗਲ ਕੀਤੀ। ਮਾਸਟਰਾਂ ਕਹਿਆ ਰਾਜਾ ਸਾਹਿਬ ! ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਉਚਾਰਨ ਹੋਵੇ, ਉਥੇ ਕੋਈ ਐਸੀ ਵੈਸੀ ਰੂਹ ਨਹੀਂ ਰਹਿ ਸਕਦੀ। ਮਾਸਟਰਾਂ ਨੇ ਅਖੰਡ ਪਾਠ ਦੀ ਸਲਾਹ ਦਿਤੀ। ਰਾਜੇ ਪ੍ਰਵਾਨ ਕਰ ਲਈ। ਹੁਣ ਅਖੰਡ ਪਾਠ ਦੇ ਪ੍ਰਬੰਧ ਦਾ ਜ਼ਿਮਾ ਵੀ ਮਾਸਟਰਾਂ ਦੇ ਹਿੱਸੇ ਆਇਆ। ਮਾਸਟਰ ਜੀ ਆਪਣੇ ਸਾਥੀਆਂ ਨਾਲ ਸਲਾਹ ਕੀਤੀ। ਪਾਠੀ ਧੂਪੀਏ, ਲਾਂਗਰੀ, ਪਹਿਰੂਏ ਸਭ ਦਾ ਪ੍ਰਬੰਧ ਕਰ ਲਿਆ ਤੇ ਅਖੰਡ ਪਾਠ ਦੀ ਤਿਆਰੀ ਕਰ ਲਈ। ਮਾਸਟਰ ਜੀ, ਸਾਥੀਆਂ ਨਾਲ ਸਲਾਹ ਕੀਤੀ ਕਿ ਸਤਿਗੁਰਾਂ ਦਾ ਹੁਕਮ ਹੈ ਜਿਨਾਂ ਸਮਾ ਕਿਸੇ ਭਜਨ ਨ ਪੁਛਿਆ ਹੋਵੇ, ਉਸਦੇ ਘਰੋਂ ਸੁਕੀ ਰਸਦ ਲੈਕੇ ਵੀ ਨ ਵਰਤੀ ਜਾਵੇ। ਇਸ ਵਾਸਤੇ ਰਾਜੇ ਦੇ ਘਰੋਂ ਰਸਦ ਲੈ ਲੈਣੀ ਹੈ, ਪਰ ਵਰਤਣੀ ਨਹੀਂ। ਅਖੰਡ ਪਾਠ ਸਮੇਂ ਤਕ ਆਪਣੇ ਘਰ ਦੀ ਰਸਦ ਵਰਤਾਂਗੇ ਤੇ ਰਾਜੇ ਦੀ ਰਸਦ ਗ੍ਰੀਬਾਂ ਵਿਚ ਵਰਤਾ ਦਿਆਂਗੇ। ਸਭਨਾਂ ਸਿੰਘਾਂ ਇਹ ਗੁਰਮਤਾ ਸਰਬ ਸੰਮਤੀ ਨਾਲ ਪਾਸ ਕਰ ਦਿਤਾ ਤੇ ਅਖੰਡ ਪਾਠ ਦੀ ਤਿਆਰੀ ਆਰੰਭ ਦਿਤੀ।

ਰਾਜੇ ਦੇ ਮਹੱਲ ਵਿਚ ਅਖੰਡ ਪਾਠ ਅਰੰਭ ਹੋ ਗਿਆ ਘਿਉ ਦੀਆਂ ਜੋਤਾਂ ਜਗਣ ਲਗੀਆਂ ਆਲੇ ਦੁਆਲੇ ਮਿਠੀ ਮਿਠੀ ਸੁਗੰਧੀ ਪਸਰਨ ਲਗੀ। ਆਸਾ ਪਾਸਾ ਮਹਿਕ ਉਠਿਆ। ਗੁਰਬਾਣੀ ਦਾ ਮਿੱਠੀ ਮਿੱਠੀ ਸੁਰ ਵਿਚ ਅਲਾਪ ਹੋਣ ਲਗਾ। ਸਾਧੂ ਇਸ਼ਨਾਨ ਪਾਨ ਕਰ ਪਾਠ ਕਰਦੇ ਪਰ ਰਸ਼ਦ ਅਪਣੀ ਵਰਤਦੇ ਤੇ ਰਾਜੇ ਵਲੋਂ ਆਈ ਰਸਦ ਗ੍ਰੀਬ ਗੁਰਬਿਆਂ ਵਿਚ ਵੰਡ ਦੇਂਦੇ। ਪਾਠ ਸਮਾਪਤ ਹੋ ਗਿਆ ਤੇ ਮਹੱਲ ਵਿਚ ਸ਼ਾਂਤੀ ਵਰਤ ਗਈ।

ਸੂਹੀਆਂ ਰਾਜੇ ਨੂੰ ਇਹ ਖਬਰ ਦਿਤੀ ਤੇ ਰਪੋਟ ਕੀਤੀ ਕਿ ਇਨ੍ਹਾਂ ਸਿਖਾਂ ਤੇਰੀ ਰਸਤ ਨਹੀਂ ਵਰਤੀ। ਇਹ ਤੇਰਾਂ ਬੜਾ ਅਪਮਾਨ ਹੈ, ਹਿੰਦੂ ਧਰਮ ਦਾ ਅਪਮਾਨ ਹੈ, ਹਿੰਦੂ ਰਾਜ ਦਾ ਅਪਮਾਨ ਹੈ। ਰਾਜੇ ਆਮ ਤੌਰ ਤੇ ਕੰਨਾਂ ਦੇ ਕੱਚੇ ਹੁੰਦੇ ਹਨ। ਇਹ ਸੁਣ-ਦਿਆਂ ਰਾਜੇ ਨੂੰ ਸਨ ਕਪੜੀਂ ਅਗ ਲਗ ਗਈ ਤੇ ਮਾਸਟਰ ਜੀ ਨੂੰ ਬੁਲਾ ਭੇਜਿਆ। ਮਾਸਟਰ ਜੀ ਰਾਜੇ ਪਾਸ ਪੁਜੇ ਤੇ ਰਾਜੇ ਸਾਰੀ ਗਲ ਪੁੱਛੀ।

ਅੰਦਰ ਹੋਵੇ ਸੱਚ ਤਾਂ ਕੋਠੇ ਚੜ੍ਹਕੇ ਨੱਚ।

ਰਾਜਾ:- ਮਾਸਟਰ ਜੀ ਸੁਣਿਆ ਹੈ, ਤੁਸਾਂ ਸਾਡੀ ਰਸਤ ਨਹੀਂ ਵਰਤੀ ?

ਮਾਸਟਰ:- ਜੀ ਹਾਂ।

ਰਾਜਾ:- ਕਿਉਂ ?

ਮਾਸਟਰ:- ਜੀ ਮੇਰੀ ਗੱਲ ਜ਼ਰਾ ਸ਼ਾਂਤੀ ਨਾਲ ਸੁਣੋਂ।

ਰਾਜਾ:- ਹਾਂ ਬੋਲੋ !

ਮਾਸਟਰ:- ਤੁਸੀਂ ਸੁਣਿਆ ਹੋਣਾ ਏ ਕਿ ਜੈਸਾ ਅੰਨ ਵੈਸਾ ਮਨ, ਜੈਸਾ ਦੁੱਧ ਵੈਸੀ ਬੁੱਧ, ਜੈਸਾ ਪਾਣੀ ਵੈਸੀ ਬਾਣੀ ! ਤੇਰੀ ਰਸਤ ਅਪਵਿਤਰ ਹੈ। ਮੈਂ ਜਿਹੜੀ ਅਗੇ ਤਨਖਾਹ ਲੈਂਦਾ ਸਾਂ ਉਹ ਵੀ ਮੈਂ ਨਹੀਂ ਵਰਤੀ। ਉਸ ਨੂੰ ਮੈਂ ਲੰਗਰ ਵਿਚ ਪਾਂਦਾ ਰਹਿਆ ਹਾਂ। ਮੈਂ ਭੋਏਂ ਵਾੜੀ ਤੋਂ ਗੁਜ਼ਾਰਾ ਕਰਦਾ ਆਇਆ ਹਾਂ।

Namdhari Elibrary NamdhariElibrary@gmail.com

ਰਾਜਾ:- ਕੀ ਕਾਰਨ ?

ਮਾਸਟਰ:— ਰਾਜਾ ! ਤੇਰੇ ਰਾਜ ਵਿਚ ਲੜਕੀਆਂ ਵਿਕਦੀਆਂ ਹਨ ਧੀ ਭੈਣ ਦਾ ਪੈਸਾ ਸਾਸ਼ਤ੍ਰ ਵਿਰੁਧ ਹੈ, ਸਾਹਿਬ ਗੁਰੂ ਗੋਬਿੰਦ ਜੀ ਦਾ ਫੁਰਮਾਨ ਹੈ, ਧੀ ਭੈਣ ਦਾ ਪੈਸਾ ਖਾਏ, ਕਹੈ ਗੋਇੰਦ ਸਿੰਘ ਉਹ ਜਮ ਪੁਰ ਜਾਏ । ਇਸੇ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ...... ਹੋਰ ਜੀ ਕਿਸੇ ਨੇ ਧੀ ਭੈਣ ਦਾ ਪੈਸਾ ਨਹੀਂ ਲੈਣਾ, ਵਟਾ ਨਹੀਂ ਕਰਨਾ ਸਦਾ ਗੁਰੂ ਗੁਰੂ ਜਪਦੇ ਰਹਿਣਾ, ਦਾਰੂ ਮਾਸ ਨਹੀਂ ਖਾਨਾ ਪੀਣਾ ਖੌਫ ਰਖਣਾ ਗੁਰੂ ਦਾ ਹਰਿ ਦਮ ॥

ਤੇਰੇ ਰਾਜ ਵਿਚ ਉਹ ਪੈਸਾ ਆਉਂਦਾ ਹੈ ਜਿਹੜਾ ਸਾਸਤਰ ਵਿਰੁੱਧ ਹੈ। ਇਹ ਧੰਦਾ ਪਾਪ ਹੈ, ਮਹਾਂ ਪਾਪ ਹੈ। ਅਜੇਹੀ ਕਮਾਈ ਅਸੀਂ ਕਿਉਂ ਖਾਈਏ। ਇਹ ਅਸਾਂ ਨਹੀਂ ਖਾਣੀ। ਤੁਹਾਡਾ ਅਖੰਡ ਪਾਠ ਹੋ ਗਿਆ, ਕਾਰਜ ਸਿਧ ਹੋ ਗਿਆ, ਬਸ !"

ਮਾਸਟਰ ਜੀ ਦੇ ਇਸ ਬਿਆਨ ਨੇ ਸਰੋਤਿਆਂ ਤੇ ਚੁਪ ਵਰਤਾ ਦਿਤੀ। ਸਾਰੇ ਦਰਬਾਰੀ ਹੱਕੇ ਬੱਕੇ ਹੋ ਗਏ। ਰਾਜੇ ਦੀ ਜ਼ਬਾਨ ਬੰਦ ਹੋ ਗਈ। ਗਲਾ ਰੁਕ ਗਿਆ। ਸਾਰੇ ਅਹਿਲਕਾਰਾਂ ਵੀ ਮੂੰਹ ਵਿਚ ਘੁੰਗ-ਣੀਆਂ ਪਾ ਲਈਆਂ। ਬੁੱਤ ਬਣੇ ਬੈਠੇ ਰਹੇ। ਹੁਣ ਰਾਜੇ ਨੇ ਪ੍ਰੋਹਤ ਨੂੰ ਬੁਲਾਇਆ ਤੇ ਪੁਛਿਆ ਤਾਂ ਪ੍ਰੋਹਤ ਨੇ ਕਹਿਆ।

"ਹੇ ਰਾਜਨ ! ਕੰਨਿਆਂ ਦਾ ਪੈਸਾ ਖਾਣਾ ਮਹਾਂ ਪਾਪ ਹੈ।" ਤੁਮ ਨੇ ਪਹਿਲੇ ਕਿਉਂ ਨਹੀਂ ਬਤਾ-ਇਆ ?

"ਹਜ਼ੂਰ ! ਇਹ ਰਿਵਾਜ ਸਦੀਆਂ ਤੋਂ ਚਲਿਆ ਆ ਰਿਹਾ ਹੈ। ਅਸੀਂ ਭੀ ਉਨ੍ਹਾਂ ਲੀਹਾਂ ਤੇ ਚਲਦੇ ਗਏ।"

ਰਾਜੇ ਨੇ ਕਹਿਆ,"ਫੌਰਨ ਬੰਦ ਕਰੋ।" ਕੁਝ ਦਿਨਾਂ ਉਪ੍ਰੰਤ ਰਾਜੇ ਨੇ ਖਾਸ ਦ੍ਰਬਾਰ ਬੁਲਾਇਆ। ਸਭ ਦ੍ਰਬਾਰੀ ਆਏ। ਅਹਿਲਕਾਰ ਵੀ ਪੁਜੇ, ਭੂਮੀ ਪਤੀਏ ਵੀ ਹਾਜ਼ਰ ਹੋਏ। ਤਾਂ ਰਾਜੇ ਨੇ ਇਹ ਐਲਾਨ ਕੀਤਾ ਕਿ ਰਾਜ ਵਿਚ ਢੰਡੋਰਾ ਪਿਟਵਾ ਦਿਓ ਕਿ ਰਾਜ ਵਿਚ ਲੜਕੀਆਂ ਨੂੰ ਵੇਚਣਾ ਜੁਰਮ ਹੈ, ਜਿਹੜਾ ਰਿਆਸਤੀ ਅਜੇਹਾ ਕੁਕਰਮ ਕਰਦਿਆਂ ਪਕੜਿਆ ਗਿਆ ਉਹ ਡੰਡ ਦਾ ਭਾਗੀ ਬਣੇਗਾ। ਇਸ ਕਿਸਮ ਦੀ ਰਕਮ ਖਜ਼ਾਨੇ ਵਿਚ ਦਾਖਲ ਨ ਕੀਤੀ ਜਾਵੇ।"

ਹੁਣ ਰਾਜੇ ਨੇ ਮਾਸਟਰ ਜੀ ਨੂੰ ਕਹਿਆ ਕਿ ਅਪਣੇ ਸਤਿਗੁਰਾਂ ਦੇ ਦਰਸ਼ਨ ਕਰਾਓ। ਮਾਸਟਰ ਜੀ ਸਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਅਰਜ ਕੀਤੀ ਸਚੇ ਪਾਤਸ਼ਾਹ ਅਰਜ ਪ੍ਰਵਾਨ ਕਰ ਲਈ ਤੇ ਮਹਿਲ ਵਿਚ ਚਰਨ ਪਾਏ। ਮਗਰੇ ਮਗਰ ਸੰਗਤਾਂ ਵੀ ਗਈਆਂ ਰਾਜੇ ਦੀਆਂ ਰਾਣੀਆਂ ਤੇ ਬਾਕੀ ਸ਼ਾਹੀ ਪ੍ਰਵਾਰ ਬੜੀ ਸਰਧਾ ਨਾਲ ਚਰਨ ਪਰਸੇ ਤੇ ਭੇਟ ਚੜ੍ਹਾਈ। ਸਤਿਗੁਰੂ ਰਾਮ ਸਿੰਘ ਦੀ ਜੈ ਜੈ ਕਾਰ ਹੋਈ।

ਦੇਸ਼ ਦਾ ਵੰਡਾਰਾ ੧੯੪੭ ਵਿਚ ਹੋਇਆ। ਸਚੇ ਪਾਤਸ਼ਾਹ ਸ੍ਰੀ ਜੀਵਨ ਨਗਰ ਦਾ ਅਲਾਕਾ ਵਸਾਇਆ। ਇਸ ਇਲਾਕੇ ਦੀ ਭਲਾਈ ਹਿਤ, ਆਪਣੇ ਪੂਜ ਪਿਤਾ ਗੁਰੂ ਹਰੀ ਸਿੰਘ ਜੀ ਦੇ ਨਾਉਂ ਹੇਠਾਂ, ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਚਾਲੂ ਕੀਤਾ। ਸਚੇ ਪਾਤਸ਼ਾਹ ਨੇ ਮਾਸਟਰ ਜੀ ਨੂੰ ਮੁਖ ਅਧਿਆਪਕ ਥਾਪਿਆ। ਭਾਵੇਂ ਮੁੜ ਇਹ ਸੇਵਾ ਮਾ: ਨਿਹਾਲ ਸਿੰਘ ਨੂੰ ਸੌਂਪੀ ਗਈ, ਮਗਰ ਮਾ: ਜੀ ਆਖਰੀ ਸਵਾਸਾਂ ਤਕ ਵਿਦਿਆਲੇ ਦੀ ਨਿਸ਼ਕਾਮ ਸੇਵਾ ਕਰਦੇ ਰਹੇ। ਸੇਵਾ ਕਰਦਿਆਂ ਤਨਖਾਹ ਵੀ

ਰੋਚਿਕ ਕੀਰਤਨ ਕਾਰ
ਸਚਖੰਡ ਵਾਸੀ ਸੰਤ ਦਰਸ਼ਨ ਸਿੰਘ ਜੀ ਰਾਗੀ



ਇਨਾਂ ਨੇ ਕ੍ਰੀਬ 30 ਸਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਤੇ 15 ਸਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਾਜਰੀ ਵਿਚ ਕੀਰਤਨ ਕੀਤਾ।

ਗੁਰਪੁਰਵਾਸੀ
ਮਾਸਟਰ ਸੋਹਾਵਾ ਸਿੰਘ ਜੀ

ਨਾਮਧਾਰੀ ਵਿਦਯਾਲਾ ਸ੍ਰੀ ਭੈਣੀ ਸਾਹਿਬ ਦੇ ਸਰਬ ਪ੍ਰਥਮ ਡਰਾਇੰਗ ਮਾਸਟਰ

ਸੂਬਾ ਹਰੀ ਸਿੰਘ ਜੀ

ਆਪ ਨੂੰ ਇਸ ਲੋਕ ਤੋਂ ਪਿਆਨਾ ਕੀਤੇ ਕ੍ਰੀਬ 3 ਦਹਾਕੇ ਹੋ ਚੁਕੇ ਹਨ। ਆਪ "ਸਤਿਜੁਗ" ਲਈ ਅਣਥਕ ਸੇਵਾ ਜੀਵਨ ਪ੍ਰਯੰਤ ਕਰਦੇ ਰਹੇ।

Namdhari Elibrary NamdhariElibrary@gmail.com

ਮਹਾਨ ਤਿਆਗ ਮੂਰਤੀ ਜੋਗੀਰਾਜ
ਸਚਖੰਡ ਵਾਸੀ ਸੰਤ ਸੁੰਦਰ ਸਿੰਘ ਜੀ ਭੂਰੀਵਾਲੇ
(ਮਾਨਾਂਵਾਲਾ)



ਆਪ ਨੇ ਅਪਣੇ ਸਮੇ ਵਿਚ ਕੀਰਤਨ ਅਤੇ
ਵਯਕਤੀਗਤ ਪ੍ਰਭਾਵ ਨਾਲ ਅਨਗਿਣਤ ਪ੍ਰਾਣੀਆਂ
ਨੂੰ ਸਤਿਗੁਰੂ ਵਾਲੇ ਬਣਾਇਆ । ਚਰਨੀ ਪਊਏ ਹੀ
ਰਖਦੇ ਸਨ ਚਾਹੇ ਕਿਤਨੀ ਦੂਰ ਪਦ ਯਾਤ੍ਰਾ ਕਰਨੀ ਪਵੇ

ਗੁਰਪੁਰਵਾਸੀ ਮਹਾਨ ਪਵਿਤ੍ਰ ਆਤਮਾ
ਸ੍ਰੀ ਮਾਨ ਸੰਤ ਆਲਾ ਸਿੰਘ ਜੀ ਵਰਨ



ਆਪ ਦੇ ਕੀਰਤਨ ਵਿਚ ਅਦੁਤੀ ਸ਼ਕਤੀ ਸੀ ।
ਇਕ ਵਾਰੀ ਹਲਕ ਕੁਦੇ ਹੋਏ ਆਦਮੀ ਨੂੰ ਆਪਦਾ
ਕੀਰਤਨ ਸੁਣਕੇ ਹਲਕ ਹਟ ਗਿਆ ਸੀ ।
ਆਪ ਢੋਲਕ ਛੈਣਿਆ ਨਾਲ ਕੀਰਤਨ
ਕਰਦੇ ਪਰ ਕਈ ਰਾਗਾਂ ਦੀ ਜਾਣਕਾਰੀ ਭੀ ਰਖਦੇ ਸਨ

ਗੁਰਪੁਰਵਾਸੀ
ਕੀਰਤਨ ਦੇ ਰਸੀਏ ਮ[illegible] ਗਿਆਨਾ ਸਿੰਘ ਜੀ

ਆਪਨੇ ਜੀਵਨ ਦੇ ਅੰਤਲੇ ਸਮੇ ਤਕ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰ
ਆਸਾ ਦੀ ਵਾਰ ਦੇ ਕੀਰਤਨ ਕਰਨ ਦੀ ਸੇਵਾ ਕੀਤੀ

ਨਹੀਂ ਲਈ। ਸਗੋਂ ਪੈਨਸ਼ਨ ਦਾ ਦਸਵੰਧ ਵੀ ਗੁਰੂ ਕੇ ਲੰਗਰ ਵਿਚ ਸਰਧਾ ਤੇ ਨਿੰਮ੍ਰਤਾ ਨਾਲ ਪਾਂਦੇ ਰਹੇ। ਕੇਵਲ ਲੋੜ ਅਨੁਸਾਰ ਰਸਦ ਉਹ ਵੀ ਸਚੇ ਪਾਤਸ਼ਾਹ ਜੀ ਦੀ ਪ੍ਰੇਰਨਾ ਨਾਲ, ਕਿਉਂਕਿ ਜੇਕਰ ਗੁਰੂ ਘਰੋਂ ਮਿਲੀ ਦਾਤ ਨ ਲਈ ਜਾਵੇ ਤਾਂ ਹੰਕਾਰ ਹੋ ਜਾਂਦਾ ਹੈ। ਮਾਸਟਰ ਜੀ ਦੀ ਅੰਤਮ ਸਵਾਸਾਂ ਤਕ ਸੋਧ ਨਿਭੀ। ਸਤਿਗੁਰੂ ਜਗਜੀਤ ਸਿੰਘਜੀ ਤੇ ਮਗਰੋਂ ਮ: ਬੀਰ ਸਿੰਘ ਜੀ ਸਦੈਵ ਖੁਸ਼ੀਆਂ ਬਖਸ਼ਦੇ ਰਹੇ। ਕਿਉਂਕਿ ਮਾਸਟਰ ਜੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਲਾਏ ਵਿਦਿਅਕ ਬੂਟੇ ਨੂੰ ਮਾਸਟਰ ਜੀ ਦਾ ਪੂਰਾ ਪੂਰਾ ਇਸ਼ਕ ਸੀ।

ਮਾ: ਜੀ ਕੋਈ ੮੮ ਸਾਲ ਤਕ ਸੇਵਾ ਕਰਦੇ ਰਹੇ ਡੇਰੇ ਦੀ ਸੇਵਾ ਵਾਸਤੇ ਸਦਾ ਚੜ੍ਹਦੀਆਂ ਕਲਾਂ ਵਿਚ ਮਾਸਟਰ ਜੀ ਨੂੰ ਮਹਾਰਾਜ ਬੀਰ ਸਿੰਘ ਜੀ ਉਨ੍ਹਾਂ ਦੀ ਸਿਹਤ ਤੇ ਉਮਰ ਵੇਖਕੇ ਕਈ ਵੇਰ ਆਰਾਮ ਕਰਨ ਵਾਸਤੇ ਕਹਿਆ, ਤੇ ਸਕੂਲੋਂ ਛੁੱਟੀ ਕਰਨ ਵਾਸਤੇ ਆਖਿਆ। ਮਾ: ਜੀ ਅਗੋਂ ਚੁਪ ਰਹਿੰਦੇ ਪਰ ਸਮੇਂ ਸਿਰ ਸਕੂਲ ਚਲੇ ਜਾਂਦੇ। ਉਹ ਅਪਣੇ ਪ੍ਰਵਾਰ ਨੂੰ ਸਦਾ ਇਹੋ ਪ੍ਰੇਰਨਾਂ ਕਰਦੇ "ਗੁਰੂ ਘਰ ਦੀ ਸੇਵਾ ਅਸਲ ਫਲ ਹੈ, ਇਸਦਾ ਸਦਾ ਅਨੰਦ ਮਾਣਿਓ"

ਜਦ ਮਾ: ਜੀ ਦਾ ਅੰਤ ਸਮਾਂ ਆਇਆ ਤਾਂ ਮੰਜੇ ਤੇ ਲੇਟ ਗਏ। ਮਨ ਚਿਤ ਬਿਲਕੁਲ ਸ਼ਾਂਤ, ਪ੍ਰਸੰਨ ਚਿਤ। ਅੰਤ ਸਤਿਗੁਰੂ ਪ੍ਰਤਾਪ ਜੀ ਦੇ ਚਰਨਾਂ ਵਿਚ ਜਾ ਬਿਰਾਜੇ। ਉਨ੍ਹਾਂ ਦੇ ਨਮਿਤ ਉਨ੍ਹਾਂ ਦੇ ਪ੍ਰਵਾਰ ਨੰਬਰਦਾਰ ਅਮਰ ਸਿੰਘ, ਸੰਤਾ ਸਿੰਘ ਮਹਿੰਦਰ ਸਿੰਘ ਅਤੇ ਜਸਵੰਤ ਸਿੰਘ ਨੇ ਬੜਾ ਸ਼ਾਨਦਾਰ ਮੇਲ਼ਾ ਕੀਤਾ। ਸਾਰਾ ਦਿਨ ਦੀਵਾਨ ਲਗੇ ਰਹੇ। ਗੁਰੂ ਕਾ ਲੰਗਰ ਅਤੁਟ ਵਰਤਿਆ।

ਦੇਵ ਪੁਰੀ ਜੈ ਜੈ ਹੋਏ।

ਆਈ ਵੇਖ ਬਸੰਤ ਬਹਾਰ ਸੋਹਣੀ

ਹਰਬੰਸ ਸਿੰਘ ਮੈਨੇਜਰ 'ਸਤਿਜੁਗ' ਸ੍ਰੀ ਜੀਵਨ ਨਗਰ

ਆਈ ਵੇਖ ਬਸੰਤ ਬਹਾਰ ਸੋਹਣੀ, ਫਸਲਾਂ ਹਰੀਆਂ ਭਰੀਆਂ ਹੋਣ ਲਗੀਆਂ।
ਤਕ ਤਕ ਕੇ ਬੜਾ ਪ੍ਰਸੰਨ ਹੋਵਾਂ, ਖਵਰੇ ਖੁਸ਼ੀ ਦੀ ਖਬਰ ਸੁਨੌਣ ਲਗੀਆਂ।
ਜਦੋਂ ਵੇਖਿਆ ਪਰ ਮੈਂ ਨੀਝ ਲਾਕੇ, ਸਭ ਪੀਆ ਵਿਜੋਗ ਵਿਚ ਰੋਣ ਲਗੀਆਂ।
ਮੈਂ ਖੜੇ ਗਿਆ ਜਦ ਹੈਰਾਨ ਹੋਕੇ, ਫੁਲ ਪਤੀਆਂ ਮੇਰੇ ਕੋਲ ਆਉਣ ਲਗੀਆਂ।
ਹਾਲ ਪੁਛਿਆ ਜਦ ਮੈਂ ਉਨ੍ਹਾਂ ਕੋਲੋਂ, ਹਾਲ ਬ੍ਰਿਹੋਂ ਦਾ ਉਹ ਸੁਨੌਣ ਲਗੀਆਂ।
ਬਿਨਾਂ ਪ੍ਰੀਤਮਪਿਆਰੇ ਬਸੰਤ ਕਾਹਦੀ,ਹਰਬੰਸ ਹੰਝੂਤਰਲੇ ਦੇ ਕੇਰ ਕੁਰਲੌਰਣ ਲਗੀਆਂ।

[ਸੁਖਵਿੰਦਰ ਸਿੰਘ ਕਾਲੇ ਖਤਾਈ

ਯਾਦ ਤੇਰੀ ਵਿਚ ਰੋ ਰੋ ਚੰਨਾਂ, ਮੈਂ ਤਾਂ ਪਾਗਲ ਹੋਈ।
ਤੇਰੇ ਬਾਝੋਂ ਪ੍ਰੀਤਮ ਮੈਨੂੰ, ਮਿਲੇ ਕਿਤੇ ਨਾ ਢੋਈ।
ਯਾਦ ਤੇਰੀ ਜਦ ਆਵੇ ਪ੍ਰੀਤਮ, ਸਦਾ ਇਹੀ ਗਲ ਆਖਾਂ;
ਹੁਣ ਤੇ ਛੇਤੀ ਆਜਾ ਪ੍ਰੀਤਮ, ਸੁਣ ਮੇਰੀ ਅਰਜੋਈ।

[ਭਗਵੰਤ ਸਿੰਘ ਮੰਡੀ ਹਿਮਾਚਲ

ਰੁਤ ਬਸੰਤ ਨਵਾਂ ਰਸ ਪਾਇਆ, ਹਰ ਬੂਟੇ ਹਰ ਡਾਲੀ।
ਹਰ ਸ਼ੈ ਦੇ ਵਿਚ ਜੀਵਨ ਖੇੜਾ, ਹਰ ਸ਼ੈ ਦੇ ਵਿਚ ਲਾਲੀ।
ਅੰਮ੍ਰਿਤ ਚੋਂਦਾ ਅੰਮ੍ਰਿਤ ਦੇਂਦਾ ਖੁਦ ਅੰਮ੍ਰਿਤ ਦਾ ਮਾਲੀ;
ਇਕ ਸੁਕੇ ਉਹ ਰਹੇ ਅਭਾਗੇ, ਜੜ ਨਾ ਜਿਨਾਂ ਸੰਭਾਲੀ।

Namdhari Elibrary NamdhariElibrary@gmail.com

'ਅਜ਼ਾਦ' ਇਕ ਯਾਦ

[ਰਾਜਿੰਦਰ ਸਿੰਘ ਗੁਰੂਸਰ

ਸ੍ਰ. ਅਵਤਾਰ ਸਿੰਘ ਅਜ਼ਾਦ ਪੰਜਾਬੀ ਦੇ ਮਸ਼ਹੂਰ ਲੇਖਕ ਅਤੇ ਕਵੀ ਹੋ ਗੁਜ਼ਰੇ ਹਨ। "ਵਿਸ਼ਵ ਨੂਰ" ਓਹਨਾਂ ਦਾ ਗੁਰੂ ਨਾਨਕ ਜੀ ਤੇ ਲਿਖਿਆ ਮਹਾ ਕਾਵਿ ਹੈ ਜੋ ਬਹੁਤ ਹੀ ਸਲਾਹਿਆ ਗਿਆ। ਸਤਿ-ਜੁਗ ਨਾਲ ਉਨ੍ਹਾਂ ਦਾ ਅਤਿ ਸਨੇਹ ਸੀ ਅਤੇ ਕਈ ਸਾਲ ਓਹ ਇਸ ਦੇ ਪ੍ਰਧਾਨ ਸੰਪਾਦਕ ਵੀ ਰਹੇ ਹਨ। ਅਤੇ ਸਤਿਜੁਗ ਦੇ ਕਈ ਬਸੰਤ ਅੰਕ ਵੀ ਉਹਨਾਂ ਦੀ ਨਿਗ੍ਰਾਨੀ ਵਿਚ ਨਿਕਲ ਚੁਕੇ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਤੇ ਨਾਮਧਾਰੀ ਇਤਿਹਾਸ ਨਾਲ ਉਹਨਾਂ ਦਾ ਪਰਮ ਸਨੇਹ ਸੀ। ਅੰਮ੍ਰਿਤਸਰੋਂ ਪ੍ਰਕਾਸ਼ਤ ਹੋਣ ਵਾਲੇ ਪੰਜਾਬੀ ਰਸਾਲੇ ਤੇ ਅਖਬਾਰਾਂ ਦੀ ਉਸ ਵੇਲੇ ਭਰਮਾਰ ਸੀ। ਮੌਜੀ, ਖਾਲਸਾ ਸਮਾਚਾਰ, ਖਾਲਸਾ ਸੇਵਕ,ਵਰਤਮਾਨ,ਫੁਲ-ਵਾੜੀ,ਜੀਵਨ ਪ੍ਰੀਤੀ ਪਟਿਆਲਾ ਆਦਿ ਪਤਾ ਨਹੀਂ ਕਿੰਨੇ ਹਫਤਾਵਾਰ ਤੇ ਰੋਜ਼ਾਨਾਂ ਤੇ ਮਾਸਿਕ ਪਰਚੇ ਛਪਦੇ ਸਨ। ਸਾਰਿਆਂ ਵਿਚ ਹੀ ਉਨ੍ਹਾਂ ਦੀਆਂ ਰਚਨਾਵਾਂ ਪ੍ਰਕਾਸ਼ਤ ਹੁੰਦੀਆਂ ਸਨ।

ਓਥੇ ਹੀ ਦੋ ਵਿਰੋਧੀ ਧੜੇ ਆਪਸ ਵਿਚ ਅਖ-ਬਾਰਾਂ ਰਾਹੀਂ ਇਕ ਦੂਜੇ ਦੇ ਹੱਕ-ਤੇ-ਖਿਲਾਫ, ਵਾਦ ਵਿਵਾਦ ਵਿਚ ਫਸੇ ਰਹਿੰਦੇ ਸਨ। ਏਸਤਰਾਂ ਇਕ ਧੜਾ ਅਵਤਾਰ ਸਿੰਘ ਦੇ ਖਿਲਾਫ ਸੀ ਤੇ ਇਕ ਹੱਕ ਵਿਚ। ਏਹਨਾਂ ਦਾ ਆਪਨਾਂ ਵੀ ਇਕ ਅਖਬਾਰ ਨਿਕਲਦਾ ਸੀ। ਮੁਖਾਲਫਤ, ਹਮੇਸ਼ਾਂ ਓਸੇ ਦੀ ਹੁੰਦੀ ਹੈ ਜੋ ਵਧਦੀਆਂ ਕਲਾਂ ਵਿਚ ਹੋਵੇ।

ਓਸ ਸਾਲ ਸਤਿਜੁਗ ਦਾ 'ਬਸੰਤ-ਅੰਕ' ਏਹਨਾਂ ਦੀ ਹੀ ਨਿਗਰਾਨੀ ਵਿਚ ਪ੍ਰਕਾਸ਼ਤ ਹੋ ਰਿਹਾ ਸੀ। ਅਜ਼ਾਦ ਸਾਹਿਬ, ਕਿਸੇ ਕੰਮ ਜਾਂ ਮਿਲਣ ਗਿਲਣ ਕਲਕਤੇ ਚਲੇ ਗਏ, ਉਸ ਵੇਲੇ ਏਹ ਭਰ ਜੁਆਨ ਸਨ। ਜੁਆਨੀ ਦੇ ਜੋਸ਼ ਵਿਚ ਜਾਂ ਕਿਸੇ ਕੁਸੰਗਤ ਵਿਚ ਫਸਕੇ ਏਹਨਾਂ ਨੇ ਆਪਦੇ ਕੇਸ ਤੇ ਦਾਹੜੀ ਅਸਲੋਂ ਘਰੜ ਕਰਾ ਦਿਤੇ। ਓਥੋਂ ਹੀ ਕਿਸੇ ਦੋਸਤ ਨੇ ਏਹਨਾਂ ਦੀ ਫੋਟੋ ਲੈਕੇ ਅੰਮ੍ਰਿਤਸਰ ਭੇਜ ਦਿਤੀ। ਫੇਰ ਕੀ ਸੀ ਵਿਰੋਧੀ ਅਖਬਾਰਾਂ ਵਿਚ ਦਿਨ ਚੜ੍ਹਦੇ ਨਾਲ ਹੀ ਫੋਟੋ ਛਪ ਗਏ ਤੇ ਹੈਡਿੰਗ ਆ ਗਏ ਅਜ਼ਾਦ ਪਤਿਤ ਹੋ ਗਿਆ ਹੈ। ਐਸ. ਐਸ. ਚਰਨ ਸਿੰਘ ਸ਼ਹੀਦ ਨੇ ਇਕ ਪੁਰਾਣਾ ਬਲਾਕ ਲੈਕੇ ਫੋਟੋ ਛਾਪ ਦਿਤਾ ਕਿ ਅਖਬਾਰਾਂ ਦਾ ਪ੍ਰਾਪੇਗੰਡਾ ਸਭ ਝੂਠ ਹੈ। ਅਵਤਾਰ ਸਿੰਘ ਪੂਰਨ ਗੁਰ ਸਿਖ ਹੈ।

ਅਜ਼ਾਦ ਸਾਹਿਬ ਨੂੰ ਕਲਕਤੇ ਵਿਚ ਏਸ ਸਭ ਕੁਝ ਦਾ ਪਤਾ ਲਗ ਗਿਆ ਤੇ ਓਹ ਸਿਧੇ ਹੀ ਭੈਣੀ ਸਾਹਿਬ ਆ ਗਏ। ਆਓਂਦੇ ਸੰਗਦੇ ਚੋਰੀ ਚੋਰੀ ਪ੍ਰੈਸ ਦੇ ਚੁਬਾਰੇ ਵਿਚ ਜਾ ਬਿਰਾਜੇ। ਜਿਥੇ ਮਾਸਟਰ ਬਲਵੰਤ ਸਿੰਘ ਜੀ ਸਤਿਜੁਗ ਦੇ ਬਸੰਤ ਅੰਕ ਦੀ ਨਿਗ੍ਰਾਨੀ ਕਰ ਰਹੇ ਸਨ। ਅਸੀਂ ਸਾਰੇ ਹਾਲਾਤ ਅਖਬਾਰਾਂ ਵਿਚੋਂ ਪੜ੍ਹ ਲਏ ਸਨ, ਤੇ ਸਾਨੂੰ ਉਹਨਾਂ ਦੇ ਔਣ ਦੀ ਵੀ ਭਿਣਕ ਪੈ ਗਈ ਸੀ। ਓਹਨਾਂ ਦੇ ਚੋਰੀ ਚੋਰੀ ਆਕੇ ਲੁਕ ਬਹਿਣ ਨਾਲ ਸਾਨੂੰ ਇਕ ਖੇਡ ਹੀ ਲਭ ਪਈ ਸੀ।

ਪ੍ਰੈਸ ਵਿਚ ਓਸ ਵੇਲੇ ਰਾਤ ਦਿਨ ਕੰਮ ਚਲ ਰਿਹਾ ਸੀ। ੧੫-੨੦ ਆਦਮੀ ਰਾਤ ਦਿਨ ਕੰਮ ਵਿਚ ਜੁਟੇ ਰਹਿੰਦੇ ਸਨ। ਸੰਤ ਹਜ਼ਾਰਾ ਸਿੰਘ ਜੀ ਮਾਵੀ ਉਸ ਵੇਲੇ ਪ੍ਰਧਾਨ ਪ੍ਰਬੰਧਕ ਸਨ ਪ੍ਰੈਸ ਦੇ ਜੋ ਛਪਾਈ ਵਿਚ ਵੀ ਮਦਦ ਕਰਦੇ ਤੇ ਸਾਨੂੰ ਤੇ ਬਾਕੀ ਸਟਾਫ ਨੂੰ ਵੀ ਹੱਲਾ ਸ਼ੇਰੀ ਦਿੰਦੇ ਰਹਿੰਦੇ ਸਨ। ਉਹ ਵੀ ਅਛੋਪਲੇ ਜੇਹੇ ਚੁਬਾਰੇ ਉਤੇ ਚਲੇ ਗਏ। ਮਾ. ਜੀ ਤੇ ਅਜ਼ਾਦ ਸਾਹਿਬ ਨਾਲ ਮਿਲਕੇ ਦਸ ਪੰਦਰਾਂ ਮਿੰਟਾਂ ਪਿਛੋਂ, ਹਸਦੇ ਹਸਦੇ ਹੇਠਾਂ ਉਤਰ ਆਏ। ਏਸ ਚੁਬਾਰੇ ਦੀ ਇਕ ਬਾਰੀ ਸਿਧੀ ਪ੍ਰੈਸ ਵਿਚ ਖੁਲਦੀ ਸੀ, ਜਿਥੋਂ ਦੀ ਅਸੀਂ ਉਤਰਦੇ ਚੜ੍ਹਦੇ ਸਾਂ। ਭਗਵਾਨ ਸਿੰਘ ਨੇ ਇਕ ਪ੍ਰੂਫ ਫੜਿਆ ਤੇ ਉਤੇ ਚੜ੍ਹ ਗਿਆ। ਮਾ: ਜੀ ਨੇ ਇਕ ਦੋ ਗਲਤੀਆਂ ਕਢਕੇ ਪਰੂਫ ਉਸਦੇ

Namdhari Elibrary NamdhariElibrary@gmail.com

ਹੱਥ ਫੜਾ ਦਿਤਾ ਉਸ ਪਿਛੋਂ ਦਰਸ਼ਨ ਸਿੰਘ ਉਤੇ ਚੜ ਗਿਆ। ਮਾ: ਜੀ ਕਿਹਾ ਤੂੰ ਕਿਵੇਂ ਆਇਆ ਹੈ? ਦਰਸ਼ਨ ਸਿੰਘ ਕਹਿਣ ਲਗਾ ਜੀ! ਮੈਂ ਗੈਸ ਵੇਖਣ ਆਇਆ ਹਾਂ?

ਕਿਉਂ! ਹੇਠਾਂ ਗੈਸ ਨਹੀਂ? ਉਹ ਵੀ ਹਸਦਾ ਹਸਦਾ ਹੇਠਾਂ ਉਤਰ ਆਇਆ। ਮਾ: ਜੀ ਸਮਝ ਗਏ ਸਨ ਕਿ ਏਹ ਗੇੜੇ ਅਜ਼ਾਦ ਸਾਹਿਬ ਨੂੰ ਵੇਖਣ ਦੇ ਬਹਾਨੇ ਹਨ। ਜੋਗਾ ਸਿੰਘ ਨੇ ਮੈਨੂੰ ਹੁਝ ਮਾਰੀ ਤੂੰ ਕਿਉਂ ਨਹੀਂ ਜਾਂਦਾ। ਜਾ ਤਮਾਸ਼ਾ ਤਾਂ ਵੇਖ? ਮੈਂ ਵੀ ਇਕ ਕਾਪੀ ਲੈਕੇ ਉਤੇ ਚਲਿਆ ਗਿਆ। ਮਾ: ਜੀ ਹੱਸਕੇ ਕਹਿਣ ਲਗੇ ਤੂੰ ਵੀ ਆਗਿਆ ਏਂ ਨਵੀਂ ਬਹੂ ਦਾ ਮੂੰਹ ਵੇਖਣਾ? ਮੈਂ ਕੱਚਾ ਤਾਂ ਬੜਾ ਹੋਇਆ ਪਰ ਇਕ ਮਿੰਟ ਖਲੋਣ ਪਿਛੋਂ ਜਦੋਂ ਹੇਠਾਂ ਉਤਰਨ ਲਗਾ ਤਾਂ ਅਜ਼ਾਦ ਸਾਹਿਬ ਨੇ ਮੇਰੀ ਬਾਂਹ ਫੜਕੇ ਆਖਿਆ ਮੈਨੂੰ ਪਤਾ ਤਾਂ ਪਹਿਲੀ ਵਾਰ ਹੀ ਲਗ ਗਿਆ ਸੀ ਕਿ ਤੁਸੀਂ ਮੈਨੂੰ ਵੇਖਣ ਹੀ ਔਂਦੇ ਹੋ! ਮੈਂ ਸਮਝਿਆ ਸੀ ਇਕ ਦੋ ਆਕੇ ਕੰਮ ਰੁਕ ਜਾਏਗਾ ਪਰ......... ਲਿਆ ਵਿਖਾ ਕਾਪੀ ਕੀ ਪੁਛਣਾ ਹੈ। ਮੈਂ ਕਿਹਾ ਜੀ! ਏਸ ਅਖਰ ਦੀ ਸਮਝ ਨਹੀਂ ਆਈ। ਹੱਸਕੇ ਕਹਿਣ ਲਗੇ ਸੁਬਾ ਅੱਠ ਵਜੇ ਆਕੇ ਸਮਝਾਵਾਂਗਾ।

ਏਧਰ ਗੰਗਾ ਸਿੰਘ ਨੂੰ ਕੁਤ ਕੁਤਾਰੀਆਂ ਹੋ ਰਹੀਆਂ ਸਨ ਜਦੋਂ ਦੋ ਤਿੰਨ ਪਉੜੀਆਂ ਉਹ ਚੜ ਗਿਆ, ਤਾਂ ਪਿਛੋਂ ਸੰਤ ਪ੍ਰੀਤਮ ਸਿੰਘ ਮਸ਼ੀਨ ਮੈਨ ਨੇ ਕੁਰਤਾ ਖਿਚਕੇ ਆਖਿਆ ਕਿਉਂ? ਤਾਏ ਦੀ ਧੀ ਚਲੀ, ਮੈਂ ਕਿਉਂ ਰਹਿ ਜਾਂ ਕੱਲੀ? ਮਸ਼ੀਨ ਤੇ ਫਰਮਾਂ ਚਾੜ੍ਹ? ਰਾਤ ਦੇ ਦਸ ਵੱਜ ਗਏ ਹਨ। ਸਾਰਾ ਛਾਪਕੇ ਫੇਰ ਸੌਣਾ ਹੈ?

ਮੈਂ ਓਦੋਂ ਮਸਾਂ ਚੌਦਾਂ ਪੰਦਰਾਂ ਸਾਲਾਂ ਦਾ ਹੋਵਾਂਗਾ। ਬਸੰਤ ਅੰਕ ਦੀ ਛਪਾਈ ਦੇ ਮੌਕੇ ਤੇ ਸਕੂਲ ਦੇ ਸਾਰੇ ਕੰਮਾਂ ਦੀ ਛੁਟੀ ਹੋ ਜਾਂਦੀ ਸੀ ਤੇ ਰਾਤ ਦਿਨ ਛਪਾਈ ਦਾ ਕੰਮ ਚਲਦਾ ਸੀ। ਮਾਸਟਰ ਜੀ ਇਕ ਖੰਡ ਦੀ ਬੋਰੀ ਤੇ ਦੇਸੀ ਘਿਉ ਦਾ ਪੀਪਾ ਪਹਿਲਾਂ ਹੀ ਪ੍ਰੈਸ ਵਿਚ ਲਿਆ ਰਖਦੇ ਸਨ। ਏਸਤਰ੍ਹਾਂ ੨੦-੨੫ ਦਿਨ ਖੁਲ੍ਹਾ ਖਾਣ ਪੀਣ ਚਲਦਾ ਅਤੇ ਮੌਂਫ ਦਾ ਲੰਗਰ ਤਾਂ ਜਾਰੀ ਹੀ ਰਹਿੰਦਾ ਜੋ ਉਸੇ ਵੇਲੇ ਦਾ ਮਸ਼ਹੂਰ ਪੇਆ ਸੀ। ਸੁਆਦ ਵੀ ਏਨਾਂ ਕਿ ਗਲਾਸ ਮੂੰਹੋਂ ਨਹੀਂ ਸੀ ਲਹਿੰਦਾ।

ਸੂਰਜ ਚੜਦੇ ਨਾਲ ਹੀ ਅਜ਼ਾਦ ਸਾਹਿਬ ਸਿਧੇ ਪ੍ਰੈਸ ਵਿਚ ਆ ਗਏ ਮੂੰਹ ਤੇ ਲਵਿੰਡਰ ਤੇ ਕੇਸ ਵਰਧਕ ਤੇਲ ਸਿਰ ਤੇ ਮਲਕੇ ਛੇਤੀ ਛੇਤੀ ਜਟ ਧਾਰੀ ਬਣਨ ਦੇ ਚਾਹਵਾਨ ਸਨ। ਉਹਨਾਂ ਦੇ ਖੁਲ੍ਹੇ ਦਰਸ਼ਨ ਦੀਦਾਰ ਕਰਕੇ ਅਸੀਂ ਬਹੁਤ ਖੁਸ਼ ਹੋਏ ਅਤੇ ਉਹ ਸਾਥੋਂ ਵੀ ਵੱਧ ਖੁਸ਼ ਨਜ਼ਰ ਆ ਰਹੇ ਸਨ। ਕਿਉਂਕਿ ਏਥੇ ਉਹਨਾਂ ਨੂੰ ਪਤਿਤ ਕਹਿਣ ਵਾਲਾ ਕੋਈ ਨਹੀਂ ਸੀ। ਠੀਕ ਉਸੇ ਵੇਲੇ ਵੱਡੇ ਸਾਹਿਬਜ਼ਾਦੇ ਬੇਅੰਤ ਜੀ ਵੀ ਆ ਗਏ। ਅਸੀਂ ਮਥਾ ਟੇਕਣ ਦੀ ਕੋਸ਼ਿਸ਼ ਕੀਤੀ। ਪਰ ਉਹ ਛਾਲ ਮਾਰਕੇ ਪਿਛੇ ਹਟ ਗਏ। ਅਸੀਂ ਕਿਹਾ ਤੁਸੀਂ ਵੀ ਅਵਤਾਰ ਸਿੰਘ ਜੀ ਨੂੰ ਵੇਖਣ ਆਏ ਹੋ? ਉਹ ਬੜੇ ਹੱਸੇ ਨਹੀਂ ਅਸੀਂ ਤਾਂ ਘੋੜਿਆਂ ਨੂੰ ਕੰਮ ਦੇਣ ਆਏ ਹਾਂ। ਫੇਰ ਮਿਲਾਂਗੇ।

ਆਜ਼ਾਦ ਸਾਹਿਬ ਜਿਥੇ ਵਧੀਆ ਲਿਖਾਰੀ ਸਨ ਉਥੇ ਕਵਿਤਾ ਤੇ ਨਜ਼ਮਾਂ ਏਸ ਤੋਂ ਵੀ ਵਧੀਆ ਲਿਖਦੇ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਕਰਨ ਤੇ ਜਿਹੜੀ ਕਵਿਤਾ ਉਹਨਾਂ ਲਿਖੀ ਓਹ ਭੁਲਣ ਵਾਲੀ ਨਹੀਂ।

ਤੁਰ ਚਲਿਉਂ ਪਰਦੇਸੀ ਸਜਨਾਂ
ਝਲਕ ਨੂਰਾਨੀ ਪਾਕੇ।
ਤੜਫਾਂਗੇ ਮਛੀ ਦੇ ਵਾਂਗਰ ਫੜਕਾਂਗੇ ਬਿਲਲਾਕੇ।

ਏਸ ਨਜ਼ਮ ਨੂੰ ਜੋ ਪੜਦਾ ਸੀ, ਜ਼ਰੂਰ ਵੈਰਾਗੀ ਹੋ ਜਾਂਦਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ ਜੋਤ ਸਮੌਣ ਤੇ ਦਿਲ ਨੂੰ ਟੁੰਬਣ ਵਾਲੀ ਕਵਿਤਾ:-

ਮਹਾਂ ਨੂਰ ਰਮੇ ਪ੍ਰਭੂ।

ਕੂਕੇ ਸਿੰਘ ਤੋਪਾਂ ਨਾਲ ਉਡਾਏ ਜਾ ਰਹੇ ਸਨ ਏਸ ਫੋਟੋ ਬਲੇ ਦਿਤੀ ਕਵਿਤਾ:-

ਏਹ ਉਹ ਆਸ਼ਕ ਇਸ਼ਕ ਸ਼ਮਾਂ ਦੇ
ਜੋ ਹੱਸ ਹੱਸ ਕੇ ਸੜਦੇ।
ਮੌਤ ਇਨ੍ਹਾਂ ਲਈ ਨਵੀਂ ਜਿੰਦਗੀ
ਸਨਮੁਖ ਤੋਪਾਂ ਖੜਦੇ।

Namdhari Elibrary NamdhariElibrary@gmail.com

ਪੰਥ ਰਤਨ ਸੰਤ ਵਰਿਆਮ ਸਿੰਘ ਜੀ 'ਮੁਸਵੱਰ' ਨਾਲ ਕੁਝ ਪਲ

[ਦੇਵਿੰਦਰ ਸਿੰਘ ਗਿਲ (ਜੀਆ ਨਥਾ)

ਮੇਰੀ ਕਾਫੀ ਸਮੇਂ ਤੋਂ ਤੀਬਰ ਲੋਚਾ ਸੀ ਕਿ ਮੈਂ ਉਸ ਮਸਤਾਨੜੇ ਮੁਸੱਵਰ ਸੰਤ ਵਰਿਆਮ ਸਿੰਘ ਜੀ ਦੇ ਦਰਸ਼ਨ ਕਰਾਂ ਜਿਹਨਾਂ ਨੇ ਸਾਰੀ ਉਮਰ ਹੀ ਪੰਥ ਦੇ ਲੇਖੇ ਲਗਾ ਦਿਤੀ ਅਤੇ ਨਾਮਧਾਰੀ ਇਤਿਹਾਸ ਨੂੰ ਤਸਵੀਰਾਂ ਰਾਹੀਂ ਉਜਾਗਰ ਕੀਤਾ ਹੈ। ਅਜ ੨੮ ਜਨਵਰੀ ਨੂੰ ਮੇਰੀ ਇਛਾ ਪੂਰੀ ਹੋਈ। ਕਿਉਂਕਿ ਇਸ ਵਾਰ ਪੂਜਨੀਕ ਸ੍ਰੀ ਮਹਾਰਾਜ ਜੀ ਨੇ ਮੈਨੂੰ ਸਤਿਜੁਗ ਅਖਬਾਰ ਦੇ 'ਬਸੰਤ-ਅੰਕ' ਦੇ ਪ੍ਰਕਾਸ਼ਨ ਹਿਤ ਸ੍ਰੀ ਜੀਵਨ ਨਗਰ ਆਉਣ ਦਾ ਹੁਕਮ ਕੀਤਾ ਤਾਂ ਮੈਂ ਆਪ ਜੀ ਦੀ ਹਜ਼ੂਰੀ ਵਿਚ ਪਹੁੰਚਿਆ। ਇਥੇ ਹੀ ਮੈਂ ਸੰਤ ਵਰਿਆਮ ਸਿੰਘ 'ਮੁਸੱਵਰ' ਦੇ ਦਰਸ਼ਨ ਕੀਤੇ ਅਤੇ ਸਤਿਜੁਗ ਅਖਬਾਰ ਦੇ ਸਤਿਕਾਰ ਯੋਗ ਪਾਠਕਾਂ ਲਈ ਜੋ ਮੈਂ ਉਹਨਾਂ ਤੋਂ ਉਹਨਾਂ ਦੇ ਜੀਵਨ ਬਾਰੇ ਪੁਛ ਗਿਛ ਕੀਤੀ ਹੈ, ਉਹ ਇੰਟਰਵੀਊ ਦੇ ਰੂਪ ਵਿਚ ਹਾਜ਼ਰ ਕੀਤੀ ਜਾਂਦੀ ਹੈ।

ਪ੍ਰਸ਼ਨ:— ਸੰਤ ਜੀ! ਆਪ ਜੀ ਆਪਣੇ ਮੁਢਲੇ ਜੀਵਨ ਬਾਰੇ ਕੁਝ ਦਸੋ, ਕਿਵੇਂ ਬੀਤਿਆ?

ਉਤਰ:— ਮੇਰਾ ਜਨਮ ਸਰਦਾਰ ਲਹਿਣਾ ਸਿੰਘ ਤੇ ਮਾਤਾ ਇੰਦਰ ਕੌਰ ਜੀ ਦੇ ਘਰ ਪਿੰਡ ਮਲੂਵਾਲੀ ਜ਼ਿਲਾ ਸਿਆਲਕੋਟ ਵਿਚ ਅੱਜ ਤੋਂ ੮੨ ਸਾਲ ਪਹਿਲਾਂ ਹੋਇਆ। ਅਸੀਂ ਚਾਰ ਭਰਾ ਹਾਂ।

ਪ੍ਰਸ਼ਨ:— ਕੀ ਆਪ ਜੀ ਮੁਢ ਤੋਂ ਨਾਮਧਾਰੀ ਹੋ?

ਉਤਰ:— ਸਾਡਾ ਪਿੰਡ ਮਲੂਵਾਲੀ ਸਾਰਾ ਰਾਮਗੜੀਆਂ ਦਾ ਸੀ। ਚਾਚਾ ਈਸ਼ਰ ਸਿੰਘ ਜੀ ਠੇਕੇਦਾਰ ਪਹਿਲਾਂ ਨਾਮਧਾਰੀ ਸਜੇ ਸਨ। ਅਸੀਂ ਨਾਮਧਾਰੀ ਨਹੀਂ ਸਾਂ। ਫਿਰ ਉਹਨਾਂ ਦੀ ਪ੍ਰੇਰਨਾ ਨਾਲ ਅਸੀਂ ਚਾਰੇ ਭਰਾ ਨਾਮਧਾਰੀ ਸਿੰਘ ਸਜ ਗਏ।

ਪ੍ਰਸ਼ਨ:— ਆਪ ਜੀ ਨੇ ਵਿਦਿਆ ਕਿੰਨੀ ਹਾਸਲ ਕੀਤੀ?

ਉਤਰ:— ਪੰਜ, ਛੇ ਜਮਾਤਾਂ ਮੈਂ ਪਿੰਡ ਵਿਚ ਪੜੀਆਂ ਤੇ ਫਿਰ ਮੈਂ ਗੁਜਰਾਂਵਾਲੇ ਵਿਚ ਆ ਗਿਆ। ਉਹਨਾਂ ਦਿਨਾਂ ਵਿਚ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਨੇ ਹੋਲੇ ਦਾ ਪੁਰਬ ਹੋਲੇ ਚਬਾਂ ਦੀ ਮਿਲ ਵਿਚ ਕੀਤਾ ਸੀ।

ਪ੍ਰਸ਼ਨ- ਤੁਸੀਂ ਚਿਤਰਕਾਰੀ ਵਲ ਕਿਵੇਂ ਆਏ? ਤੁਹਾਨੂੰ ਇਹ ਲਗਨ ਕਿਥੋਂ ਲਗੀ?

ਉਤਰ- ਇਸ ਪਾਸੇ ਵਲ ਮੇਰਾ ਝੁਕਾਅ ਕੁਦਰਤੀ ਹੋ ਗਿਆ। ਤਸਵੀਰਾਂ ਬਣਾਉਣ ਦੀ ਕੋਸ਼ਿਸ਼ ਕਰਨੀ, ਮੇਰਾ ਬਚਪਨ ਦਾ ਹੀ ਸ਼ੌਂਕ ਸੀ।

ਪ੍ਰਸ਼ਨ- ਆਪ ਜੀ ਨੇ ਚਿਤਰਕਾਰੀ ਦੀ ਮੁਢਲੀ ਸਿਖਿਆ ਕਿਥੋਂ ਪ੍ਰਾਪਤ ਕੀਤੀ? ਅਤੇ ਆਪ ਜੀ ਨੇ ਸਭ ਤੋਂ ਪਹਿਲਾਂ ਕਿਹੜੇ ਮਹਾਂ ਪੁਰਸ਼ਾਂ ਦੀ ਤਸਵੀਰ ਬਣਾਈ?

ਉਤਰ- ਮੈਨੂੰ ਮੁਢਲੀ ਚਿਤਰਕਾਰੀ ਦੀ ਸਿਖਿਆ ਸਕੂਲ ਮਾਸਟਰ ਸ੍ਰੀ ਕਰਤਾਰ ਸਿੰਘ ਜੀ ਗੁਜਰਾਂਵਾਲੇ ਤੋਂ ਮਿਲੀ ਅਤੇ ਉਹਨਾਂ ਦੀ ਪ੍ਰੇਰਨਾ ਸਦਕਾ ਮੈਂ ਪਹਿਲੀ ਤਸਵੀਰ ਸਤਿਗੁਰੂ ਰਾਮ ਸਿੰਘ ਜੀ ਦੀ ਬਣਾਈ। ਇਹ ਤਸਵੀਰ ੧੯੨੯ ਤੋਂ ਪਹਿਲਾਂ(ਸਾਲ ਯਾਦ ਨਹੀਂ) ਹੋਲੇ ਦੇ ਸਮਾਗਮ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਵਿਖਾਈ, ਉਸ ਤੋਂ ਬਾਅਦ ਮੇਰੇ ਭਰਾ ਸ਼ੇਰ ਸਿੰਘ ਜੀ

Namdhari Elibrary NamdhariElibrary@gmail.com

ਐਫ. ਡਬਲਿਊ. ਐਂਡ ਕੰਪਨੀ, ਲਾਹੌਰ ਵਿਚ(ਲਗਭਗ ੧੯੩੨-੩੩ ਈਸਵੀ ਵਿਚ) ਛਡ ਗਏ। ਕੰਪਨੀ ਵਾਲੇ ਮੇਰਾ ਹੱਥ ਬਹੁਤ ਸਾਫ ਹੋਣ ਕਾਰਨ ਪ੍ਰੇਮ ਕਰਦੇ ਸਨ। ੧੯੩੫ ਈ: ਦੇ ਲਗਭਗ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਤੇ ਸੰਤ ਸ਼ੇਰ ਸਿੰਘ ਜੀ ਮੈਨੂੰ ਸ੍ਰੀ ਭੈਣੀ ਸਾਹਿਬ ਲੈ ਆਏ। ਇਥੇ ਆਕੇ ਸਤਿਗੁਰੂ ਜੀ ਦੀ ਪ੍ਰੇਰਨਾ ਸਦਕਾ ਮੈਂ ਅਨੇਕਾਂ ਤਸਵੀਰਾਂ ਬਣਾਈਆਂ ਜਿਹਨਾਂ ਵਿਚ ਭਾਈ ਰਾਇ ਸਿੰਘ ਜੀ ਦੀ ਤਸਵੀਰ, ਸਤਿਗੁਰੂ ਜੀ ਦੇ ਪ੍ਰਦੇਸ਼ ਜਾਣ ਵਾਲੀ ਤਸਵੀਰ, ਤੋਪਾਂ ਨਾਲ ਕੂਕਿਆਂ ਨੂੰ ਉਡਾਏ ਜਾਣ ਵਾਲੀ ਤਸਵੀਰ, ਬਾਰਾਂ ਪਾਤ–ਸ਼ਾਹੀਆਂ ਦੀ ਤਸਵੀਰ, ਭਾਈ ਮੀਂਹਾ ਸਿੰਘ ਜੀ ਦਾ ਜੰਗਲਾ ਟਪਕੇ ਸਤਿਗੁਰੂ ਜੀ ਪਾਸ ਜਾਣ ਦੀ ਤਸਵੀਰ ਅਤੇ ਅੰਮ੍ਰਿਤਸਰ ਵਿਚ ਕੂਕਿਆਂ ਨੂੰ ਫਾਂਸੀ ਲਗਾਉਣ ਦੀ ਤਸਵੀਰ ਆਦਿਕ ਵਰਣਨ ਯੋਗ ਹਨ।

ਪ੍ਰਸ਼ਨ- ਹੋਰ ਭੀ ਕਿਸੇ ਚਿਤਰਕਾਰ ਨੂੰ ਆਪ ਜੀ ਨੇ ਸਿਖਿਆ ਪ੍ਰਾਪਤ ਕਰਨ ਲਈ ਗੁਰੂ ਧਾਰਿਆ ਸੀ?

ਉਤਰ- ਲਗਭਗ ੧੯੩੩ ਈਸਵੀ ਵਿਚ ਸ੍ਰਦਾਰ ਸੋਭਾ ਸਿੰਘ ਆਰਟਿਸਟ ਤੋਂ ਲਾਹੌਰ ਵਿਖੇ ਸਿਖਿਆ ਪ੍ਰਾਪਤ ਕੀਤੀ ਅਤੇ ਉਹਨਾਂ ਨੂੰ ਚਿਤਰਕਾਰੀ ਲਈ ਗੁਰੂ ਧਾਰਿਆ। ਪਰ ਉਹਨਾਂ ਨਾਲ ਰਲਕੇ ਕੋਈ ਖਾਸ ਕੰਮ ਨਹੀਂ ਕੀਤਾ ਪਰ ਅਸਲ ਗੁਰੂ ਮੇਰੇ ਸਤਿਗੁਰੂ ਪ੍ਰਤਾਪ ਸਿੰਘ ਜੀ ਹਨ ਜਿਹਨਾਂ ਦੀ ਪ੍ਰੇਰਨਾ ਸਦਕਾ ਮੈਂ ਅਨੇਕਾਂ ਤਸਵੀਰਾਂ ਬਣਾਈਆਂ।

ਪ੍ਰਸ਼ਨ- ਅਜ ਤਕ ਆਪ ਜੀ ਨੇ ਕਿੰਨੀਆਂ ਕੁ ਤਸਵੀਰਾਂ ਬਣਾਈਆਂ ਹਨ?

ਉਤਰ- ਇਸ ਬਾਰੇ ਮੈਨੂੰ ਕੁਝ ਯਾਦ ਨਹੀਂ ਕਿ ਮੈਂ ਕਿੰਨੀਆਂ ਗਿਣਤੀ ਵਿਚ ਤਸਵੀਰਾਂ ਬਣਾਈਆਂ ਹਨ। ਇਹ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਸਦਕਾ ਹੀ ਬਣੀਆਂ ਹਨ।

ਪ੍ਰਸ਼ਨ- ਕੀ ਆਪ ਜੀ ਨੂੰ ਕਦੇ ਨਾਮਧਾਰੀ ਇਤਿਹਾਸ ਚਿਤਰਨ ਸਮੇਂ ਅੰਗਰੇਜ਼ਾਂ ਅਤੇ ਅਕਾਲੀ ਸਿਖਾਂ ਦਾ ਵੀ ਵਿਰੋਧ ਸਹਿਣਾ ਪਿਆ?

ਉਤਰ- ਮੈਨੂੰ ਇਹਨਾਂ ਦਾ ਜ਼ਬਰਦਸਤ ਵਿਰੋਧ ਸਹਿਣਾ ਪਿਆ। ਸਤਿਗੁਰੂ ਰਾਮ ਸਿੰਘ ਜੀ ਦੇ ਜਲਾਵਤਨ ਹੋਣ ਵਾਲੀ ਤਸਵੀਰ, ਕੂਕਿਆਂ ਦਾ ਤੋਪਾਂ ਨਾਲ ਉਡਾਉਣਾ ਆਦਿਕ ਤਸਵੀਰਾਂ ਸਾਨੂੰ ਕਲਕਤੇ ਜਾਕੇ ਛਪਾਉਣੀਆਂ ਪਈਆਂ ਸਨ ਕਿਉਂਕਿ ਅੰਗਰੇਜ਼ ਤੇ ਅਕਾਲੀਆਂ ਦੇ ਦੇ ਵਿਰੋਧ ਕਾਰਨ ਇਹਨਾਂ ਨੂੰ ਕੋਈ ਛਾਪਣ ਲਈ ਤਿਆਰ ਨਹੀਂ ਸੀ। ਇਸ ਤੋਂ ਬਿਨਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪ੍ਰੇਰਨਾ ਸਦਕਾ ਤੇ ਮਾਸਟਰ ਜੋਗਾ ਸਿੰਘ ਦੇ ਆਖਣ ਤੇ ਬਾਰਾਂ ਪਾਤਸ਼ਾਹੀਆਂ ਵਾਲੀ ਤਸਵੀਰ ਕੈਲੰਡਰ ਸਮੇਤ ਤਿਆਰ ਕੀਤੀ ਤੇ ਉਹ ਵੀ ਕਲਕਤੇ ਵਿਚ ਛਪੀ ਸੀ। ਉਪ੍ਰੋਕਤ ਤਸਵੀਰ ਤੋਂ ਬਿਨਾਂ ਸਤਿਗੁਰੂ ਰਾਮ ਸਿੰਘ ਜੀ ਦੀਆਂ ਤਸਵੀਰਾਂ "ਬਸੰਤ ਅੰਕ" ਵਿਚ ਲਗਾ ਦਿਤੀਆਂ। ਇਹ ਅੰਕ ਹਿੰਦੋਸਤਾਨ ਵਿਚ ਘਰ ਘਰ ਵਿਖੇ ਪਹੁੰਚ ਗਿਆ ਤਾਂ ਅੰਗਰੇਜ਼ਾਂ ਨੂੰ ਅਕਾਲੀਆਂ ਨੇ ਭੜਕਾ ਦਿਤਾ ਕਿ ਤੁਹਾਡੇ ਰਾਜ ਵਿਚ ਤੁਹਾਡੇ ਖਿਲਾਫ ਕੂਕਿਆਂ ਨੇ ਤਸਵੀਰਾਂ ਕੱਢ ਦਿਤੀਆਂ ਹਨ। ਫਿਰ ਇਸਦੇ ਨਤੀਜੇ ਵਜੋਂ ਸ੍ਰਕਾਰ ਨੇ ਸਾਡੇ ਵਾਰੰਟ ਕੱਢ ਦਿਤੇ। ਫੜੋ ਫੜੀ ਸ਼ੁਰੂ ਹੋ ਗਈ, ਪ੍ਰੈਸ ਜ਼ਬਤ ਹੋ ਗਿਆ। ਮੈਨੂੰ ਫਿਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗ੍ਰਿਫਤਾਰੀ ਤੋਂ ਬਚਾਉਣ ਲਈ ਕਲਕਤੇ ਭੇਜ ਦਿਤਾ। ਸੰਤ ਇੰਦਰ ਸਿੰਘ ਜੀ ਚਕਰਵਰਤੀ ਨੂੰ ਵੀ ਲਾਂਭੇ ਕਰ ਦਿਤਾ।

ਬਾਰਾਂ ਪਾਤਸ਼ਾਹੀਆਂ ਵਾਲੀ ਤਸਵੀਰ ਤੇ ਅਕਾਲੀਆਂ ਨੇ ਬਹੁਤਾ ਇਤਰਾਜ਼ ਕੀਤਾ ਕਿ

ਅਸੀਂ ਦਸਾਂ ਪਾਤਸ਼ਾਹੀਆਂ ਤੋਂ ਬਾਅਦ ਗਿਆਰਵੀਂ ਅਤੇ ਬਾਹਰਵੀਂ ਪਾਤਸ਼ਾਹੀ ਨਹੀਂ ਲਗਣ ਦੇਣੀ ਪਰ ਹੌਲੀ ੨ ਇਹ ਵਿਰੋਧ ਠੰਢਾ ਪੈ ਗਿਆ,ਅਗਲੇ ਸਾਲ ਸਤਿਗੁਰੂ ਜੀ ਨੇ ਇਹ ਤਸਵੀਰ ਕੈਲੰਡਰ ਦੇ ਰੂਪ ਵਿਚ ਛਪਵਾਕੇ ਸਾਰੇ ਹਿੰਦੋਸਤਾਨ ਵਿਚ ਥਾਂ ਥਾਂ ਭੇਜ ਦਿਤੀ ਜੋ ਸਾਰੇ ਸ੍ਰਕਾਰੀ ਤੇ ਗੈਰ ਸ੍ਰਕਾਰੀ ਦਫਤਰਾਂ ਅਤੇ ਹੋਰ ਪਿੰਡਾਂ ਤੇ ਸ਼ਹਿਰਾਂ ਵਿਚ ਸੁਭਾਇਮਾਨ ਹੋਈ।

ਪ੍ਰਸ਼ਨ- ਇਕ ਤਸਵੀਰ ੧੮ ਫਰਵਰੀ ੧੯੫੮ ਈਸਵੀ ਨੂੰ ਸ੍ਰਕਾਰ ਵਲੋਂ ਜ਼ਬਤ ਹੋ ਗਈ ਸੀ, ਉਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਸਤਿਗੁਰੂ ਬਾਲਕ ਸਿੰਘ ਜੀ ਨੂੰ ਗੁਰਗੱਦੀ ਦੇਦਿਆਂ ਦਿਖਾਇਆ ਗਿਆ ਹੈ। ਕੀ ਇਹ ਤਸਵੀਰ ਆਪ ਜੀ ਨੇ ਬਣਾਈ ਸੀ ?

ਉਤਰ- ਇਹ ਤਸਵੀਰ ਐਫ. ਡਬਲਯੂ ਪ੍ਰੈਸ ਰਾਮ ਗਲੀ ਲਾਹੌਰ ਵਿਚ ਛਪੀ ਸੀ ਜਿਸਨੂੰ ਸਿਆਮ ਬੰਕੋਕ ਦੇ ਨਾਮਧਾਰੀਆਂ ਸਿਖਾਂ ਨੇ ਛਪਵਾਇਆ ਸੀ। ਇਹ ਤਸਵੀਰ ਮੇਰੇ ਵਲੋਂ ਨਹੀਂ ਚਿਤਰੀ ਗਈ। ਇਹ ਕਿਸੇ ਹੋਰ ਚਿਤਰਕਾਰ ਵਲੋਂ ਬਣਾਈ ਗਈ ਸੀ।

ਪ੍ਰਸ਼ਨ- ਕੋਈ ਐਸੀ ਜੀਵਨ ਦੀ ਘਟਨਾ ਸੁਣਾਓ ਜੋ ਅਜੇ ਤਕ ਵੀ ਆਪ ਜੀ ਨੂੰ ਭੁਲੀ ਨਾ ਹੋਵੇ ?

ਉਤਰ- (ਵਿਰਾਗ ਦੀ ਅਵਸਥਾ ਵਿਚ ਰੋਂਦਿਆਂ ਹੋਇਆਂ) ਸਤਿਗੁਰੂ ਰਾਮ ਸਿੰਘ ਜੀ ਦਾ ਵਿਛੋੜਾ ਮੈਨੂੰ ਬਚਪਨ ਤੋਂ ਹੀ ਰਿਹਾ ਹੈ। ਬਚਪਨ ਵਿਚ ਜਦੋਂ ਅਜੇ ਮੈਂ ਸਕੂਲ ਵਿਚ ਪੜ੍ਹਦਾ ਸਾਂ ਤੇ ਸੰਤ ਖਜਾਨ ਸਿੰਘ ਦੇ ਚਾਚਾ ਸੁਰਗਵਾਸੀ ਸੰਤ ਮਿਲਖਾ ਸਿੰਘ ਜੀ ਤੋਂ ਭਜਨ ਲਿਆ ਤਾਂ ਉਸ ਦਿਨ ਮੈਂ ਭਜਨ ਕਰਦਿਆਂ ਪਿੰਡ ਵਿਚ ਬੋਹੜ ਦੇ ਆਸਰੇ ਸਿਰ ਟਿਕਾਕੇ ਸੌਂ ਗਿਆ ਤਾਂ ਮੈਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਤਖ ਦਰਸ਼ਨ ਹੋਏ ਤੇ ਮੈਨੂੰ ਉਹਨਾਂ ਹਿਲੂਣਕੇ ਜਗਾ ਦਿਤਾ ਅਤੇ ਆਪ ਅਲੋਪ ਹੋ ਗਏ ਹਾਲਾਂ ਕਿ ਮੈਂ ਅਜੇ ਤਕ ਉਹਨਾਂ ਦੇ ਦਰਸ਼ਨ ਨਹੀਂ ਸੀ ਕੀਤੇ। ਬੰਦਗੀ ਵਲ ਮੇਰੀ ਰੁਚੀ ਬਚਪਨ ਤੋਂ ਹੀ ਸੀ ਅਤੇ ਬਚਪਨ ਵਿਚ ਹੀ ਵੈਰਾਗ ਉਠਣ ਲਗ ਪਿਆ ਅਤੇ ਬਚਪਨ ਵਿਚ ਹੀ ਮੈਂ ਪਿੰਡ ਤੋਂ ਬਾਹਰ ਇਕ ਮੀਲ ਦੇ ਫਾਸਲੇ ਤੇ ਪੰਜ ਕਿਕਰਾਂ ਦੀ ਝੰਗੀ ਹੇਠ ਬੈਠੇ ਰਹਿਣਾ ਤੇ ਜਾਪ ਕਰਨਾ ਹਾਲਾਂ ਕਿ ਉਸ ਸਮੇਂ ਮੈਂ ਭਜਨ ਨਹੀਂ ਸੀ ਲਿਆ। ਵੈਰਾਗ ਵਾਲੀ ਹਾਲਤ ਅਜੇ ਤਕ ਉਸੇਤਰ੍ਹਾਂ ਹੀ ਹੈ।

੧੯੪੭ ਦੇ ਬਟਵਾਰੇ ਤੋਂ ਬਾਅਦ ਮੈਂ ਮਹਿਤਾ ਆਫਸੈਟ ਕੰਪਨੀ ਦਿਲੀ ਵਿਖੇ ਕੰਮ ਕਰਨਾ ਸ਼ੁਰੂ ਕੀਤਾ। ਇਸੇ ਸਮੇਂ ਮੇਰੀ ਬਿਰਤੀ ਬੰਦਗੀ ਵਲ ਬਹੁਤ ਜ਼ਿਆਦਾ ਚੜ੍ਹ ਗਈ ਅਤੇ ਮੌਣਾ ਤੇ ਬੋਲਣਾ ਚਲਣਾ ਬਹੁਤ ਹੀ ਘੱਟ ਗਿਆ। ਮੈਂ ਚਿਲੇ ਸ਼ੁਰੂ ਕਰ ਦਿਤੇ ਜਿਹਨਾਂ ਦੀ ਗਿਣਤੀ ਪੰਜ ਹੈ। ਅਸੀਂ ਦਿਲੀ ਸਬਜੀ ਮੰਡੀ ਦੇ ਨੇੜੇ ਘੰਟਾ ਘਰ ਦੇ ਕੋਲ ਹੀ ਰਹਿੰਦੇ ਸਾਂ। ਮੈਂ ਰਾਤ ਬਾਰਾਂ ਕੁ ਵਜੇ ਉਠਕੇ ਜੰਗਲ ਬੀਆਬਾਨ ਲੰਘਕੇ ਦਰਿਆ ਜਮਨਾ ਤੇ ਮੁਰਦਾ ਘਾਟ ਜਾਣਾ ਤੇ ਫਿਰ ਦਰਿਆ ਵਿਚ ਗਲ ਗਲ ਪਾਣੀ ਵਿਚ ਖੜ੍ਹੇ ਹੋਕੇ ਜਾਪ ਕਰਨਾ ਤੇ ਰਸਤੇ ਵਿਚ ਜਾਂਦਿਆਂ ਬਰਫਖਾਨੇ ਦੇ ਕੋਲ ਨਾਮਧਾਰੀਆਂ ਦੇ ਖੋਖਿਆਂ ਕੋਲੋਂ ਲੰਘਣਾ ਤਾਂ ਬਾਪੂ ਈਸ਼ਰ ਸਿੰਘ ਦਰਜੀ ਗੁਜਰਾਂਵਾਲਾ, ਪਿਸ਼ਾਬ ਕਰਨ ਉਠਦਾ ਸੀ, ਉਹਨਾਂ ਮੈਨੂੰ ਆਉਂਦੇ ਵੇਖਕੇ ਵਿਰਾਗ ਕਰਨਾ ਤੇ ਰੋਂਦਿਆਂ ਹੋਇਆਂ ਜਫੀ ਵਿਚ ਲੈ ਲੈਣਾ ਤੇ ਆਖਣਾ,"ਤੂੰ ਕੋਈ ਧਰੂ ਭਗਤ ਨਾਲੋਂ ਘਟ ਨਹੀਂ ਹੈਂ।'

ਘਰ ਵਿਚ ਭਰਾ ਲਾਲ ਸਿੰਘ ਜੀ ਆਰੇ ਵਾਲੇ ਗੁਜਰਾਂਵਾਲੇ, ਉਹਨਾਂ ਦੇ ਘਰੋਂ ਭਾਬੀ ਮਾਨ ਕੌਰ ਤੇ ਮੇਰੀ ਸਿਖਣੀ ਤੇਜ ਕੌਰ ਹੱਕੇ ਬੱਕੇ ਹੋ ਜਾਣਾ ਕਿ ਇਹ ਕਿਹੜਾ ਵਕਤ ਹੁੰਦਾ ਹੈ ਕਿ

ਤੂੰ ਰਾਤ ਦੇ ਇਕ ਵਜੇ ਦਰਿਆ ਵਿਚ ਖੜੋਂਦਾ ਹੈਂ। ਇਕ ਦਿਨ ਮੈਨੂੰ ਪੁਲਸ ਵਾਲਿਆਂ ਨੇ, ਜਦੋਂ ਮੈਂ ਜੰਗਲ ਬੀਆਬਾਨ ਟਪਕੇ ਅਗੇ ਗਿਆ ਤਾਂ ਸੀਟੀਆਂ ਮਾਰਨੀਆਂ ਸ਼ੁਰੂ ਕਰ ਦਿਤੀਆਂ ਅਤੇ ਮੈਨੂੰ ਰੋਕ ਕੇ ਪੁਛਣ ਲਗੇ ਕਿ ਆਪ ਕਹਾਂ ਜਾ ਰਹੇ ਹੋ? ਉਸ ਦਿਨ ਅਜੇ ਮਹਾਤਮਾਂ ਗਾਂਧੀ ਨੂੰ ਸ਼ਹੀਦ ਹੋਇਆਂ ੧੩ ਦਿਨ ਹੀ ਹੋਏ ਸਨ ਅਤੇ ਇਸ ਲਈ ਸ੍ਰਕਾਰ ਵਲੋਂ ਬਹੁਤ ਸਖਤ ਪਹਿਰੇ ਸਨ ਤਾਂ ਕਿ ਕਿਤੇ ਕੋਈ ਸੰਪਰਦਾਇਕ ਫਸਾਦ ਨਾ ਹੋ ਜਾਣ। ਜਦੋਂ ਮੈਂ ਉਹਨਾਂ ਨੂੰ ਆਪਣੇ ਸ਼ਿਲੇ ਕਰਨ ਦੀ ਅਵਸਥਾ ਦਸੀ ਤਾਂ ਉਹਨਾਂ ਨੇ ਇਕ ਬੰਦਾ ਮੇਰੇ ਪਿਛੇ ਘਲ ਦਿਤਾ ਜੋ ਕੁਝ ਸਮਾਂ ਵੇਖਦਾ ਰਿਹਾ ਕਿ ਮੈਂ ਕਿਤੇ ਆਤਮ ਘਾਤ ਤੇ ਨਹੀਂ ਕਰ ਰਿਹਾ। ਜਦੋਂ ਮੈਂ ਪਾਣੀ ਵਿਚ ਖੜਾ ਹੋਕੇ ਜਾਪ ਕਰਨ ਲਗ ਪਿਆ ਤਾਂ ਉਹ ਵਾਪਸ ਪਰਤ ਗਿਆ। ਇਸ ਤਰ੍ਹਾਂ ਤਿੰਨ ਚਾਲੀਸੇ ਚਾਲੀ, ਚਾਲੀ ਦਿਨ ਦੇ ਲੰਘੇ ਤਾਂ ਇਕ ਦਿਨ ਦਰਿਆ ਵਿਚ ਮੇਰੇ ਦੁਆਲੇ ਇਕ ਮਗਰ ਮੱਛਾਂ ਦੇ ਗਰੁਪ ਨੇ ਘੇਰਾ ਪਾ ਲਿਆ। ਜਦੋਂ ਉਹ ਸਾਹ ਲੈਣ ਤਾਂ ਮੈਂ ਸਾਰਾ ਭਿਜ ਜਾਇਆ ਕਰਾਂ ਪਰ ਮੈਂ ਡੋਲਿਆ ਨਹੀਂ। ਮੈਂ ਆਖਿਆ ਕਿ ਜੇ ਇਹ ਮੈਨੂੰ ਖਾ ਵੀ ਲੈਣਗੇ ਤਾਂ ਮੇਰੀ ਬੋਟੀ ਬੋਟੀ ਹੀ ਇਹਨਾਂ ਨੂੰ ਆਵੇਗੀ। ਮਹਾਤਮਾਂ ਗਾਂਧੀ ਜੀ ਨੂੰ ਤਾਂ ਸ਼ਹੀਦ ਲਿਖ ਲੈਣਗੇ ਪਰ ਮੇਰਾ ਤਾਂ ਕਿਸੇ ਨੂੰ ਪਤਾ ਵੀ ਨਹੀਂ ਲਗਣਾ। ਇਨ੍ਹਾਂ ਵੇਲਿਆਂ ਦੇ ਦੌਰਾਨ ਮੈਂ ਸਿਧਾ ਬਰਫਖਾਨੇ ਤੋਂ ਲੰਘਕੇ ਪਹਾੜ ਗੰਜ ਸ੍ਰਦਾਰ ਸੁਚਾ ਸਿੰਘ ਦੇ ਘਰ ਐਤਵਾਰ ਵਾਲੇ ਦਿਨ ਪਹੁੰਚਦਾ ਹੁੰਦਾ ਤਾਂ ਉਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਭਰਪੂਰ ਦੀਵਾਨ ਸਜਿਆ ਹੋਇਆ ਹੁੰਦਾ ਸੀ। ਉਥੇ ਵੈਰਾਗ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਸ਼ਬਦ ਪੜ੍ਹਦੇ ਸਨ,

"ਰੰਗ ਪੀਲੇ ਹੋ ਗਏ ਨੇ, ਸ਼ਾਮ ਵਿਯੋਗੀਆਂ ਦੇ......।" ਮੇਰੇ ਕੰਨਾਂ ਵਿਚ ਜਿਥੋਂ ਆਵਾਜ ਪੈ ਜਾਵੇ, ਮੈਂ ਲੇਟਦਾ, ਡਿਗਦਾ, ਢਹਿੰਦਾ, ਦੀਵਾਨ ਵਿਚ ਪਹੁੰਚਦਾ ਤਾਂ ਸਾਰੀ ਸੰਗਤ ਨੇ ਵੈਰਾਗੀ ਹੋ ਜਾਣਾ ਤਾਂ ਸਤਿਗੁਰੂ ਪ੍ਰਤਾਪਸਿੰਘ ਜੀ ਨੇ ਆਪਣੀ ਵੈਰਾਗਦਸ਼ਾਵਿਚ ਹੀ ਸ਼ਬਦ ਉਚਾਰਣਾ ਤਾਂ ਕਈ ਵਾਰ ਉਹਨਾਂ ਦੀ ਦਸਤਾਰ ਦੇ ਪੇਚ ਵੀ ਡਿਗ ਪੈਣੇ। ਜੇ ਵਿਆਹ ਹੁੰਦੇ ਹੋਣੇ ਤੇ ਹਵਨ ਹੋਣੇ ਤਾਂ ਕਿੰਨਾਂ ਕਿੰਨਾਂ ਚਿਰ ਮੈਂ ਹਵਨ ਤੇ ਪਿਆ ਰਹਿਣਾ ਪਰ ਆਂਚ ਨਾ ਲਗਣੀ। ਉਥੋਂ ਉਠਕੇ ਸੰਤ ਤਾਰਾ ਸਿੰਘਾਂ ਘੜੀ ਸਾਜ ਮੰਡੀ ਵਾਲਿਆਂ ਦੇ ਜੁਆਈ ਆਗਿਆ ਸਿੰਘ ਦੇ ਘਰ ਕਪੜੇ ਧੋਣੇ ਤੇ ਹੋਟਲ ਤੋਂ ਰੋਟੀ ਖਾ ਲੈਣੀ। ਉਹਨਾਂ ਦਿਨਾਂ ਵਿਚ ਮੈਂ ਮਹਿਤਾ ਸ਼ਿਵਨਾਥ ਦੀ ਕੰਪਨੀ ਮਹਿਤਾ ਹਾਫ ਟੋਨ ਕੰਪਨੀ ਵਿਚ ਬੈਂਕ ਦੇ ਚੈਕ ਚਿਤਰਨ ਦਾ ਕੰਮ ਵੀ ਕਰਦਾ ਸਾਂ,ਜੋ ਨੋਟਾਂ ਵਰਗੇ ਸਨ ਪਰ ਸਾਰਾ ਦਿਨ ਵੈਰਾਗ ਵਾਲੀ ਅਵਸਥਾ ਬਣੀ ਰਹਿੰਦੀ ਤੇ ਅਖਾਂ 'ਚੋਂ ਅਥਰੂ ਵਗਦੇ ਰਹਿੰਦੇ। ਮਹਿਤਾ ਜੀ ਮੇਰੇ ਨੇੜੇ ਨਾ ਆਉਂਦੇ ਕਿਉਂਕਿ ਕਰਤਾਰ ਸਿੰਘ ਸੋਖੀ ਤੇ ਸ੍ਰਦਾਰ ਸੁਚਾ ਸਿੰਘ ਜੀ ਨੇ ਮੇਰੀ ਅਵਸਥਾ ਤੋਂ ਉਹਨਾਂ ਨੂੰ ਜਾਣੂ ਕਰਵਾ ਦਿਤਾ ਸੀ। ਉਹ ਸ਼ਾਮ ਨੂੰ ਹੀ ਮੇਰੇ ਪਾਸ ਆਉਂਦੇ। ਕੰਮ ਤਾਂ ਮੈਂ ਸਾਰਾ ਦਿਨ ਹੀ ਨਹੀਂ ਸਾਂ ਕਰਦਾ ਅਤੇ ਬੋਰਡ ਖਾਲੀ ਹੀ ਰਹਿੰਦਾ ਪਰ ਉਸਨੇ ਸ਼ਾਮ ਨੂੰ ਵੇਖਕੇ ਕਹਿਣਾ ਕਿ ਆਹ ਹਾ...... ਹਾ, ਅਜ ਤਾਂ ਸੰਤ ਜੀ ਕੰਮ ਬਹੁਤ ਸੋਹਣਾ ਹੋ ਗਿਆ ਹੈ। ਕੰਮ ਤਾਂ ਮੈਂ ਨਹੀਂ ਸਾਂ ਕਰਦਾ ਸਤਿਗੁਰੂ ਰਾਮ ਸਿੰਘ ਜੀ ਹੀ ਕਰ ਜਾਇਆ ਕਰਦੇ ਸਨ।

ਜਦੋਂ ਮੈਂ ਸ਼ਿਲੇ ਕਰਦਾ ਸਾਂ ਤਾਂ ਉਸ ਸਮੇਂ ਮਗਰ ਮੱਛਾਂ ਨੇ ਮੈਨੂੰ ਘੇਰਿਆ ਤਾਂ ਸਤਿਗੁਰੂ

ਪ੍ਰਤਾਪ ਸਿੰਘ ਜੀ ਦੇ ਪ੍ਰਤੱਖ ਦਰਸ਼ਨ ਹੋ ਗਏ। ਸਜਾ ਹੱਥ ਖੜਾ ਕਰਕੇ ਉਂਗਲੀ ਨਾਲ ਮਗਰਮੱਛਾਂ ਵਲ ਇਸ਼ਾਰਾ ਕਰਕੇ ਕਹਿਣ ਲਗੇ ਕਿ ਇਹ ਤੈਨੂੰ ਕੁਝ ਨਹੀਂ ਕਹਿਣਗੇ ਪਰ ਤੂੰ ਹੁਣ ਦਰਿਆ ਤੇ ਨਾ ਆਵੀਂ। ਉਸਤੋਂ ਬਾਅਦ ਮੈਂ ਦੋ ਸ਼ਿਲੇ ਰੋਸ਼ਨਆਰਾ ਬਾਗ ਦੀ ਝੀਲ ਵਿਚ ਕੀਤੇ। ਉਸਤੋਂ ਪਿਛੋਂ ਮੈਂ ਫਾਲਤੂ ਸਮੇਂ ਵਿਚ ਬਾਰਾਂਦਰੀ ਦੀ ਉਪਰਲੀ ਛਤ ਵਿਚ ਬੈਠ ਜਾਣਾ ਤੇ ਭਜਨ ਕਰਨਾ। ਉ ਥੇਭਜਨ ਕਰਦੇ ਸਮੇਂ ਕਈ ਪ੍ਰਕਾਰ ਦੇ ਪ੍ਰੇਤ ਵੀ ਆਉਂਦੇ ਅਤੇ ਕਈ ਪਰੇਤ ਨਚਣ ਕੁਦਣ ਵੀ ਲਗ ਪੈਂਦੇ ਪਰ ਇਕ ਦਿਨ ਬਾਰੀ ਵਲੋਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਏ ਅਤੇ ਫਿਰ ਲਗਾਤਾਰ ਰੋਜ਼ ਹੀ ਹੁੰਦੇ ਰਹਿੰਦੇ। ਇਸਤੋਂ ਪਹਿਲਾਂ ਇਕ ਦਿਨ ਮੈਨੂੰ ਪੋਲੀਸ ਨੇ ਰੋਕ ਪਾਈ। ਗਲ ਇਸਤਰਾਂ ਹੋਈ ਕਿ ਉਥੇ ਇਕ ਮੁਸਲਮਾਨ ਰਾਤ ਚਰਾਗ ਕਰਨ ਆਉਂਦਾ ਸੀ। ਉਸਨੇ ਮੈਨੂੰ ਵੇਖ ਲਿਆ ਅਤੇ ਰਾਤ ਸਮੇਂ ਹੀ ਥਾਣੇ ਰਿਪੋਰਟ ਕਰ ਦਿਤੀ। ਪੋਲੀਸ ਦੇ ਸਿਪਾਹੀ ਹਥਕੜੀਆਂ ਲੈਕੇ ਆ ਗਏ। ਥਾਣੇਦਾਰ ਪੰਜਾਬੀ ਸਰਦਾਰ ਸੀ, ਉਸਨੇ ਮੈਨੂੰ ਦੇਖਕੇ ਕਿਹਾ ਕਿ ਆਪ ਨਿਸਚਿੰਤ ਹੋਕੇ ਭਜਨ ਕਰੋ। ਇਥੇ ਮੇਰੇ ਰੋਸ਼ਨਆਰਾ ਬਾਗ ਵਿਚ ਪੰਜ ਚਾਲੀਸੇ ਖਤਮ ਹੋ ਗਏ।

ਇਕ ਵਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਨਿਤਨੇਮ ਦਾ ਮੇਲਾ ਕਰਨਾ ਸੀ ਤਾਂ ਮੈਂ ਵੀ ਮਹਿਤਾ ਸ਼ਿਵਨਾਥ ਨੂੰ ਕਿਹਾ ਕਿ ਮੈਨੂੰ ਵੀ ਛੁਟੀ ਦੇਵੇ, ਮੈਂ ਵੀ ਮੇਲੇ ਤੇ ਜਾਣਾ ਹੈ। ਬਾਬੂ ਨੇ ਇਨਕਾਰ ਕਰ ਦਿਤਾ ਕਿ ਕੰਮ ਬਹੁਤ ਹੈ, ਅਸੀਂ ਛੁਟੀ ਨਹੀਂ ਦੇ ਸਕਦੇ। ਦੂਜੇ ਦਿਨ ਆਪ ਹੀ ਆਖਣ ਲਗਾ "ਚੰਗਾ ਫਿਰ ਬਹੁਤੇ ਦਿਨ ਨਹੀਂ ਲਾਉਣੇ ਛੇਤੀ ਪਰਤ ਆਉਣਾ।" ਮੈਂ ਸ੍ਰੀ ਭੈਣੀ ਸਾਹਿਬ ਪਹੁੰਚਿਆ ਤਾਂ ਜਿਥੇ ਹਰੀ ਮੰਦਰ ਹੈ ਉਥੇ ਬੜਾ ਭਾਰੀ ਹਵਨ ਹੋ ਰਿਹਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਜਥੇ ਸਮੇਤ ਸੂਬਾ ਆਲਾ ਸਿੰਘ ਜੀ, ਸੂਬਾ ਵਰਿਆਮ ਸਿੰਘ ਜੀ, ਸੰਤ ਇੰਦਰ ਸਿੰਘ ਜੀ ਬੰਕੋਕ ਵਾਲੇ ਹਾਕਮ ਸਿੰਘ ਕਾਲੋਕਿਆਂ ਵਾਲੇ ਆਦਿਕ ਜਥਾ ਲੈਕੇ ਹਥ ਜੋੜਕੇ ਖੜੇ ਸਨ। ਹਵਨ ਪ੍ਰਚੰਡ ਹੋ ਰਿਹਾ ਸੀ ਤੇ ਜੋੜੀ ਵਾਲੇ ਰਾਗੀਆਂ ਨੇ ਤਬਲੇ ਤੇ ਹੱਥ ਮਾਰਿਆ। ਮੇਰੇ ਹੱਥ ਵਿਚ ਉਸ ਸਮੇਂ ਸ਼ਰਦਾਈ ਵਾਲਾ ਬਾਟਾ ਫੜਿਆ ਹੋਇਆ ਸੀ। ਪਤਾ ਨਹੀਂ ਬਾਟਾ ਕਿਧਰ ਗਿਆ ਤੇ ਮੈਨੂੰ ਪਤਾ ਨਹੀਂ ਕਿਹੜੇ ਰਸਤੇ ਮੈਂ ਵਰਨੀਆਂ 'ਚੋਂ ਨਿਕਲਕੇ ਹਵਨ ਵਿਚ ਆਕੇ ਲੰਮਾ ਪੈ ਗਿਆ। ਮੇਰਾ ਕੁੜਤਾ ਵੀ ਲਾਂਭੇ ਹੋ ਗਿਆ ਸੀ ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਾਹਰਾ ਕਰਾਮਾਤ ਕਰ ਵਿਖਾਈ। ਸੰਤ ਇੰਦਰ ਸਿੰਘ ਜੀ ਬੰਕੋਕ ਵਾਲਿਆਂ ਨੇ ਆਖਿਆ ਕਿ ਅੱਜ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਜਾਹਰਾ ਕਰਾਮਾਤ ਵੇਖੀ ਹੈ ਜੋ ਆਪਜੀ ਦੀਕਰਾਮਾਤੀ ਸ਼ਕਤੀ ਨਾਲ ਇਸ ਲੜਕੇ ਨੂੰ ਅਗ ਦਾ ਸੇਕ ਨਹੀਂ ਲਗਾ। ਇਸਤਰਾਂ ਦੇ ਕਈ ਵਾਰ ਵਾਕਿਆ ਹੋਏ ਹਨ। ਹੁਣ ਵੀ ਜਦੋਂ ਸਤਿਗੁਰੂ ਰਾਮ ਸਿੰਘ ਜੀ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਹੋਵੇ ਤਾਂ ਦਰਸ਼ਨ ਦੇ ਜਾਂਦੇ ਹਨ। ਜਦੋਂ ਮੈਂ ਸ਼ਿਲੇ ਕਰਦੇ ਸਾਂ ਤਾਂ ਇੰਝ ਜਾਪਦਾ ਸੀ ਕਿ ਮੈਂ ਜ਼ਮੀਨ ਤੇ ਤੁਰ ਨਹੀਂ ਰਿਹਾ। ੨੦-੨੫ ਸਾਲ ਮੇਰੀ ਇਹੋ ਹਾਲਤ ਰਹੀ ਕਿ ਸਤਿਗੁਰੂ ਰਾਮ ਸਿੰਘ ਜੀ ਮੇਰੇ ਨਾਲ ਰਹਿ ਰਹੇ ਪ੍ਰਤੀਤ ਹੁੰਦੇ ਸਨ। ਮੇਰੇ ਨਾਲ ਹੀ ਪ੍ਰਸ਼ਾਦ ਛਕਦੇ ਪ੍ਰਤੀਤ ਹੁੰਦੇ ਤੇ ਮੇਰੇ ਨਾਲ ਗਲਾਂ ਬਾਤਾਂ ਕਰਦੇ ਰਹਿੰਦੇ।

ਪ੍ਰਸ਼ਨ- ਅਜ ਕਲ ਆਪ ਜੀ ਕਿਹੜੀ ਤਸਵੀਰ ਬਣਾ ਰਹੇ ਹੋ?

ਉਤਰ- ਮੈਂ ਜਦੋਂ ਵੀ ਦਿਲੀ ਜਾਵਾਂ ਤਾਂ ਸੇਠ ਤ੍ਰਿਲੋਕ ਸਿੰਘ ਜੀ ਕੋਲ ਜ਼ਿਆਦਾ ਤਰ ਠਹਿਰਦਾ ਹਾਂ,

Namdhari Elibrary NamdhariElibrary@gmail.com

ਉਹ ਵੀ ਇਕ ਪ੍ਰਸਿਧ ਪੰਥਕ ਹਸਤੀ ਹਨ। ਉਹਨਾਂ ਕੋਲ ਰਹਿਕੇ ਵੀ ਮੈਂ ਅਨੇਕਾਂ ਤਸਵੀਰਾਂ ਤਿਆਰ ਕੀਤੀਆਂ। ਪਿਛਲੇ ਸਾਲ ਮੈਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੋਲਾ ਮਹੱਲਾ ਦਿਲੀ ਦੇ ਸਮਾਗਮ ਤੇ "ਪੰਥ ਰਤਨ" ਦੇ ਮਾਣ ਨਾਲ ਨਿਵਾਜਿਆ ਹੈ। ਅਜਕਲ ਮੈਂ ਸਤਿਗੁਰੂ ਰਾਮ ਸਿੰਘ ਜੀ ਦੀ ਨਵੀਂ ਤਸਵੀਰ ਬਣਾਈ ਹੈ ਜੋ ਅਜੇ ਨਹੀਂ ਛਪੀ। ਅਗਲੀ ਵਾਰ ਸਤਿਜੁਗ ਦੇ 'ਬਸੰਤ ਅੰਕ" ਵਿਚ ਛਪੇਗੀ।

ਪ੍ਰਸ਼ਨ- ਆਪ ਜੀ ਆਪਣੇ ਪ੍ਰਵਾਰ ਬਾਰੇ ਵੀ ਕੁਝ ਦਸਣ ਦੀ ਕ੍ਰਿਪਾ ਕਰੋ ਜੀ।

ਉਤਰ- ਮੇਰਾ ਲੜਕਾ ਕੋਈ ਨਹੀਂ ਹੈ। ਇਕ ਲੜਕੀ ਬੀਬੀ ਗੁਰਸ਼ਰਨ ਕੌਰ ਜੀ ਹਨ ਜੋ ਕਾਨ੍ਹਪੁਰ ਵਿਖੇ ਵਿਆਹੇ ਹੋਏ ਹਨ। ਉਹਨਾਂ ਦੇ ਪੰਜ ਬਚੇ ਹਨ। ਉਹਨਾਂ ਦਾ ਇਕ ਬੱਚਾ ਅਰਥਾਤ ਦੋਹਤਰਾ ਅਤੇ ਦੋਹਤ-ਨੂੰਹ ਇਥੇ ਸਾਡੇ ਕੋਲ ਸਾਡੀ ਸੇਵਾ ਕਰ ਰਹੇ ਹਨ।

ਪ੍ਰਸ਼ਨ- ਆਪ ਜੀ ਨੂੰ ਚਿਤਰਕਾਰੀ ਤੋਂ ਬਿਨਾਂ ਹੋਰ ਵੀ ਕੋਈ ਸ਼ੌਂਕ ਹੈ?

ਉਤਰ- ਮੈਂ ਆਪਣੀ ਸਵੈ ਜੀਵਨੀ ਦੇ ਕੁਝ ਅੰਸ਼ ਵੀ ਲਿਖੇ ਹਨ ਜੋ ਛੇਤੀ ਹੀ ਸਤਿਜੁਗ ਅਖਬਾਰ ਵਿਚ ਪ੍ਰਕਾਸ਼ਤ ਹੋਣਗੇ ਜਿਨਾਂ ਦਾ ਮੁਲਾਂਕਣ ਸ੍ਰ:ਅਨੂਪ ਸਿੰਘ ਜੀ ਐਸ ਪੀ.ਨੇ ਬੜੀ ਅਛੀਤਰ੍ਹਾਂ ਕੀਤਾ ਹੈ। ਅੱਛਾ ਸੰਤ ਜੀਓ ਮੈਂ ਆਪ ਜੀ ਦਾ ਅਤਿ ਧੰਨਵਾਦੀ ਹਾਂ ਕਿ ਆਪ ਜੀ ਨੇ ਮੈਨੂੰ ਆਪਣੇ ਕੀਮਤੀ ਸਮੇਂ 'ਚੋਂ ਇਨਾਂ ਕੁ ਸਮਾਂ ਦਿਤਾ ਹੈ ਅਤੇ ਮੈਂ ਆਪ ਜੀ ਦੇ ਜੀਵਨ ਬਾਰੇ ਜਾਣਕਾਰੀ ਹਾਸਲ ਕੀਤੀ ਹੈ।

ਅਰਜੋਈ

[ਹਜ਼ੂਰ ਸਿੰਘ 'ਚੰਦ੍ਰਹਾਂਸ' (ਸਿਰਸਾ)

ਗੁਰੂ ਰਾਮ ਸਿੰਘ ਦੀਨ ਦਇਆਲ, ਦੇਕੇ ਦਰਸ਼ਨ ਕਰਹੁ ਨਿਹਾਲ।
ਮਨ ਲੋਚੇ ਗੁਰ ਦਰਸਨ ਤਾਂਈ, ਬਿਲਪ ਕਰੇ ਚਾਤ੍ਰਿਕ ਕੀ ਨਿਆਈ।
ਲਖਾਂ ਪਾਠ ਵਰਨੀਆਂ ਜੋਇ, ਕਿਹਾ ਕਿ ਦਰਸ਼ਨ ਛੀ ਤੁਮ ਹੋਇ।
ਪੂਰਨ ਭਈ ਨ ਆਸ ਹਮਾਰੀ, ਅਬ ਤੋ ਦਰਸ਼ਨ ਦੇਹੁ ਮੁਰਾਰੀ।
ਰਾਮ ਗਏ ਸੀ ਚੌਦਾਂ ਸਾਲ, ਪੂਰਾ ਕਰ ਆਏ ਤਤਕਾਲ।
ਲੋਕੀਂ ਤਾਹਨੇ ਮੇਹਣੇ ਦੇਵਣ, ਆਕੇ ਕਰੋ ਸੰਭਾਲ।
ਇਕ ਸੌ ਪੰਦਰਾਂ ਬੀਤੇ ਸਾਲ, ਗਏ ਪ੍ਰਦੇਸ਼ ਸੀ ਜਦੋਂ ਗੋਪਾਲ।
ਭਰਤ ਸਮਾਨ ਗੁਰੂ ਹਰੀ ਹਰ ਪਿਆਰੇ, ਉਡੀਕਾਂ ਵਿਚ ਗੁਰ ਪੁਰੀ ਸਿਧਾਰੇ।
ਵਡ ਪ੍ਰਤਾਪੀ ਗੁਰੂ ਪ੍ਰਤਾਪ ਹਰਿ, ਗਏ ਉਡੀਕਦੇ ਉਹ ਜੀਵਨ ਭਰ।
ਗੁਰੂ ਜਗਜੀਤ ਰਹਿੰਦੇ ਜੀ ਰਾਹ ਤਕਦੇ, ਰਾਤ ਦਿਨੇ ਨ ਅਕਦੇ ਥਕਦੇ।
'ਚੰਦ੍ਰਹਾਂਸ' ਕਰੇ ਅਰਦਾਸ, ਦਿਹੁ ਦਰਸ਼ਨ ਪੂਰੋ ਗੁਰ, ਆਸ।

ਆਵੀਂ ਛਬ ਆਵੀਂ

[ਬਲਬੀਰ ਸਿੰਘ ਭੜੋਲਿਆਂ ਵਾਲੀ

ਮੇਰੀ ਦਸ਼ਾ ਡਾਢੀ ਤਰਸ ਯੋਗ ਹੋ ਗਈ, ਹਾਂ ਨਿਰਮਾਣ ਅਤੀ ਰਤੀ ਮਾਣ ਕੋਈ ਨਹੀਂ।
ਤੇਰਾ ਦੇਸ਼ ਦੁਰਾਡਾ ਨਾ ਚਲ ਹੁੰਦਾ, ਬਲਹੀਨ ਨਿਰਬਲ ਵਿਚ ਤਾਣ ਕੋਈ ਨਹੀਂ।
ਸਈਆਂ ਮਾਰ ਤ੍ਹਾਨੇ ਜਿਗਰ ਸਾੜ ਰਹੀਆਂ, ਪ੍ਰੀਤਮ ਬਾਝ ਤੇਰੇ ਮੇਰੀ ਸ਼ਾਨ ਕੋਈ ਨਹੀਂ।
ਏਹ ਉਲਾਂਭੜਾ ਸਭੋ ਹੈ ਤੁਝ ਤਾਂਈਂ, ਮੇਰੇ ਵਾਸਤੇ ਤਾਂ ਹਾਣ ਲਾਭ ਕੋਈ ਨਹੀਂ।
ਆਵੀਂ ਛਬ ਆਵੀਂ ਮੇਰੇ ਪ੍ਰੀਤਮਾਂ ਵੇ, ਹੱਥ ਜੋੜਕੇ ਅਰਜ ਸੁਨਾ ਰਹੀ ਆਂ।
ਸੀਨਾ ਠਾਰਦੇ ਦਰਸ ਦਿਖਾ ਕਰਕੇ, ਗਲ ਪਾ ਪਲਾ ਸੀਸ ਝੁਕਾ ਰਹੀ ਆਂ।

Namdhari Elibrary NamdhariElibrary@gmail.com

ਸਤਿਜੁਗ ਦੇ ੬੦ ਸਾਲ

[ਰਾਜਿੰਦ੍ਰ ਸਿੰਘ ਗੁਰੂਸਰ

ਅੰਗਰੇਜ਼ ਦਾ ਜਮਾਨਾਂ ਸੀ।ਸ੍ਵਦੇਸੀ ਲਹਿਰਾਂ ਜੋਰ ਸ਼ੋਰ ਨਾਲ ਚਲ ਰਹੀਆਂ ਸਨ। ਮਹਾਰਾਜ ਨਿਹਾਲ ਸਿੰਘ ਜੀ, ਮਹਾਰਾਜ ਗੁਰਦਿਆਲ ਸਿੰਘ ਜੀ, ਸੰਤ ਨਿਧਾਨ ਸਿੰਘ ਜੀ 'ਆਲਿਮ' ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤਾ, ਲਾਹੌਰ ਦੇ ਬਾਗੀਆਂ ਵਿਚੋਂ ਅਗੇ ਸਨ, ਏਹਨਾਂ ਦੇ ਨਾਲ ਅਨੇਕਾਂ ਨਾਮਧਾਰੀ ਜੁੜੇ ਹੋਏ ਸਨ ਜੋ ਪਿਕਟਿੰਗਾਂ ਕਰਦੇ, ਗ੍ਰਿਫਤਾਰ ਹੁੰਦੇ ਤੇ ਜੇਲ੍ਹ ਚਲੇ ਜਾਂਦੇ। ਜਦੋਂ ਬਾਹਰ ਔਂਦੇ ਫੇਰ ਏਹੋ ਕੰਮ ਸ਼ੁਰੂ ਹੋ ਜਾਂਦਾ। ਸਿਖਾਂ ਵਿਚ ਨਾਮ-ਧਾਰੀ ਹੀ ਐਸੇ ਸਨ ਜੋ ਸਾਰੇ ਦੇ ਸਾਰੇ ਅੰਗ੍ਰੇਜ਼ ਸਰਕਾਰ ਦੇ ਵਿਰੁਧ ਸਨ। ਸਰਕਾਰ ਦਾ ਪਿਠੂ ਨਾਮਧਾਰੀ ਹੋ ਹੀ ਨਹੀਂ ਸਕਦਾ। ਸਿਖਾਂ ਤਕ ਪਹੁੰਚ ਕਰਨ ਤੇ ਛੇਤੀ ਪ੍ਰੋਗ੍ਰਾਮ ਦੇਣ ਵਾਸਤੇ ਇਕ ਰੋਜ਼ਾਨਾ ਅਖਬਾਰ ਦੀ ਲੋੜ ਸੀ। ਏਸਤਰਾਂ ਪੰਜਾਬੀ ਵਿਚ ਏਹਨਾਂ ਸਭ ਤੋਂ ਪਹਿਲਾਂ ਬਾਗੀ ਅਖਬਾਰ 'ਕੂਕਾ' ਚਾਲੂ ਕੀਤਾ ਜੋ ਲਾਹੌਰ ਤੋਂ ਹੀ ਨਿਕਲਦਾ ਸੀ 'ਕੂਕਾ' ਕਦੇ ਚੋਰੀ ਨਿਕਲਦਾ ਤੇ ਕਦੇ ਜ਼ੋਰੀ ਨਿਕਲਦਾ। ਸਰਕਾਰ ਨਾਲ ਏਸਦੀ ਏਸੇਤਰਾਂ ਲੁਕਣਮੀਚੀ ਚਲਦੀ ਰਹੀ। ਅਖੀਰ ਨੂੰ ਸਰਕਾਰ ਨੇ ਏਸ ਦਾ ਡਿਕਲੇਰੇਸ਼ਨ ਖਤਮ ਕਰਕੇ ਅਖਬਾਰ ਜ਼ਬਤ ਕਰ ਲਿਆ ਤੇ ਫੇਰ ਨਿਕਲਿਆ "ਸਤਿਜੁਗ"।

ਏਹ ਅਖਬਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਰਪ੍ਰਸਤੀ ਹੇਠ ਹੀ ਚਲ ਸਕਦਾ ਸੀ ਤੇ ਹੁਣ ਤਕ ਚਲ ਰਿਹਾ ਹੈ। ਜਦੋਂ ਕਿ ਪੰਜਾਬੀ ਦੇ ਸੈਂਕੜੇ ਅਖਬਾਰ, ਚਾਲੂ ਵੀ ਹੋਏ ਤੇ ਬੰਦ ਵੀ ਹੋਏ। ਅੱਜ ਓਹਨਾਂ ਦੇ ਕੇਵਲ ਨਾਮ ਹੀ ਬਾਕੀ ਹਨ।

ਸਤਿਜੁਗ ਦਾ ਪਹਿਲਾ ਵਿਸ਼ੇਸ਼ ਅੰਕ ਸੰਤ ਇੰਦ੍ਰ ਸਿੰਘ ਜੀ ਦੀ ਸਰਪ੍ਰਸਤੀ ਹੇਠ ਪ੍ਰਕਾਸ਼ਤ ਹੋਇਆ ਸੰਮਤ ੧੯੮੬ ਵਿਚ। ਏਹ 'ਬਸੰਤ-ਅੰਕ' ਬੜਾ ਮਾਰਕੇ ਦਾ ਸੀ। ਜਿਸ ਦੀਆਂ ਸਾਰੇ ਪੰਜਾਬੀ ਜਗਤ ਵਿਚ ਧੁੰਮਾਂ ਪੈ ਗਈਆਂ।



ਏਸਦਾ ਪਹਿਲਾ ਵਿਸ਼ੇਸ਼ ਲੇਖ "ਗੁਰ ਅਵਤਾਰ" ਸੀ। ਜਿਸਨੇ ਸਤਿਗੁਰੂ ਰਾਮ ਸਿੰਘ ਜੀ ਬਾਬਤ ਸਾਧਾਰਨ ਆਦਮੀ ਨੂੰ ਗੁਰੂ ਜੀ ਦੇ ਜੀਵਨ ਤੋਂ ਜਾਣੂੰ ਕਰਵਾਇਆ। ਚਕ੍ਰਵਰਤੀ ਜੀ ਬੜੇ ਮਿਲਾ-ਪੜੇ ਤੇ ਹਸਮੁਖ ਵਿਅਕਤੀ ਸਨ। ਹਰ ਛੋਟੇ ਵਡੇ ਆਦਮੀ ਨਾਲ ਆਪਣਿਆਂ ਵਾਂਗ ਹੀ ਘੁਲ ਮਿਲ ਜਾਂਦੇ ਤੇ ਸਤਿਗੁਰਾਂ ਬਾਬਤ ਬੜੇ ਬੜੇ ਆਦਮੀਆਂ ਤੋਂ ਸ਼ਰਧਾ ਦੇ ਫੁਲ ਇਕੱਠੇ ਕਰ ਲੈਂਦੇ, ਤੇ ਅਜੇਹੇ ਫੁਲਾਂ ਦਾ ਗੁਲਦਸਤਾ ਹੀ ਸੀ ਪਹਿਲਾ 'ਬਸੰਤ ਅੰਕ'।

ਮੈਂ ਓਦੋਂ ਬਹੁਤ ਛੋਟਾ ਹੀ ਸਾਂ, ਸਾਨੂੰ ਕਈ ਮੁੰਡਿਆਂ ਨੂੰ ਪ੍ਰੈਸ ਵਿਚ ਕਈ ਡਿਊਟੀਆਂ ਤੇ ਲਾਯਾ ਹੋਇਆ ਸੀ। ਮਾਸਟਰ ਬਲਵੰਤ ਸਿੰਘ ਜੀ ਪ੍ਰੈਸ ਦੇ ਸਰਵੇ ਸਰਵਾ ਸਨ। ਸੰਤ ਹਜਾਰਾ ਸਿੰਘ ਜੀ ਮਸ਼ੀਨਮੈਨ ਤੇ ਪੰਡਿਤ ਵੀਰ ਸਿੰਘ ਜੀ ਤੇ ਕਈ

ਟੋਰ ਕੰਪਾਜ਼ੀਟਰ ਸਨ। ਪੰਡਿਤ ਜੀ ਦਾ ਹੱਥ ਬਹੁਤ ਤੇਜ਼ ਸੀ। ਮਿੰਟਾਂ ਵਿਚ ਹੀ ਪੇਜ਼ ਖੜਾ ਕਰ ਦਿੰਦੇ। ਸੇਠ ਸੁਹੇਲ ਸਿੰਘ ਜੀ "ਧੀਰ" ਵੀ ਪ੍ਰੈਸ ਵਿਚ ਸੋਧ ਸੁਧਾਈ ਦਾ ਕੰਮ ਕਰਦੇ ਤੇ ਆਖਰੀ ਪਰੂਫ ਮਾਸਟਰ ਬਲਵੰਤ ਸਿੰਘ ਜੀ ਵੇਖਦੇ। ਫੋਟੋ ਲਾਹੌਰ ਤੋਂ ਛਪ-ਵਾਏ ਗਏ ਤੇ ਪਰਚਾ ਸ੍ਰੀ ਭੈਣੀ ਸਾਹਿਬ ਵਿਚ ਛਪ ਰਿਹਾ ਸੀ। ਏਸਦਾ ਆਕਾਰ ਬਹੁਤ ਵਡਾ ਹੋਣ ਕਰਕੇ ਮਸਾਂ ਹੌਲੇ ਦੇ ਮੌਕੇ ਉਤੇ ਹੀ ਸੰਗਤਾਂ ਵਿਚ ਵੰਡਿਆ ਗਿਆ। ਮੇਰੀ ਡਿਊਟੀ ਇਸ ਵੇਲੇ ਛਪਕੇ ਆਏ ਗਿਲੇ ਗਿਲੇ ਕਾਗਜ਼ਾਂ ਨੂੰ ਸੁਨਹਿਰੀ ਤੇ ਰੁਪ-ਹਿਰੀ ਕਰਨ ਦੀ ਹੀ ਸੀ ਕਿਉਂਕਿ ਮੈਂ ਅਜੇ ਛੋਟਾ ਹੀ ਤਾਂ ਸਾਂ।

ਮਾਸਟਰ ਬਲਵੰਤ ਸਿੰਘ ਜੀ ਜਿੰਨਾਂ ਚਿਰ ਜਿਉਂਦੇ ਰਹੇ ਸਤਿਜੁਗ ਵਿਚ ਵਿਸ਼ੇਸ਼ ਦਿਲਚਸਪੀ ਲੈਂਦੇ ਰਹੇ ਤੇ ਏਸਤਰਾਂ ਲੇਖਕ ਤਾਂ ਬਦਲਦੇ ਰਹੇ, ਪਰ ਓਹਨਾਂ ਨੇ ਸਤਿਜੁਗ ਦੀ ਸੇਵਾ ਸਾਲਹਾ ਸਾਲ, ਬੜੇ ਪ੍ਰੇਮ ਨਾਲ ਨਿਭਾਈ। ਏਸਤਰਾਂ ਸਤਿਜੁਗ ਪੰਜਾਬੀ ਅਖਬਾਰਾਂ ਵਿਚੋਂ ਅਗੇ ਹੀ ਅਗੇ ਜਾ ਰਿਹਾ ਸੀ।

ਚਕ੍ਰਵਰਤੀ ਜੀ ਤਾਂ ਜਿਉਂਦੇ ਜੀ ਕਿਸੇ ਨਾ ਕਿਸੇ ਰੂਪ ਵਿਚ ਸਤਿਜੁਗ ਨਾਲ ਜੁੜੇ ਹੀ ਰਹੇ। ਓਹਨਾਂ ਦੇ ਮਜ਼ਮੂਨ ਤੋਂ ਬਿਨਾਂ "ਬਸੰਤ-ਅੰਕ" ਅਧੂਰੇ ਹੀ ਮੰਨੇ ਜਾਂਦੇ ਸਨ। ਓਹਨਾਂ ਦੀ ਕੋਸ਼ਿਸ਼ ਨਾਲ ਹੀ ਦੋ ਵਡੇ ਵਡੇ "ਸੰਤ-ਅੰਕ" ਤੇ ਅਠ ਦਸ ਹੋਰ ਵਿਸ਼ੇਸ਼ ਅੰਕ ਵਜੂਦ ਵਿਚ ਆਏ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਦ੍ਰਿਸ਼ਟੀ ਸਦਕਾ ਸੰਤ ਜੀ ਦੀ ਵਾਕਫੀ ਬੜੀ ਵਸੀਹ ਹੋ ਚੁਕੀ ਸੀ, ਤੇ ਆਪ ਨਾਮਧਾਰੀ ਪੰਥ ਦੇ ਕਟੜ ਮੁਖਾਲਫਾਂ ਤੋਂ ਵੀ "ਸਤਿਜੁਗ" ਵਾਸਤੇ ਮਜ਼ਮੂਨ ਲਿਖਾਕੇ ਲੈ ਔਂਦੇ। ਏਸਤਰਾਂ ਸਤਿਜੁਗ ਨੂੰ ਚਾਰ ਚੰਦ ਲਗਦੇ ਰਹੇ। ਮਾਸਟਰ ਜੀ ਦੀ ਕੋਸ਼ਿਸ਼ ਸਦਕਾ ਹੋਰ ਵੀ ਕਈ ਅੰਕ ਸਾਲ ਵਿਚ ਪ੍ਰਕਾਸ਼ਤ ਹੁੰਦੇ। ਜੋ ਰੰਗੀਨ ਛਪਾਈ ਤੇ ਰੰਗਦਾਰ ਕਾਗਜ਼ਾਂ ਸਦਕਾ, ਫੁਲਾਂ ਦੀ ਵਰਖਾ ਕਰਦੇ ਪ੍ਰਤੀਤ ਹੁੰਦੇ। ਗੁਰੂ ਨਾਨਕ ਅੰਕ, ਦਸਮੇਸ਼ ਅੰਕ, ਸਤਬ ਸੰਪ੍ਰਦਾ ਕਾਨ-ਫਰੰਸ ਅੰਕ। ਕਿੰਨੀ ਕੁ ਗਿਣਤੀ ਕੀਤੀ ਜਾਵੇ, ਹਰ ਨਾਮਧਾਰੀ ਘਰ ਦਾ 'ਸਤਿਜੁਗ' ਕੀਮਤੀ ਸਰਮਾਯਾ ਸੀ।

ਫੇਰ ਆਏ ਨਿਰੰਕਾਰ ਸਿੰਘ ਜੀ "ਚੇਤਨ"। ਏਹ ਚੰਗੇ ਲਿਖਾਰੀ ਹੋਣ ਦੇ ਨਾਲ ਨਾਲ ਬਹੁਤ ਵਧੀਆ ਕਵੀ ਵੀ ਸਨ। ਏਹਨਾਂ ਦੀ ਕਵਿਤਾ "ਸਿਖੀ ਦਾ ਨਿਸ਼ਾਨ ਮਿਟ ਜਾਂਦਾ ਨਿਰੰਕਾਰ ਸਿੰਘਾ, ਜੇ ਨਾਂ ਚਰਨ ਪੈਂਦੇ ਗੁਰੂ ਬਾਰਵੇਂ ਅਵਤਾਰ ਦੇ।" ਸਾਰੇ ਪੰਥ ਵਿਚ ਮਸ਼ਹੂਰ ਸੀ। ਮੈਂ ਤੇ ਬੇਅੰਤ ਜੀ ਬਹੁਤ ਛੋਟੇ ਛੋਟੇ ਹੁੰਦੇ ਸਾਂ, ਜਦੋਂ ਸਾਰਾ ਜ਼ੋਰ ਲਾਕੇ ਅਸੀਂ ਏਹ ਕਵਿਤਾ ਪੜ੍ਹਦੇ, ਮੂੰਹ ਲਾਲ ਹੋ ਜਾਂਦੇ। ਦੂਰ ੨ ਤਕ ਆਵਾਜ਼ ਗੂੰਜਦੀ ਤੇ ਕੋਠੀ ਦੇ ਆਲੇ ਦੁਆਲੇ ਸਿੰਘ ਸਾਧ ਸਾਰੇ ਹੀ ਸਾਡੀਆਂ ਅਵਾਜ਼ਾਂ ਵਿਚ ਬਝ ਜਾਂਦੇ। ਮਹਾਰਾਜ ਬੀਰ ਸਿੰਘ ਜੀ ਅਜੇ ਬਹੁਤ ਹੀ ਛੋਟੇ ਸਨ। ਓਹ ਆਮ ਤੌਰ ਤੇ ਹਰਨੀ ਦਾ ਹੀ ਪਿਛਾ ਕਰ ਰਹੇ ਹੁੰਦੇ, ਜੋ ਭੈਣੀ ਸਾਹਿਬ ਤੋਂ ਰਾਮਸਰ ਤੇ ਰਾਮਸਰ ਤੋਂ ਤਬੇਲੇ ਪਹੁੰਚ ਜਾਂਦੀ। ਅੰਬੋ ਜੀ (ਵਲਭ ਜੀ ਦੀ ਨਾਨੀ) ਦੁਧ ਦਾ ਪਿਆਲਾ ਹੱਥ ਵਿਚ ਲੈਕੇ ਏਹਨਾਂ ਦੀਆਂ ਪੈੜਾਂ ਕਢਦੇ ਕਢਦੇ ਏਹਨਾਂ ਨੂੰ ਭਾਲਕੇ ਮਸਾਂ ਦੁਧ ਛਕੌਂਦੇ। ਛੋਟੇ ਹੁੰਦਿਆਂ ਦਾ ਨਾਮ ਏਹਨਾਂ ਦਾ ਵਲਭ ਜੀ ਹੀ ਸੀ।

ਕਾਫੀ ਦੇਰ ਪਿਛੋਂ ਆਏ ਮੁਨਸ਼ੀ ਰਾਮ ਜੀ ਜੋ ਸੰਸਕ੍ਰਿਤ ਦੇ ਵਿਦਵਾਨ ਸਨ। ਸਾਨੂੰ ਏਹਨਾਂ ਤੇ ਪੰਡਿਤ ਮਨਸਾ ਸਿੰਘ ਜੀ ਨੇ 'ਲਘੂ ਸਿਧਾਂਤ ਕੌਮੁਦੀ' ਦੇ ਕੁਝ ਵਰਕੇ ਪੜਾਏ ਸਨ। ਓਸ ਟਾਈਮ ਤੇ ਸੰਸਕ੍ਰਿਤ ਵਿਆਕਰਣ ਪੜ੍ਹਨ ਦੀ ਇਕ ਲਹਿਰ ਹੀ ਚਲ ਪਈ। ਜਿਸ ਵਿਚ ਮਾਸਟਰ ਬਲਵੰਤ ਸਿੰਘ ਜੀ ਵੀ ਆਣ ਜੁੜੇ ਸਨ। ਮੈਂ (ਰਾਜਿੰਦ੍ਰ ਸਿੰਘ) ਗਿਆਨੀ ਬਲਵੰਤ ਸਿੰਘ ਤੇ ਮਾਸਟਰ ਬਲਵੰਤ ਸਿੰਘ ਜੀ ਮੁਨਸ਼ੀ ਰਾਮ ਜੀ ਤੋਂ ਪੜ੍ਹਦੇ ਸਾਂ। ਮਾਸ-ਟਰ ਜੀ ਸਾਥੋਂ ਕਾਫੀ ਅਗੇ ਲੰਘ ਗਏ ਸਨ। ਮੁੰਡਿਆਂ ਤੋਂ ਪਿਛੇ ਰਹਿ ਜਾਣਾ ਓਹ ਆਪਦੀ ਹੇਠੀ ਸਮਝਦੇ ਸਨ। ਏਸੇ ਡਰ ਤੋਂ ਹੀ ਓਨਾਂ ਨੇ "ਲਘੂ ਸਿਧਾਂਤ" ਰਾਤ ਦਿਨ ਪੜ੍ਹਨੀ ਸ਼ੁਰੂ ਕਰ

Namdhari Elibrary NamdhariElibrary@gmail.com

ਦਿਤੀ ਸੀ। (ਉਸਤਾਦ ਹਰਨਾਮ ਸਿੰਘ ਜੀ ਗੁਸਾ-ਈਆਂ ਵਾਲੇ ਪੜਨ ਜਾਂਦੇ ਸਨ। ਸੰਤ ਦਮੋਦਰਾ ਨੰਦ ਜੀ ਤੋਂ 'ਸਾਰਸ੍ਵਤੀ' ਉਸਤਾਦ ਜੀ ਦਾ ਸੇਵਕ ਕਰਤਾਰ ਸਿੰਘ ਵੀ ਨਾ ਨਾ ਨਾ ਕੇਰੀਆ ਗਣ ਹਣ ਨਾਤਰੀ, ਸਿਖ ਗਿਆ ਸੀ। ਉਸਤਾਦ ਹਰਨਾਮ ਸਿੰਘ ਜੀ ਨੇ ਹੀ 'ਸਾਰਸ੍ਵਤ ਵਿਆਕਰਣ' ਸੰਪੂਰਣ ਕੀਤਾ ਸੀ। ਬਾਕੀ ਸਭ ਅਧੂਰੇ ਹੀ ਰਹਿ ਗਏ।

ਸ੍ਰੀ ਮੁਨਸ਼ੀ ਰਾਮ ਜੀ ਨੇ ਸਭ ਤੋਂ ਪਹਿਲਾਂ ਸੰਸ-ਕ੍ਰਿਤ ਦੇ ਸਲੋਕਾਂ ਦੇ ਅਧਾਰ ਤੇ ਸਾਬਤ ਕੀਤਾ ਸੀ ਕਿ ਤੀਸਰੇ ਰਾਮ ਸਤਿਗੁਰੂ ਰਾਮ ਸਿੰਘ ਜੀ ਹੀ ਹਨ ਜਿਸਦਾ ਜ਼ਿਕਰ ਪੁਰਾਤਨ ਗ੍ਰੰਥਾਂ ਵਿਚ ਔਂਦਾ ਹੈ। ਜੋ ਵਿਦਵਾਨ ਬਲਰਾਮ ਨੂੰ ਤੀਸਰਾ ਰਾਮ ਸਿਧ ਕਰਨ ਦਾ ਜਤਨ ਕਰਦੇ ਹਨ ਓਹ ਠੀਕ ਨਹੀਂ, ਕਿਉਂਕਿ ਭਗਵਾਨ ਕ੍ਰਿਸ਼ਨ ਦੇ ਹੁੰਦਿਆਂ ਬਲਰਾਮ ਜੀ ਦੀ ਕੋਈ ਵੁਕਤ ਨਹੀ ਰਹਿੰਦੀ। ਪਹਿਲੇ ਰਾਮ ਸਨ– ਪਰਸਰਾਮ, ਦੂਸਰੇ ਰਾਮ ਸ੍ਰੀ ਰਾਮ ਚੰਦਰ ਜੀ ਤੀਸਰੇ ਰਾਮ ਸਨ– ਸਤਿਗੁਰੂ ਰਾਮ ਸਿੰਘ ਜੀ।

ਏਸਤੋਂ ਪਿਛੋਂ ਆਏ ਗਿਆਨੀ ਬਲਵੰਤ ਸਿੰਘ ਜੀ। ਏਹ ਨਾਮਧਾਰੀ ਵਿਦਿਆਲੇ ਦੇ ਬੜੇ ਹੋਣਹਾਰ ਵਿਦਯਾਰਥੀ ਸਨ। ਬ੍ਰਿਜ ਭਾਸ਼ਾ ਦੇ ਮਾਹਰ ਤੇ ਸਿਖ ਇਤਿਹਾਸ ਦੇ ਪਾਰੰਗਤ ਪੰਡਤ। ਸੁਭਾ ਬੜਾ ਹਸੌਣਾ ਤੇ ਕਥਾ ਕਹਿਣ ਵਿਚ ਬੜੇ ਹੁਸ਼ਿਆਰ। ਏਹਨਾਂ ਦੇ ਕਈ ਲੇਖ ਪੰਜਾਬੀ ਦੇ ਦੂਸਰੇ ਅਖਬਾਰਾਂ ਵਿਚ ਵੀ ਅਨੁਵਾਦ ਹੁੰਦੇ ਰਹਿੰਦੇ ਸਨ। "ਗੁਰੂ ਗੋਬਿੰਦ ਸਿੰਘ ਜੀ ਦੀ ਪਗਡੰਡੀ ਤੇ" ਲੇਖ ਪੰਜਾਬੀ ਦੇ ਮਸ਼ਹੂਰ ਅਖਬਾਰ "ਅਜੀਤ" ਵਿਚ ਵੀ ਛਪਿਆ ਸੀ।

ਮੇਰੇ ਏਸ ਲੇਖ ਨੂੰ ੧੯੮੬ ਦੇ ਬਸੰਤ ਅੰਕ ਨਾਲ ਮਿਲਾਕੇ ਹੀ ਪੜੋ। ਓਸ ਵਿਚ ਸਤਿਜੁਗ ਦੇ ਐਡੀਟਰਾਂ ਬਾਬਤ ਕੁਝ ਛਪ ਚੁਕਾ ਹੈ। ਮੈਂ ਤਾਂ ਬਕਾਯਾ ਆਪਣੇ ਹਿਸੇ ਦਾ ਲੇਖ ਹੀ ਏਸ ਅੰਕ ਵਿਚ ਲਿਖ ਰਿਹਾ ਹਾਂ।

ਸਤਿਜੁਗ ਹੁਣ ਸ੍ਰੀ ਜੀਵਨ ਨਗਰ ਜਾ ਚੁਕਾ ਸੀ। ਇਕ ਦਿਨ ਅਕਾਸ਼-ਬਾਣੀ ਦੀ ਤਰਾਂ ਫੁਰਨਾ ਫੁਰਿਆ ਤੇ ਮੈਂ ਅਧੀ ਰਾਤ ਨੂੰ ਹੀ ਉਠਕੇ "ਗੁਰੂ ਤੇ ਡਿਕਟੇਟਰ" ਲਿਖ ਦਿਤਾ। ਮਹਾਰਾਜ ਬੀਰ ਸਿੰਘ ਜੀ ਨੇ ਮੈਨੂੰ ਸ਼ਾਬਾਸ਼ ਵੀ ਦਿਤੀ ਤੇ ਏਹ ਲਿਖਕੇ ਪ੍ਰੇਰਨਾ ਵੀ ਦਿਤੀ ਕਿ ਤੇਰੇ ਖਿਆਲ ਭਾਵੇਂ ਕੁਝ ਹੋਣ ਪਰ ਤੂੰ ਸਤਿਜੁਗ ਵਾਸਤੇ ਸਾਡੀ ਮਰਜੀ ਦਾ ਜਰੂਰ ਲਿਖ ਸਕਦਾ ਹੈਂ। ਏਸ ਵਾਸਤੇ ਅਜੇਹੇ ਲੇਖ ਸਾਨੂੰ ਹੋਰ ਲਿਖਕੇ ਭੇਜ। ਅਜ ਵੀ ਮੇਰੀ ਪ੍ਰੇਰਨਾ ਦਾ ਸ੍ਰੋਤ ਮਹਾਰਾਜ ਜੀ ਹੀ ਹਨ ਜੋ ਮੈਨੂੰ ਗਾਹੇ ਬਗਾਹੇ ਲਿਖਣ ਦੀ ਪ੍ਰੇਰਨਾ ਕਰਦੇ ਰਹਿੰਦੇ ਹਨ, ਤੇ ਹੁਣ ਵੀ ਉਨ੍ਹਾਂ ਦੀ ਚਿਠੀ ਆ ਗਈ ਹੈ। ਇਸਤਰਾਂ ਏਹ ਤੇ ਹੋਰ ਕਈ ਲੇਖ ਮੈਂ ਐਤਕਾਂ ਦੇ "ਬਸੰਤ-ਅੰਕ" ਵਾਸਤੇ ਲਿਖ ਰਿਹਾ ਹਾਂ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੁਣ ਸਤਿਜੁਗ ਨੂੰ ਸੰਪਾਦਨ ਕਰਨ ਦੀ ਡਿਊਟੀ ਮੇਰੀ ਲਾ ਦਿਤੀ। ਪਰ ਮੈਂ ਸਾਰਾ ਸਮਾਂ ਸਤਿਜੁਗ ਨੂੰ ਦਿੰਦਾ ਤਾਂ ਮੇਰਾ ਖੇਤੀ ਦਾ ਕਾਰੋਬਾਰ ਖੜੋ ਜਾਂਦਾ ਸੀ। ਮੈਂ ਅਰਜ਼ ਕੀਤੀ ਸਚੇ ਪਾਤਸ਼ਾਹ ਜੇ ਏਸ ਨੂੰ ਮਾਸਕ ਪੱਤ੍ਰ ਬਣਾ ਦਿਤਾ ਜਾਵੇ ਤਾਂ ਮੈਨੂੰ ਘਰ ਦੇ ਕੰਮ ਤੇ ਸਤਿਜੁਗ ਦੇ ਪ੍ਰਕਾਸ਼ਨ ਵਾਸਤੇ ਪੂਰੀ ਸਹੂਲਤ ਮਿਲ ਜਾਵੇਗੀ। ਅਰਜ਼ ਮਨਜੂਰ ਹੋ ਗਈ ਤੇ ਸਤਿਜੁਗ ਹੁਣ ਵਧੀਆ ਟਾਈਮ ਨਾਲ ਮਹੀਨੇ ਪਿਛੋਂ ਸੰਗਤਾਂ ਕੋਲ ਪਹੁੰਚਣ ਲਗਾ। ਮੈਂ ਹਮੇਸ਼ਾਂ ਓਹੋ ਕੁਛ ਲਿਖਣ ਦਾ ਆਦੀ ਹਾਂ ਜਿਸ ਨਾਲ ਆਦਮੀ ਦੇ ਤਨ ਮਨ ਨੂੰ ਝਕਝੋਰਿਆ ਜਾਵੇ। ਮੇਰੇ ਮਜ਼ਮੂਨਾਂ ਨਾਲ ਕਾਫੀ ਹਿਲ ਜੁਲ ਪੈਦਾ ਹੋ ਗਈ ਕਿਸੇ ਨੇ ਮੈਨੂੰ ਮਨੋ ਵਿਗਿਆਨੀ ਸਮਝਿਆ ਕਿਸੇ ਨੇ ਅਗਾਂਹ ਵਧੂ ਖਿਆਲਾਂ ਦਾ ਤੇ ਕਿਸੇ ਨੇ ਕਮਿਊਨਿਸਟ। ਮੈਂ ਆਪਦਾ ਕੰਮ ਸਤਿਗੁਰੂ ਰਾਮ ਸਿੰਘ ਜੀ ਦੇ ਆਦਰਸ਼ ਮੁਤਾਬਕ ਹੀ ਕਰਦਾ ਰਿਹਾ। ਕਿਉਂਕਿ ਓਹ ਕ੍ਰਾਂਤੀਕਾਰੀ ਹੀ ਹੈ ਸਨ। ਤੇ ਏਹੋ ਮੇਰਾ ਆਦਰਸ਼ ਵੀ ਸੀ। "ਮੈਂ ਦੀਨ ਦੁਨੀਆਂ" ਲਿਖਿਆ। ਜਿਸ ਤੇ ਕਈ ਸੇਠ ਹਿਲ ਗਏ। ਤੇ ਮੇਰੀ ਪੇਸ਼ੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਗੇ ਪੁਆ ਦਿਤੀ। ਮੈਂ ਗਊ ਉਤੇ ਲਿਖਿਆ 'ਛੁਰੀ ਕਿ ਪੰਜਾਲੀ' ਉਸਨੂੰ ਇਲਾਕੇ ਦੇ ਲੋਕਾਂ ਬੜਾ ਸਲਾਹਿਆ। ਪਰ

ਗਾਂ ਦੇ ਪੰਜਾਲੀ ਪੌਂਣ ਤੋਂ ਲੋਕ ਝਿਜਕ ਹੀ ਗਏ। ਮੈਂ ਜੀ! ਲਿਖਿਆ। ਜਿਸ ਦਾ ਵਿਸ਼ਾ ਸੀ ਕਿਸੇ ਨੂੰ ਜਾ ਆਖਣਾ ਕਿੰਨਾਂ ਮੁਸ਼ਕਲ ਹੈ। ਜੇ ਕਹਿ ਦਿਤਾ ਜਾਵੇ "ਜੋ ਕਉ ਜੀਉ ਕਹੈ ਓਹਨਾਂ ਕਉ ਜਮਕੀ ਤਲਬ ਨ ਹੋਈ"। ਮੈਂ ਹੈ ਲਿਖਿਆ, ਤਾਂ ਬੰਬਈ ਤੋਂ ਚਿਠੀ ਆਈ, ਅਜੇਹੇ ਮਜ਼ਮੂਨ ਹੋਰ ਲਿਖੋ। ਸ਼ਾਬਾਸ਼!! 'ਅੱਜ ਦੇ ਸਕੂਲਾਂ ਦਾ ਆਦਰਸ਼' ਲਿਖਿਆ ਤਾਂ ਮਾਸਟਰਾਂ ਨੇ ਉਸਦੀ ਸਲਾਹੁਤਾਂ ਕੀਤੀ। ਤੇ ਹਿਮੀ ਜੀ ਤਾਂ ਬਹੁਤ ਹੀ ਖੁਸ਼ ਹੋਏ। ਏਸ ਤਰ੍ਹਾਂ ਕੁਝ ਸਾਲਾਂ ਪਿਛੋਂ ਮੇਰਾ ਯੁਗ ਬੀਤ ਗਿਆ। ਅਫਰੀਕਾ ਤੋਂ ਆਏ ਸਜਣ ਨੇ ਮੈਨੂੰ ਬੜਾ ਵਡਾ ਉਲਾਂਭਾ ਦਿਤਾ ਕਿ ਹੁਣ ਤੂੰ ਕਿਉਂ ਨਹੀਂ ਲਿਖਦਾ। ਮੈਂ ਅਫਰੀਕਾ ਵਿਚ ਜਿਸ ਨੂੰ ਵੀ ਤੇਰੇ ਲਿਖੇ ਮਜ਼ਮੂਨ ਪੜ੍ਹਾਏ ਉਨ੍ਹਾਂ ਨੇ ਸ਼ਾਬਾਸ਼ ਦਿਤੀ। ਤੇ ਏਹ ਵੀ ਕਿਹਾ ਕਿ ਜਿਸ ਪੰਥ ਕੋਲ ਅਜੇਹੇ ਕ੍ਰਾਂਤੀਕਾਰੀ ਲਿਖਾਰੀ ਹੋਣ ਓਹ ਕਿਵੇਂ ਦੂਸਰਿਆਂ ਤੋਂ ਪਿਛੇ ਰਹਿ ਸਕਦਾ ਹੈ। ਮੈਂ ਓਹਨਾਂ ਨੂੰ ਕਿਹਾ, ਜੀ ਸਤਿਗੁਰਾਂ ਦੀ ਰਜ਼ਾ ਹੈ ਜਿਸ ਤੋਂ ਜਿਨਾਂ ਚਿਰ ਚਾਹੁੰਣ ਕੰਮ ਲੈ ਲੈਣ। ਅਸੀਂ ਕੌਣ ਹਾਂ ਅਜੇਹਾ ਲਿਖਣ ਵਾਲੇ!

"ਸਿਰ ਲਥ ਸੂਰਮੇ ਸੰਤ ਮੰਗਲ ਸਿੰਘ ਜੀ ਲਾਇਲਪੁਰੀ" ਮੈਂ ਏਹਨਾਂ ਵਰਗਾ ਦਲੇਰ ਤੇ ਨੰਗੇ ਧੜ ਲੜਨ ਵਾਲਾ ਆਦਮੀ ਨਾਮਧਾਰੀ ਪੰਥ ਵਿਚ ਹੋਰ ਕੋਈ ਨਹੀਂ ਵੇਖਿਆ। ਬੜੇ ਬੜੇ ਫੰਨੇ ਖਾਂ ਤੇ ਧਨਵਾਨ ਆਦਮੀ ਵੀ ਰੋਜ਼ਾਨਾ ਅਖਬਾਰ ਕਢਣ ਤੋਂ ਝਿਜਕਦੇ ਹਨ। ਪਰ ਏਸ ਬਹਾਦਰ ਤੇ ਜੁਝਾਰੂ ਸੂਰਮੇ ਨੇ ਦਿਲੀ ਵਿਚੋਂ "ਨਵਾਂ ਹਿੰਦੋਸਤਾਨ" ਸਾਰੇ ਪੰਜਾਬ ਦਿਲੀ ਤੇ ਹਰਿਆਣੇ ਦੇ ਬੁਕ ਸਟਾਲਾਂ ਤੇ ਵਿਕਣ ਲਾ ਦਿਤਾ! ਖਬਰਾਂ ਵੀ ਵਧੀਆ ਤੇ ਸਟੈਂਡ-ਰਡ ਅਤੀ ਉਤਮ। ਮੈਂ ਜਦੋਂ ਮਲੌਦ, ਇਕ ਦੁਕਾਨ ਤੇ "ਨਵਾਂ ਹਿੰਦੋਸਤਾਨ" ਵਿਕਦਾ ਵੇਖਿਆ ਤਾਂ ਸੰਤ ਦੀ ਦਲੇਰੀ ਤੇ ਹੈਰਾਨ ਰਹਿ ਗਿਆ। ਨਾਮਧਾਰੀ ਪੰਥ ਨਾਲ ਕਿਤਨਾਂ ਡੂੰਘਾ ਪਿਆਰ ਸੀ ਓਸਦਾ। ਜਦੋਂ ਸਤਿਗੁਰਾਂ ਹੁਕਮ ਕੀਤਾ ਕਿ ਏਸ ਨੂੰ ਪੰਥ ਦੇ ਹਵਾਲੇ ਕਰ ਦਿਓ। ਤਾਂ ਬਿਨਾਂ ਕਿਸੇ ਹੀਲ ਹੁਜਤ ਦੇ ਸਮੇਤ ਪ੍ਰੈਸ ਅਖਬਾਰ ਗੁਰੂ ਜੀ ਦੇ ਹਵਾਲੇ ਕਰ ਦਿਤਾ। ਧੰਨ ਸਿਖੀ।

ਹੁਣ ਸਤਿਜੁਗ ਦੀ ਸੇਵਾ ਸੰਤ ਮੰਗਲ ਸਿੰਘ ਜੀ ਨੇ ਸੰਭਾਲ ਲਈ ਸੀ। ਪਰ ਓਹਨਾਂ ਦਾ ਕਾਰੋਬਾਰ ਬਹੁਤਾ ਦਿਲੀ ਵਿਚ ਹੀ ਸੀ ਤੇ ਸਿਰਸਾ ਦਿਲੀ ਤੋਂ ਕਾਫੀ ਦੂਰ ਪੈਂਦਾ ਸੀ ਅਤੇ ਸਿਰਸੇ ਤੋਂ ਜੀਵਨ ਨਗਰ ਹੋਰ ਵੀ ਦੂਰ ਸਿਰਫ ਸਾਈਕਲ ਹੀ ਸਾਧਨ ਸਨ ਜਾਣ ਔਣ ਦੇ। ਜੋ ਕਿਰਾਏ ਤੇ ਚਲਦੇ ਤੇ ਦੂਰ ਦੂਰ ਤਕ ਮਾਰ ਕਰਦੇ ਸਨ।

ਕੁਝ ਚਿਰ ਪਿਛੋਂ ਏਹ ਸੇਵਾ ਸਤਿਗੁਰੂ ਜੀ ਨੇ ਪੰਥ ਦੇ ਹਰ ਮਨ ਪਿਆਰੇ ਤੇ ਸਤਿਕਾਰੇ ਸੇਵਕ ਸ੍ਰੀ ਪ੍ਰੀਤਮ ਸਿੰਘ ਜੀ ਕਵੀ ਨੂੰ ਸੌਂਪ ਦਿਤੀ। ਕਵੀ ਜੀ ਦੀ ਫਿਤਰਤ ਮੁਢ ਤੋਂ ਹੀ ਬੜੀ ਦਿਲਚਸਪ ਰਹੀ ਹੈ। ਸਕੂਲ ਵਿਚ ਜਦੋਂ ਏਹਨਾਂ ਦੀ ਡਿਊਟੀ, ਕਦੇ ਸਾਨੂੰ ਪਾਣੀ ਪਿਔਣ ਦੀ ਲਗ ਜਾਂਦੀ। ਤੁਸੀਂ ਸਮਝਦੇ ਹੋਵੋਗੇ ਭੋਲੇ ਭਾਲੇ ਕਵੀ ਜੀ ਬੜੇ ਪ੍ਰੇਮ ਨਾਲ ਸਾਨੂੰ ਪਾਣੀ ਪਿਔਂਦੇ ਹੋਣਗੇ? ਨਹੀਂ "ਭਗਤਾਂ ਕੀ ਚਾਲ ਨਿਰਾਲੀ"। ਜਲ ਗੁਲਾਬ ਜਲ ਫੁਲ ਅਨਾਰ। ਜਲ ਗੁਲ ਦਾਊਦੀ ਜਲ ਪੀਓ ਕਚਨਾਰ। ਜਿਸਨੇ ਜਲ ਗੁਲ ਦਾਊਦੀ ਮੰਗ ਲੈਣਾਂ, ਉਸਨੂੰ ਅਜੇਹਾ ਪਾਣੀ ਪਿਔਣਾ ਕਿ ਉਂਗਲਾਂ ਖਿਲਾਰਕੇ ਸਾਰੇ ਨੂੰ ਹੀ ਭਿਉਂ ਦੇਂਦਾ। ਅਖਾੜੇ ਵਿਚ ਔਣਾ ਏਹਨਾਂ ਦੀ ਮਜਬੂਰੀ ਸੀ। ਕਿਉਂਕਿ ਸਤਿਗੁਰਾਂ ਦਾ ਹੁਕਮ ਹੀ ਬੜਾ ਸਖਤ ਸੀ। ਕਵੀ ਜੀ ਨੇ ਲੰਗੋਟਾ ਕਸਕੇ ਅਖਾੜੇ ਦੀ ਵਟ ਤੇ ਆਕੇ ਤਕਨਾ ਕਿਹੜਾ ਸਾਰਿਆਂ ਤੋਂ ਹੌਲਾ ਮੁੰਡਾ ਹੈ। ਜਦੋਂ ਸਾਡੇ ਵਿਚੋਂ ਕਿਸੇ ਨੇ ਏਹਨਾਂ ਨੂੰ ਵੰਗਾਰਨਾ ਤਾਂ ਏਹਨਾਂ ਕਹਿਣਾ ਬਦ-ਤਮੀਜ਼ੀ ਦੀ ਲੋੜ ਨਹੀਂ ਪਹਿਲਾਂ ਮੇਰੀ ਗਲ ਸੁਣ ਲਓ? ਦਸੋ ਜੀ ਤੁਸੀਂ ਕਿਵੇਂ ਘੁਲਨਾਂ ਹੈ? ਤਾਂ ਕਵੀ ਜੀ ਨੇ ਫੁਰਮੌਂਣਾ।

ਕਲਾ ਜੰਗ ਕੜੰਗਿਓਂ ਕਢ ਮਾਰਾਂ
ਢਾਕ ਲਾਇ ਕਰਾਂ ਲੋਟ ਪੋਟ ਮੀਆਂ।
ਫੇਰ ਲਾ ਲੰਗੜੀ ਠਿਬੀ ਮਾਰਦਾ ਹਾਂ,
ਉਤੋਂ ਮਾਰ ਧੌਲਾਂ ਕਢਾਂ ਖੋਟ ਮੀਆਂ।

Namdhari Elibrary NamdhariElibrary@gmail.com

ਏਸਤਰ੍ਹਾਂ ਅਸੀਂ ਏਹਨਾਂ ਦਾ ਨਾਮ ਹੀ ਕਾਗਜ਼ੀ ਪਹਿਲਵਾਨ ਰਖਿਆ ਹੋਇਆ ਸੀ। ਕਿਉਂਕਿ ਏਹ ਅਖਾੜੇ ਦੀ ਵੱਟ ਤੇ ਖਲੋਕੇ ਹੀ ਮਾਲੀ ਜਿਤ ਲੈਂਦੇ ਸਨ।

ਸਤਿਜੁਗ ਦੀ ਸੇਵਾ ਵਿਚ ਆਕੇ ਏਹਨਾਂ ਬੜੇ ਮਾਰਕੇ ਦੇ ਕੰਮ ਕੀਤੇ ਸਭ ਤੋਂ ਵਧ ਨਾਮਧਾਰੀ ਬੱਚਿਆਂ ਨੂੰ ਕਵਿਤਾ ਦੀ ਜਾਗ ਲਾਈ ਤੇ ਪਿੰਡ ਪਿੰਡ ਕਵੀ ਦਰਬਾਰ ਕਰਕੇ ਸਾਰਾ ਵਾਤਾਵਰਨ ਹੀ ਕਾਵ ਮਈ ਬਣਾ ਦਿਤਾ ਸੀ। 'ਬਸੰਤ ਅੰਕ' ਵੀ ਏਹਨਾਂ ਨੇ ਬੜੇ ਫਬਵੇਂ ਕਢੇ ਸਨ। ਮੇਰਾ ਖਹਿੜਾ ਚਿਠੀ ਰਾਹੀਂ ਓਨਾਂ ਚਿਰ ਨਾਂ ਛਡਦੇ ਜਿੰਨਾਂ ਚਿਰ ਏਹਨਾਂ ਕੋਲ ਮੇਰਾ ਮਜ਼ਮੂਨ ਨਾਂ ਪਹੁੰਚ ਜਾਂਦਾ।

ਆਤਮਾ ਸਿੰਘ ਸਨਖਤਰਵੀ

ਪੰਥ ਵਿਚ ਕੋਈ ਅਜੇਹਾ ਆਦਮੀ ਨਹੀਂ ਹੋਵੇਗਾ ਜੋ ਏਹਨਾਂ ਦੀ ਸਖਸੀਅਤ ਤੋਂ ਵਾਕਫ ਨਾਂ ਹੋਵੇ। ਏਹ ਹਰਫਨ ਮੌਲਾ ਆਦਮੀ ਹਨ। "ਗਰੀਬੀ ਗਦਾ ਹਮਾਰੀ" ਏਹਨਾਂ ਉਤੇ ਪੂਰੀਤਰ੍ਹਾਂ ਢੁਕਦਾ ਹੈ। ਮੈਂ ਕਦੇ ਵੀ ਏਨ੍ਹਾਂ ਨੂੰ ਤੈਸ਼ ਵਿਚ ਨਹੀਂ ਵੇਖਿਆ। ਸਤਿ-ਜੁਗ ਵਾਸਤੇ ਲਿਖਦੇ ਤਾਂ ਏਹ ਸ਼ੁਰੂ ਤੋਂ ਹੀ ਰਹੇ ਹਨ ਪਰ ਹੁਣ ਕੁਝ ਸਾਲਾਂ ਤੋਂ ਸਾਰਾ ਭਾਰ ਹੀ ਏਹਨਾਂ ਦੇ ਮੋਢਿਆਂ ਉਤੇ ਹੈ। ਏਹ ਲਿਖਾਰੀ ਹੋਣ ਦੇ ਨਾਲ ਨਾਲ ਕਵਿਤਾ ਵੀ ਬੜੀ ਦਿਲ ਟੁੰਬਵੀਂ ਲਿਖਦੇ ਹਨ।

"ਕੂਕਿਆਂ ਦਾ ਕਲਰ ਹੈ ਕਾਲਿਜ ਕੁਰਬਾਨੀ ਦਾ।
ਅਤਰ ਉਡਿਆ ਭਰੇ ਦੀਵਾਨ ਵਿਚੋਂ"

ਅਨੇਕਾਂ ਹੀ ਅਜੇਹੀਆਂ ਕਵਿਤਾਵਾਂ ਹਨ ਏਹਨਾਂ ਦੀਆਂ ਜੋ ਆਪ ਮੁਹਾਰੇ ਮੂੰਹ ਤੇ ਚੜ੍ਹ ਜਾਂਦੀਆਂ ਹਨ। ਅੰਤ ਵਿਚ

ਸ੍ਰੀ ਮਹਾਰਾਜ ਬੀਰ ਸਿੰਘ ਜੀ

ਮਾਸਟਰ ਬਲਵੰਤ ਸਿੰਘ ਜੀ ਦੇ ਮਸਤਾਨੇ ਹੋਣ ਪਿਛੋਂ ਸਤਿਜੁਗ ਦਾ ਸਾਰਾ ਭਾਰ ਹੀ ਮਹਾਰਾਜ ਜੀ ਦੇ ਮੋਢਿਆਂ ਉਤੇ ਹੈ। ਸੋ ਕੰਮ ਕਰਦੇ ਹੋਏ, ਸਤਿ-ਜੁਗ ਵਾਸਤੇ ਵੀ ਟਾਈਮ ਕਢ ਲੈਂਦੇ ਹਨ। ਬਸੰਤ ਅੰਕ ਜਾਂ ਵਿਸ਼ੇਸ਼ ਅੰਕ ਤਾਂ ਏਹਨਾਂ ਦੀ ਦਿਲਚਸਪੀ ਤੋਂ ਬਿਨਾਂ ਸਿਰੇ ਚੜ੍ਹ ਹੀ ਨਹੀਂ ਸਕਦੇ। ਏਹਨਾਂ ਦੀ ਸਭ ਤੋਂ ਵਡੀ ਖੂਬੀ ਹੈ ਅਪਣੇ ਫਰਜ਼ ਵਿਚ ਕਦੇ ਕੋਤਾਹੀ ਨਹੀਂ ਔਣ ਦਿੰਦੇ ਐਤਕਾਂ ਦੇ ਬਸੰਤ ਅੰਕ ਵਾਸਤੇ ਥਾਓਂ ਥਾਈਂ ਪਤਾ ਨਹੀਂ, ਕਿਤਨੇ ਲਿਖਾ-ਰੀਆਂ ਨੂੰ ਚਿਠੀਆਂ ਲਿਖੀਆਂ ਹਨ ਫੋਟੋਆਂ ਦਾ ਚੋਣ ਤੇ ਪੁਰਾਣੇ ਫੋਟੋ ਸੰਭਾਲਕੇ ਰਖਣੇ, ਤੇ ਮੌਕੇ ਤੇ ਓਨਾਂ ਨੂੰ ਵਰਤ ਲੈਣਾ, ਏਹਨਾਂ ਦੀ ਬਹੁਤ ਵਡੀ ਖੂਬੀ ਹੈ।

ਹੇ ਰਾਮ !

[ਸਵਰਨ ਸਿੰਘ ਸਨੇਹੀ, ਐਮ. ਏ.

ਸਤਿਗੁਰੂ ਰਾਮ ਸਿੰਘ ! ਰਾਮ ਨਾਲੋਂ ਵਧ ਹੋਇਆ, ਬਣਵਾਸ ਤੇਰਾ ਜਿਸ ਦੁਖੀ ਕੀਤੇ ਨਰ ਨਾਰ।
ਹਾਂ ਅਰਾਮੋਂ ਬੇਅਰਾਮ ਛੇਤੀ ਘਰ ਆ ਜਾ ਰਾਮ, ਰਾਮ ਰੌਲਾ ਦੇਸ਼ ਵਿਚ, ਰਾਮ ਰਾਜ ਦੀ ਪੁਕਾਰ।
ਦੁਖੀ ਰਹੇ ਰਾਮ ਸਾਡਾ, ਨਿਤ ਹੀ ਵਿਯੋਗ ਵਿਚ, ਰਾਮ ਮੁਖ ਦੇਖ ਤੇਰਾ ਹੋਇ ਰਾਮ ਰਿਦਾ ਠਾਰ।
ਚੀਨੀਵਾਲੇ ਤੇਰੇ ਪਾਸ ਕਰ ਜੋੜ ਅਰਦਾਸ, ਕਦੋਂ ਪੁਗੇ ਸਾਡੀ ਆਸ ਹੋਵੇ ਤੇਰਾ ਸੁ ਦੀਦਾਰ।
ਦੀਨ ਦਇਆਲ ਦਇਆ ਨਿਧ ਗੁਰ ਜੀ, ਹੇਰ ਲੀਆ ਸਾਰਾ ਸੰਸਾਰ।
ਸਵਾਰਥਹੀਨ ਨਹਿੰ ਕੋ ਬੇਰੀ, ਬੇਰੀ-ਕੇਲੇ ਸਮ ਬਿਉਹਾਰ।
ਸਾਕ ਸਬੰਧ ਸਭੇ ਪਗ ਬੇਰੀ, ਕੱਟ ਇਸ ਕੋ ਨਿਜ ਬੇਰੀ ਚਾਰੂ।
ਬਹੁ ਬੇਰੀ ਭ੍ਰਮ ਆਇਓ 'ਸਨੇਹੀ', ਬਿਨ ਬੇਰੀ ਜਿਨ ਬੇਰਿ ਹਕਾਰ।

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੀ ਇਕ ਇਤਿਹਾਸਕ ਵਾਰਤਾ–

ਸੰਤ ਸ਼ਰਨ ਦਾਸ ਜੀ

[ਦਲਜੀਤ ਕੌਰ ਜੇ. ਬੀ. ਟੀ. (ਰਾਜਸਥਾਨ)

ਪਿੰਡ ਸੇਦੋ, ਜੋ ਉਸ ਵੇਲੇ ਫੀਰੋਜ਼ਪੁਰ ਜ਼ਿਲੇ ਵਿਚ ਸੀ ਤੇ ਹੁਣ ਸੰਗਰੂਰ ਜਿਲੇ ਵਿਚ ਹੈ, ਉਸ ਪਿੰਡ ਵਿਚ ਇਕ ਉਦਾਸੀ ਸੰਤ ਰਹਿੰਦਾ ਸੀ। ਉਸ ਦਾ ਨਾਮ ਸ਼ਰਨਦਾਸ ਸੀ। ਉਹ ਬਹੁਤ ਵਿਦਵਾਨ ਸੀ। ਉਸ ਦੀ ਵਿਦਿਵਤਾ ਤੇ ਚੁੱਧੀ ਮਾਨਤਾ ਦੀ ਚਰਚਾ ਦੂਰ ਦੂਰ ਤਕ ਫੈਲੀ ਹੋਈ ਸੀ। ਉਸ ਦੇ ਪਾਸ ਸੱਠ ਸੱਤਰ ਬਾਲਕ ਵਿਦਿਆ ਪ੍ਰਾਪਤ ਕਰਦੇ ਸਨ। ਉਹ ਬੱਚਿਆਂ ਨੂੰ ਧਾਰਮਿਕ ਵਿਦਿਆ ਪੜ੍ਹਾਉਂਦਾ ਸੀ। ਭਜਨ ਬੰਦਗੀ ਵਿਚ ਉਹ ਤ੍ਰਿਕੁਟੀ ਦਾ ਦ੍ਰਿਸ਼ਟੀਮਾਨ ਸੀ। ਉਸ ਨੂੰ ਸੰਸਾਰ ਵਿਚ ਵਾਪਰ ਰਿਹਾ ਸਭ ਦ੍ਰਿਸ਼ਟੀਮਾਨ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਿਚ ਪ੍ਰਗਟ ਹੋਣ ਬਾਰੇ ਉਸ ਨੂੰ ਅੰਤਰਜਾਮਤਾ ਹੋ ਆਈ।

ਪਿੰਡ ਸੈਦੋ ਦੇ ਬਹੁਤ ਸਾਰੇ ਲੋਕਾਂ ਨੇ ਉਸ ਉਦਾਸੀ ਸੰਤ ਨੂੰ ਆਪਣਾ ਸਿਖ ਬਨਾਉਣ ਅਤੇ ਨਾਮ ਦੀ ਦਾਤ ਪ੍ਰਾਪਤ ਕਰਨ ਲਈ ਕਈ ਵੇਰ ਬੇਨਤੀਆਂ ਕੀਤੀਆਂ ਪਰ ਸੰਤ ਉਹਨਾਂ ਨੂੰ ਇਹ ਆਖਕੇ ਟਾਲ ਦਿੰਦੇ ਕਿ ਠਹਿਰੋ ਸਤਿਗੁਰੂ ਰਾਮ ਸਿੰਘ ਬਾਰ੍ਹਵੇਂ ਗੁਰੂ ਪ੍ਰਗਟ ਹੋਏ ਹਨ, ਉਹ ਤੁਹਾਨੂੰ ਭਜਨ ਦਸਕੇ ਆਪਣੇ ਸਿਖ ਬਨਾਉਣਗੇ। ਉਹ ਅੰਤਰਜਾਮੀ ਹਨ ਤੇ ਉਹ ਛੇਤੀ ਹੀ ਦਰਸ਼ਨ ਦੇਣਗੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦੌਰਾ ਸ਼ੁਰੂ ਕੀਤਾ। ਲੋਕਾਂ ਨੂੰ ਨਾਮ ਦਾਨ ਤੇ ਇਸ਼ਨਾਨ ਦੀਆਂ ਦਾਤਾਂ ਵੰਡਦੇ ਪਿੰਡ ਸੈਦੋ ਪੁੱਜ ਗਏ। ਉਦਾਸੀ ਸੰਤ ਸ਼ਰਨਦਾਸ ਸਤਿਗੁਰੂ ਰਾਮ ਸਿੰਘ ਜੀ ਦੀ ਮਨ-ਮੋਹਣੀ ਸੂਰਤ ਦੇ ਦਰਸ਼ਨ ਕਰਕੇ ਮਸਤੀ ਵਿਚ ਝੂਮ ਉਠਿਆ ਗੱਲ ਪੱਲਾ ਪਾਕੇ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਮੈਨੂੰ ਨਾਮ ਦੀ ਦਾਤ ਬਖਸ਼ਕੇ ਆਪਣਾ ਸਿਖ ਬਣਾਓ। ਸੰਤ ਕਾਹਲਾ ਸਿੰਘ ਜੀ ਲਿਖਦੇ ਹਨ:-

'ਹੱਥ ਜੋੜਕੇ ਸੰਤ ਨੇ ਅਰਜ ਕੀਤੀ, ਦਸੋ ਭਜਨ ਚੁਰਾਸੀ ਤੋਂ ਛੁੱਟ ਜਾਵਾਂ। ਕ੍ਰਿਪਾ ਕਰੋ ਤੇ ਨਾਮ ਦਾ ਦਿਓ ਡੰਡਾ, ਸਿਰੀ ਸੱਪ ਹੰਕਾਰ ਦੀ ਕੁੱਟ ਜਾਵਾਂ। ਪਾਰ ਕਰੋ ਜਹਾਜ਼ ਤੇ ਚਾੜ੍ਹ ਮੈਨੂੰ, ਕਿਤੇ ਤੁਰਦਿਆਂ ਨਾ ਐਵੇਂ ਹੁੱਟ ਜਾਵਾਂ। ਮੇਹਰ ਆਪ ਕਰਕੇ ਦਸੋ ਭਜਨ ਮੈਨੂੰ, ਰਾਮ ਨਾਮ ਦੀ ਲੁੱਟ ਨੂੰ ਲੁੱਟ ਜਾਵਾਂ।' ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੰਤਾਂ ਦੀ ਬੇਨਤੀ ਸੁਣਕੇ ਨਦਰੀ ਨਦਰ ਨਿਹਾਲ ਕਰ ਦਿਤਾ।"ਮਨਹਿ ਪ੍ਰਗਾਸ ਭਇਆ ਭ੍ਰਮ ਨਾਸਿਓ ਮੰਤਰ ਦੀਓ ਗੁਰ ਕਾਨ '' ਦੇ ਵਾਕ ਅਨੁਸਾਰ ਸੰਤਾਂ ਦੀ ਕਾਂਇਆ ਪਲਟ ਗਈ ਸੰਤ ਕਾਹਲਾ ਸਿੰਘ ਜੀ ਲਿਖਦੇ ਹਨ:–

'ਪੂਰਾ ਵੇਖ ਭਾਡਾਂ ਗੁਰੂ ਮੇਹਰ ਕੀਤੀ,ਜਪ ਵਾਹਿ-ਗੁਰੂ ਨਾਮ ਸੁਣਾ ਦਿਤਾ। ਪੜਦੇ ਤੋੜ ਕੇ ਜਨਮ ਜਨਮਾਂਤਰਾਂ ਦੇ, ਭਜਨ ਕੰਨ ਦੇ ਵਿਚ ਸੁਣਾ ਦਿਤਾ।' ਉਦਾਸੀ ਸੰਤ ਨਾਮ ਦੀ ਮਸਤੀ ਵਿਚ ਮਸਤਾਨਾਂ ਹੋ ਗਿਆ। ਪਿੰਡ ਦੇ ਲੋਕਾਂ ਨੂੰ ਹੋਕਾ ਦੇਣ ਲਗਾ, ਆਓ ਜਿਨ੍ਹਾਂ ਨੇ ਹੁਣ ਭਜਨ ਲੈਣਾ ਹੈ ਬਾਰ੍ਹਵਾਂ ਗੁਰੂ ਆ ਗਿਆ ਹੈ। ਇਸ ਪ੍ਰਕਾਰ ਸੰਤਾਂ ਦਾ ਹੋਕਾ ਸੁਣਕੇ, ਸੈਦੋ ਪਿੰਡ ਦੇ ਬਹੁਤ ਸਾਰੇ ਲੋਗ ਅਰਥਾਤ ਸਾਰਾ ਪਿੰਡ ਹੀ ਨਾਮਧਾਰੀ ਸਿੰਘ ਸੱਜ ਗਿਆ ਅਤੇ ਸਤਿ-ਗੁਰੂ ਰਾਮ ਸਿੰਘ ਜੀ ਤੋਂ ਭਜਨ ਪੁੱਛਕੇ ਸੰਤ ਖਾਲਸੇ ਦਾ ਰੂਪ ਧਾਰਨ ਕਰ ਲਿਆ। ਨਾਮ ਦਾਨ ਇਸ਼ਨਾਨ ਕਥਾ ਕੀਰਤਨ ਤੇ ਭਜਨ ਬੰਦਗੀ ਦਾ ਪ੍ਰਵਾਹ ਚਾਲੂ ਹੋ ਗਿਆ।

ਧੰਨ ਹਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਧੰਨ ਹਨ ਉਹਨਾਂ ਦੇ ਹਥੋਂ ਵਰੋਸਾਏ ਪੁਰਾਤਨ ਸਿਖ।

ਆਓ ਅਸੀਂ ਆਪਣੇ ਪੁਰਾਤਨ ਇਤਿਹਾਸ ਵਲ ਝਾਤ ਮਾਰੀਏ ਅਤੇ ਪੁਰਾਤਨ ਸਿਖਾਂ ਦੇ ਪਾਏ ਪੂਰ-ਨਿਆਂ ਤੇ ਚੱਲਕੇ ਆਪਣਾ ਜੀਵਨ ਸਫਲ ਬਣਾਈਏ।

[ਪੰਥ ਪ੍ਰਕਾਸ਼ ਗਿ: ਕਾਲ੍ਹਾ ਸਿੰਘ ਜੀ ਦੇ ਅਧਾਰ ਤੇ

Namdhari Elibrary NamdhariElibrary@gmail.com

ਬਿਰਹੋਂ ਦੇ ਪ੍ਰਤੀਕ—

ਸੱਤ ਵਾਰ ਤੇ ਬਾਰਾਂ ਮਾਂਹ

[ਤੇਜਾ ਸਿੰਘ ਸੇਖਲ ਜਗਜੀਤ ਨਗਰ

ਐਤਵਾਰ— ਐਤ ਅੰਤ ਨ ਦੁਖਾਂ ਦਾ ਕੋਈ ਆਵੇ, ਜਿੰਦ ਹੋਈ ਏ ਭੁਜ ਮਨੂਰ ਵਾਂਗੂੰ।
ਜਦੋਂ ਆਣ ਵਿਛੋੜੇ ਦੀ ਅੱਗ ਬਲਦੀ, ਲਾਟ ਨਿਕਲੇ ਉਚੀ ਤੰਦੂਰ ਵਾਂਗੂੰ।
ਹੋਇਆ ਝੁਕ ਕੇ ਵੇਖ ਕਮਾਨ ਜੈਸੇ, ਜੇਹੜਾ ਕੱਦ ਸੀ ਸਰੂ ਖਜੂਰ ਵਾਂਗੂੰ।
ਤੇਰੇ ਵਿਚ ਵਿਛੋੜੇ ਦੇ ਜਾਨ ਸੁਕੀ, ਖਾਲੀ ਜਿਸਮ ਹੋ ਗਿਆ ਤੰਮੂਰ ਵਾਂਗੂੰ।
ਸੋਮਵਾਰ— ਸੋਮ ਸੀਰ ਇਕੋ ਸਾਡਾ ਨਾਲ ਤੇਰੇ, ਹੋਰ ਕਿਸੇ ਦੇ ਨਾਲ ਪਿਆਰ ਨਾਹੀਂ।
ਮੈਂ ਤਾਂ ਢੂੰਢਕੇ ਦੇਖਿਆ ਜਗ ਸਾਰਾ, ਤੇਰੇ ਜਿਹਾ ਕੋਈ ਵਿਚ ਸੰਸਾਰ ਨਾਹੀਂ।
ਲੋਕੀਂ ਸੁਖਾਂ ਦੇ ਨਾਲ ਅਰਮਾਨ ਕਰਦੇ, ਸਾਡੇ ਜੇਡ ਕੋਈ ਹੋਰ ਲਾਚਾਰ ਨਾਹੀਂ।
ਚੀਨੀਵਾਲਿਆ ਦੇਹ ਦਿਦਾਰ ਆਕੇ, ਛੇਤੀ ਆ ਤੇ ਲਾ ਹੁਣ ਲਾਰ ਨਾਹੀਂ।
ਮੰਗਲਵਾਰ— ਮੰਗਲ ਮੰਗਤਾ ਤੇਰੇ ਦੁਆਰ ਉਤੇ, ਖੜਾ ਮੰਗਦਾ ਦੇ ਦਿਦਾਰ ਪੀਆ।
ਸੋਹਣਾ ਛਡਕੇ ਦੇਸ਼ ਪੰਜਾਬ ਤਾਂਈਂ, ਤੁਰ ਗਏ ਸਮੁੰਦਰੋਂ ਪਾਰ ਪੀਆ।
ਤਾਕਤ ਰਹੀ ਨ ਬੈਠ ਕੇ ਉਠਨੇ ਦੀ, ਚੜ੍ਹਿਆ ਗਮ ਦਾ ਰਹੇ ਬੁਖਾਰ ਪੀਆ।
ਚੀਨੀਵਾਲਿਆ ਦੇਹ ਦਿਦਾਰ ਆਕੇ, ਸਾਨੂੰ ਛਡਿਆ ਕਿਉਂ ਵਿਸਾਰ ਪੀਆ।
ਬੁਧਵਾਰ— ਬੁਧ ਸੁਧ ਨਾ ਰਹੀ ਸਰੀਰ ਤਾਂਈ, ਹੋ ਗਏ ਹਾਂ ਵਾਂਗ ਸ਼ੁਦਾਈਆਂ ਜੀ।
ਜਿੰਨਾਂ ਪਿਆਰ ਸੀ ਸਤਿਗੁਰੂ ਨਾਲ ਤੇਰੇ, ਏਨਾਂ ਪਿਆਰ ਨਾਂ ਸਕਿਆਂ ਭਾਈਆਂ ਜੀ।
ਦਸੋ ਪੀਆ ਦਾ ਪਤਾ ਨਿਮਾਨੜੇ ਨੂੰ, ਫਿਰਾਂ ਪੁਛਦਾ ਜਾਂਦੜੇ ਰਾਹੀਆਂ ਜੀ।
ਚੀਨੀ ਵਾਲਿਆ ਦੇ ਦਿਦਾਰ ਆਕੇ, ਢਿਲਾਂ ਕਾਸ ਨੂੰ ਏਨੀਆਂ ਲਾਈਆਂ ਜੀ।
ਵੀਰਵਾਰ— ਵੀਰਵਾਰ ਵਿਸਾਰ ਕੇ ਅਸਾਂ ਤਾਂਈਂ, ਕਿਥੇ ਜਾ ਸਮਾਧੀਆਂ ਲਾਈਆਂ ਨੀ।
ਜਿਨ੍ਹਾਂ ਵਾਸਤੇ ਟੁਰ ਪ੍ਰਦੇਸ ਗਏ, ਉਹ ਯਾਦ ਕਰੇਂਦੀਆਂ ਗਾਂਈਆਂ ਨੀ।
ਬੇ ਪ੍ਰਵਾਹ ਹੋ ਬੇਪ੍ਰਵਾਹੀ ਕੀਤੀ, ਕੋਈ ਚਿਠੀਆਂ ਪਿਛੂੰ ਨ ਪਾਈਆਂ ਨੀ।
ਚੀਨੀਵਾਲਿਆ ਸਾਨੂੰ ਵਿਸਾਰਕੇ ਤੇ,ਕਿਥੇ ਜਾ ਮੁਹਬਤਾਂ ਪਾਈਆਂ ਨੀ।
ਸੁਕਰਵਾਰ— ਸ਼ੁਕਰ ਸੁਖ ਦਾ ਤਾਂ ਬਤੀਤ ਹੋਵੇ, ਪੀਆ ਦੇਂ ਜੇ ਆਣ ਦਿਦਾਰ ਸਾਨੂੰ।
ਕਹਿ ਗਿਆ ਸੀ ਪਰਤ ਕੇ ਫੇਰ ਆਵਾਂ, ਜਾਣ ਲਗਿਆਂ ਲਾ ਗਿਆ ਲਾਰ ਸਾਨੂੰ।
ਰਾਤੀਂ ਨੀਂਦ ਨ ਆਂਵਦੀ ਸੁਤਿਆਂ ਨੂੰ, ਦਿਨੇ ਸੁਝਦਾ ਨਹੀਂ ਕਾਰੋਬਾਰ ਸਾਨੂੰ।
ਚਿਤ ਚਾਂਹਵਦਾ ਹੈ ਮਰ ਜਾਵਣੇ ਨੂੰ, ਮੰਗਾਂ ਮੌਤ ਜੇ ਮਿਲੇ ਹੁਦਾਰ ਸਾਨੂੰ।
ਛਨਿਛਰਵਾਰ— ਛਨੀ ਵਾਰ ਵਿਹਾਰ ਨ ਸੁਝਦਾ ਏ, ਲਗੀਆਂ ਚਿਤ ਨੂੰ ਬਹੁਤ ਉਦਾਸੀਆਂ ਨੇ।
ਅਜੇ ਹੋਏ ਨਹੀਂ ਪੂਰੇ ਇਕਰਾਰ ਤੇਰੇ, ਲੰਘ ਚਲੀਆਂ ਕਈ ਵਿਸਾਖੀਆਂ ਨੇ।
ਪਾਟੇ ਕਪੜੇ ਤੇ ਖੁਲੇ ਕੇਸ ਸਾਡੇ, ਸਾਨੂੰ ਲੋਕ ਪਏ ਕਰਦੇ ਹਾਸੀਆਂ ਨੇ।
ਚੀਨੀ ਵਾਲਿਆ ਤੇਰੇ ਦਿਦਾਰ ਬਾਝੋਂ,ਨਹੀਂ ਹੁੰਦੀਆਂ ਬੰਦ ਖਲਾਸੀਆਂ ਨੇ।

Namdhari Elibrary NamdhariElibrary@gmail.com

ਚੇਤਰ– ਚੇਤਰ ਚਿੰਤਾ ਸਤਿਗੁਰੂ ਵਾਲੀ,
ਪੀਆ ਗਏ ਪ੍ਰਦੇਸ।
ਜੋਗਣ ਬਣਕੇ ਢੂੰਡਣ ਜਾਵਾਂ,
ਕਰਕੇ ਭਗਵਾ ਭੇਸ।
ਲੋਕਾਂ ਹਾਰ ਸ਼ਿੰਗਾਰ ਲਗਾਏ,
ਸਾਡੇ ਖੁਲੇ ਕੇਸ।
ਚੀਨੀਵਾਲੇ ਸਤਿਗੁਰ ਬਾਝੋਂ,
ਸੁੰਞਾ ਹੋਇਆ ਦੇਸ।
ਵੈਸਾਖ– ਵੈਸਾਖ ਵਿਸਾਰ ਗਿਆ ਗੁਰ ਸਾਨੂੰ
ਖਬਰ ਨਾ ਘਲੀ ਕੋਈ।
ਐਸੀ ਹੋਰ ਕਰੇਂ ਕੀ ਰੱਬਾ,
ਜੋ ਸਾਡੇ ਨਾਲ ਹੋਈ।
ਦੁਸ਼ਮਨ ਹੋਇਆ ਦੇਸ਼ ਅਸਾਡਾ,
ਸੱਜਣ ਰਿਹਾ ਨਾ ਕੋਈ।
ਚੀਨੀਵਾਲੇ ਸਤਿਗੁਰ ਬਾਝੋਂ,
ਕਿਹੜਾ ਦੇਵੇ ਢੋਈ।
ਜੇਠ– ਚੜ੍ਹਿਆ ਜੇਠ ਜੁਦਾਈ ਵਾਲਾ,
ਬ੍ਰਿਹੋਂ ਮਾਰ ਮੁਕਾਇਆ।
ਵਿਚ ਉਡੀਕ ਉਮਰ ਗੁਜ਼ਰ ਗਈ,
ਅਜੇ ਪੀਆ ਨਹੀਂ ਆਇਆ।
ਦੇਵਾਂ ਦੋਸ਼ ਕਿਸੇ ਨੂੰ ਕਾਹਦਾ,
ਮਿਲਿਆ ਲੇਖ ਲਿਖਾਇਆ।
ਤੀਰ ਵਿਛੋੜੇ ਵਾਲਾ ਸਤਿਗੁਰੂ,
ਵਿਚ ਕਲੇਜੇ ਲਾਇਆ।
ਹਾੜ– ਹਾੜ ਹਾਲ ਸੁਣਾਵਾਂ ਕਿਨੂੰ,
ਕਿਹੜਾ ਹੋਵੇ ਦਰਦੀ।
ਬਾਝ ਤੁਹਾਡੇ ਕਿਸਨੂੰ ਦਸਾਂ,
ਜੋ ਸਾਡੇ ਨਾਲ ਵਰਤੀ।
ਲਿਖੀ ਧੁਰ ਤਕਦੀਰੋਂ ਜਿਹੜੀ,
ਉਹ ਨਹੀਂ ਰਹਿੰਦੀ ਵਰਜੀ।
ਚੀਨੀ ਵਾਲੇ ਸਤਿਗੁਰ ਬਾਝੋਂ,
ਕੋਣ ਕਰੇ ਹਮਦਰਦੀ।
ਸਾਵਣ– ਚੜ੍ਹਦੇ ਸਾਵਣ ਮੀਂਹ ਵਰਸਾਵਣ,
ਸਈਆਂ ਪੀਘਾਂ ਪਾਈਆਂ।
ਰਲਕੇ ਸਭੇਂ ਖੁਸ਼ੀ ਮਨਾਵਣ,
ਸਾਡੇ ਦਿਲ ਨਹੀਂ ਭਾਈਆਂ।
ਕਾਂਗ ਉਡਾਵਾਂ ਔਸੀਆਂ ਪਾਵਾਂ,
ਆ ਦੇਸ਼ ਦਿਆ ਸਾਈਆਂ।
ਹਥੀਂ ਜੋ ਬਗੀਚਾ ਲਾਇਆ,
ਕਲੀਆਂ ਉਹ ਕਮਲਾਈਆਂ।
ਭਾਦਰੋਂ– ਭਾਦਰੋਂ ਭਾਰ ਉਤਾਰੋ ਆ ਕੇ,
ਭਾਰਤ ਇਸ ਨਿਮਾਣੀ ਦਾ।
ਬਾਝ ਤੁਹਾਡੇ ਕਿਹੜਾ ਦਰਦੀ,
ਗਊ ਗਰੀਬ ਇਆਣੀ ਦਾ।
ਰਾਜੇ ਵਾਂਗ ਕਸਾਈਆਂ ਹੋ ਗਏ,
ਟੁੱਟਾ ਮਾਨ ਨਿਤਾਣੀ ਦਾ।
ਦੁੱਖ ਦੂਜੇ ਦੀ ਸਾਰ ਨ ਹੁੰਦੀ,
ਤਨ ਲਗੇ ਤੇ ਜਾਣੀ ਦਾ।
ਅਸੂ– ਅਸੂ ਆਸ ਪੁਜਾਵੋ ਆ ਕੇ,
ਲਗੀ ਬਹੁਤ ਉਦਾਸੀ।
ਰਾਜੇ ਜਨਕ ਦੇ ਵਾਂਗਰ ਆਕੇ,
ਕਰ ਦਿਓ ਬੰਦ ਖਲਾਸੀ।
ਇਕ ਵਾਰ ਜੇ ਦਰਸ ਦਿਖਾਵੋ,
ਕੱਟੀ ਜਾਏ ਚੁਰਾਸੀ।
ਸਤਿਗੁਰੂ ਬਾਝੋਂ ਸ਼ਾਂਤ ਨਾਂ ਆਵੇ,
ਮੱਛੀ ਜਿਵੇਂ ਪਿਆਸੀ।
ਕਤਕ– ਕੱਤੇ ਕਰਮ ਜਾਂ ਹੋਵਨ ਮਾੜੇ,
ਤਾਂ ਵਿਛੋੜੇ ਪੈਂਦੇ।
ਪੀਆ ਗਏ ਪ੍ਰਦੇਸ ਜਿਨ੍ਹਾਂ ਦੇ,
ਨਾਲ ਸੁਖਾਂ ਨਹੀਂ ਬਹਿੰਦੇ।
ਖਾਣਾ ਪੀਣਾ ਕੁਝ ਨਾਂ ਸੁਝੇ,
ਵਾਂਗ ਬੀਮਾਰਾਂ ਰਹਿੰਦੇ।
ਚੀਨੀ ਵਾਲਾ ਮਿਲੇ ਜੇ ਸਤਿਗੁਰ,
ਮੁਖੋਂ ਹਰਦਮ ਕਹਿੰਦੇ।
ਮੱਘਰ– ਮੱਘਰ ਮਾਰ ਰਹੀ ਹੁਣ ਸਾਨੂੰ,
ਛੇਤੀ ਦਰਸ ਦਿਖਾਵੋ।
ਦੁਨੀਆਂ ਸਾਰੀ ਡੋਲ ਖਲੋਤੀ,
ਧੀਰਜ ਆਣ ਧਰਾਵੋ।

Namdhari Elibrary NamdhariElibrary@gmail.com

ਬੇਮੁਖੀ ਬੇ ਸਿਦਕੀ ਪਾਸੋਂ,
ਸਾਨੂੰ ਆਣ ਬਚਾਵੇਂ।
ਤੁੜਦੀ ਜਾਂਦੀ ਬੇੜੀ ਤਾਂਈ,
ਆਕੇ ਬੰਨੇ ਲਾਵੇਂ।
ਪੋਹ:- ਚੜ੍ਹਦੇ ਪੋਹ ਪਿਆਰ ਤੇਰੇ ਨੇ,
ਕੀਤੀ ਬਹੁਤ ਲਚਾਰੀ।
ਚੀਰੇ ਜਿਗਰ ਵਿਛੋੜਾ ਹਰਦਮ,
ਜਿਉਂ ਲਕੜ ਨੂੰ ਆਰੀ।
ਸੁੱਕੀ ਰੱਤ ਸਰੀਰੋਂ ਸਾਰੀ,
ਲਗੀ ਸਖਤ ਬੀਮਾਰੀ।
ਦਰਸ਼ਨ ਤੇਰਾ ਅਸਲ ਦਵਾਈ,
ਹੋਰ ਨਹੀਂ ਕੋਈ ਕਾਰੀ।
ਮਾਘ:-ਚੜ੍ਹਦੇ ਮਾਘ ਮੈਂ ਕਿਸ ਨੂੰ ਦਸਾਂ,
ਜੋ ਸਾਡੇ ਨਾਲ ਬੀਤੀ।
ਆਪਣਾ ਜ਼ੋਰ ਲਗਾਇਆ ਸਭਨਾਂ,
ਘਟ ਕਿਸੇ ਨਹੀਂ ਕੀਤੀ।
ਜੀਆਂ ਖਾਤਰ ਦੁਖ ਉਠਾਣਾ,
ਇਹ ਸਤਿਗੁਰੂ ਦੀ ਰੀਤੀ।
ਪੰਜਵੇਂ ਨਾਵੇਂ ਦਸਵੇਂ ਵਾਲੀ,
ਬਾਹਰਵੇਂ ਗੁਰ ਫੜ ਲੀਤੀ।
ਫੱਗਣ:-ਚੜ੍ਹਦੇ ਫੱਗਣ ਫਿਕਰਾਂ ਅੰਦਰ,
ਗਿਆਰਾਂ ਮਾਹ ਗੁਜ਼ਾਰੇ।
ਨਾਲ ਦੁੱਖਾਂ ਦੇ ਦਿਨ ਲੰਘਾਵਾਂ,
ਰਾਤਾਂ ਗਿਣ ਗਿਣ ਤਾਰੇ।
ਲੋਕੀ ਸਾਨੂੰ ਦੇਵਨ ਤਾਨ੍ਹੇ,
ਜਾਂਦੇ ਨਹੀਂ ਸਹਾਰੇ।
ਦੇਹੁ ਦਰਸ਼ਨ ਗੁਰ ਚੀਨੀ ਵਾਲੇ,
ਦੁਖ ਮਿਟਾ ਦੇ ਸਾਰੇ।

—o—

ਮਲੇਰ ਕੋਟਲੇ ਦੇ ਸ਼ਹੀਦਾਂ ਦੀ ਯਾਦ ਵਿਚ

[ਮਾਸਟਰ ਕਰਤਾਰ ਸਿੰਘ "ਪੰਛੀ" ਮਲੇਰ ਕੋਟਲਾ

ਦੇਸ਼ ਕੌਮ ਦੇ ਵਾਸਤੇ, ਵਾਰ ਗਏ ਜੋ ਜਾਨ। ਅੱਜ ਉਨਾਂ ਦੀ ਰਾਖ ਦੀ, ਹੋ ਰਹੀ ਉੱਚੀ ਸ਼ਾਨ।
ਉਹ ਤਾਂ ਰਹਿੰਦੇ ਜੱਗ ਤੇ, ਬਣਕੇ ਇਕ ਮਹਿਮਾਨ। ਰਾਖਾ ਹੁੰਦਾ ਉਨ੍ਹਾਂ ਦਾ, ਸਦਾ ਲਈ ਭਗਵਾਨ।
ਗਊ ਗ੍ਰੀਬ ਬਚਾਣ ਲਈ, ਹੋ ਜਾਂਦੇ ਕੁਰਬਾਨ। ਤਾਂ ਹੀ ਹੰਝੂ ਕੇਰਦਾ ਕਈ ਵਾਰ ਅਸਮਾਨ।
ਉਹ ਤਾਂ ਐਵੇਂ ਰਬ ਹੋ, ਲੈਂਦੇ ਇਹ ਵਰਦਾਨ। ਮੈਂਤ ਉਭਾਰਨ ਵਾਸਤੇ ਦੇ ਜਾਈਏ ਬਲੀਦਾਨ।
ਉਚੇ ਏਸ ਵਿਚਾਰ ਨੂੰ, ਸਮਝਣ ਨਾ ਧਨਵਾਨ। ਐਪਰ ਕਦਰਾਂ ਪਾ ਰਹੇ, ਨਿਰਛਲ ਜੋ ਗੁਣਵਾਨ।
ਨੀਲੇ ਅੰਬਰ ਹੇਠ ਹੈ, ਉਹਨਾਂ ਲਈ ਮਕਾਨ। ਭਾਵੇਂ ਮਹਿਲੀ ਵਸ ਰਿਹਾ, ਖੁਸ਼ੀਆਂ ਵਿਚ ਜਹਾਨ।
ਅੱਜ ਉਨ੍ਹਾਂ ਦੇ ਕੱਲਰੀਂ, ਪਰਚਮ ਪਏ ਲਹਿਰਾਨ। ਇਹੋ ਹੀ ਬਸ ਉਨ੍ਹਾਂ ਦੇ, ਹਿਸੇ ਵਿਚ ਸਮਾਨ।
ਮਜ਼ਲੂਮਾਂ ਦੇ ਵਾਸਤੇ, ਚੁਕਦੇ ਜੋ ਕ੍ਰਿਪਾਨ। ਇਸ ਧਰਤੀ ਤੇ ਉਨਾਂ ਦੇ ਰਹਿੰਦੇ ਸਦਾ ਨਿਸ਼ਾਨ।
ਸਾਰੇ ਜਗ ਤੋਂ ਉਨ੍ਹਾਂ ਦੀ, ਹੁੰਦੀ ਰੂਹ ਬਲਵਾਨ। ਉਨ੍ਹਾਂ ਨੂੰ ਪਰਵਾਹ ਨਹੀਂ, ਹੋਵੇ ਲਖ ਨੁਕਸਾਨ।
ਉਹ ਤਾਂ ਮੰਨਦੇ ਸਾਹਿਬ ਦਾ, ਇਕ ਉਚਾ ਫੁਰਮਾਨ। ਭਾਵੇਂ ਉਨ੍ਹਾਂ ਸਾਹਮਣੇ, ਹੋਵਣ ਚੜੇ ਤੁਫਾਨ।
ਧੱਕਾ ਉਹਨਾਂ ਨਾਲ ਨੇ, ਕਰਦੇ ਬੇਈਮਾਨ। ਫਿਰ ਵੀ ਸੀਨੇ ਤਾਣਦੇ, ਯੋਧੇ ਸ਼ੇਰ ਜੁਆਨ।
ਉਨ੍ਹਾਂ ਦੀ ਕੀ ਰੀਸ ਹੈ ? ਉਹ ਸਨ ਗੁਣੀ ਨਿਧਾਨ। ਰੱਖ ਤਲੀ ਤੇ ਨਿਤ੍ਰੇ ਸਿਰ ਆਪਣਾ ਦਿਲ-ਜਾਨ।
ਤੋਪਾਂ ਸਾਹਵੇਂ ਡਟ ਗਏ, ਖੜ੍ਹ ਕੇ ਵਿਚ ਮੈਦਾਨ। ਦਾਹੜੀ ਪੁਟੀ ਜ਼ੁਲਮ ਦੀ, ਜ਼ਾਲਿਮ ਬੜਾ ਸ਼ੈਤਾਨ।
ਜਿਸ ਥਾਂ ਮੇਲੇ ਲਗਦੇ, ਸਜਦੇ ਰਹਿਣ ਦੀਵਾਨ। ਪਾਵਨ ਧਰਤੀ ਰਾਂਗਲੀ, ਜਾਣੋਂ ਨਾ ਸ਼ਮਸ਼ਾਨ।
ਹੀਰਾ ਸਿੰਘ ਸੁਦਾਰ ਸੀ, ਹੈ ਸੀ ਚੰਨ ਸਮਾਨ। ਨਾਲ ਓਸਦੇ ਸੂਰਮੇ, ਗੁਰਚਰਨੀ ਪਰਵਾਨ।
ਅੰਗ੍ਰੇਜ਼ਾਂ ਨੂੰ ਡਾਂਟਿਆ, ਆਏ ਵਿਚ ਗੁਮਾਨ। ਰਹਿਣ ਨਹੀਂ ਦੇਣੇ ਦੇਸ਼ ਵਿਚ, ਕਰਦੇ ਰਹੇ ਐਲਾਨ।
'ਪੰਛੀ' ਹੈ ਸਨ ਸੂਰਮੇ, ਸਾਂਭੀ ਧਰਮ ਕਮਾਨ। ਮਾਣ ਜਿਨਾਂ ਤੇ ਕਰ ਰਿਹਾ, ਸਾਰਾ ਹਿੰਦੁਸਤਾਨ।

Namdhari Elibrary NamdhariElibrary@gmail.com

ਕਾਵ ਕਿਆਰੀ

ਸਿੰਗਾਰਾ ਸਿੰਘ 'ਸ਼ਿੰਗਾਰ'
ਸੰਤ ਨਗਰ

ਇਹੋ ਸਾਡੀ ਤੋਪ ਸੱਚੀ, ਗਲ ਜਿਹੜੀ ਮਾਲਾ ਹੈ

ਗੁਰੂ ਜੀ ਨੇ ਪੁਛਿਆ ਸੀ ਲਾਟ ਨੂੰ ਪ੍ਰੇਮ ਨਾਲ, ਸਚੋ ਸੱਚ ਦਸੋ ਕੇਹੜੀ ਗਲ ਨੂੰ ਜੇ ਭਾਲਦੇ।
ਕੇਹੜੀ ਕੇਹੜੀ ਚੀਜ ਜੋ ਪਤਾ ਤੁਸਾਂ ਲੈਵਣਾਂ ਹੈ, ਐਵੇਂ ਕਾਹਨੂੰ ਪੇਓ ਬਹਾਨਿਆਂ ਸੇ ਟਾਲਦੇ।
ਲਾਟ ਜੀ ਬੀਮਾਰੀ ਕੇੜੀ ਗਲ ਦੀ ਜੇ ਲਗੀ ਹੋਈ, ਦੇਵੀਏ ਦਵਾਈ ਕਾਹਨੂੰ ਜ਼ਫਰ ਹੋ ਜਾਲਦੇ।
ਲਾਟ ਹਥ ਜੋੜ ਅੱਗੋਂ ਆਖਦਾ ਗੁਰਾਂ ਦੇ ਤਾਂਈ, ਕੀਤੀ ਸੀ ਸ਼ਕੈਤ ਕਿਸੇ ਤੋਪਾਂ ਗੁਰੂ ਢਾਲਦੇ।
ਵੇਹਦਾਂ ਫਿਰਾਂ ਵਿਚ ਮੈਂ ਤਬੇਲਿਆਂ ਦੇ ਆਇਕੇ ਤੇ,ਕੇਹੜਾ ਕਾਰਖਾਨਾ ਜਿਥੇ ਚੀਜ਼ਾਂ ਨੇ ਬਨਾਂਵਦੇ।
ਰੈਹਕਲੇ ਬੰਦੂਕਾਂ ਤੋਪਾਂ ਬਣੀਆਂ ਨੇ ਕਿੰਨੀਆਂ ਕੁ, ਇਕ ਇਕ ਤੋਪ ਵਿਚ ਗੋਲੇ ਕਿਨੇ ਪਾਂਵਦੇ।
ਫਿਰਦਾ ਹਾਂ ਭਾਲਦਾ ਨਾ ਆਂਵਦੀ ਨਜ਼ਰ ਕੋਈ, ਕਿਥੇ ਪਈਆਂ ਤੋਪਾਂ ਅਤੇ ਕਿਵੇਂ ਨੇ ਚਲਾਂਵਦੇ;
ਸ੍ਰੀ ਮਹਾਰਾਜ ਅਗੋਂ ਬੋਲਦੇ ਨੇ ਹਸਕੇ ਤੇ, ਆਓ ਲਾਟ ਸਾਹਬ ਆਓ ਅਸੀਂ ਹਾਂ ਬਤਾਂਵਦੇ।
ਕੂੜ ਤੇ ਕਪਟ ਛਲ ਸੰਦੀ ਨਾ ਲੋੜ ਸਾਨੂੰ, ਹਰਫ ਹਰਫ ਬੋਲ ਸਾਰਾ ਸੱਚ ਜੋ ਸੁਨਾਂਵਦਾ।
ਸਾਡੇ ਕਾਰਖਾਨੇ ਦਾ ਕੀ ਪਤਾ ਕਿਸੇ ਤਾਂਈ ਲਗੇ, ਹੋਵੇ ਇੰਤਜ਼ਾਮ ਫੇਰ ਕੌਣ ਭੇਦ ਪਾਂਵਦਾ।
ਚੜੀ ਰਹਿੰਦੀ ਭੱਠੀ ਬੰਦ ਕਦੀ ਵੀ ਨਾਂ ਹੋਂਵਦੀ, ਲਗਾਤਾਰ ਦਿਨੇ ਰਾਤ ਇੰਜਣ ਘੁਕਾਂਵਦਾ।
ਸ਼ਾਂਤ ਰੂਪੀ ਭੱਠੀ ਤੇ ਵਰਾਗ ਰੂਪੀ ਕਿਲੇ ਵਿਚ, ਗਿਆਨ ਤੇ ਬਬੇਕ ਰੂਪੀ ਅਗ ਹੇਠ ਲਾਂਵਦਾ।
ਤੋਪਾਂ ਸੰਦੇ ਪੁਰ ਪੁਰ ਉਤੇ ਲਾਈ ਜਾਵਨੇ ਹਾਂ, ਸ੍ਵਾਸ ਸ੍ਵਾਸ ਬੈਠਕੇ ਮਸੀ ਹਾਂ ਚਲਾਂਵਦਾ।
ਇਕ ਸੌ ਤੇ ਅੱਠ ਤੋਪ ਬਣੇ ਇਕ ਪੂਰ ਵਿਚ ਇਕ ਸੌ ਤੇ ਅੱਠ ਗੋਲਾ ਇਕ ਵਿਚ ਆਂਵਦਾ।
ਇਕ ਵੈਰੀ ਰੱਖਕੇ ਨਸ਼ਾਨਾ ਜਿਥੇ ਮਾਰੀਏ ਚਾ, ਜੇਹੀ ਫਤੇ ਹੁੰਦੀ ਫੇਰ ਕੋਈ ਨਾ ਸਤਾਂਵਦਾ।
ਫੇਰ ਲਾਟ ਬੋਲਦਾ ਪ੍ਰੇਮ ਨਾਲ ਗੁਰਾਂ ਅੱਗੇ, ਵਾਹ ਸਚੇ ਸਾਂਈ ਉਹ ਵੇਖਣਾ ਮੈਂ ਚਾਂਹਵਦਾ।
ਪਾਪ ਅਪਰਾਧ ਵਾਲਾ ਕਰਨਾ ਹੈ ਨਾਸ ਅਸਾਂ, ਧਰਮ ਚਲੌਣਾ ਜੱਗ ਕਰਨਾ ਉਜਾਲਾ ਹੈ।
ਕਲਾ ਤੇ ਕਲੇਸ਼ ਮੈਂ ਹਟਾਂਵਣਾ ਜਹਾਨ ਵਿਚੋਂ, ਅਤੇ ਹਿੰਦੁਵਾਨ ਉਤੋਂ ਲ੍ਹਾਵਣਾ ਜੋ ਪਾਲਾ ਹੈ।
ਸਾਰੀ ਜੋ ਸਰਿਸ਼ਟੀ ਦੇ ਕਸ਼ਟ ਨਵਾਰਨੇ ਨੇ, ਸੁਖੀ ਦੇਣਾ ਕਰ ਅੱਗੇ ਜਿਨਾਂ ਦੁਖ ਜਾਲਾ ਹੈ।
ਆਹੋ ਜੋ ਤੋਪ ਸਾਡੀ ਜਿਹੜੀ ਘੁੰਮ ਘਾਰ ਘੱਤੇ, ਏ ਜੇ ਸਚੀ ਸੁੱਚੀ ਪਈ ਗਲ ਸਾਡੇ ਮਾਲਾ ਹੈ।

Namdhari Elibrary NamdhariElibrary@gmail.com

ਧਰਮ ਪ੍ਰਚਾਰ ਕਰ ਪਾਪ ਪ੍ਰਹਾਰ ਕਰ, ਦੁਸ਼ਟ ਸੰਘਾਰ ਪੰਥ ਕਰਨਾ ਨਰਾਲਾ ਹੈ।
ਛੁਰੀਆਂ ਬੰਦੂਕਾਂ ਤੋਪਾਂ ਵਾਲੀ ਹੈ ਨਾ ਲੋੜ ਸਾਨੂੰ, ਏਹੋ ਸੱਚੀ ਤੋਪ ਅਤੇ ਏਨੂੰ ਅਸਾਂ ਭਾਲਾ ਹੈ।
ਨਾਮ ਰੂਪ ਬਿੰਬ ਨਾਲ ਧੋਣਾਂ ਅਸਾਂ ਆਪ ਹੱਥੀਂ, ਹਿੰਦ ਚਿਟੀ ਚਾਦਰ ਨੂੰ ਜੁ ਲਗਾ ਦਾਗ ਕਾਲਾ ਹੈ।
ਏਹਦਾ ਫੇਰ ਬਿਰਥਾ ਨਾ ਜਾਂਦਾ ਸ਼ਿੰਗਾਰਾ ਸਿੰਘਾ, ਏਹੋ ਸਾਡੀ ਤੋਪ ਸਚੀ ਗਲ ਜਿਹੜੀ ਮਾਲਾ ਹੈ।

"ਪ੍ਰੀਤਮ" ਆਹ ! ਮਾਲਾ ਹੈ

[ਸੇਠ ਗੁਰਬਖਸ਼ ਸਿੰਘ ਜੀ "ਪ੍ਰੀਤਮ"

ਵੇਖਿਆ ਪ੍ਰਤਾਪ ਜਦੋਂ ਨਿਹੰਗਾਂ ਤੇ ਪੁਜਾਰੀਆਂ ਨੇ,
ਵਿਚੋਂ ਵਿਚੀ ਦਿਲਾਂ ਦੇ ਕਬਾਬ ਵਾਂਗੂ ਭੁੰਨੇ ਗਏ।
ਜਿਥੇ ਜਿਥੇ ਗਏ ਗੁਰ ਧਾਮ ਦੇ ਦੀਦਾਰ ਲਈ,
ਵੇਖ ਵੇਖ ਸ਼ਾਨ ਹੁੰਦੇ ਅਖੀਆਂ ਤੋਂ ਚੁੰਨੇ ਗਏ।
ਅਨੰਦਪੁਰ ਵਾਸੀਆਂ ਨੇ ਸੁਣ ਗੁਰ ਆ ਰਹੇ ਨੇ,
ਸ਼ਹਿਰ ਹੁਸ਼ਿਆਰ ਪੁਰ ਵਾਹੋ ਦਾਹੀ ਭੰਨੇ ਗਏ।
ਡੀ. ਸੀ. ਕੋਲ ਹਥ ਜੋੜ ਗੋਡਿਆਂ ਦੇ ਭਾਰ ਹੋਕੇ,
ਕੇਰ ਹੰਝੂ ਜਾਰ ਜਾਰ ਛਮ ਛਮ ਰੁੰਨੇ ਗਏ।
ਵਾਲੀ ਦੋ ਜਹਾਨ ਵਾਲਾ ਚੀਨੀ ਤੇ ਅਸਵਾਰ ਹੋਕੇ, ਸਿਖ ਲੈ ਹਜ਼ਾਰ ਸੱਠ ਆ ਰਿਹਾ ਅਨੰਦਪੁਰ।
ਢਾਲ ਤਲਵਾਰ, ਤੋਪ ਨੇਜੇ ਲੈ ਸਮਾਨ ਜੰਗ, ਜਿੱਤਨੇ ਅਨੰਦ ਗੜ੍ਹ ਔਂਦਾ ਦਸਮੇਸ਼ ਗੁਰ।
ਓਹੀ ਜੋਤ ਓਹੀ ਰੂਪ ਧਾਰ ਅਵਤਾਰ ਆਈ, ਦੁਖੜੇ ਨਿਵਾਰਨੇ ਸੁਧਾਰਨੇ ਪੰਜਾਬ ਨੂੰ।
ਚਾਂਹਵਦਾ ਓਹ ਸਰ ਕਰ ਰਾਜ ਪ੍ਰਬੰਧ ਕਰੇ, ਹਿੰਦੀ ਜੀਵ ਭੁਲਕੇ ਨ ਪਾਵੇ ਕੋ ਅਜਾਬ ਨੂੰ।
ਅਗੇ ਹੀ ਔਰੰਗਜ਼ੇਬ ਬਾਈਧਾਰ ਰਾਜਿਆਂ ਨੂੰ, ਕਰ ਕਰ ਜੁਧ ਪਾ ਦਿਤਾ ਸੀ ਅਜਾਬ ਨੂੰ।
ਹੁਣ ਜੇ ਅਨੰਦ ਗੜ੍ਹ ਓਸਨੇ ਜਿਤ ਲਿਆ, ਫਿਰ ਕਿਸ ਦੇਣਾ ਆਕੇ ਮਾਮਲਾ ਜਨਾਬ ਨੂੰ।
ਤਾਂਤੇ ਤੁਹਾਨੂੰ ਚਾਹੀਦਾ ਏ ਚਲ ਸੰਗ ਜੁਧ ਕਰੋ, ਲੜਾਂਗੇ ਭੀ ਨਾਲ ਅਸੀਂ ਕਰਾਂਗੇ ਨ ਜਰਾ ਢਿਲ।
ਧਾਵਾ ਜਦੋਂ ਬੋਲ ਦਿਤਾ ਫੇਰ ਕੀ ਏ ਜੋਰ ਉਹਦਾ, ਪੈਰ ਨੂੰ ਵਧਾਵੇ ਅਗੇ ਕਿਲੇ ਉਤੇ ਲਾਵੇ ਟਿਲ।
ਡੀ. ਸੀ. ਲਿਖ ਤਾਰ ਝਟ ਭੇਜੀ ਸੀ ਅੰਬਾਲੇ ਵਲ, ਭੇਜ ਦੋ ਗਰੇਡ ਇਕ ਫੌਜ ਤੋਪਾਂ ਤਤ ਛਿਨ।
ਬਾਗੀ ਕਰ ਜਥੇਬੰਦੀ ਆ ਗਏ ਨੇ ਮੋਰਚੇ ਤੇ, ਕਰਨੀ ਨਾ ਢਿਲ ਆਵੇ ਵਾਹੋ ਦਾਹੀ ਤਤ ਛਿਨ।
ਡੀ. ਸੀ. ਛਡ ਫੌਜ ਪਿਛੇ ਨਾਲ ਅੰਗ੍ਰੇਜ਼ ਲੈਕੇ, ਅਗੋਂ ਹੀ ਇਹ ਆਖਿਆ ਜਾ ਸਾਡੀ ਇਕ ਬਿਨੇ ਹੈ।
ਦਸ ਦਿਓ ਤੁਸੀਂ ਹਥਿਆਰ ਕਿਥੇ ਛਡ ਆਏ, ਨੱਪਕੇ ਹੋ ਆਏ ਜਾਂ ਦਿਵਾਰ ਵਿਚ ਚਿਨੇ ਹੈ।
ਹਸ ਕੇ ਜਹਾਨ ਵਾਲੀ ਆਖਿਆ ਮੁਖਾਰਬਿੰਦੋਂ, ਨੇਜਾ ਤਲਵਾਰ ਨਾ ਸ਼ਸਤਰ ਕੋਈ ਢਾਲਾ ਹੈ।
ਤੋਪ ਔ ਤੁਫੰਗ ਨਾਹੀਂ ਤੁਪਕ ਕਟਾਰ ਨਾਹੀਂ, ਬਰਛੀ ਨਾ ਚੱਕਰ ਹੱਥ ਕਿਸੇ ਵਿਚੇ ਭਾਲਾ ਹੈ।
ਤੀਰ ਤੇ ਕਮਾਨ ਹੱਥ ਖੰਡਾ ਕ੍ਰਿਪਾਨ ਨਾਹੀਂ, ਸੂਧੇ ਹੀ ਸਰੂਪ ਸੰਤ ਬੁਢਾ ਕਿਆ ਬਾਲਾ ਹੈ।
ਇਕੋ ਹੈ ਅਚੂਕ ਤੀਰ ਚੀਰ ਜਾਏ ਸਾਤੋਂ ਸਿੰਧ, ਵਿੰਨਕੇ ਆਕਾਸ਼ ਮਾਰੇ 'ਪ੍ਰੀਤਮ' ਆਹ ! ਮਾਲਾ ਹੈ।

Namdhari Elibrary NamdhariElibrary@gmail.com

ਹਿੰਦੁਸਤਾਨ ਅਹਿਸਾਨ ਨਹੀਂ ਭੁਲ ਸਕਦਾ

[ਹਰਭਜਨ ਸਿੰਘ ਰਾਜਾ

ਚੀਨੀ ਵਾਲਿਆਂ ਤੇਰੀਆਂ ਰਹਿਮਤਾਂ ਦਾ, ਪੈ ਨਹੀਂ ਇਨਸਾਨ ਤੋਂ ਮੁਲ ਸਕਦਾ ।
ਜਿਹੜੀ ਦਿਤੀ ਸੀ ਦੇਣ ਪੰਜਾਬੀਆਂ ਨੂੰ, ਤੁਲ ਉਸਦੇ ਕੋਈ ਨਹੀਂ ਤੁਲ ਸਕਦਾ ।
ਜੇ ਨਾ ਕੱਢਦੋਂ ਦੇਸ਼ ਚੋਂ ਗੋਰਿਆਂ ਨੂੰ, ਝੰਡਾ ਕਦੀ ਤਰੰਗਾਂ ਨਾ ਝੁਲ ਸਕਦਾ।
ਪੈਦਾ ਕਰਦੋਂ ਨਾ ਜੇ ਦਲੇਰ ਕੂਕੇ, ਖ਼ੂਨ ਕੋਟਲੇ ਵਿਚ ਨਾ ਡੁਲ ਸਕਦਾ ।
ਭਾਰਤ ਸਦਾ ਦੇ ਲਈ ਗੁਲਾਮ ਰਹਿੰਦਾ, ਦੀਵਾ ਗੋਰੇ ਦਾ ਹੋ ਨਾ ਗੁਲ ਸਕਦਾ ।
ਭਾਰਤ ਵਰਸ਼ ਦਾ ਹਰ ਇਕ ਬਸ਼ਰ ਆਖੇ, ਹਿੰਦੋਸਤਾਨ ਅਹਿਸਾਨ ਨਹੀਂ ਭੁਲ ਸਕਦਾ।

ਦੇਸ਼ ਵਿਚ ਆਜ਼ਾਦੀ ਦਾ ਲਾ ਨਾਅਰਾ, ਭਾਰਤ ਵਰਸ਼ ਦੇ ਭਾਗ ਜਗਾ ਦਿਤੇ ।
ਲਾਹ ਕੇ ਛੱਟ ਗੁਲਾਮੀ ਦੀ ਦੇਸ਼ ਉਤੋਂ, ਚਾਰ ਚੰਨ ਇਸ ਤਾਂਈ ਲਗਾ ਦਿਤੇ।
ਹੱਥ ਵਿਚ ਅਠੋਤਰੀ ਪਕੜ ਮਾਲਾ, ਗੋਰੇ ਸ਼ਾਹੀ ਦੇ ਪੈਰ ਹਲਾ ਦਿਤੇ ।
ਬਾਈਕਾਟ ਅੰਦੋਲਨ ਐਲਾਨ ਤੇਰੇ, ਲੰਦਨ ਤਕ ਸੀ ਥੰਮ ਥੜਕਾ ਦਿਤੇ।
ਹੋਵੇ ਮੇਹਰ ਦੀ ਨਿਗਾ ਜਾਂ ਮੇਹਰਬਾਨ ਦੀ, ਬੂਹਾ ਤਾਂ ਸ੍ਵਰਗਾਂ ਦਾ ਖੁਲ ਸਕਦਾ।
ਮਾਘ ਸੁਦੀ ਬਸੰਤ ਦੀ ਪੰਚਵੀਂ ਦਾ, ਹਿੰਦੁਸਤਾਨ ਅਹਿਸਾਸ ਨਹੀਂ ਭੁਲ ਸਕਦਾ।

ਤੇਰੀ ਕੂਕ ਹਲੂਨਿਆਂ ਸਾਮਰਾਜੀ, ਬਦਲ ਦਿਤੇ ਸੀ ਤੌਰ ਪੰਜਾਬੀਆਂ ਦੇ ।
ਦੇਕੇ ਖੰਡੇ ਦੀ ਪਹੁਲ ਬਲਵਾਨ ਕੀਤੇ, ਲਾਹ ਦਿਤੇ ਸੀ ਨਸ਼ੇ ਸ਼ਰਾਬੀਆਂ ਦੇ।
ਕੱਢਨ ਲਈ ਅੰਗਰੇਜ਼ ਨੂੰ ਦੇਸ਼ ਵਿਚੋਂ, ਜਥੇ ਤਿਆਰ ਕੀਤੇ ਇਨਕਲਾਬੀਆਂ ਦੇ ।
ਫੜਕੇ ਦਾੜੀਓਂ ਕਾਵਨ ਘਸੀਟਿਆ ਜਾਂ, ਫਿਕੇ ਰੰਗ ਪੈ ਗਏ ਕਬਾਬੀਆਂ ਦੇ।
ਦਾਸਤਾਂ ਇਤਿਹਾਸ ਵਿਚ ਸਦਾ ਰਹਿਗੀ, ਕੂਕਾ ਮੌਤ ਦੇ ਨਾਲ ਹੈ ਘੁਲ ਸਕਦਾ ।
ਜਦ ਤਕ ਇਹ ਜਿਮੀ ਅਸਮਾਂ ਰਹਿਸੀ, ਹਿੰਦੋਸਤਾਨ ਅਹਿਸਾਨ ਨਹੀਂ ਭੁਲ ਸਕਦਾ।

ਰੁਤਾਂ ਔਂਦੀਆ ਜਾਂਦੀਆਂ ਰਹਿੰਦੀਆਂ ਨੇ, ਸਾਲ ਬਾਦ ਬਸੰਤ ਆ ਜਾਂਵਦੀ ਏ।
ਰੁਤ ਆਂਵਦੀ ਬਾਗ ਬਗੀਚਿਆਂ ਤੇ, ਐਪਰ ਅਸਾਂ ਨੂੰ ਮੂਲ ਨਾਂ ਭਾਵਦੀ ਏ।
ਤੇਰੇ ਬਾਝ ਅਜ ਚੈਨੋ ਬੇਚੈਨ ਹੋਏ, ਤੇਰੀ ਯਾਦ ਪਈ ਨਿਤ ਸਤਾਂਵਦੀ ਏ।
ਅੱਖਾਂ ਸਾਹਵੇਂ ਜਾਂ ਗੱਡੇ ਦਾ ਸੀਨ ਆਵੇ, ਜਾਨ ਨਿਕਲ ਕਲਬੂਤ ਚੋਂ ਜਾਵਦੀ ਏ।
'ਰਾਜਾ' ਫੇਰ ਬਸੰਤ ਤੇ ਆਏਂ ਜੇਕਰ, ਤਾਂਹੀ ਦਾਗ ਵਿਛੋੜੇ ਦਾ ਧੁਲ ਸਕਦਾ।
ਤੇਰੇ ਪਿਆਰ ਦੇ ਪਏ ਹੋਏ ਪੀਚਿਆ ਦਾ, ਹਿੰਦੋਸਤਾਨ ਅਹਿਸਾਨ ਨਹੀਂ ਭੁਲ ਸਕਦਾ।

[ਵਰਿਆਮ ਸਿੰਘ ਪਿਆਸਾ ਸੰਤ ਨਗਰ

ਭਾਰਤ ਰਹੇਗਾ ਸਦਾ ਕਰਜਾਈ ਤੇਰਾ, ਤੇਰੀ ਦਾਤ ਦਾ ਦੇ ਨਹੀਂ ਮੁਲ ਸਕਦਾ।
ਤੇਰੀ ਮਿਹਰ ਦੀ ਨਿਗਾਹ ਦੇ ਨਾਲ ਦਾਤਾ, ਪੈਮਾ ਨਹੀਂ ਸੰਸਾਰ ਦਾ ਤੁਲ ਸਕਦਾ।
ਜੇ ਨਾਂ ਤੁਸੀਂ ਅੰਗਰੇਜ਼ ਨੂੰ ਕਢਦੇ ਤੇ, ਭਾਰਤ ਕਦੇ ਵੀ ਵਧ ਨਾਂ ਫੁਲ ਸਕਦਾ।
ਹੋ ਸਕਦਾ ਸੀ ਕਿ ਚਿਰਾਂ ਤੀਕਰ, ਭਾਰਤ ਗੋਰੇ ਦੇ ਪੈਰਾਂ ਵਿਚ ਰੁਲ ਸਕਦਾ।
ਹੁੰਦਾ ਗੋਰੇ ਦਾ ਛਾਇਆ ਹਰ ਭਾਰਤੀ ਤੇ, ਭਾਰਤ ਹੋ ਈਸਾਈ ਸੀ ਕੁਲ ਸਕਦਾ।

ਮੇਰੇ ਪ੍ਰੀਤਮਾਂ ਤੇਰਾ ਤੇ ਕਦੀ ਲਈ ਵੀ, ਹਿੰਦੋਸਤਾਨ ਅਹਿਸਾਨ ਨਹੀਂ ਭੁਲ ਸਕਦਾ।
ਮੇਰੇ ਪਿਆਰੇ ਪ੍ਰੀਤਮ ਜੀ ਤੁਸਾਂ ਬਾਝੋਂ, ਦਾਤਾਂ ਕੌਣ ਸੀ ਦੇ ਅਣਮੁਲ ਸਕਦਾ।
ਜਿਹੜੀ ਦਾਤ ਆਜ਼ਾਦੀ ਦੀ ਤੁਸਾਂ ਦਿਤੀ, ਕਰ ਉਸਨੂੰ ਕੌਣ ਅਭੁਲ ਸਕਦਾ।
ਨਵੇਂ ਸਿਰੇ ਸਜਾਉਂਦੇ ਜੇ ਨਾਂ ਸਿਖੀ, ਨਾਮ ਸਿਖੀ ਦਾ ਹੋ ਸੀ ਗੁਲ ਸਕਦਾ।
ਜੇ ਨਾਂ ਬੀਰਤਾ ਸਿਖ਼ਾਂ ਦੀ ਦਿਲੀਂ ਭਰਦੋਂ, ਕੌਣ ਘੋਲ ਅਜ਼ਾਦੀ ਲਈ ਘੁਲ ਸਕਦਾ।
ਸਿਰੋਂ ਭਾਰ ਗੁਲਾਮੀ ਦਾ ਲਥਦਾ ਨਾ, ਨਾਂਹੀ ਝੰਡਾ ਤਿਰੰਗਾ ਸੀ ਝੁਲ ਸਕਦਾ।
ਜਿੰਨਾਂ ਚਿਰ ਇਹ ਰਹੂ ਸੰਸਾਰ ਵਸਦਾ, ਹਿੰਦੋਸਤਾਨ ਅਹਿਸਾਨ ਨਹੀਂ ਭੁਲ ਸਕਦਾ।
ਹਿੰਦ ਦੇਸ਼ ਸਾਡਾ ਵਾਰਸ ਅਸੀਂ ਇਹਦੇ, ਭੈਣੀ ਸਾਹਿਬੋਂ ਅਵਾਜ ਉਠਾ ਦਿਤੀ।
ਬਾਈਕਾਟ ਅੰਗਰੇਜ਼ ਦੇ ਨਾਲ ਕਰਕੇ, ਨਾ ਮਿਲਵਰਤਨ ਦੀ ਲਹਿਰ ਚਲਾ ਦਿਤੀ।
ਦੀਵਾ ਬਾਲਕੇ ਗੋਰੇ ਦੀ ਹਿੱਕ ਉਤੇ, ਉਹਦੇ ਕੰਨੀ ਆਵਾਜ ਪੁਚਾ ਦਿਤੀ।
ਕੀਤੀ ਜਰਾ ਪਰਵਾਹ ਨਾਂ ਗੋਰਿਆਂ ਦੀ, ਨਾਨੀ ਉਹਨਾਂ ਨੂੰ ਯਾਦ ਕਰਵਾ ਦਿਤੀ।
ਉਸ ਵੇਲੇ ਦਾ ਜਿਹੜਾ ਵੀ ਭਾਰਤੀ ਸੀ, ਰਖੀ ਭਾਰਤ ਦੀ ਸ਼ਾਨ ਨਹੀਂ ਭੁਲਾ ਸਕਦਾ।
ਹਰ ਭਾਰਤੀ ਆਪਣੀ ਜਿੰਦਗੀ 'ਚ, ਤੇਰਾ ਕਦੇ ਅਹਿਸਾਨ ਨਹੀਂ ਭੁਲ ਸਕਦਾ।

ਬਹਾਰ ਆ ਗਈ ਏ

ਗਜ਼ਲ

[ਮਾ: ਅਮਰੀਕ ਸਿੰਘ ਅੰਮ੍ਰਿਤਸਰ ਕਲਾਂ

ਤੂੰ ਮੁੜ ਆ ਕਿ ਮੁੜ ਕੇ ਬਹਾਰ ਆ ਗਈ ਏ।
ਕਿ ਕੁਦਰਤ ਨਵਾਂ ਕਰ ਸ਼ੰਗਾਰ ਆ ਗਈ ਏ।
ਚਮਨ ਦਰ ਚਮਨ ਤੇ ਕਲੀ ਦਰ ਕਲੀ ਅਜ, ਖਿੜਨ ਸ਼ਕਤ ਲੈ ਕੇ ਅਪਾਰ ਆ ਗਈ ਏ।
ਖ਼ਿਜ਼ਾਂ ਸ਼ਰਮ ਦੇ ਮਾਰਿਆਂ ਮੂੰਹ ਲੁਕਾਇਆ, ਬਦਲ ਰੁੱਤ-ਰਾਣੀ ਨੁਹਾਰ ਆ ਗਈ ਏ।
ਬਨਸਪਤ ਦੀ ਰਗ ਰਗ ਲਈ ਅੰਗੜਾਈ, ਕਿ ਲੈ ਰੌਣਕਾਂ ਬੇ ਸ਼ੁਮਾਰ ਆ ਗਈ ਏ।
ਜਵਾਨੀ ਦੀ ਰੌਂ ਅਜ ਹੈ ਪਸਰੀ ਚੁਫੇਰੇ, ਕਿ ਮਸਤੀ ਦੀ ਪੈਂਦੀ ਫੁਹਾਰ ਆ ਗਈ ਏ।
ਹੈ ਪੌਣਾਂ ਦੇ ਨੈਣੀ ਨਵੀਂ ਖੁਹੀ ਮਾਰੀ, ਕਿ ਦੁਖ ਸਾਰੀ ਦੁਨੀਆਂ ਵਸਾਰ ਆ ਗਈ ਏ।
ਤੂੰ ਆਵੇਂ ਤਾਂ ਮੈਂ ਵੀ ਬਹਾਰਾਂ ਇਹ ਮਾਣਾਂ, ਤੇਰੇ ਬਿਨ ਮੁਸੀਬਤ ਹਜ਼ਾਰ ਆ ਗਈ ਏ।
ਇਹ ਮਸਤੀ ਇਹ ਰੌਣਕ ਅਤੇ ਰੁੱਤ ਬਸੰਤੀ, ਜਿਵੇਂ ਕਰਨ ਮੈਨੂੰ ਖ਼ੁਆਰ ਆ ਗਈ ਏ।
ਤੇਰੇ ਆਇਆਂ ਬਿਨ ਇਹ ਵੀ ਰਾਨੀ ਦਿਲਾਂ ਦੀ, ਨਵਾਂ ਜਾਪਦੈ ਲੈ ਸ਼ੰਗਾਰ ਆ ਗਈ ਏ।
ਤੂੰ ਆਵੇਂ ਤਾਂ 'ਅਮਰੀਕ' ਵੀ ਫੇਰ ਆਖੇ, ਕਿ ਕਿਸਮਤ ਮੇਰੀ ਮੂੰਹ ਸੁਆਰ ਆ ਗਈ ਏ।

ਅਜ ਦੇ ਦਿਵਸ ਆਇਆ ਸਿਖੀ ਦਾ ਸਹਾਰਾ ਏ

[ਗੁਰਦਿਆਲ ਸਿੰਘ 'ਪ੍ਰੀਤ' ਨਾਈਵਾਲਾ

ਤੇਰੇ ਦਰਬਾਰ ਮੈਂ ਲਾਚਾਰ ਹੋ ਦਾਤਾਰ ਆਈ, ਲਓ ਸਾਰ ਇਕ ਵਾਰ ਲਗਾ ਦੁਖ ਭਾਰਾ ਏ।
ਕਰਾਂ ਅਰਜੋਈ ਦੁਖੀ ਜਿੰਦ ਵਾਲ ਵਾਲ ਹੋਈ, ਦਸਾਂ ਸੋਈ ਆਣ ਰੋਈ ਚਲਦਾ ਨਾ ਚਾਰਾ ਏ।
ਮਿਲੀ ਏ ਗੁਲਾਮੀ ਨਾ ਹਾਮੀ ਨਾ ਸੁਆਮੀ ਕੋਈ, ਗੋਰੇ ਜੋ ਹਰਾਮੀ ਨਾਮੀ ਦਾ ਕਲੇਸ ਸਾਰਾ ਏ।
ਕਰਦੇ ਖਲਾਸ ਏਹੋ ਅਰਦਾਸ ਤੇਰੇ ਪਾਸ, ਅਜ ਦੇ ਦਿਵਸ ਆਇਆ ਸਿਖੀ ਦਾ ਸਹਾਰਾ ਏ।
ਹਿਤ ਦੇਸ਼ ਕਰ ਪੇਸ਼ ਸਰਬੰਸ ਦਸਮੇਸ਼, ਕੀਤਾ ਪਰਵੇਸ਼ ਇਹ ਵਿਸ਼ੇਸ਼ ਰੂਪ ਨਿਆਰਾ ਏ।
ਵਿਸਾਖੀ ਦੇ ਤਿਉਹਾਰ ਵਾਰੋ ਵਾਰ ਨਾਲ ਤਲਵਾਰ, ਮਾਰਕੇ ਕਟਾਰ ਸਾਂਹਵੇ ਸੀਸ ਉਤਾਰਾ ਏ।
ਸਿੰਘ ਸਰਦਾਰ ਗਏ ਵਿਸਾਰ ਤੇਰਾ ਉਪਕਾਰ, ਹਰ 'ਚ ਦਤਾਰ ਹੋਈ ਸਿਖੀ ਬੇਸਹਾਰਾ ਏ।
ਰੋਈ ਨੈਣੀ ਹਿੰਦ ਵੈਣੀ ਸੁਣ ਆਯਾ ਰਾਈਆਂ ਭੈਣੀ,ਅਜ ਦੇ ਦਿਵਸ ਆਇਆ ਸਿਖੀ ਦਾ ਸਹਾਰਾ ਏ।
ਬਸੰਤੇ ਬਹਾਰ ਵੀਰਵਾਰ ਅਵਤਾਰ ਧਾਰ, ਦੁਖਿਆਰ ਦੀ ਹੀ ਸਾਰ ਲਈ ਭਰਿਆ ਹੁੰਗਾਰਾ ਏ।
ਸਾਗਰ ਬਹੁ ਖਾਰਾ ਮੰਝ ਧਾਰਾ ਦਾ ਨਾ ਪਾਰਾਵਾਰਾ, ਪਾਤਨੀ ਸੁਚੇਤ ਸਹਿਜੇ ਲਭਿਆ ਕਿਨਾਰਾ ਏ।
ਜਿਹਨੂੰ ਮੁਸਕਾਨ ਦੇ ਕਮਾਨ 'ਚੋਂ ਹੀ ਬਾਣ ਲਗਾ, ਭੁਲ ਗਿਆ ਆਣ ਜਾਣ ਮਲਿਆਂ ਦਵਾਰਾ ਏ।
ਕਰੇ ਜੋ ਦਿਦਾਰ ਮੂੰਹੋ ਕਹੇ ਧੰਨ ਵਾਰ ਵਾਰ ਅਜ ਦੇ ਦਿਵਸ ਆਇਆਂ ਸਿਖੀ ਦਾ ਸਹਾਰਾ ਏ।
ਗੈਰ ਪਾਈ ਪਾਟ ਲਾਟ ਕੀਤਾ, ਕੀਤਾ ਬਾਈਕਾਟ ਗੁਰ ਛਾਏ ਸਮਰਾਟ ਦੇ ਦਿਮਾਗੋ ਲਾਹਿਆ ਪਾਰਾ ਏ।
ਕਰ ਸੰਗਰਾਮ ਆਮ ਕਢੇ ਗੋਰੇ ਹੀ ਤਮਾਮ ਭੈਣੀ ਗਾਮ ਨਾਮ ਵਿਚੋਂ ਕੂਕੇ ਲਾਇਆ ਨਆਰਾ ਏ।
ਕੋਟਲੇ ਦੇ ਰੜ ਖੜ ਕਿਹਾ ਛਾਤੀ ਗੋਲਾ ਜੜ ਦਾੜੀ ਫੜ ਕਾਵਨ ਦੀ ਦਿਤਾ ਜਾਂ ਹੁਲਾਰਾ ਏ।
ਹੋਕੇ ਹੈਰਾਨ ਮੂੰਹੋ ਕਿਹਾ ਏ ਸ਼ੈਤਾਨ ਬਿਲੇ ਅਜ ਦੇ ਦਿਵਸ ਆਇਆ ਸਿਖੀ ਦਾ ਸਹਾਰਾ ਏ।
ਦੇਸ਼ ਨੂੰ ਹਮੇਸ਼ ਲਈ ਠੇਸ ਹੀ ਪਹੁੰਚਾਉਣ ਲਈ ਲੰਡਨੋ ਵਿਦੇਸ਼ ਆਇਆ ਬਿਲਾ ਹਤਿਆਰਾ ਏ।
ਲਾਲਸਾ ਦੀ ਅੱਗ ਵਗ ਗਈ ਜਾਂ ਚੁਫੇਰੇ ਲਗ ਭੁਲੀ ਦਾਹੜੀ ਪੱਗ ਭੁਲਾ ਭਾਰਤ ਪਿਆਰਾ ਏ।
ਅੰਮ੍ਰਿਤ ਪਾਨ ਮਿਹਰਬਾਨ ਪਰਦਾਨ ਕੀਤਾ ਜ਼ਹਿਰ ਦੇ ਸਮਾਨ ਪੰਜੇ ਪਾਣੀ ਹੋਏ ਖਾਰਾ ਏ।
ਚੀਨੀ ਵਾਲੇ ਪ੍ਰੀਤ ਉਚਾ ਸੁਚਾ ਉਪਦੇਸ ਦਿਤਾ, ਅਜ ਦੇ ਦਿਵਸ ਆਇਆ ਸਿਖੀ ਦਾ ਸਹਾਰਾ ਏ।
ਭੈਣੀ ਵਾਲਾ ਪੀਰ ਹੀਰ ਆਜ਼ਾਦੀ ਲਈ ਫਕੀਰ ਹੋਇਆ, ਛਡਿਆ ਅਖੀਰ ਵੀਰ ਤਖਤ ਹਜ਼ਾਰਾ ਏ।
ਮੋੜੇ ਖੇੜੇ ਜੇਹੜੇ ਆਏ ਸੀ ਸਿਆਲਾਂ ਵਿਹੜੇ, ਝੇੜੇ ਗਏ ਨਿਬੇੜੇ ਨਾ ਤੂੰ ਪਰਤਿਓਂ ਦੁਬਾਰਾ ਏ।
ਕੋਈ ਵੀ ਉਡੀਕ ਦੀ ਤਰੀਖ ਹੀ ਉਲੀਕ ਜਾਵੇਂ, ਕਦੋਂ ਤੀਕ ਹੁੰਦਾ ਤੇਰੇ ਮੁੜਨ ਦਾ ਇਸ਼ਾਰਾ ਏ।
ਪ੍ਰੀਤੂ ਤੇਰੀ ਯਾਦ ਦੇ ਹੀ ਗੀਤ ਰਾਤੀਂ ਦਿਨੇ ਗਾਉਂਦੇ ਅਜ ਦੇ ਦਿਵਸ ਆਇਆ ਸਿਖੀ ਦਾ ਸਹਾਰਾ ਏ।

[ਗੁਰਦੇਵ ਸਿੰਘ ਜੀਵਨ ਨਗਰ (ਕੰਪਾਜ਼ੀਟਰ)

ਦਿਲ ਦੀਵਾਨਾ ਹੋਇਆ ਮਾਹੀ, ਵਿਚ ਵਿਛੋੜੇ ਤੇਰੇ।
ਮਾਰਨ ਮੈਨੂੰ ਮੇਹਣੇ ਹਰਦਮ, ਦੂਤੀ ਚਾਰ ਚੁਫੇਰੇ।
ਮੇਰੇ ਮਹਿਰਮ ਚੀਨੀਵਾਲੇ, ਸਹਿਮ ਹਟਾਦੇ ਆਜਾ;
ਕਲਿਜੁਗ ਦੇ ਵਿਚ ਸਤਿਜੁਗ ਲਾਓ, ਲਾ ਦੇਸ਼ ਵਿਚ ਡੇਰੇ।

ਸੀਨਾ ਸਾੜ ਸੁਟਿਆ ਏ ਖਿੜੀਆਂ ਬਹਾਰਾਂ ਨੇ

[ਜੋਗਿੰਦ੍ਰ ਸਿੰਘ 'ਮੁਕਤਾ' ਮੀਤ ਪ੍ਰਧਾਨ ਨਾਮਧਾਰੀ ਸਾਹਿਤ ਸਭਾ

ਮਨ ਭਾਣੀ ਠੰਢ ਗੰਧ, ਸਾਰਾ ਮੌਲਿਆ ਬ੍ਰਹਿਮੰਡ ਆਈ ਰੁਤ ਗਾਇਆ ਚਿਰਾਂ ਦੇ ਬੀਮਾਰਾਂ ਨੇ।
ਸਵਰਗ ਧਰਤੀ ਰਹੀ ਜਾਪ, ਜ਼ਰੇ ਜ਼ਰੇ ਵਿਚ ਆਪ, ਜਿਧਰ ਵੇਖਾਂ ਉਹਦੇ ਨੂਰ ਤੋੜ ਦਿਤੀਆਂ ਦੀਵਾਰਾਂ ਨੇ।
ਫੁਲ ਫੁਲ ਉਤੇ ਭੌਰ ਆਇਆ ਖੁਸ਼ੀਆਂ ਦਾ ਦੌਰ, ਬੰਦ ਗੁੰਚਿਆਂ ਮੂੰਹ ਖੋਹਲ਼ ਡੋਹਲ ਦਿਤੀਆਂ ਮਹਿਕਾਰਾਂ ਨੇ।
ਸਾਵੇ ਪਤੀਆਂ ਦੇ ਰੰਗ ਚਾਹੜੇ ਅੰਬਰੀਂ ਪਤੰਗ, ਪਹਿਨ ਸਾਵੀ ਪੀਲੀ ਵੰਗ ਕਿਸੇ ਛੇੜੀਆਂ ਸਿਤਾਰਾਂ ਨੇ।
ਜਿਦੇ ਚਾਉ ਨੇ ਬਿਅੰਤ ਆਈ ਰੁਤੜੀ ਬਸੰਤ, ਆਇਆ ਹਾਲੀ ਵੀ ਨਹੀਂ ਕੰਤ ਵਿਚ ਸੀਨੇ ਇੰਤਜਾਰਾਂ ਨੇ।
ਸਾਨੂੰ ਪੀਆ ਦਾ ਵਿਛੋੜਾ ਰਹਿੰਦਾ ਦਿਨ ਰਾਤ ਝੇਰਾ, ਮੇਰਾ ਸੀਨਾਂ ਸਾੜ ਸੁਟਿਆ ਏ ਖਿੜੀਆਂ ਬਹਾਰਾਂ ਨੇ।
ਰਗ ਰਗ ਪਤ ਪਤ ਕਣ ਕਣ ਹਰ ਮਨ, ਕਾਦਰ ਦੀ ਮੇਹਰ ਫੇਰ ਹਰ ਥਾਂ ਸ਼ਿੰਗਾਰਿਆ।
ਫੁਲਾਂ ਨਾਲ ਮਹਿਕ ਰਲ ਵਲ ਹੋਈ ਹਰ ਵਲ, ਲੋਹੜੇ ਦੀ ਜਵਾਨੀ ਨੇ ਸਰੂਰ ਏ ਖਲਾਰਿਆ।
ਸਾਡੇ ਜਜ਼ਬਾਤ ਕੀਤੇ ਘਾਤ ਨੇ ਜੁਦਾਈ ਤੇਰੀ, ਵਿਲੋਂ ਦਿਲਦਾਰ ਯਾਰ ਅਸਾਂ ਨੂੰ ਵਿਸਾਰਿਆ।
ਨੈਣਾਂ ਨਾਲ ਅਤਿ ਕੀਤੀ ਬ੍ਰਿਹੋਂ ਨੇ ਰਤ ਪੀਤੀ, ਨਿਤ ਨਵੇਂ ਵਾਰ ਕਰੇ ਜ਼ਾਲਮ ਨਾ ਹਾਰਿਆ।
ਅੰਗ ਅੰਗ ਛਿੜੀ ਜੰਗ ਪ੍ਰੀਤ ਦੇ ਮੈਦਾਨ ਵਿਚ, ਵਿਨਿਆ ਏ ਦਿਲ ਤਾਂਘ ਤਿਖੀਆਂ ਕਟਾਰਾਂ ਨੇ।
ਆ ਯਾਰ ਝਾਤ ਮਾਰ ਫੋਲ ਕੇ ਵਿਖਾਵਾਂ ਤੈਨੂੰ, ਸੀਨਾਂ ਸਾੜ ਸੁਟਿਆ ਏ ਖਿੜੀਆਂ ਬਹਾਰਾਂ ਨੇ।
ਰੁਣ ਝੁਣ ਸੁਣ ਸੁਣ ਬਦਲਾਂ ਦੀ ਮੋਰ ਨਚੇ, ਧਰਤੀ ਨੂੰ ਸਰਸ਼ਾਰ ਕੀਤਾ ਬਰਸਾਤ ਏ।
ਝਿਲ ਮਿਲ ਤਾਰਿਆਂ ਦੀ ਏਕਤਾ ਪਿਆਰਿਆਂ ਦੀ, ਚਾਨਣੀ ਖਲਾਰੀ ਚੰਦ ਸੁਰ ਹੋਈ ਰਾਤ ਏ।
ਦਿਲ 'ਚ ਦਲੀਲਾਂ ਕਈ ਉਸ ਦਿਲਦਾਰ ਬਿਨਾਂ, ਕਾਹਦਾ ਏ ਜਿਊਣਾਂ ਸਾਡੀ ਸੜ ਗਈ ਬਰਾਤ ਏ।
ਸੁਤਿਆਂ ਕਈ ਖਾਬ ਡਿਠੇ ਬੜੇ ਹੀ ਅਜਾਬ ਡਿਠੇ, ਮੁਕੀ ਰਾਤ ਪਾਈ ਝਾਤ ਨੂਰੀ ਪ੍ਰਭਾਤ ਏ।
ਲਗਦਾ ਨਾ ਜੀਆ ਪੀਆ ਹੋਂਵਦਾ ਨਾ ਹੋਰ ਹੀਆ, ਰੋਮ ਰੋਮ ਡੰਗਿਆ ਵਿਛੋੜੇ ਦੀਆ ਖਾਰਾਂ ਨੇ।
ਚੀਨੀ ਵਾਲੇ ਪੀਆ ਆਓ ਦਰਸ ਦਿਖਾਓ ਹੁਣ, ਸੀਨਾ ਸਾੜ ਸੁਟਿਆ ਏ ਖਿੜੀਆਂ ਬਹਾਰਾਂ ਨੇ।
ਸਦੀ ਪੂਰੀ ਬੀਤ ਗਈ ਏ ਤੇਰੀ ਇੰਤਜਾਰ ਵਿਚ,ਹੱਥ ਵਿਚ ਖਾਲ਼ੀ ਕਾਸਾ ਪਾਇਆ ਪੀਆ ਖੈਰ ਨਾਂ।
ਜਲ ਜਲ ਬਲ ਬਲ ਉਠਦੀਆਂ ਸੀਨੇ ਆਹੀਂ ਮਾਘ ਦਾ ਮਹੀਨਾ ਭਾਵੇਂ ਜੇਠ ਦੀ ਦੁਪੈਹਿਰ ਨਾਂ।
ਪਲ ਪਲ ਸੀਨੇ ਸ਼ਲ ਰੜਕਦੀ ਜੁਦਾਈ ਤੇਰੀ, ਜਿੰਦਗੀ ਦੇ ਮੋੜ ਆਉਣ ਤੁਸਾਂ ਦੇ ਬਗੈਰ ਨਾਂ।
ਗੁਰੂ ਪ੍ਰਤਾਪ ਵੀ ਛਡਾਇਆ ਪੱਲਾ ਚਾਨ ਚੱਕ, ਸਾਡੇ ਨਾਲ ਹੋਣੀਆਂ ਕਮਾਇਆ ਕੇਹੜਾ ਕਹਿਰ ਨਾ।
ਮੁਕ ਜਾਂਦੀ ਆਸ ਤੇ ਦੀਦਾਰ ਦੀ ਨਾ ਝਾਕ, ਰਹਿੰਦੀ ਕੀਤਾ ਏ ਖੁਵਾਰ ਮਾਹੀ ਤੇਰਿਆਂ ਕਰਾਰਾਂ ਨਾ।
ਮੁਕਤਾ ਬੇਸ਼ਕ ਜਗ ਮੌਜਾਂ ਮਾਣੇ ਪਰ ਸਾਡਾ, ਸੀਨਾ ਸਾੜ ਸੁਟਿਆ ਏ ਖਿੜੀਆਂ ਬਹਾਰਾਂ ਨੇ!

[ਸੁਰਜੀਤ ਸਿੰਘ 'ਮਸ਼ੀਨਮੈਨ'

ਨ ਔਂਦਾ ਨ ਜਾਂਦਾ ਕੋਈ ਜਿਥੇ ਪ੍ਰੀਤਮ ਵਸਦਾ।
ਐਸੇ ਥਾਂ ਤੇ ਬੈਠਾ ਜਾਕੇ ਜਿਹੜਾ ਕੋਈ ਨ ਦਸਦਾ।
ਬਣਿਆਂ ਉਹ ਨਿਰਮੋਹ ਵਧੇਰਾ ਦੇਕੇ ਔਣ ਦਾ ਲਾਰਾ।
ਕਿਵੇਂ 'ਸੁਰਜੀਤ' ਪਿਛਾ ਛਡਾਵਾਂ ਬ੍ਰਿਹੋਂ ਨਾਗ ਜੋ ਡਸਦਾ।



ਸੰਤ ਹਜ਼ੂਰਾ ਸਿੰਘ ਜੀ ਭੂਰੀ ਵਾਲੇ, ਚਕਦੇਸਰਾਜ (ਜਲੰਧਰ) ਸੰਤ ਜੀ ਦੇ ਸਜੇ ਪਾਸੇ ਮਹੰਤ ਇੰਦਰ ਸਿੰਘ ਜੀ, ਚੁਗਾਵਾਂ ਝੋਰ (ਅਮ੍ਰਿਤਸਰ) ਬੈਠੇ ਹਨ। ਆਪ ਸੰਤ ਅਤਰ ਸਿੰਘ ਜਥੇਦਾਰ ਨਾਲ ਢੋਲਕੀ ਵਜੌਂਦੇ ਸਨ ਇਕਵਾਰੀ ਆਪਨੇ ਇਕੋ ਆਸਣ ਅਠ ਪਹਿਰ ਢੋਲਕੀ ਵਜ਼ੌਣ ਦੀ ਸੇਵਾ ਕੀਤੀ।

Namdhari Elibrary NamdhariElibrary@gmail.com



ਸਹੇਵੇ ਸਾਹਿਬ ਪੰਜ ਸੌ ਅਖੰਡ ਪਾਠਾਂ ਦੀ ਸਮਾਪਤੀ ਦੇ ਮੇਲੇ ਤੇ
ਨਾਮਧਾਰੀ ਪੰਥ ਦੇ ਪ੍ਰਮੁਖ ਵਿਦਵਾਨ ਲੇਖਕ ਅਤੇ ਪ੍ਰਚਾਰਕ
ਸੰਤ ਨਿਧਾਨ ਸਿੰਘ ਜੀ ਆਲਿਮ, ਸੰਤ ਦਰਸ਼ਨ ਸਿੰਘ ਜੀ, ਸੰਤ ਖਜਾਨ
ਸਿੰਘ ਜੀ ਹਜੂਰੀ ਰਾਗੀਆਂ ਨਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ
ਹਾਜਰੀ ਵਿਚ ਕੀਰਤਨ ਕਰਦੇ ਹੋਏ ।

ਸਹੇਵੇ ਸਾਹਿਬ ਪੰਜ ਸੌ ਅਖੰਡ ਪਾਠਾ ਦਾ ਸਮਾਪਤੀ ਦੇ ਮੇਲੇ ਤੇ
ਸੰਤ ਹਜੂਰਾ ਸਿੰਘ ਰਾਗੀ (ਇਨ੍ਹਾਂ ਦੇ ਪਿਤਾ ਭਾਇਆ ਕ੍ਰਪਾਲ ਸਿੰਘ ਜੀ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹਜੂਰੀ ਰਾਗੀ ਸਨ ਅਤੇ ਰੰਗੂਨ
ਜਾਕੇ ਦਰਸ਼ਨ ਭੀ ਕਰਕੇ ਆਏ ਸਨ) ਖਜਾਨ ਸਿੰਘ, ਪਾਲ ਸਿੰਘ
ਦਰਸ਼ਨ ਸਿੰਘ ਜੀ ਰਾਗੀ, ਪੰਡਤ ਚੌਂਤਾ ਰਾਮ, ਦਿਆਲ ਸਿੰਘ ਰਾਗੀ ।

ਸ੍ਰੀ ਭੈਣੀ ਸਾਹਿਬ ਬੰਦੀਖਾਨੇ ਦੇ ਰੂਪ ਵਿਚ

[ਆਤਮਾ ਸਿੰਘ ਸਨਖਤ੍ਰਵੀ

ਭੈਣੀ ਆਲਾ ਜਾਂ ਭੈਣੀ ਰਾਈਆਂ ਨਾਮ ਦਾ ਉਹ ਪਿੰਡ ਜਿਸਨੂੰ ਸਿਵਾਏ ਨੇੜੇ ਤੇੜੇ ਦੇ ਨਗਰਾਂ ਤੋਂ ਸ਼ਾਇਦ ਹੀ ਕੋਈ ਆਦਮੀ ਜਾਣਦਾ ਹੋਵੇਗਾ ਜਾਂ ਫਿਰ ਇਸ ਪਿੰਡ ਦਾ ਨਾਮ ਅਤੇ ਏਥੇ ਪ੍ਰਗਟ ਹੋਣ ਵਾਲੇ ਈਸ਼ਵਰੀ ਅਵਤਾਰ ਦੇ ਨਾਮ ਅਥਵਾ ਕੁਲ (ਜਾਤੀ) ਦੀ ਜਾਣਕਾਰੀ ਦੇਣ ਵਾਸਤੇ ਸ੍ਰੀ ਦਸਮੇਸ਼ ਗੁਰੂ ਜੀ ਨੇ ਸ੍ਰੀ ਅਨੰਦਪੁਰ ਨਿਕਟ ਵਰਤੀ ਸਿਖਾਂ ਵਲੋਂ ਅਰਜ ਕਰਨ ਤੇ ਭਵਿਖਤ ਬਚਨ ਕਰਦਿਆਂ ਫੁਰਮਾਇਆ ਹੋਇਆ ਸੀ ਕਿ ਸਮਾਂ ਪਾਕੇ:-

ਰਾਮ ਸਿੰਘ ਮੇਰੋ ਹੋਇ ਨਾਮਾ।
ਬਾਢੀ ਸੁਤ ਭੈਣੀ ਕੇ ਧਾਮਾ ।

ਪਰ ਇਹ ਮਹਾਂ ਵਾਕ ਵੀ ਕਾਫੀ ਲੰਮੇ ਸਮੇਂ ਦੇ ਹੇਠਾਂ ਹੀ ਦਬਿਆ ਰਿਹਾ ਹੋਇਆ ਸੀ।

ਸ੍ਰੀ ਦਸਮੇਸ਼ ਜੀ ਦੇ ਭਵਿਖਤ ਵਾਕ ਅਨੁਸਾਰ ਸੰਮਤ ੧੮੭੨ ਦੀ ਮਾਘ ਸੁਦੀ ਪੰਚਮੀ ਤੇ ਛੱਠ ਦੀ ਦਰਮਿਆਨੀ ਰਾਤ ਨੂੰ ਰਾਈਆਂ ਭੈਣੀ ਵਿਖੇ ਬਾਬਾ ਜਸਾ ਸਿੰਘ ਜੀ ਰਾਮਗੜੀਏ ਤੇ ਮਾਤਾ ਸਦਾ ਕੌਰ ਦੇ ਘਰ ਇਕ ਅਲੌਕਿਕ ਬਾਲਕ ਅਵਤੀਰਨ ਹੋਇਆ ਅਤੇ ਜਿਸਦੀ ਅਲੌਕਿਕਤਾ ਤੋਂ ਪ੍ਰਭਾਵਿਤ ਹੋਕੇ ਰਾਮ ਰਾਮ ਦਾ ਰਟਨ ਕਰਦਿਆਂ ਉਸ ਬਾਲਕ ਦਾ ਨਾਮ ਵੀ ਰਾਮ ਧਨਿ ਰਖ ਦਿਤਾ, ਬਾਅਦ ਵਿਚ ਜਿਨ੍ਹਾਂ ਦਾ ਨਾਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸ਼ਬਦਾਂ ਵਿਚ ਸੰਸਾਰ ਪ੍ਰਸਿਧ ਹੋਇਆ।

ਇਸ ਭੈਣੀ ਆਲਾ ਦਾ ਨਾਮ ਸਵੇਰ ਦੇ ਸੂਰਜ ਵਤ ਉਸ ਵੇਲੇ ਰੌਸ਼ਨ ਹੋਇਆ ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਤਕ਼ਰੀਬਨ ੪੨-੪੩ ਸਾਲ ਦੀ ਅਵਸਥਾ ਤਕ ਹੋਰ ਕਈਤਰ੍ਹਾਂ ਦੇ ਅਲੌਕਿਕ ਤੇ ਅਦੁਤੀ ਚੋਜ ਕਰਕੇ ਇਸ ਨਗਰ ਵਿਚ ਸੰ: ੧੯੧੪ ਦੀ ਵਿਸਾਖੀ ਨੂੰ ਸ੍ਰੀ ਦਸਮੇਸ਼ ਗੁਰੂ ਸਾਹਿਬ ਦੀ ਤਰ੍ਹਾਂ ਖੰਡੇ ਦਾ ਅੰਮ੍ਰਿਤ ਤਿਆਰ ਕਰਕੇ ਪੰਜਾਂ ਸਿੰਘਾਂ ਨੂੰ ਛਕਾਕੇ ਸੰਤ ਖਾਲਸੇ ਦੀ ਸਾਜਨਾ ਕੀਤੀ।

ਉਸ ਦਿਨ ਤੋਂ ਜਿਥੇ ਇਸ ਨਗਰ ਦਾ ਨਾਮ ਸ੍ਰੀ ਭੈਣੀ ਸਾਹਿਬ ਕਰਕੇ ਸਦਿਆ ਜਾਣ ਲਗਾ, ਓਥੇ ਇਸ ਨਗਰ ਵਿਚ ਪ੍ਰਗਟ ਹੋਏ ਸ੍ਰੀ ਦਸਮੇਸ਼ ਜੀ ਦੇ ਅੰਸ਼ਾ ਅਵਤਾਰ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਨਾਮ ਰੂਪੀ ਸੂਰਜ ਦੀਆਂ ਕਿਰਨਾ ਪੰਜਾਬ ਦੇ ਸਭ ਇਲਾ-ਕਿਆਂ ਤੇ ਖਾਸ ਕਰਕੇ ਅੰਗ੍ਰੇਜ਼ੀ ਸਰਕਾਰ ਦੇ ਦਫਤਰਾਂ ਵਿਚ ਵੀ ਪੈਣ ਲਗ ਗਈਆਂ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਅਥਵਾ ਸਤਿਜੁਗੀ ਪ੍ਰਚਾਰ ਤੋਂ ਪ੍ਰਭਾਵਿਤ ਹੋਕੇ ਜਦ ਦੂਰੋਂ ਦੂਰੋਂ ਦਰਸ਼ਕ ਸ੍ਰੀ ਭੈਣੀ ਸਾਹਿਬ ਆਉਣ ਲਗੇ ਤਾਂ ਸੰਤ ਧਿਆਨ ਸਿੰਘ ਜੀ ਕਰਤਾ ਗੁਰ ਬਿਲਾਸ ਦੇ ਲਿਖਣ ਅਨੁਸਾਰ:-

ਏਕ ਦਿਵਸ ਸੁਖੁ ਅਯਿਓ
ਸਤਿਗੁਰ ਭਾਖਿਓ ਤਾਹਿ ।
ਦਿਹੁ ਧਰਨੀ ਲੰਗਰ ਬਨੇ,
ਅਸਵ ਤਬੇਲਾ ਜਾਹਿ।੬।
ਅੰਨ ਖਾਹਿ ਨਰ ਸੈਂਕੜੇ ਗਾਡੀ ਉਟੇ ਤਰੰਗ।
ਆਵਹਿੰਗੇ ਈਹਾਂ ਚਲੇ ਭੂਮੀ ਥੋੜੀ ਤੰਗ।
ਬੋਲਾ ਸੁਖੁ ਹੰਸਕਰ ਸੁਣ ਭਾਈ ਰਾਮਿਆ ਬਾਤ।
ਪੈਰਾਂ ਉਪਰ ਚਲਾ ਜਾਹੁ ਤੂੰ ਬਾਢੀ ਕੋ ਤਾਤ।੮।
ਲੰਗਰ ਘੋੜੇ ਬੈਲ ਕਹਾਂ ਧੇਨ ਗਡੀਆਂ ਭੂਰ।
ਕੋ ਦਿਨ ਕੇ ਇਹ ਚਾਰ ਨਰ ਭੀ ਹੋ ਜਾਸਨ ਦੂਰ।
ਮੈਂ ਭੂਮੀ ਨਹੀਂ ਦੇਵਣੀ ਸਾਚੀ ਸਾਚੀ ਬਾਤ।
ਇਸ ਪੀਛੇ ਲੜ ਮਰਤ ਹੈ ਚਚਾ ਭਤੀਜਾ ਭ੍ਰਾਤ।
ਤ੍ਰਿਅ ਧਰਤੀ ਕੇ ਮਾਂਗਬੇ ਸਿਆਣੇ ਨਰ ਕਹਾਂ ਦੇਤ
ਡਾਢਾ ਭਾਵੇਂ ਖੋਹ ਲਵੇ ਪ੍ਰਾਨ ਨਿਕਾਸੇ ਖੇਤ।
ਬੋਲੇ ਗੁਰ ਮੁਸਕਾਇਕਰ ਭਾਈ ਸੁਖੁ ਮਾਨ।
ਦੇਹਿ ਖੁਸ਼ੀ ਸੰਗ ਨਹਾਂ ਗੁਰ ਡਾਢੇ ਹਤੇ ਪ੍ਰਾਨ।

ਉਪ੍ਰੋਕਤ ਕਥਨ ਅਨੁਸਾਰ ਸੁਖੁ ਨੰਬਰਦਾਰ

ਨੇ ਸ਼ਹੀਦਾਂ ਦੀ ਗੁਪਤ ਮਾਰ ਤੋਂ ਭੈ ਖਾਕੇ ਸਚੇ ਪਾਤਸ਼ਾਹ ਜੀ ਦੀ ਇਛਾ ਮੁਤਾਬਿਕ ਅਪਣੀ ਉਹ ਧਰਤੀ ਅਬਾਦ ਕੀਤੀ ਜਿਥੇ ਉਸ ਵਕਤ ਵਡਾ ਲੰਗਰ ਤੇ ਤਬੇਲੇ ਗੁਰੂ ਜੀ ਨੇ ਤਿਆਰ ਕਰਵਾਏ।

ਇਸਤਰਾਂ ਸੰ: ੧੯੧੪ ਤੋਂ ੫ ਮਾਘ ਸੰਮਤ ੧੯੨੮ ਤਕ ਸ੍ਰੀ ਭੈਣੀ ਸਾਹਿਬ ਦੀਆਂ ਧੁੰਮਾਂ ਜੰਮੂ ਕਸ਼ਮੀਰ, ਨੈਪਾਲ, ਲੰਦਨ, ਕਾਬਲ ਤੇ ਰੂਸ ਤਕ ਪੈ ਗਈਆਂ। ਸਗੋਂ ਸੁਕਾਰੀ ਰਿਪੋਰਟਾਂ ਵਿਚ ਦਸਿਆ ਜਾਣ ਲਗਾ ਕਿ ਭੈਣੀ ਸਾਹਿਬ ਵਿਚ ਕੂਕੇ ਜੰਗੀ ਹਥਿਆਰ ਭੀ ਢਾਲਦੇ ਹਨ। ਇਹੋ ਜਿਹੀਆਂ ਰਿਪੋਟਾਂ ਦੇ ਅਧਾਰ ਤੇ ਕਈ ਖੁਫੀਆ ਪੁਲਿਸ ਦੇ ਕ੍ਰਮਚਾਰੀ ਸ੍ਰੀ ਭੈਣੀ ਸਾਹਿਬ ਆਉਂਦੇ ਰਹੇ ਤੇ ਇਕ ਵਾਰੀ ਵਡੇ ਅਫਸਰ ਨੇ ਆਣਕੇ ਸਤਿਗੁਰੂ ਜੀ ਤੋਂ ਪੁਛਿਆ, ਕਿ ਬਾਬਾ ਸਾਹਿਬ ਸੁਣਾ ਹੈ ਕਿ ਯਹਾਂ ਆਪ ਜੰਗੀ ਹਥਿਆਰ ਤਿਆਰ ਕਰਵਾਤੇ ਹੈਂ, ਮੈਂ ਵੋਹ ਕਾਰ–ਖਾਨਾਂ ਤੇ ਹਥਿਆਰ ਦੇਖਣਾ ਚਾਹਤਾ ਹੂੰ। ਸਚੇ ਪਾਤਸ਼ਾਹ ਜੀ ਨੇ ਸਿਮਰਨ ਕਰਦਿਆਂ ਉਨ ਦੀ ਮਾਲਾ ਹਥ ਵਿਚ ਉਚੀ ਕਰਕੇ ਫੁਰਮਾਇਆ ਕਿ ਏਥੇ ਏਹ ਤੋਪ ਤਿਆਰ ਹੁੰਦੀ ਹੈ ਅਤੇ ਇਸ ਵਿਚੋਂ ੧੦੮ ਗੋਲੇ ਦਾਗੇ ਜਾਂਦੇ ਹਨ।

ਉਪ੍ਰੋਕਤ ਕਿਸਮ ਦੀਆਂ ਰਿਪੋਰਟਾਂ ਦੇ ਅਧਾਰ ਤੇ ਜਿਥੇ ਕਾਫੀ ਚਿਰ ਤੋਂ ਅੰਗ੍ਰੇਜ਼ ਹੁਕਮਰਾਨ ਵਿਰੋਧੀ ਨਜ਼ਰ ਰਖ ਰਹੇ ਸਨ, ਓਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਗਮਨ ਬਾਦ ਸ੍ਰੀ ਭੈਣੀ ਸਾਹਿਬ ਲੰਗਰ ਤੋਂ ਲੈਕੇ ਰਾਮ ਸਰ ਤਕ ਦੇ ਸਾਰੇ ਆਲੇ ਦੁਆਲੇ ਨੂੰ ਇਕ ਬੰਦੀ ਖਾਨੇ ਦਾ ਰੂਪ ਦੇ ਨ ਦਿਤਾ ਗਿਆ, ਸਗੋਂ ਇਸ ਖੇਤਰ ਦੇ ਲੰਗਰ ਮੰਦਰ ਤਬੇਲੇ ਆਦਿਕ ਮਕਾਨਾਂ ਨੂੰ ਪਾਣੀ ਹਾਂਡੇ ਤਕ ਪੁਟਵਾਇਆ ਗਿਆ। ਲੰਗਰ ਦੇ ਸਾਹਮਣੇ ਡਿਉਢੀ ਵਿਚ ਪੁਲਿਸ ਦੀ ਗਾਰਦ ਤਾਇਨਾਤ ਕੀਤੀ ਗਈ। ਔਣ ਵਾਲੇ ੫ ਸਿੰਘਾਂ ਤੋਂ ਵੱਧ ਕਿਸੇ ਨੂੰ ਲੰਗਰ ਵਿਚ ਪ੍ਰਸਾਦਾ ਛਕਣ ਵੀ ਨ ਜਾਣ ਦਿਤਾ ਜਾਂਦਾ, ਬਾਹਰੋਂ ਰਸਦਾਂ ਬਸਤਾਂ ਔਣ ਤੇ ਰੋਕ ਲਾ ਦਿਤੀ।

੧੮ ਜਨਵਰੀ ਸੰਨ ੧੮੭੨ ਤੋਂ ਲੈਕੇ ੧੨ ਮਈ ਤਕ ਸ੍ਰੀ ਭੈਣੀ ਸਾਹਿਬ ਵਿਚ ਬੰਦੀਖਾਨੇ ਦੇ ਬਹਾਨੇ ਨਾਲ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਸ੍ਰੀ ਮਾਤਾ ਜੀਊਣ ਕੌਰ ਮਾਤਾ ਫਤਹਿ ਕੌਰ ਤੇ ਨਾਮਧਾਰੀ ਸਾਧ ਸੰਗਤ ਤੋਂ ਇਲਾਵਾ ਬਾਲਕ ਪਨ ਦੀ ਅਵਸਥਾ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਨਾਲ ਜੋ ਪੁਲਿਸ ਕ੍ਰਮਚਾਰੀਆਂ ਵਲੋਂ ਕੋਝਾ ਸਲੂਕ ਕੀਤਾ ਜਾਂਦਾ ਰਿਹਾ ਉਸਦਾ ਪੂਰਾ ਬਿਓਰਾ ਦੇਣ ਵਾਸਤੇ ਲਿਖਾਰੀ ਦਾ ਹਿਰਦਾ ਬਜਰ ਦਾ ਸਿਆਹੀ ਖੂਨ ਦੀ ਤੇ ਕਲਮ ਜਰਾਂਦ ਦੀ ਹੋਣੀ ਚਾਹੀਦੀ ਹੈ। ਜਿਸ ਨਾਲ ਕੌਮੀ ਅਥਵਾ ਭਾਰਤ ਦੀ ਆਜ਼ਾਦੀ ਦੀ ਕੁਰਬਾਨੀ ਵਾਲੇ ਲੱਖਾਂ ਪਤਰੇ ਲਿਖੇ ਜਾ ਸਕਦੇ ਹਨ।

ਜਿਵੇਂ ਜਿਵੇਂ ਪਾਬੰਦੀ ਦਾ ਸਮਾਂ ਲੰਮੇਰਾ ਹੁੰਦਾ ਗਿਆ ਤਿਵੇਂ ਤਿਵੇਂ ਸ੍ਰੀ ਭੈਣੀ ਸਾਹਿਬ ਡੇਰੇ ਦੀ ਉਮਰ ਭਰ ਸੇਵਾ ਕਰਨ ਵਾਲੇ ਮਹੰਤ ਸੇਵਾ ਸਿੰਘ ਸ੍ਰ. ਦਰਬਾਰਾ ਸਿੰਘ ਜੀ ਆਦਿਕ ਸੇਵਕ ਭੀ ਇਨਾਂ ਪੁਲਿਸ ਕ੍ਰਮਚਾਰੀਆਂ ਤੋਂ ਨਿਡੱਰ ਹੁੰਦੇ ਗਏ ਤੇ ਪੋਲੀਸ ਚੌਂਕੀ ਉਠਾਉਣ ਵਾਸਤੇ ਮਹਾਰਾਜ ਨਿਹਾਲ ਸਿੰਘ ਜੀ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਵਡੇ ਅਫਸਰਾਂ ਨੂੰ ਮਿਲਕੇ ਬਹੁਤ ਜੋਰ ਪਾਇਆ। ਚੌਂਕੀ ਉਠਾਉਣ ਵਾਸਤੇ ਸੁਕਾਰ ਪੂਰੀ ਤਰਾਂ ਮੰਨਦੀ ਨਹੀਂ ਸੀ। ਜਿਸ ਥਾਂ ਪੁਲੀਸ ਵਾਲੇ ਰਹਿੰਦੇ ਸਨ ਓਹ ਥਾਂ ਗੁਰਦਵਾਰੇ ਦੀ ਸੀ। ਇਸਤੇ ਸ੍ਰੀ ਸਤਿਗੁਰੂ ਜੀ ਅਤੇ ਮਹਾਰਾਜ ਜੀ ਵਲੋਂ ਸੁਕਾਰ ਤੇ ਦਬਾਉ ਪਾਇਆ ਗਿਆ ਕਿ ਚੌਂਕੀ ਜੇ ਨਹੀਂ ਉਠਾਉਣੀ ਤਾਂ ਸਾਡੀ ਜਗਾ ਖਾਲੀ ਕਰ ਦਿਓ। ਸੁਕਾਰ ਨੇ ਪਿੰਡ ਵਿਚ ਹੋਰ ਜਗਾ ਲੈਣ ਲਈ ਪੁਛ ਗਿਛ ਕੀਤੀ। ਪਰ ਕਿਸੇ ਹਾਮੀ ਨਾ ਭਰੀ। ਦੂਜੇ ਏਹ ਕਿ ਸੁਕਾਰ ਨੂੰ ਇਹ ਭੀ ਦਿਸਦਾ ਸੀ ਕਿ ਡਿਓਢੀ ਦੇ ਆਸ ਪਾਸ ਦੀ ਜਗਾ ਤਾਂ ਸਾਰੀ ਗੁਰਦਵਾਰੇ ਦੀ ਹੈ। ਜੇ ਪੋਲੀਸ ਦਾ ਡੇਰਾ ਕਿਤੇ ਦੂਰ ਲਵਾ ਦਿਤਾ ਤਾਂ ਇਥੇ ਚੌਂਕੀ ਦੇਠਾਲ ਰਖਣ ਦਾ ਕੋਈ ਫਾਇਦਾ ਨਹੀਂ।

ਇਸ ਤੋਂ ਬਿਨਾਂ ਸਤਿਗੁਰੂ ਰਾਮ ਸਿੰਘ ਜੀ ਵਲੋਂ ਆਰੰਭ ਕੀਤੇ ਹੋਏ ਅੰਗਰੇਜ਼ਾਂ ਵਿਰੁਧ ਅੰਦੋਲਨ

ਤੋਂ ਪ੍ਰੇਰਿਤ ਹੋਕੇ ਬਹੁਤ ਸਾਰੇ ਭਾਰਤੀਆਂ ਵਿਚ ਜਾਗ੍ਰਤੀ ਆ ਚੁਕੀ ਸੀ। ਸੰਮਤ ੧੯੭੬(ਸੰਨ ੧੯੧੯) ਦੀ ਵੈਸਾਖੀ ਤੇ ਜਲਿਆਂ ਵਾਲੇ ਬਾਗ (ਅੰਮ੍ਰਿਤਸਰ) ਦਾ ਖੂਨੀ ਸਾਕਾ ਅਤੇ ਸਨਖਤਰਾ (ਜ਼ਿ: ਸਿਆਲਕੋਟ) ਵਿਚ ਸੰਮਤ ੧੯੭੭ (ਸੰਨ ੧੯੨੦) ਵਿਚ ਜਲਿਆਂ ਵਾਲੇ ਬਾਗ ਵਾਲੇ ਸਾਕੇ ਦੇ ਵਿਰੋਧ ਵਿਚ ਇਕ ਵਡੀ ਕਾਨਫ੍ਰੰਸ ਹੋਈ ਸੀ ਜਿਸ ਵਿਚ ਮਹਾਰਾਜ ਨਿਹਾਲ ਸਿੰਘ ਜੀ, ਸੰਤ ਨਿਧਾਨ ਸਿੰਘ ਜੀ ਆਲਿਮ, ਚਕ੍ਰਵਰਤੀ ਜੀ, ਸੰਤ ਮੰਗਲ ਸਿੰਘ ਜੀ, ਸੰਤ ਅਣਖਾ ਸਿੰਘ ਜੀ, ਸੰਤ ਭਗਤ ਸਿੰਘ ਜੀ ਦਾਤੇ ਵਾਲੀਆ ਤੋਂ ਇਲਾਵਾ ਡਾ: ਸੈਫੂ-ਦੀਨ ਕਿਚਲੂ, ਡਾ. ਸੱਤਪਾਲ, ਮੌਲਾਣਾ ਆਜ਼ਾਦ ਲਾਲਾ ਕੇਦਾਰ ਨਾਥ ਸਹਿਗਲ ਨੇ ਬੜੇ ਵਡੇ ਉਤ-ਸ਼ਾਹ ਨਾਲ ਇਸ ਕਾਨਫ੍ਰੰਸ ਵਿਚ ਹਿਸਾ ਲਿਆ ਅਤੇ ਇਹ ਇਕ ਮਹਾਨ ਸਮਾਗਮ ਬੜਾ ਸਫਲ ਸਿਧ ਹੋਇਆ ।

ਇਨਾਂ ਸਾਰੀਆਂ ਪ੍ਰਸਥਿਤੀਆਂ ਨੂੰ ਦੇਖਦੇ ਹੋਏ ਅੰਗਰੇਜ਼ਾਂ ਨੇ ਸ੍ਰੀ ਭੈਣੀ ਸਾਹਿਬ ਤੋਂ ਚੌਂਕੀ ਉਠਾਉਣ ਦਾ ਫੈਸਲਾ ਕੀਤਾ ਅਤੇ ਡਿਪਟੀ ਕਮਿਸ਼ਨਰ, ਲੁਦਿਹਾਣਾ ਨੂੰ ਆਦੇਸ਼ ਦਿਤਾ ਕਿ ਚੌਂਕੀ ਉਠਾਈ ਜਾਵੇ, ਡੀ. ਸੀ. ਨੇ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਖੇ ਜੋ ਪਤ੍ਰ ਲਿਖਿਆ ਉਸਦੀ ਏਹ ਕਾਨਫ੍ਰੰਸ ਸੰਤ ਟਹਿਲ ਸਿੰਘ ਜੀ ਸਦੇਵਾਲੀਆਂ ਦੇ ਪ੍ਰਬੰਧ ਹਠ ਹੋਈ ਸੀ। ਅਸਲ ਭਾਸ਼ਾ ਸੰਮਤ ੨੦੪੨ ਦੇ ਬਸੰਤ ਅੰਕ ਵਿਚ ਛਾਪੀ ਗਈ ਸੀ। ਪਰ ਪਾਠਿਕਾਂ ਦੀ ਰੁਚੀ ਪੂਰੀ ਕਰਨ ਹਿਤ ਉਸ ਚਿਠੀ ਦੀ ਫੋਟੋ ਕਾਪੀ ਏਥੇ ਦਿਤੀ ਜਾ ਰਹੀ ਹੈ ਜੋ ਇਤਿਹਾਸ ਖੋਜੀਆਂ ਵਾਸਤੇ ਦਿਲਚਸਪ ਸਿਧ ਹੋਇਗੀ।

ਉਰਦੂ ਚਿਠੀ ਪੰਜਾਬੀ ਅਖਰਾਂ ਵਿਚ

ਡਿਪਟੀ ਕਮਿਸ਼ਨਰ ਆਫਿਸ
ਲੁਦਿਹਾਣਾ ਡਿਸਟ੍ਰਿਕ
੧੨ ਮਈ ੧੯੨੩

ਮੁਕਰਮੀ ਗੁਰੂ ਸਾਹਿਬ-ਸੌਕੇ ਖਿਦਮਾਤ

ਗੌਰਮੈਂਟ ਆਲੀਆ ਨੇ ਚੌਂਕੀ ਭੈਣੀ ਆਲਾ ਕੀ ਪੁਲਿਸ ਹਟਾਨੇ ਕਾ ਫੈਸਲਾ ਫਰਮਾਇਆ ਹੈ। ਲੇਕਿਨ ਫਿਲਹਾਲ ਤਜਰਬਾ ਕੇ ਤੌਰ ਪਰ ਐਸਾ ਕੀਆ ਜਾਏਗਾ। ਅਗਰ ਗੁਰਦਵਾਰੇ ਕੇ ਪੁਜਾਰੀ ਯਾ ਯਾਤਰੀ ਲੋਗ ਫਿਰ ਕਿਸੀ ਕਿਸਮ ਕੀ ਮੁਜ਼ਰਰਾ ਉਠਾਏਂਗੇ ਯਾ ਬਦਮਾਸ਼ ਵ ਮਫ਼ਰੂਰ ਲੋਗੋਂ ਕੋ ਪਨਾਹ ਦੀ ਜਾਏਗੀ ਤੋ ਗੌਰਮਿੰਟ ਫਿਰ ਚੌਂਕੀ ਕਾਇਮ ਕਰਨੇ ਕੇ ਲੀਏ ਮਜ਼ਬੂਰ ਹੋਗੀ।

ਆਪ ਕਾ ਸਾਦਕ
ਸੀ. ਸੀ. ਹਿਲਟਨ
ਡਿਪਟੀ ਕਮਿਸ਼ਨਰ (ਲੁਦਿਆਣਾ)

ਹਿਜ਼ ਹੋਲੀਨੈਸ ਮਹਾਰਾਜ ਪ੍ਰਤਾਪ ਸਿੰਘ ਭੈਣੀਸਾਹਿਬ ਪੋਸਟ ਆਫਿਸ– ਹੀਰਾਂ ਵਾਇਆ–ਲੁਦਿਆਣਾ

ਸ੍ਰੀ ਮਹਾਰਾਜ ਜੀ ਦਸਦੇ ਹਨ ਕਿ ਉਹ ਪਾਬੰਦੀ ਵਾਲੇ ਸਮੇਂ ਦੇ ਸੰਬੰਧ ਵਿਚ ਉਸਤਾਦ ਹਰਨਾਮ ਸਿੰਘ ਜੀ (ਚਵਿੰਡੇ ਵਾਲੇ) ਤੇ ਹੋਰ ਅਨੇਕਾਂ ਸਿਖ ਬੜੀ ਨਿਧੜਕਤਾ ਅਰ ਉਚੀਆਂ ਅਵਾਜ਼ਾਂ ਵਿਚ ਪੜਿਆ ਕਰਦੇ ਸਨ ਕਿ:-

ਉਹ ਮਰਨੋ ਮੂਲ ਨਾਂ ਡਰਦੇ,
ਜਿਨ੍ਹਾਂ ਨੇ ਨੈਣ ਲਗਾ ਲਏ ਨੇ।
ਉਹ ਜਾਨ ਕਰਨ ਕੁਰਬਾਨ,
ਜਿਨ੍ਹਾਂ ਨੇ ਦਰਸ਼ਨ ਪਾ ਲਏ ਨੇ।
ਚੌਂਕੀ ਭੈਣੀ ਸਾਹਿਬ ਵਿਚ ਪਾਈ,
ਸਿਖ ਓਥੇ ਵੜਨਾ ਮਿਲੇ ਨ ਕਾਈ।
ਜੇ ਕੋਈ ਆਵੇ ਸਿਖ ਵਿਚਾਰਾ,
ਮਗਰ ਸਿਪਾਹੀ ਲਾ ਲਏ ਨੇ।...........

ਇਸਤਰਾਂ ਤਕ੍ਰੀਬਨ ੫੧ ਸਾਲਾਂ ਤੋਂ ਬਾਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਹਾਨ ਤੇਜ ਪ੍ਰਤਾਪ ਦੇ ਪ੍ਰਭਾਵ, ਤੇ ਉਸ ਵੇਲੇ ਦੇ ਨਿਕਟ ਵਰਤੀ ਸੇਵਕਾਂ ਦੇ ਜਤਨਾਂ ਅਥਵਾ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਤੇ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਸਹਿਯੋਗ ਨਾਲ ਸ੍ਰੀ ਭੈਣੀ ਸਾਹਿਬ ਬੰਦੀ ਖਾਨੇ ਦੇ ਰੂਪ ਤੋਂ ਮੁਕਤ ਹੋਇਆ। ਇਸ ਤੋਂ ਬਾਦ ਸ੍ਰੀ ਭੈਣੀ ਸਾਹਿਬ ਦੇ ਸੁਨਹਿਰੀ ਜੁਗ ਦੇ ਕੁਝ ਤੱਥ ਸਮਾਂ ਮਿਲਣ ਤੇ ਫਿਰ ਪਾਠਿਕਾਂ ਦੀ ਸੇਵਾ ਵਿਚ ਪੇਸ਼ ਕੀਤੇ ਜਾਣਗੇ।

ਧੰਨਯਵਾਦ

ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਿਥੇ ਨਾਮਧਾਰੀ ਸਾਧ ਸੰਗਤ ਉਤੇ ਧਾਰਮਿਕ ਸਮਾਜਿਕ ਤੇ ਆਰਥਿਕ ਪਖ ਤੋਂ ਅਨਗਿਣਤ ਪਰਉਪਕਾਰ ਕੀਤੇ ਓਥੇ ਸਹਿਤਕ ਪੱਧਰ ਤੋਂ ਜੋ ਸਤਿਜੁਗ ਅਖਬਾਰ ਜਾਰੀ ਕਰਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਨਾਮਧਾਰੀ ਪੰਥ ਦੇ ਪ੍ਰਚਾਰ ਵਿਚ ਜੋ ਪ੍ਰਗਤੀ ਕੀਤੀ ਇਸਦਾ ਜਿਤਨਾ ਵੀ ਧੰਨਜਵਾਦ ਕੀਤਾ ਜਾਏ ਥੋੜਾ ਹੈ। ਸਤਿਜੁਗ ਅਖਬਾਰ ਨੂੰ ਨਿਰੰਤਰ ਪ੍ਰਕਾਸ਼ਤ ਹੁੰਦਿਆਂ ਤਕ੍ਰੀਬਨ ੬੬ ਸਾਲ ਹੋ ਰਹੇ ਹਨ, ਬੀਤੀ ਅਵਸਥਾ ਵਿਚ ਸਤਿਜੁਗ ਨੇ ਆਪਣੇ ਇਤਿਹਾਸਕ ਲੇਖਾਂ, ਤਸਵੀਰਾਂ ਤੇ ਹੋਰ ਸੰਤ ਜੀਵਨੀਆਂ ਦੁਆਰਾ ਜੋ ਸਿਖ ਸਮਾਜ ਤੇ ਨਾਮਧਾਰੀ ਪੰਥ ਦੀ ਸੇਵਾ ਕੀਤੀ, ਉਸਦਾ ਮੁਲੰਕਣ ਕਰਨਾ ਇਸ ਵਕਤ ਸਾਗਰ ਦੀਆਂ ਲਹਿਰਾਂ ਦੇ ਮੁਲੰਕਣ ਦੀ ਚੇਸ਼ਟਾ ਦੇ ਸਮਾਨ ਹੈ।

ਤਕ੍ਰੀਬਨ ੨੬-੨੭ ਸਾਲ ਹੋ ਰਹੇ ਹਨ ਜਦ ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਚੇ ਪਾਤਸ਼ਾਹ ਦੀ ਛਤ੍ਰਛਾਇਆ ਹੇਠ ਤੇ ਸ੍ਰੀ ਮਹਾਰਾਜ ਬੀਰ ਸਿੰਘ ਜੀ ਦੇ ਪ੍ਰਬੰਧ ਹੇਠ ਸਤਿਜੁਗ ਚੜ੍ਹਦੀਆਂ ਕਲਾ ਵਿਚ ਪ੍ਰਕਾਸ਼ਤ ਹੋ ਰਿਹਾ ਹੈ ਅਰ ਬੀਤੇ ਸਮੇਂ ਕਈ ਇਤਿਹਾਸਕ ਅੰਕ ਸਤਿਜੁਗ ਦੇ ਪ੍ਰਕਾਸ਼ਤ ਕਰ ਚੁਕਾ ਤੇ ਕਰ ਰਿਹਾ ਹੈ।

ਜਿਵੇਂ ਸੰਮਤ ੨੦੪੨ ਵਿਚ ਸਤਿਜੁਗ ਦਾ ਬਸੰਤ ਅੰਕ (ਸਮੇਤ ਹੋਲਾ ਅੰਕ ਤੇ ਸਤਿਜੁਗ ਦੀ ਜਾਣਕਾਰੀ) ਪ੍ਰਕਾਸ਼ਤ ਹੋਇਆ ਸੀ, ਤਿਵੇਂ ਇਸ ਵਾਰੀ ਵੀ ਸ੍ਰੀ ਸਤਿਗੁਰੂ ਜੀ ਦੀ ਅਸ਼ੀਰਵਾਦ ਤੇ ਸ੍ਰੀ ਮਹਾਰਾਜ ਜੀ ਦੇ ਪੁਰਸ਼ਾਰਥ ਨਾਲ ਸਤਿਜੁਗ ਦਾ ਬਸੰਤ ਅੰਕ ਪੂਰੀ ਸੱਜ-ਧੱਜ ਨਾਲ ਪ੍ਰਕਾਸ਼ਿਤ ਕਰਕੇ ਸੁਹਿਰਦ ਪਾਠਕਾਂ ਦੀ ਸੇਵਾ ਵਿਚ ਹਾਜਰ ਕੀਤਾ ਗਿਆ ਹੈ। ਇਸ ਅੰਕ ਨੂੰ ਸ਼ਾਨਦਾਰ ਬਨਾਉਣ ਵਾਸਤੇ ਪੰਥ ਦੇ ਉਘੇ ਤੇ ਮਹਾਨ ਲੇਖਕਾਂ (ਸ੍ਰੀ ਮਹਾਰਾਜ ਬੀਰ ਸਿੰਘ ਜੀ, ਸ੍ਰੀ ਸਵਰਨ ਸਿੰਘ ਜੀ ਸਨੇਹੀ ਸ੍ਰ ਦਵਿੰਦਰ ਸਿੰਘ ਗਿੱਲ (ਸਹਿਜਧਾਰੀ), ਸੰਤੋਖ ਸਿੰਘ ਜੀ ਜਮਨਾ ਨਗਰ, ਸ੍ਰ. ਨਿਰੰਜਨ ਸਿੰਘ ਜੀ ਤਾਂਘੀ,ਪੰਡਿਤ ਰਾਜਿੰਦਰਸਿੰਘ ਗੁਰੂਸਰ, ਬੀਬੀ ਜਸਬੀਰ ਕੌਰ ਸ਼ਿਮਲਾ, ਸ੍ਰੀ ਗੁਰਦਿਆਲ ਸਿੰਘ ਜੀ, ਬੀਬੀ ਬਿਅੰਤ ਕੌਰ ਜੀ ਦਿਲੀ, ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ ਦਿਲੀ, ਗੁਰਦੀਪ ਸਿੰਘ ਬੀ. ਏ. ਸੰਤ ਨਗਰ, ਸੰਤ ਤਰਸੇਮ ਸਿੰਘ ਜੀ (ਨਿਜੀ ਸਕਤ੍ਰ ਸ੍ਰੀ ਸਤਿਗੁਰੂ ਜੀ,) ਅਤੇ ਨਾਮਧਾਰੀ ਪੰਥ ਦੇ ਮੰਨੇ ਪ੍ਰਮੰਨੇ ਕਵੀ ਜਿਨਾਂ ਨੇ ਆਪਣੀਆਂ ਕਵਿਤਾਵਾਂ ਦੁਆਰਾ ਤੇ ਪੰਥ ਰਤਨ ਸੰਤ ਵਰਿਆਮ ਸਿੰਘ ਜੀ ਮੁਸਵਰ (ਜੋ ਤਕ੍ਰੀਬਨ ੫੦ ਸਾਲ ਤੋਂ ਸਤਿਜੁਗ ਨੂੰ ਮਨੋਹਰ ਤੇ ਇਤਿਹਾਸਕ ਤਸਵੀਰਾਂ ਰਾਹੀਂ ਚਾਰ ਚੰਨ ਲਾਉਂਦੇ ਚਲੇ ਆ ਰਹੇ ਹਨ) ਅਤੇ ਸਗੋਂ ਇਸ ਅੰਕ ਨੂੰ ਪ੍ਰਕਾਸ਼ਤ ਕਰਨ ਵਾਸਤੇ ਸਤਿਜੁਗ ਸਟਾਫ ਦੇ ਸ੍ਰੀ ਹਰਬੰਸ ਸਿੰਘ ਮੈਨੇਜਰ, ਸ੍ਰੀ ਸੁਰਜੀਤ ਸਿੰਘ 'ਮਸ਼ੀਨਮੈਨ ਤੇ ਫੋਰਮੈਨ' ਸ੍ਰੀ ਗੁਰਦੇਵ ਸਿੰਘ ਕੰਪਾਜ਼ੀਟਰ ਸ੍ਰੀ ਜੀਵਨ ਨਗਰ, ਆਤਮਾ ਸਿੰਘ ਜੌਹਲ, ਸ੍ਰੀ ਸੁਖਵਿੰਦਰ ਸਿੰਘ ਸਹਾਇਕ ਮਸ਼ੀਨਮੈਨ, ਕਾਕਾ ਬਲਬੀਰ ਸਿੰਘ ਭੜੋਲਿਆਂ ਵਾਲੀ, ਸ੍ਰੀ ਭਗਵੰਤ ਸਿੰਘ ਸੁੰਦਰ ਨਗਰ (ਮੰਡੀ ਹਿਮਾਚਲ) ਕੰਪਾਜ਼ੀਟਰ ਅਥਵਾ ਸ੍ਰੀ ਹਜ਼ੂਰ ਸਿੰਘ ਚੰਦੂਹਾਂਸ, ਦਵਿੰਦਰ ਸਿੰਘ ਗਿੱਲ, ਤੇ ਆਤਮਾ ਸਿੰਘ'ਜਟ'ਨਗਰਾਣਾ ਥੇੜ੍ਹ,ਪ੍ਰੀਤਮ ਸਿੰਘ ਡਰਾਈਵਰ ਜੋ ਸਮੇਂ ਸਮੇਂ ਗਡੀ ਰਾਹੀਂ ਸਾਡਾ ਸਾਥ ਦੇਂਦੇ ਰਹੇ, ਆਦਿਕ ਸਾਰੇ ਸਜਨਾਂ ਦਾ ਜਿਤਨਾ ਵੀ ਧੰਨਵਾਦ ਕੀਤਾ ਜਾਵੇ ਥੋੜਾ ਹੈ। ਕਿਉਂਕਿ ਇਸ ਵਾਰੀ ਮੈਂ ਆਪਣੀ ਅੱਖ ਦਾ ਉਪ੍ਰੇਸ਼ਨ ਕਰਵਾਉਣ ਕਾਰਨ ਅਖਬਾਰ ਸਬੰਧੀ ਲਿਖਣ ਪੜ੍ਹਨ ਤੋਂ ਬਿਲਕੁਲ ਅਸਮਰਥ ਸਾਂ, ਇਸ ਵਾਸਤੇ ਐਤਕਾਂ ਦੇ ਅੰਕ ਲਈ ਕੇਵਲ ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਤੇ ਸ੍ਰੀ ਮਹਾਰਾਜ ਜੀ ਅਥਵਾ ਉਪ੍ਰੋਕਤ ਸਾਰੇ ਸਜਨਾਂ ਦਾ ਮੈਂ ਹਾਰਦਿਕ ਧੰਨਵਾਦ ਕਰਦਾ ਹਾਂ, ਜਿੰਨ੍ਹਾਂ ਦੇ ਸਹਿਯੋਗ ਨਾਲ ਇਹ ਅੰਕ ਪਾਠਕਾਂ ਦੀ ਸੇਵਾ ਵਿਚ ਹਾਜ਼ਰ ਕੀਤਾ ਜਾ ਰਿਹਾ ਹੈ।

ਸੰਪਾਦਿਕ— ਸਤਿਜੁਗ ਸ੍ਰੀ ਜੀਵਨ ਨਗਰ

Namdhari Elibrary NamdhariElibrary@gmail.com

DEPUTY COMMISSIONER'S OFFICE,
Ludhiana DISTRICT.

Dated 12th May 1923.

مکرمی گورو صاحب - پیشوائے [illegible]

گورنمنٹ عالیہ نے چوکی بھینی آل کا جو پولیس کا تھانہ

قائم فرمایا - جس نے ایک سال تجربہ کے طور پر رکھا گیا

جاویگا - اگر گوردوارہ سے چوری یا باہری لوگ ہر کسی قسم

نزاع اٹھاویں گے یا بدمعاش و مفرور لوگوں کو وہاں پناہ دی

جاویگی تو گورنمنٹ چوکی قائم کرنے واسطے مجبور ہوگی

آپ کا صادق

J. C. Hilton
Deputy Commissioner
Ludhiana.

Namdhari Elibrary NamdhariElibrary@gmail.com

His Holiness Maharaj Partap Singh

Bhaini Sahib

P.O. Hraian

Via Ludhiana

17 JA. 26

DHIANA

Namdhari Elibrary NamdhariElibrary@gmail.com

ਕੁੰਡਲੀਆ—ਛੰਦ

ਜਾਰੀ ਕੀਤਾ ਸਤਿਜੁਗ, ਗੁਰੂ ਪ੍ਰਤਾਪ ਮ੍ਰਿਗੇਸ਼।
ਗੁਰਮਤ ਦੇ ਪ੍ਰਚਾਰ ਹਿਤ, ਇਸ ਵਿਚ ਲੇਖ ਵਿਸ਼ੇਸ਼।
ਇਸ ਵਿਚ ਲੇਖ ਵਿਸ਼ੇਸ਼, ਹਮੇਸ਼ ਅਮਨ ਏਕਤਾ ਵਾਲੇ।
ਦਏ ਪੰਥਕ ਸੰਦੇਸ਼, ਦੇਸ਼ ਬਿਦੇਸ਼ ਵਿਚਾਲੇ।
'ਆਤਮਾ' ਗੁਰ ਜਗਜੀਤ ਆਸਟੇ ਹਫਤਾ ਵਾਰੀ।
ਵਧੇ 'ਸਤਿਜੁਗ' ਪ੍ਰਤਾਪ, ਗੁਰੂ, ਜੋ ਕੀਤਾ ਜਾਰੀ।

ਪਠਨ ਹੇਤ ਪਤ੍ਰ ਘਨੇ ਪ੍ਰਸ੍ਰਿਤ ਅਸੱਤਯ ਅਭਿਮਾਨ।
ਵਿਕਸਤ ਪ੍ਰੇਮ ਸ਼ਾਂਤੀ ਉਦੈ 'ਸਤਿਜੁਗ' ਹੈ ਅਪ੍ਰਮਾਨ।
ਸਤਿਜੁਗ ਹੈ ਅਪ੍ਰਮਾਨ ਕਰਤ ਸ਼ੁਭ ਗਯਾਨ ਉਜਾਗਰ।
ਪਠੇ ਜੁ ਹਿਤ ਚਿਤ ਲਾਇ ਫਟਤ ਹੈ ਜਮ ਕੇ ਕਾਗਰ।
ਗੁਰਜਸ ਈਸ੍ਵਰ ਚਿੰਤਨ ਸੁਕ੍ਰਿਤ ਰਿਦੇ ਮੋ ਬਾਢਨ।
ਹੋਵਤ 'ਆਤਮ' ਸੁਖੀ ਰੁਚਿਤ ਕਰਤ ਨਿਤ ਪਾਠਨ।

Namdhari Elibrary NamdhariElibrary@gmail.com

ਲਲਿਤ ਪਦ

੧੬-੧੨ ਮਾਤ੍ਰ ਤੇ ਵਿਸ਼ਰਾਮ ਅੰਤ ਦੋ ਗੁਰ

(ਵਲੋਂ ਪੰਥ ਭੂਸ਼ਨ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ)

ਵਿਸ਼ਯ ਅਗਨਿ ਕਰ ਤਪਤ ਰਿਦੇ ਜਿਨ ਨਾਮਾਮ੍ਰਿਤ ਦੇ ਠਾਰੇ।
ਗੁਰਮਤ ਦੇ ਅਨੁਰਾਗੀ ਕੀਤੇ ਪਾਮਰ ਪਾਪੀ ਭਾਰੇ।
ਭੰਗ ਸ਼ਰਾਬ ਅਫੀਮ ਛੁਡਾਕੇ ਨਸ਼ਾ ਪ੍ਰੇਮ ਦਾ ਦਿੱਤਾ।
ਮੰਗ-ਖਾਣ ਨੂੰ ਖੰਡਨ ਕੀਤਾ ਦੱਸ ਧਰਮ ਦਾ ਕਿੱਤਾ।
ਫੁੱਟ ਈਰਖਾ ਵੈਰ ਭਾਵ ਅਰ ਨਫਰਤ ਮਨੋ ਹਟਾਈ।
ਮੁਦਿਤਾ ਮੈਤ੍ਰੀ ਕਰੁਣਾ ਦ੍ਰਿੜ੍ਹ ਕਰ ਸਿਖਾਂ ਚਿੱਤ ਵਸਾਈ।
ਭੁਖਾ ਨੰਗਾ ਰੋਗੀ ਸੋਗੀ ਜੋ ਸਰਨੀ ਚਲ ਆਵੇ।
ਹੋਇ ਤ੍ਰਿਪਤ ਅਰ ਪਰਮ ਅਨੰਦੀ ਜੀਵਨ ਸਰਵ ਵਿਤਾਵੇ।
ਦੀਨ ਕੀਰ ਅਪਮਾਨਿਤ ਜੀਵਾਂ ਸ੍ਵੈ ਸਤਕਾਰ ਦ੍ਰਿੜ੍ਹਾਯਾ।
ਭਗਤ ਗਿਆਨੀ ਸੂਰਵੀਰ ਹੋ ਰਹਿਣਾ ਜਗਤ ਸਿਖਾਯਾ।
ਸ੍ਰੀ ਗੁਰਦਾਸ ਕਹਜੋ ਗੁਰ-"ਨਾਨਕ ਨਿਰਮਲ ਪੰਥ ਚਲਾਯਾ"।
ਗੁਰੁ ਆਗਯਾ ਅਨੁਸਾਰ ਪ੍ਰਗਟ ਸੋ ਅਮਲੀ ਤੌਰ ਦਿਖਾਯਾ।
ਕਲੁ ਗ੍ਰੀਖਮ ਕਰ ਤਪੇ ਜਗਤ ਨੂੰ ਪਾਵਸ ਜਲਧਰ ਹੋਯਾ।
ਸ੍ਵਾਂਤਿ ਬੂੰਦ ਬਨ ਚਾਤ੍ਰਿਕ ਪ੍ਰੇਮੀ ਦਾ ਪਿਆਸ ਦੁਖ ਖੋਯਾ।
ਸਿੱਖੀ ਬਾਗ ਖਿਜ਼ਾਂ ਜਦ ਗ੍ਰਸਿਆ ਭਯੋ ਪਤ੍ਰ ਬਿਨ ਸਾਯਾ।
ਰੂਪ ਵਸੰਤ ਧਾਰਕੇ ਬਾਬਾ ਦਿਨ ਵਸੰਤ ਦੇ ਆਯਾ।
ਰੋਹੀ ਵਿਚ ਗੁਲਜ਼ਾਰ ਲਗਾਈ ਸਿਮਰਨ ਸਰਿਤ ਵਹਾਕੇ।
ਪ੍ਰੇਮੀ ਭੌਰ ਹੋਇ ਮਸਤਾਨੇ ਪਾਣ ਘੁਮੇਰੀ ਆਕੇ।
ਕੂਕੇ ਕੋਇਲ ਡਾਲ ਰਸਾਲੀਂ ਮੋਰ ਪਾਇਲਾਂ ਪਾਦੇ।
ਇਸ ਮੰਡਲ ਆ ਹੋਣ ਅਰੋਗੀ ਰਾਜ-ਰੋਗ ਦੇ ਮਾਂਦੇ।
ਬਾਲ ਅਵਸਥਾ ਵਿਚ "ਵ੍ਰਿਜੇਸ਼" ਨੇ ਅਦਭੁਤ ਮੂਰਤਿ ਚੀਨੀ।
ਸਿਰ ਤੇ ਖੰਡਾ ਹੱਥ ਸਿਮਰਨੀ ਚੜ੍ਹਿਆ ਬਾਂਕੀ ਚੀਨੀ।
ਜਿਸਦੀ ਮਿਠੀ ਬਾਣੀ ਅੱਗੇ ਫਿੱਕੀ ਲਗਦੀ ਚੀਨੀ।
ਦਰਸ਼ਨ ਕਰਕੇ ਨੇਤ੍ਰ ਵਿਗਸਦੇ ਜਿਉਂ ਰਵਿ ਪਿਖ ਗੁਲ ਚੀਨੀ।

Namdhari Elibrary NamdhariElibrary@gmail.com